SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ

VOL - 9 ISSUE - 37
December 23, 2020
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਅਦਾਰਾ ਦੇਸ਼ ਦੁਆਬਾ ਵੱਲੋਂ ਕੁੱਲ ਲੋਕਾਈ ਨੂੰ ਕ੍ਰਿਸਮਿਸ ਦੀਆਂ ਲੱਖ-ਲੱਖ ਵਧਾਈਆਂ।

# ਕਿਸਾਨਾਂ ਦਾ ਸੰਘਰਸ਼ ਨਿਰੰਤਰ ਜਾਰੀ

## ਕੇਂਦਰ ਨਾਲ ਗੱਲਬਾਤ ਲਈ ਪੰਜ ਮੈਂਬਰੀ ਕਮੇਟੀ ਕਾਇਮ

**ਨਵੀਂ ਦਿੱਲੀ (ਬਿਊਰੋ)–** ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕੀਤੇ ਜਾਣ ਦੀ ਮੰਗ ’ਤੇ ਕਾਇਮ ਪ੍ਰਦਰਸ਼ਨਕਾਰੀ ਕਿਸਾਨਾਂ ਨੇ ਕੇਂਦਰ ਸਰਕਾਰ ਦੀ ਗੱਲਬਾਤ ਦੀ ਪੇਸ਼ਕਸ਼ ਬਾਰੇ



ਫੈਸਲਾ ਲੈਣ ਦੇ ਅਮਲ ਨੂੰ ਆਮ ਸਹਿਮਤੀ ਬਣਾਉਣ ਦੇ ਇਰਾਦੇ ਨਾਲ ਇਕ ਦਿਨ ਹੋਰ ਅੱਗੇ ਪਾ ਦਿੱਤਾ ਹੈ। ਕਿਸਾਨਾਂ ਯੂਨੀਅਨਾਂ ਨੇ ਕੇਂਦਰ ਵੱਲੋਂ ਭੇਜੀ ਗਈ ਚਿੱਠੀ ਦਾ ਢੁੱਕਵਾਂ ਜਵਾਬ ਦੇਣ ਲਈ ਮਸੌਦਾ ਤੈਅ ਕਰਨ ਬਾਰੇ ਸੰਯੁਕਤ ਕਿਸਾਨ ਮੋਰਚੇ ਦੇ 5 ਆਗੂਆਂ ਦੀ ਇਕ ਸਾਂਝੀ ਕਮੇਟੀ ਬਣਾ ਦਿੱਤੀ ਹੈ। ਇਸ ਦੌਰਾਨ ਕਿਸਾਨ ਆਗੂ ਭਲਕੇ ਪਹਿਲਾਂ ਐਲਾਨੇ ਪ੍ਰੋਗਰਾਮ ਮੁਤਾਬਕ 23 ਦਸੰਬਰ ਨੂੰ ‘ਕਿਸਾਨ ਦਿਹਾੜੇ’ ਵਜੋਂ ਮਨ-ਾਉਣਗੇ। ਕਿਸਾਨ ਆਗੂਆਂ ਨੇ ਕਿਹਾ ਕਿ ਅਗਲੇ ਮਹੀਨੇ ਗਣਤੰਤਰ ਦਿਵਸ ਮੌਕੇ



ਮੁੱਖ ਮਹਿਮਾਨ ਬਰਤਾਨੀਆ ਦੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨੂੰ ਭਾਰਤ ਆਉਣ ਤੋਂ ਰੋਕਣ ਲਈ ਬਰਤਾਨਵੀ ਸੰਸਦ ਮੈਂਬਰਾਂ ’ਤੇ ਦਬਾਅ ਪਾਇਆ ਜਾਵੇਗਾ। ਉਧਰ ਸਿੰਘੂ ਬਾਰਡਰ ਸਮੇਤ ਵੱਖ ਵੱਖ ਮੋਰਚਿਆਂ ’ਤੇ ਅੱਜ ਦੂਜੇ ਦਿਨ ਵੀ ਕਿਸਾਨ ਭੁੱਖ ਹੜਤਾਲ ’ਤੇ ਬੈਠੇ। **(ਬਾਕੀ ਸਫਾ 39 ‘ਤੇ**



ਭਾਰਤ ਸਰਕਾਰ ਦੇ ਤਿੰਨ ਕਿਸਾਨ ਬਿਲਾਂ ਦੇ ਵਿਰੋਧ ਵਿਚ ਸੈਕਰਾਮੈਂਟੋ ਵਿਖੇ ਵਿਰੋਧ ਪ੍ਰਦਰਸਨਾਂ ਦੀਆਂ ਦੇਸ ਦੁਆਬਾ ਵੱਲੋਂ ਲਈਆਂ ਕੁਝ ਝਲਕੀਆਂ ਅੰਦਰ ਦੇਖੋ।

# ਕੋਰੋਨਾ ਮਹਾਮਾਰੀ ਨਾਲ ਜੂਝ ਰਹੀ ਦੁਨੀਆ ਲਈ ਚੰਗੀ ਖ਼ਬਰ

**ਸੰਯੁਕਤ ਰਾਸ਼ਟਰ (ਬਿਊਰੋ)–** ਕੋਰੋਨਾ ਮਹਾਮਾਰੀ ਨਾਲ ਜੂਝ ਰਹੀ ਦੁਨੀਆ ਲਈ ਸੰਯੁਕਤ ਰਾਸ਼ਟਰ ਦੀ ਸਿਹਤ ਏਜੰਸੀ ਵਿਸ਼ਵ ਸਿਹਤ ਸੰਗਠਨ ਇਕ ਚੰਗੀ ਖਬਰ ਲੈ ਕੇ ਸਾਹਮਣੇ ਆਇਆ ਹੈ। ਵਿਸ਼ਵ ਸਿਹਤ ਸੰਗਠਨ ਦੇ ਮਹਾਨਿਰਦੇਸ਼ਕ ਟੈਡ੍ਰਾਸ ਏਡਹੇਨਾਮ ਘੇਬਰੇਯੇਸਸ ਨੇ ਕਿਹਾ ਕਿ ਇਸ ਮਹਾਮਾਰੀ ਦੀ ਵੈਕਸੀਨ ਕੋਵੈਕਸ ਨੇ ਲਗਭਗ 2 ਅਰਬ ਖੁਰਾਕ ਦੀ ਖਰੀਦਾਰੀ ਲਈ ਆਪਣੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਵਰਣਨਯੋਗ ਕਿ ਕੋਵੈਕਸ ਪੂਰੀ ਦੁਨੀਆ ਦੇ ਸਮਰਥਨ ਨਾਲ ਸ਼ੁਰੂ ਹੋਣ ਵਾਲੀ ਪਹਿਲ ਹੈ। ਸੰਗਠਨ ਦਾ ਮਕਸਦ ਇਸ ਵੈਕਸੀਨ ਨੂੰ ਜ਼ਰੂਰਤਮੰਦ ਦੇਸ਼ਾਂ ’ਚ ਇਕ ਸਮਾਨ ਤਰੀਕੇ ਨਾਲ ਉ-ਪਲਬਧ ਕਰਵਾਉਣਾ ਹੈ। ਸੰਗਠਨ ਵੱਲੋਂ ਉਮੀਦ ਜਤਾਈ ਗਈ ਹੈ ਕਿ ਮਾਰਚ 2021 ਤਕ ਇਸ ਨੂੰ ਉਪਲਬਧ ਕਰਵਾ ਦਿੱਤਾ ਜਾਵੇਗਾ। ਇਸ ਪਹਿਲ ’ਚ ਸ਼ਾਮਲ ਸਾਰੇ ਦੇਸ਼ਾਂ ਨੇ ਵੈਕਸੀਨ ਦੇਣ ਨੂੰ ਲੈ ਕੇ ਆਪਣੇ ਇੱਥੇ ਖਾਕਾ ਵੀ ਤਿਆਰ ਕਰ ਲਿਆ ਹੈ। ਇਸ ਦੇ ਤਹਿਤ ਸਭ ਤੋਂ ਪਹਿਲਾਂ ਵੈਕਸੀਨ ਸਿਹਤ ਕਾਮਿਆਂ ਨੂੰ ਦਿੱਤੀ ਜਾਵੇਗੀ ਇਸ ਤੋਂ ਬਾਅਦ ਇਹ ਵੈਕਸੀਨ ਜ਼ਰੂਰਤਮੰਦ ਮਰੀਜ਼ਾਂ ਨੂੰ ਦਿੱਤੀ ਜਾਵੇਗੀ। ਇਨ੍ਹਾਂ ’ਚ ਵੀ ਜ਼ਿਆਦਾ ਰਿਸਕ ਵਾਲੇ ਮਰੀਜ਼ਾਂ ਨੂੰ ਇਹ ਪਹਿਲੀ ਦਿੱਤੀ ਜਾਵੇਗੀ। ਸੰਗਠਨ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਇਸ ਰਾਹੀਂ ਕਰੋੜਾਂ ਜ਼ਿੰਦਗੀਆਂ ਨੂੰ ਬਚਾਇਆ ਜਾ ਸਕੇਗਾ।




SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
3222 PENELOPE DR. STOCKTON, CA- 95212 (NEAR HWY 99 ON MORADA LANE)
Note: I am not an Immigration Attorney.
(209-373-3562) msandhu2014@gmail.com

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
Follow us on Twitter
rajasweetsandcatering
rajasweets




ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਦੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com

# ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਕੀਤਾ 'ਲੀਜਨ ਆਫ ਮੈਰਿਟ' ਨਾਲ ਸਨਮਾਨਿਤ

**ਵਾਸ਼ਿੰਗਟਨ (ਬਿਊਰੋ)**– ਸੰਯੁਕਤ ਰਾਸ਼ਟਰ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਧਾਨਮੰਤਰੀ ਨਰਿੰਦਰ ਮੋਦੀ ਨੂੰ ਭਾਰਤ ਤੇ ਅਮਰੀਕਾ ਦੀ ਰਣਨੀਤਕ ਸਾਂਝੇਦਾਰੀਆਂ ਨੂੰ ਵਧਾਉਣ 'ਚ ਉਨ੍ਹਾਂ ਦੀ ਲੀਡਰਸ਼ਿਪ ਲਈ ਅਮਰੀਕਾ ਦੇ ਇਕ ਉੱਚ ਸਨਮਾਨ 'ਲੀਜਨ ਆਫ ਮੈਰਿਟ ' ਨਾਲ ਨਵਾਜ਼ਿਆ ਹੈ। ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਰਾਬਰਟ ਸੀ ਓਬ੍ਰਾਇਨ ਨੇ ਇਸ ਦੀ ਜਾਣਕਾਰੀ ਦਿੱਤੀ। ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਪ੍ਰਧਾਨ ਮੰਤਰੀ ਮੋਦੀ ਦੀ ਵੱਲੋਂ ਮੈਡਲ ਮਨਜ਼ੂਰ ਕੀਤਾ ਹੈ।&;ਓਬ੍ਰਾਇਨ ਨੇ ਟਵੀਟ ਕਰ ਕੇ ਕਿਹਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਲਡੀਰਸ਼ਿਪ ਰਾਹੀਂ ਅਮਰੀਕਾ-ਭਾਰਤ ਦੀ



ਰਣਨੀਤਕ ਸਾਂਝੇਦਾਰੀ ਨੂੰ ਵਧਾਉਣ ਲਈ 'ਲੀਜਨ ਆਫ ਮੈਰਿਟ' ਪੇਸ਼ ਕੀਤਾ। ਅਮਰੀਕਾ 'ਚ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਪੀਐੱਮ ਮੋਦੀ ਵੱਲੋਂ ਮੈਡਲ ਮਨਜ਼ੂਰ ਕੀਤਾ। ਜ਼ਿਕਰਯੋਗ ਹੈ ਕਿ 20 ਜੁਲਾਈ 1942 ਨੂੰ ਕਾਂਗਰਸ ਦੁਆਰਾ ਲੀਜਨ ਆਫ ਮੈਰਿਟ ਮੈਡਲ ਦੀ ਸਥਾਪਨਾ ਕੀਤੀ ਗਈ ਸੀ।

**'ਲੀਜਨ ਆਫ ਮੈਰਿਟ' ਕੀ ਹੈ?**

ਇਹ ਅਮਰੀਕੀ ਫੌਜ, ਵਿਦੇਸ਼ੀ ਫੌਜ ਮੈਂਬਰਾਂ ਤੇ ਰਾਜਨੀਤਕ ਹਸਤੀਆਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ। ਜਿਨ੍ਹਾਂ ਨੇ ਸ਼ਾਨਦਾਰ ਸੇਵਾਵਾਂ ਤੇ ਉਪਲਬਧੀਆਂ ਦੇ ਪ੍ਰਦਰਸ਼ਨ 'ਚ ਆਸਾਧਾਰਨ ਤੇ ਸ਼ਲਾਘਾਯੋਗ ਕੰਮ ਕੀਤੇ ਹੋਣ। ਇਹ ਸਰਵਉੱਚ ਫੌਜ ਮੈਡਲਾਂ 'ਚੋਂ ਇਕ ਹੈ ਜਿਸਨੂੰ ਵਿਦੇਸ਼ੀ ਅਧਿਕਾਰੀਆਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ। ਲੀਜਨ ਆਫ ਮੈਰਿਟ ਮੈਡਲ ਇਕ ਫਾਈਵ-ਰੇ ਵਾਲਾ ਸਫੈਦ ਕ੍ਰਾਸ ਹੈ ਜਿਸ ਨੂੰ ਲਾਲ ਰੰਗ ਨਾਲ ਧਾਰਿਤ ਕੀਤਾ ਗਿਆ ਹੈ। ਇਸ 'ਚ 13 ਸਫੈਦ ਸਿਤਾਰਿਆਂ ਵਾਲੇ ਨੀਲੇ ਕੇਂਦਰ ਨਾਲ ਇਕ ਹਰੇ ਰੰਗ ਦੀ ਪੁਸ਼ਪਜਲੀ ਹੈ।

# ਕੋਵਿਡ ਰਾਹਤ ਬਿੱਲ ਵਿਚ ਸੋਧ ਕਰੇ ਕਾਂਗਰਸ- ਡੋਨਾਲਡ ਟਰੰਪ

## ਰਾਸ਼ਟਰਪਤੀ ਵੱਲੋਂ ਕੋਵਿਡ ਰਾਹਤ 'ਅਪਮਾਨ' ਕਰਾਰ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਲੰਘੀ ਰਾਤ ਟਵਿਟਰ ਉਪਰ ਪੋਸਟ ਕੀਤੀ ਇਕ ਅਣਕਿਆਸੀ ਵੀਡੀਓ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਾਂਗਰਸ ਵੱਲੋਂ ਪ੍ਰਵਾਨ ਕੀਤੇ ਕੋਵਿਡ-19 ਰਾਹਤ ਪੈਕੇਜ਼ ਉਪਰ ਪਾਣੀ ਫੇਰ ਦਿੱਤਾ ਹੈ ਜਦ ਕਿ ਆਸ ਕੀਤੀ ਜਾਂਦੀ ਸੀ ਕਿ ਉਹ ਇਸ ਉਪਰ ਦਸਤਖਤ ਕਰ ਦੇਣਗੇ। ਇਸ ਵੀਡੀਓ ਵਿਚ ਰਾਸ਼ਟਰਪਤੀ ਨੇ ਕਾਂਗਰਸ ਨੂੰ ਬੇਨਤੀ ਕੀਤੀ ਹੈ ਕਿ ਅਮਰੀਕਨਾਂ ਨੂੰ ਸਿੱਧੀ ਅਦਾਇਗੀ ਦੀ ਰਕਮ ਵਿਚ ਵਾਧਾ ਕਰਨ ਸਮੇਤ ਬਿੱਲ ਵਿਚ ਹੋਰ&;&; ਤਬਦੀਲੀਆਂ ਕੀਤੀਆਂ ਜਾਣ।&; ਉਨ੍ਹਾਂ ਕਿਹਾ ਹੈ ਕਿ 'ਇਸ ਨੂੰ ਕੋਵਿਡ ਰਾਹਤ ਬਿੱਲ ਕਿਹਾ ਗਿਆ ਹੈ ਜਦ ਕਿ ਇਸ ਦਾ ਕੋਵਿਡ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਮੈ ਕਾਂਗਰਸ ਨੂੰ ਇਸ ਬਿੱਲ ਵਿਚ ਸੋਧ ਕਰਨ ਲਈ ਕਹਿੰਦਾ ਹਾਂ ਤੇ ਹਾਸੋਹੀਣੀ ਰਾਹਤ 600 ਡਾਲਰ ਨੂੰ ਵਧਾ ਕੇ ਪ੍ਰਤੀ ਜੋੜਾ 2000 ਜਾਂ 4000 ਡਾਲਰ ਕੀਤਾ ਜਾਵੇ।' ਰਾਸ਼ਟਰਪਤੀ ਨੇ ਕਿਹਾ ਹੈ ਕਿ 600 ਡਾਲਰ ਦੀ ਰਾਹਤ ਬਹੁਤ ਘੱਟ ਹੈ ਤੇ ਇਹ ਅਮਰੀਕੀਆਂ ਨਾਲ ਮਜ਼ਾਕ ਹੈ। ਰਾਸ਼ਟਰਪਤੀ ਨੇ ਬਿੱਲ ਉਪਰ ਵੀਟੋ ਕਰਨ ਦੀ ਚਿ-



ਤਾਵਨੀ ਦਿੱਤੀ ਹੈ। ਉਨ੍ਹਾਂ ਨੇ ਬਿੱਲ ਵਿਚਲੀਆਂ ਗੈਰ ਜਰੂਰੀ ਵਿਵਸਥਾਵਾਂ ਨੂੰ ਹਟਾਉਣ ਲਈ ਕਿਹਾ ਹੈ। ਟਰੰਪ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਬਿੱਲ ਤਹਿਤ ਬਿਨਾਂ ਦਸਤਾਵੇਜਾਂ ਵਾਲੇ ਪ੍ਰਵਾਸੀਆਂ ਦੇ ਪਰਿਵਾਰਕ ਮੈਂਬਰ ਹੋਰ ਅਮਰੀਕਨਾਂ ਦੀ ਤੁਲਨਾ ਵਿਚ ਵਧ ਸਿੱਧੀ ਸਹਾਇਤਾ ਲੈ ਜਾਣਗੇ। ਰਾਸ਼ਟਰਪਤੀ ਨੇ ਆਪਣੇ ਅਹੁਦੇ ਉਪਰ ਬਣੇ ਰਹਿਣ ਦੇ ਮਕਸਦ ਨਾਲ ਕਿਹਾ ਹੈ ਕਿ 'ਕਾਂਗਰਸ ਨੂੰ ਬਿੱਲ ਵਿਚ ਸੋਧ ਕਰਨ ਦੀ ਲੋੜ ਹੈ ਜਾਂ ਅਗਲਾ ਪ੍ਰਸ਼ਾਸਨ ਰਾਹਤ ਪੈਕੇਜ਼ ਦੇਵੇਗਾ ਤੇ ਉਹ ਪ੍ਰਸ਼ਾਸ਼ਨ ਮੇਰਾ ਹੋ ਸਕਦਾ ਹੈ।' ਇਥੇ ਜਿਕਰਯੋਗ ਹੈ ਕਿ ਸੋਮਵਾਰ ਨੂੰ ਕਾਂਗਰਸ ਵੱਲੋਂ 900 ਅਰਬ ਡਾਲਰਾਂ ਦੇ ਕੋਵਿਡ-19 ਰਾਹਤ ਪੈਕੇਜ਼ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਜਿਸ ਤਹਿਤ 75000 ਡਾਲਰ ਸਲਾਨਾ ਤੱਕ ਕਮਾਉਣ ਵਾਲੇ ਅਮਰੀਕੀਆਂ ਨੂੰ 600 ਡਾਲਰ ਪ੍ਰਤੀ ਮਹੀਨਾ ਦਿੱਤੇ ਜਾਣੇ ਹਨ। ਬਿੱਲ ਵਿਚ ਹਰੇਕ ਬੱਚੇ ਨੂੰ 600 ਡਾਲਰ ਦੇਣ ਦੀ ਵਿਵਸਥਾ ਹੈ। ਇਸ ਤਰਾਂ 4 ਬੱਚਿਆਂ ਵਾਲੇ ਪਰਿਵਾਰ ਨੂੰ 2400 ਡਾਲਰ ਦਿੱਤੇ ਜਾਣੇ ਹਨ। ਰਾਸ਼ਟਰਪਤੀ ਵੱਲੋਂ ਬਿੱਲ ਉਪਰ ਇਤਰਾਜ ਕਰਨ ਉਪਰੰਤ ਰਾਹਤ ਦੇਣ ਵਿਚ ਦੇਰੀ ਹੋ ਸਕਦੀ ਹੈ।

# 'ਸਾਡੇ ਪਰਿਵਾਰਾਂ ਨੂੰ ਤਾਂ ਆਉਣ ਦਿਓ'

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਕਰੋਨਾ ਕਾਰਨ ਨਿਊਜ਼ੀਲੈਂਡ ਦੀਆਂ ਸਰਹੱਦਾਂ ਵਿਦੇਸ਼ੀ ਲੋਕਾਂ ਲਈ 19 ਮਾਰਚ 2020 ਤੋਂ ਬੰਦ ਹਨ ਅਤੇ 280 ਦਿਨ ਦਾ ਸਮਾਂ ਹੋ ਗਿਆ ' । ਇਸ ਕਰੋਨਾ ਨੇ ਜ਼ਿਥੇ ਵ੍ਰਖ-ਵ੍ਰਖ ਦੇਸ਼ਾਂ ਦਰਮਿਆਨ ਚਲਦੇ ਸੈਰ-ਸਪਾਟਾ ਉਦਯੋਗ ਦੇ ਦਰਵਾਜ਼ੇ ਬੰਦ ਕਰ ਦ੍ਰਿਤੇ ਹਨ ਉਥੇ ਪਰਿਵਾਰਾਂ ਨੂੰ ਵੀ ਇਕ ਦੂਜੇ ਤੋਂ ਵਿਛੋੜ ਕੇ ਰ੍ਰਖ ਦ੍ਰਿਤਾ ' । ਨਿਊਜ਼ੀਲੈਂਡ ਵਸਦੇ ਕਈ ਪ੍ਰਵਾਸੀ ਵੀ ਇਸ ਕਰੋਨਾ ਦੀ ਮਾਰ ਹੇਠ ਆਪਣੇ ਪਿਆਰੇ ਪਰਿਵਾਰਕ ਮੈਂਬਰਾਂ ਤੋਂ ਦੂਰ ਔਖੇ-ਸੌਖੇ ਜ਼ਿੰਦਗੀ ਬਤੀਤ ਕਰ ਰਹੇ ਹਨ। ਨਿਊਜ਼ੀਲੈਂਡ ਇਮੀਗ੍ਰੇਸ਼ਨ ਦੀ ਨੀਤੀ ' ਕਿ ਪਹਿਲਾਂ ਉਹ ਇਥੇ ਦੇ ਨਾਗਰਕਿਾਂ ਅਤੇ ਪ੍ਰਕੇ ਵਸਨੀਕਾਂ ਨੂੰ ਵਾਪਿਸ ਆਉਣ ਦੀ ਆਗਿਆ ਦੇਣਗੇ ਅਤੇ ਬਾਕੀਆਂ ਨੂੰ ਬਾਅਦ ਵਿਚ। ਹੁਣ ਜਦ ਕਿ ਵ੍ਰਖ-ਵ੍ਰਖ ਦੇਸ਼ਾਂ ਤੋਂ ਅਜਿਹੇ ਕਾਫੀ ਲੋਕ ਆ ਵੀ ਕੇ ਹਨ ਪਰ ਅਸਥਾਈ ਵੀਜ਼ੇ ਵਾਲਿਆਂ ਦੀ ਵਾਰੀ ਅਜੇ ਵੀ ਨਹੀਂ ਆ ਰਹੀ। ਕੁਝ ਗੰਭੀਰ ਸਥਿਤੀਆਂ ਦੇ ਵਿਚ ਲੋਕ ਆ ਸਕਦੇ, ਜਿਸ ਦੀ ਅਗਾਊਂ ਪ੍ਰਵਾਨਗੀ ਲੈਣੀ ਹੁੰਦੀ। ਇਮੀਗ੍ਰੇਸ਼ਨ ਕੋਲ ਅਰਜ਼ੀਆਂ ਦੀ ਵ੍ਰਡੀ ਗਿਣਤੀ ਅਜਿਹੀ ਪ੍ਰਵਾਨਗੀ ਵਾਸਤੇ ਪਹੁੰਚੀ ', ਪਰ ਉਨ੍ਹਾਂ ਦੇ ਵਿਚੋਂ ਬਹੁਤ ਘ੍ਰਟ ਨੂੰ ਪ੍ਰਵਾਨਗੀ ਮਿਲ ਰਹੀ। ਪ੍ਰਕਾਸ਼ਿਤ ਖਬਰਾਂ ਅਨੁਸਾਰ ਸਿਰਫ 12.70% ਲੋਕਾਂ ਨੂੰ ਹੀ ਅਜਿਹੀ ਪ੍ਰਵਾਨਗੀ ਮਿਲੀ ' । ਇਹ ਉਹ ਅਰਜੀਆਂ ਹਨ ਜਿਨ੍ਹਾਂ ਦੇ ਪਾਰਟਨਰ ਨਿਊਜ਼ੀਲੈਂਡ ਤੋ ਬਾਹਰ ਫਸੇ ਹੋਏ ਹਨ ਅਤੇ ਨਿਊਜ਼ੀਲੈਂਡ ਰਹਿੰਦੇ ਆਪਣੇ ਸਾਥੀ ਕੋਲ ਪਹੁੰਚਣਾ ਚਾਹੁੰਦੇ ਹਨ। 24 ਨਵੰਬਰ 2020 ਤ੍ਰਕ 10,424 ਅਜਿਹੀਆਂ ਅਰਜ਼ੀਆਂ ਪ੍ਰਾਪਤ ਹੋਈਆਂ ਸਨ ਜਿਨ੍ਹਾਂ ਦੇ ਪਾਰਟਨਰ ਅਸਥਾਈ ਵੀਜ਼ੇ ਉਤੇ ਨਿਊਜ਼ੀਲੈਂਡ ਹਨ। ਜੇਕਰ ਹੋਰ ਸ਼੍ਰੇਣੀਆਂ ਦੀਆਂ ਅਰਜ਼ੀਆਂ ਨੂੰ ਵੇਖਿਆ ਜਾਵੇ ਤਾਂ ਕੁ੍ਰਲ 58,760 ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਇਮੀਗ੍ਰੇਸ਼ਨ ਨੇ ਸਿਰਫ 1324 ਅਰਜ਼ੀਆਂ ਹੀ ਪਾਸ ਕੀਤੀਆਂ ਅਤੇ ਇਥੇ ਆਉਣ ਦੀ ਆਗਿਆ ਦ੍ਰਿਤੀ। ਇਮੀਗ੍ਰੇਸ਼ਨ ਨਿਯਮਾਂ ਅਤੇ ਬਾਰਡਰ ਬੰਦ ਹੋਣ ਕਰਕੇ ਪਤੀ ਆਪਣੀਆਂ ਪਤਨੀਆਂ ਤੋਂ ਦੂਰ ਹਨ ਅਤੇ ਪਤਨੀਆਂ ਆਪਣੇ ਪਤੀ ਤੋਂ ਦੂਰ ਹਨ।




# ਸੈਕਰਾਮੈਂਟੋ, ਕੈਲੀਫੋਰਨੀਆ ਵਿੱਚ ਕਿਸਾਨ ਮੋਰਚੇ ਦੇ ਹੱਕ 'ਚ ਕਾਰ ਟਰੱਕ ਰੈਲੀ ਵਿੱਚ ਰਿਕਾਰਡ ਤੋੜ ਇਕੱਠ, ਲੋਕ ਪਰਿਵਾਰਾਂ ਸਮੇਤ ਹੋਏ ਸ਼ਾਮਿਲ













**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਦਿੱਲੀ ਵਿੱਚ ਹੱਕੀ ਮੰਗਾਂ ਲਈ ਜੂਝ ਰਹੇ ਪੰਜਾਬ ਸਮੇਤ ਭਾਰਤ ਦੇ ਕਿਸਾਨਾਂ ਦੇ ਲਈ ਹਾਅ ਦਾ ਨਾਅਰਾ ਮਾਰਨ ਲਈ ਅੱਜ ਸੈਕਰਾਮੈਂਟੋ ਵਿੱਚ ਹਜਾਰਾਂ ਲੋਕ ਕਾਰ ਟਰੱਕ ਰੈਲੀ ਵਿੱਚ ਸ਼ਾਮਿਲ ਹੋਏ ਜਿਸ ਦੌਰਾਨ ਰਿਕਾਰਡ ਤੋੜ ਇਕੱਠ ਹੋਇਆ ਜੋ ਕਿ ਅਮ-ਰੀਕਾ ਵਿੱਚ ਹੋਏ ਵੱਖ ਵੱਖ ਥਾਵਾਂ ਦੇ ਇਕੱਠਾਂ ਨੂੰ ਮਾਤ ਪਾ ਗਿਆ। ਇਹ ਵਿਸ਼ਾਲ ਇਕੱਠ ਸੈਕ ਸਟੇਟ ਕਾਲਜ ਦੀ ਪਾਰਕਿੰਗ ਲੌਟ ਵਿੱਚੋਂ ਸ਼ੁਰੂ ਹੋ ਕਿ ਸਟੇਟ ਕੈਪੀਟਲ ਭਾਵ ਗਵਰਨਰ ਹਾਊਸ ਦੇ ਅੱਗੋਂ ਦੀ ਗੁਜਰਿਆ। ਪਹਿਲਾਂ ਸੈਕ ਸਟੇਟ ਕਾਲਜ ਦੀ ਪਾਰਕਿੰਗ ਲੌਟ ਵਿੱਚ ਲੋਕਾਂ ਦੇ ਭਰਵੇਂ ਇਕੱਠ ਚ ਅਰਦਾਸ ਹੋਈ ਤੇ ਫਿਰ ਵੱਖ ਵੱਖ ਬੁਲਾਰਿਆਂ ਨੇ ਆਪਣੇ ਆਪਣੇ ਵਿਚਾਰ ਰੱਖੇ। ਇਸ ਦੌਰਾਨ ਕਾਲਜ ਦੇ ਨੌਜੁਆਨ ਪ੍ਰਬੰਧਕਾਂ ਤੇ ਵਿਦਿਆਰਥੀਆਂ ਨੇ ਮੋਰਚੇ ਦੌਰਾਨ ਡਟੇ ਕਿਸਾਨਾਂ ਦਾ ਸਾਥ ਦਿੰਦਿਆਂ ਬੋਲਦਿਆਂ ਕਿਹਾ ਅਸੀਂ ਕਿਸਾਨਾਂ ਦੇ ਬੱਚੇ ਹਾਂ ਤੇ ਅੱਜ ਤੀਜੀ ਪੀੜੀ ਭਾਵੇਂ ਪ੍ਰਵਾਸੀ ਹੈ ਪਰ ਸਾਡੇ ਪਿਓ ਬਾਬੇ ਦੀ ਜਮੀਨ ਸਾਡੀ ਜਮੀਰ ਹੈ ਅਸੀਂ ਕਿਸੇ ਵੀ ਹੀਲੇ ਵਸੀਲੇ ਕੋਰਪੋਰੇਟ ਘਰਾਣਿਆਂ ਦੇ ਹੱਥ ਇਹ ਜੱਦੀ ਜਮੀਨਾਂ ਨਹੀਂ ਜਾਣ ਦੇਵਾਂਗੇ। ਵਿਦਿਆਰਥੀ ਪ੍ਰਬੰਧਕਾਂ ਨੇ ਮੋਦੀ ਸਰਕਾਰ ਤੇ ਜੰਮ ਕੇ ਭੜਾਸ ਕੱਢੀ। ਇਸ ਮੌਕੇ ਮੁਖ ਪ੍ਰਬੰਧਕ ਨਰਿੰਦਰ ਸਿੰਘ ਥਾਂਦੀ ਦੌਲਤਪੁਰ ਨੇ ਭਾਰਤ ਸਰਕਾਰ ਨੂੰ ਲੰਬੇ ਹੱਥੀਂ ਲੈਂਦਿਆਂ ਕਿਹਾ ਇਹ ਤਿੰਨ ਕਾਨੂੰਨਾਂ ਨੂੰ ਖੇਤੀ ਉਪਰ ਲਾਗੂ ਕਰਨਾ ਇੱਕ ਕਿਸਾਨੀ ਖਤਮ ਕਰਨਾ ਹੈ ਤੇ ਭਾਰਤ ਸਰਕਾਰ ਦੇ ਇਨਾਂ ਕਾਨੂੰਨਾਂ ਦੇ ਖਿਲਾਫ ਡਟੇ ਕਿਸਾਨਾਂ ਦੀ ਅਮਰੀਕਾ ਦੇ ਪੰਜਾਬੀ ਪੁਰ ਜੋਰ ਮੱਦਦ ਕਰਦੇ ਹਨ ਤੇ ਕਰਨਗੇ। ਉਨਾਂ ਇਸ ਸਮੇਂ ਮੋਦੀ ਮੀਡੀਆ ਦੀ ਕਰਵੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਜੋ ਕਿਸਾਨ ਮੋਰਚੇ ਨੂੰ ਹੋਰ ਰੰਗਤ ਦੇ ਕੇ ਪੇਸ਼ ਕਰ ਰਿਹਾ ਹੈ। ਨਰਿੰਦਰ ਥਾਂਦੀ ਦੌਲਤਪੁਰ ਨੇ ਇਸ ਮੌਕੇ ਭਾਜਪਾ ਦੇ ਲੀਡਰਾਂ ਦਾ ਸਿਆਸੀ ਤੇ ਸਮਾਜਿਕ ਬਾਈਕਾਟ ਕਰਨ ਦਾ ਵੀ ਸੱਦਾ ਦਿੱਤਾ, ਇਸ ਮੌਕੇ ਬਾਕੀ ਸੰਸਥਾਵਾਂ ਵਾਂਗ ਸ਼ਹੀਦ ਬਾਬਾ ਕਰਮ ਸਿੰਘ ਬੱਬਰ ਦੌਲਤਪੁਰ ਐਨ ਆਰ ਆਈ ਸਪੋਰਟਸ ਐਂਡ ਵੈਲਫੇਅਰ ਕਲੱਬ ਨੇ ਇਲਾਕੇ ਦੇ ਭਾਜਪਾ ਆਗੂ ਸੋਮਨਾਥ ਦਾ ਬਾਈਕਾਟ ਕਰਨ ਦਾ ਵੀ ਐਲਾਨ ਕੀਤਾ ।

ਉਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਅੱਜ ਦੀ ਕਾਰ ਰੈਲੀ ਵਿੱਚ ਆਉਣ ਦੀ ਅਪੀਲ ਲਈ ਪੰਜਾਬੀ ਗਾਇਕ ਮਨਮੋਹਨ ਵਾਰਿਸ, ਪੰਜਾਬੀ ਗਾਇਕ ਸਰਦੂਲ ਸਕੰਦਰ, ਗੀਤਕਾਰ ਜਸਵੀਰ ਗੁਣਾਚੌਰੀਆ, ਜੱਸੀ ਕਨੇਡਾ, ਜੋਗਾ ਢੀਂਡਸਾ, ਕੈਲੀਫੋਰਨੀਆ ਸਿੱਖ ਯੂਥ ਇਲਾਇੰਸ, ਖਾਲਸਾ ਏਡ ਦੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਕਾਰ ਟਰੱਕ ਰੈਲੀ ਵਿੱਚ ਲੋਕਾਂ ਨੇ ਪਰਿਵਾਰਾਂ ਸਮੇਤ ਸਮੂਲੀਅਤ ਕੀਤੀ। ਪੰਜਾਬੀ ਨੌਜੁਆਨ ਬੱਚਿਆਂ ਤੋਂ ਇਲਾਵਾ ਗੋਰਿਆਂ ਦੇ ਬੱਚੇ ਵੀ ਕਿਸਾਨਾਂ ਦੇ ਪੱਖ ਵਿੱਚ ਬੈਨਰ ਚੁੱਕੀ ਨਜਰ ਆਏ। ਇਸ ਮੌਕੇ ਵੱਖ ਵੱਖ ਸ਼ਹਿਰਾਂ ਤੋਂ ਜਿਵੇਂ ਸਟਾਕਟਨ, ਯੂਬਾ ਸਿਟੀ, ਫਰੀਮਾਂਟ, ਬੇ ਏਰੀਆ, ਵੁਡਲੈਂਡ, ਲੋਡਾਈ, ਫਰਿਜਨੋਂ, ਰੀਨੋ, ਡਿਕਸਨ, ਐਲਕ ਗਰੋਵ ਆਦਿ ਸ਼ਹਿਰਾਂ ਤੋਂ ਲੋਕਾਂ ਨੇ ਵੱਧ ਚੜ ਕੇ ਸਮੂਲੀਅਤ ਕੀਤੀ। ਇਸ ਕਾਰ ਰੈਲੀ ਨਾਲ ਸੈਕਰਾਮੈਂਟੋ ਦੀਆਂ ਸੜਕਾਂ ਤੇ ਘੰਟੇ ਵੱਧੀ ਜਾਮ ਲਗ ਗਿਆ । ਇਸ ਵਿਸ਼ਾਲ ਰੈਲੀ ਵਿੱਚ ਭਾਈਚਾਰੇ ਦੀਆਂ ਹੋਰ ਵੱਖ ਵੱਖ ਪ੍ਰਮੁੱਖ ਸਖਸ਼ੀਅਤਾਂ ਨੇ ਵੀ ਭਰਵੀਂ ਹਾਜਰੀ ਦਿੱਤੀ।

# ਕੋਵਿਡ-19 ਨੂੰ ਫੈਲਣ ਤੋਂ ਰੋਕਣ ਲਈ ਅਮਰੀਕਾ ਵਿਚ ਫਾਈਜ਼ਰ ਤੋਂ ਬਾਅਦ ਮੋਡੇਰਨਾ ਵੱਲੋਂ ਬਣਾਏ ਟੀਕੇ ਲਾਉਣ ਦੀ ਦਿੱਤੀ ਇਜ਼ਾਜਤ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਫਾਈਜ਼ਰ ਤੋਂ ਬਾਅਦ ਅਮਰੀਕਨਾਂ ਨੂੰ ਬਹੁਤ ਛੇਤੀ ਮੋਡੇਰਨਾ ਕੰਪਨੀ ਵੱਲੋਂ ਬਣਾਇਆ ਕੋਵਿਡ-19 ਟੀਕਾ ਲੱਗਣਾ ਸ਼ੁਰੂ ਹੋ ਜਾਵੇਗਾ। ਅਮਰੀਕੀ ਫੂਡ ਐਂਡ ਡਰੱਗ ਅਡਮਨਿਸਟ੍ਰੇਸ਼ਨ (ਸੀ ਡੀ ਸੀ) ਦੇ ਕਮਿਸ਼ਨਰ ਸਟੀਫਨ ਹਾਨ ਨੇ ਮੋਡੇਰਨਾ ਦੇ ਟੀਕੇ ਦੀ ਹੰਗਾਮੀ ਹਾਲਤ ਵਿਚ ਵਰਤੋਂ ਲਈ ਸਬੰਧਤ ਵਿਭਾਗਾਂ ਨੂੰ ਅਧਿਕਾਰਤ ਕਰ ਦਿੱਤਾ ਹੈ। ਹਫਤਾ ਪਹਿਲਾਂ ਸੀ ਡੀ ਸੀ ਨੇ ਫਾਈਜ਼ਰ ਤੇ ਉਸ ਦੀ ਸਹਿਯੋਗੀ ਜਰਮਨ ਕੰਪਨੀ ਬਾਇਨਟੈਕ ਦੇ ਟੀਕੇ ਨੂੰ ਪ੍ਰਵਾਨਗੀ ਦਿੱਤੀ ਸੀ ਜੋ ਲੰਘੇ ਸੋਮਵਾਰ ਤੋਂ ਤਰਜੀਹੀ ਵਰਗ ਵਾਲੇ ਲੋਕਾਂ ਨੂੰ ਲੱਗਣੇ ਸ਼ੁਰੂ ਹੋ ਗਏ ਹਨ।

ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ' ਕਮਿਸ਼ਨਰ ਟੀਕੇ ਲਈ ਪ੍ਰਵਾਨਗੀ ਦੇਣ ਦੀ ਬਜਾਏ 'ਅਧਿਕ-ਾਰਤ' ਕਰ ਰਹੇ ਹਨ ਕਿਉਂਕਿ ਪ੍ਰਵਾਨਗੀ ਲਈ ਨਿਸ਼ਚਤ ਮਾਪ ਦੰਡ ਪੂਰੇ ਕਰਨੇ ਪੈਂਦੇ ਹਨ ਜਿਸ ਲਈ ਲੰਬਾ ਸਮਾਂ ਖੋਜ਼ ਦੀ ਲੋੜ ਹੈ ਜਦ ਕਿ ਅਧਿਕਾਰੀ ਤੇਜੀ ਨਾਲ ਫੈਲ ਰਹੇ ਕੋਰੋਨਾ ਵਾਇਰਸ ਕਾਰਨ ਲੋਕਾਂ ਦੀ ਸਿਹਤ ਨੂੰ ਮੁਖ ਰਖਦੇ ਹੋਏ ਹੋਰ ਉਡੀਕ ਕਰਨ ਦੇ ਹੱਕ ਵਿਚ ਨਹੀਂ ਹਨ।''

ਇਕ ਆਜ਼ਾਦ ਸਲਾਹਕਾਰ ਕਮੇਟੀ ਨੇ ਮੋਡੇਰਨਾ ਦੇ 1273 ਟੀਕਿਆਂ ਦੀ ਮਨੁੱਖਾਂ ਉਪਰ ਪਰਖ ਦੇ ਅੰਕੜਿਆਂ ਦੀ ਘੋਖ ਕੀਤੀ ਹੈ ਜਿਸ ਤੋਂ ਬਾਅਦ ਇਹ ਨਿਰਨਾ ਲਿਆ ਗਿਆ ਹੈ ਕਿ ਇਸ ਟੀਕੇ ਦੇ ਜੋਖਮਾਂ ਦੀ ਤੁਲਨਾ ਵਿਚ ਲਾਭ ਵਧੇਰੇ ਹਨ। ਬਿਆਨ ਵਿਚ ਕਿਹਾ ਗਿਆ ਹੈ ਕਿ 30000 ਵਾਲੰਟੀਅਰਾਂ ਨੂੰ ਇਹ ਟੀਕਾ ਲਾਇਆ ਗਿਆ ਜਿਨ੍ਹਾਂ ਵਿਚੋਂ 94% ਵਾਲੰਟੀਅਰਾਂ ਦੀ ਸਰਗਰਮ ਬਿਮਾਰੀ ਤੋਂ ਰੱਖਿਆ ਕਰਨ ਵਿਚ ਮੱਦਦ ਮਿਲੀ ਤੇ ਸਿਹਤ ਸਬੰਧੀ ਕੋਈ ਵੀ ਵੱਡੀ ਚਿੰਤਾ ਦੇ ਲੱਛਣ ਨਹੀਂ ਮਿਲੇ। ਆਸ ਕੀਤੀ ਜਾਂਦੀ ਹੈ ਕਿ ਇਸ ਹਫਤੇ ਹੀ ਮੋਡੇਰਨਾ ਦੇ ਟੀਕੇ ਦੀ ਸਪਲਾਈ ਸ਼ੁਰੂ ਹੋ ਜਾਵੇਗੀ ਤੇ ਸੋਮਵਾਰ ਤੋਂ ਟੀਕੇ ਲੱਗਣੇ ਸ਼ੁਰੂ ਹੋ ਜਾਣਗੇ।

# ਸਪੀਕਰ ਪੇਲੋਸੀ ਤੇ ਸੈਨੇਟ ਲੀਡਰ ਮਕੋਨੈਲ ਨੇ ਲਵਾਇਆ ਕੋਵਿਡ ਟੀਕਾ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਨਾਂ ਨੂੰ ਇਹ ਦੱਸਣ ਲਈ ਕਿ ਕੋਵਿਡ-19 ਟੀਕਾ ਸੁਰੱਖਿਅਤ ਤੇ ਪ੍ਰਭਾਵਸ਼ਾਲੀ ਹੈ, ਸਦਨ ਦੀ ਸਪੀਕਰ ਨੈਨਸੀ ਪੇਲੋਸੀ ਤੇ ਬਹੁਗਿਣਤੀ ਲੀਡਰ ਮਿਚ ਮਕੋਨੈਲ ਨੂੰ ਲੰਘੇ ਸ਼ੁੱਕਰਵਾਰ ਕੋਵਿਡ-19 ਦਾ ਟੀਕਾ ਲਗਾਇਆ ਗਿਆ। ਪੇਲੋਸੀ ਨੇ ਇਕ ਟਵੀਟ ਵਿਚ ਕਿਹਾ ਹੈ ਕਿ 'ਅੱਜ ਮੈਂ ਵਿਗਿਆਨ ਵਿਚ ਵਿਸ਼ਵਾਸ਼ ਰਖਦੇ ਹੋਏ ਡਾਕਟਰ ਦੀ ਸਲਾਹ ਨਾਲ ਕੋਵਿਡ-19 ਟੀਕਾ ਲਗਵਾਇਆ ਹੈ। ਹੁਣ ਟੀਕਿਆਂ ਦੀ ਵੰਡ ਹੋ ਰਹੀ ਹੈ, ਸਾਨੂੰ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਨਿਰੰਤਰ ਮਾਸਕ ਪਹਿਣਨਾ ਚਾਹੀਦਾ ਹੈ, ਸਮਾਜਿਕ ਦੂਰੀ ਰਖਣੀ ਚਾਹੀਦੀ ਹੈ ਤੇ ਹੋਰ ਵਿਗਿਆਨ ਅਧਾਰਤ ਕਦਮ ਚੁੱਕਣੇ ਚਾਹੀਦੇ ਹਨ।'' ਇਸ ਤੋਂ ਤਕਰੀਬਨ ਇਕ ਘੰਟੇ ਬਾਅਦ ਮਕੋਨੈਲ ਨੇ ਆਪਣੇ ਟਵੀਟ ਵਿਚ ਟੀਕਾ ਲਵਾਉਣ ਬਾਰੇ ਜਾਣਕਾਰੀ ਦਿੱਤੀ।

# ਰਿਵਰਸਾਈਡ, ਲਾਸ-ਏਂਜਲਸ ਵਿਚ ਵਿਸ਼ਾਲ ਕਾਰ ਰੈਲੀ ਅਯੋਜਿਤ




**ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)** ਭਾਰਤ ਦੀ ਕੇਦਂਰੀ ਸਰਕਾਰ ਵਲੋ ਖੇਤੀ ਬਾੜੀ ਬਾਰੇ ਕਿਸਾਨ ਵਿਰੋਧੀ ਕਨੂੰਨਾਂ ਦੇ ਵਿਰੋਧ ਵਿਚੱ, ਇਕਲੇ ਭਾਰਤ ਦੇ ਕਿਸਾਨ ਹੀ ਨਹੀ ਬਲਕਿ ਸਾਰੀ ਦੁਨੀਆਂ ਦੇ ਕਿਸਾਨ ਦਾ ਧਿਆਨ ਦਿੱਲੀ ਸੰਘਰਸ਼ ਵੱਲ ਖਿਚਿਆ ਗਿਆ ਹੈ। ਦੁਨੀਆ ਵਿਚੱ ਵਸਦਾ ਹਰੇਕ ਪੰਜਾਬੀ, ਕਿਸਾਨਾਂ ਦੇ ਇਸ ਸੰਘਰਸ ਵਿਚੱ ਉਨਾ ਦੇ ਨਾਲ ਖੜਾ ਹੈ॥ ਭਾਰਤ ਦੇ ਕਿਸਾਨਾ ਦੇ ਹਕ ਵਿਚੱ ਕੈਲੇਫੋਰਨੀਆ ਦੇ ਸ਼ਹਿਰ ਰਿਵਰਸਾਈਡ ਵਿਚ ਇਕ ਵਿਸ਼ਾਲ ਕਾਰ ਰੈਲੀ ਅਯੋਜਿਤ ਕੀਤੀ ਗਈ। ਰਿਵਰਸਾਈਡ ਸ਼ਹਿਰ ਦੇ ਕੌਸਲਰ ਵੀ ਇਸ ਵਿਚੱ ਸ਼ਾਮਿਲ ਹੋਏ, ਤੇ ਕਿਸਾਨਾਂ ਦੇ ਹੱਕ ਵਿੱਚ ਆਵਾਜ ਸਾਂਝੀ ਕੀਤੀ। ਗਲੋਬਲ ਪੰਜਾਬੀ ਫੋਰਮ ਯੂ ਐਸ ਏ ਵਲੋਂ ਵੀ ਇਸ ਰੈਲੀ ਵਿਚ ਵਧ ਚੜ ਕੇ ਹਿੱਸਾ ਲਿਆ। ਫੋਰਮ ਵਲੋਂ ਡਾਕਟਰ ਦਲਜੀਤ ਸਿੰਘ ਨੇ ਇਕੱਠ ਨੂੰ ਸੰਬੋਧਨ ਕੀਤਾ, ਤੇ ਕਿਸਾਨ ਵਿਰੋਧੀ ਬਣੇ ਕਨੂੰਨਾ ਦੀ ਇਸ ਦੇ ਪੈਣ ਵਾਲੇ ਖਤਰਿਆ ਤੋ ਜਾਣੂ ਕਰਾਇਆ। ਉਨਾ ਨੇ ਕਿਹਾ ਕਿ, ਇਹ ਸਿਰਫ ਕਿਸਾਨ ਵਿਰੋਧੀ ਹੀ ਨਹੀ ਬਲਕਿ ਮਜ਼ਦੂਰਾਂ ਤੇ ਸਮਾਜ ਦੇ ਆਮ ਵਰਗ ਲਈ ਵੀ ਘਾਤਕ ਸਿੱਧ ਹੋਣ ਵਾਲੇ ਹਨ। ਗਲੋਬਲ ਪੰਜਾਬੀ ਫੋਰਮ ਯੂ ਐਸ ਏ ਦੇ ਸਮੂਹ ਮੈਂਬਰਾਂ ਵਲੋਂ ਭਾਰਤ ਦੀ ਕੇਂਦਰੀ ਸਰਕਾਰ ਤੋਂ ਇਹ ਮੰਗ ਕੀਤੀ ਗਈ ਕਿ, ਇਹ ਕਨੂੰਨ ਕਿਸਾਨ ਵਿਰੋਧੀ ਹਨ, ਤੇ ਇਨਾਂ ਨੂੰ ਛੇਤੀ ਤੋਂ ਛੇਤੀ ਵਾਪਸ ਲਿਆ ਜਾਵੇ, ਤਾਂ ਕਿ ਕਿਸਾਨਾਂ,ਮਜ਼ਦੂਰਾਂ ਤੇ ਸਮਾਜ ਦੇ ਆਮ ਵਰਗ ਦਾ ਭਵਿੱਖ ਸੁਰੱਖਿਅਤ ਰਹਿ ਸਕੇ।

# ਅਮਰੀਕਾ ਦੀ ਮਿਲਟਰੀ ਅਕੈਡਮੀ ਵਿਚ 70 ਤੋਂ ਵਧ ਕੈਡੇਟ ਗਣਿਤ ਦੇ ਇਮਤਿਹਾਨ ਵਿਚ ਨਕਲ ਕਰਨ ਦੇ ਦੋਸ਼ੀ ਪਾਏ ਗਏ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਵੈਸਟ ਪੋਆਇੰਟ ਵਿਖੇ ਇਕ ਅਮਰੀਕੀ ਮਿਲਟਰੀ ਅਕੈਡਮੀ ਵਿਚ 70 ਤੋਂ ਵਧ ਕੈਡੇਟ ਗਣਿਤ ਦੇ ਪੇਪਰ ਵਿਚ ਨਕਲ ਕਰਨ ਦੇ ਦੋਸ਼ੀ ਪਾਏ ਗਏ ਹਨ। ਪਿਛਲੇ 45 ਸਾਲ ਦੇ ਵਧ ਸਮੇਂ ਬਾਅਦ ਹੋਈ ਏਡੀ ਵੱਡੀ ਪੱਧਰ ਉਪਰ ਨਕਲ ਨੂੰ ਸਭ ਤੋਂ ਵੱਡਾ ਅਕੈਡਮਿਕ ਘੁਟਾਲਾ ਦਸਿਆ ਜਾ ਰਿਹਾ ਹੈ। 58 ਕੈਡੇਟ ਨੇ ਪੇਪਰ ਵਿਚ ਨਕਲ ਮਾਰਨ ਦਾ ਦੋਸ਼ ਸਵਿਕਾਰ ਕਰ ਲਿਆ ਹੈ ਜਿਨ੍ਹਾਂ ਵਿਚੋਂ ਜਿਆਦਾਤਰ ਨੂੰ ਪੁਨਰ ਸੁਧਾਰ ਪ੍ਰੋਗਰਾਮ ਵਿਚ ਦਾਖਲ ਕੀਤਾ ਗਿਆ ਹੈ ਤੇ ਉਹ ਹੁਣ ਅਕੈਡਮੀ ਵਿਚ ਆਪਣੇ ਰਹਿੰਦੇ ਸਮੇਂ ਲਈ ਪ੍ਰੋਬੇਸ਼ਨ 'ਤੇ ਰਹਿਣਗੇ। ਬਾਕੀਆਂ ਵਿਚੋਂ ਕਈਆਂ ਨੇ ਅਸਤੀਫਾ ਦੇ ਦਿੱਤਾ ਹੈ ਤੇ ਕੁੱਝ ਵਿਰੁੱਧ ਸੁਣਵਾਈ ਚੱਲ ਰਹੀ ਹੈ ਤੇ ਉਨ੍ਹਾਂ ਨੂੰ ਅਕੈਡਮੀ ਵਿਚੋਂ ਕੱਢਿਆ ਜਾ ਸਕਦਾ ਹੈ। ਇਸ ਘੁਟਾਲੇ ਨਾਲ ਅਕੈਡਮੀ ਦੇ ਅਕਸ ਨੂੰ ਧੱਬਾ ਲੱਗਾ ਹੈ ਹਾਲਾਂ ਕਿ ਉਸ ਨੇ ਨੈਤਿਕਤਾ ਵਿਖਾਉਂਦਿਆਂ ਖੁਦ ਹੀ ਇਸ ਦਾ ਪਰਦਾਫਾਸ਼ ਕੀਤਾ ਹੈ। ਵੈਸਟ ਪੋਆਇੰਟ ਦੇ ਲਾਅ ਦੇ ਪ੍ਰੋਫੈਸਰ ਟਿਮ ਬਾਕਨ ਨੇ ਇਸ ਘੁਟਾਲੇ ਨੂੰ ਕੌਮੀ ਸੁਰੱਖਿਆ ਦਾ ਮੁੱਦਾ ਕਰਾਰ ਦਿੱਤਾ ਹੈ ਕਿਉਂਕਿ ਵੈਸਟ ਪੋਆਇੰਟ ਦੇ ਕੈਡੇਟਸ ਸੀਨੀਅਰ ਆਗੂ ਹੁੰਦੇ ਹਨ ਤੇ ਰਾਸ਼ਟਰ ਉਨ੍ਹਾਂ ਉਪਰ ਨਿਰਭਰ ਕਰਦਾ ਹੈ। ਉਨ੍ਹਾਂ ਕਿਹਾ ਕਿ ' ਇਸ ਮਾਮਲੇ ਵਿਚ ਮੁਆਫੀ ਦੀ ਕੋਈ ਗੁੰਜਾਇਸ਼ ਨਹੀਂ ਹੈ ਕਿਉਂਕਿ ਕੈਡੇਟਸ ਲਈ ਮੌਲਿਕ ਕੋਡ ਇਹ ਹੈ ਕਿ ਉਹ ਝੂਠ ਨਹੀਂ ਬੋਲਣਗੇ, ਧੋਖ ਜਾਂ ਚੋਰੀ ਨਹੀਂ ਕਰਨਗੇ।

ਇਸ ਲਈ ਜੇਕਰ ਅਸੀਂ ਅਕੈਡਮੀ ਵਿਚ ਹੋਈ ਇਸ ਬੇਈਮਾਨੀ ਨੂੰ ਘਟਾ ਕੇ ਵੇਖਾਂਗੇ ਤਾਂ ਇਸ ਦਾ ਸਮੁੱਚੀ ਫੌਜ ਉਪਰ ਅਸਰ ਪਵੇਗਾ।'' ਇਸੇ ਦੌਰਾਨ ਫੌਜ ਦੇ ਸਕੱਤਰ ਰਿਆਨ ਮੈਕਰਥੀ ਨੇ ਕਿਹਾ ਹੈ ਕਿ ਵੈਸਟ ਪੋਆਇੰਟ ਵਿਚ ਅਨੁਸ਼ਾਸ਼ਨ ਪ੍ਰਣਾਲੀ ਪ੍ਰਭਾਵਸ਼ਾਲੀ ਹੈ ਤੇ ਆਸ ਹੈ ਕਿ ਕੈਡੇਟਸ ਨੂੰ ਕੋਡ ਤੋੜਨ ਲਈ ਜਿੰਮੇਵਾਰ ਠਹਿਰਾਇਆ ਜਾਵੇਗਾ ਤੇ ਸਜਾ ਦਿੱਤੀ ਜਾਵੇਗੀ।

# ਅਮਰੀਕੀਆਂ ਨੂੰ ਅਗਲੇ ਹਫਤੇ 600 ਡਾਲਰ ਕੋਰੋਨਾ ਰਾਹਤ ਵਜੋਂ ਮਿਲਣੇ ਸ਼ੁਰੂ ਹੋਣਗੇ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਗਲੇ ਹਫਤੇ ਜਿਆਦਾਤਰ ਅਮਰੀਕੀਆਂ ਨੂੰ ਕੋਵਿਡ-19 ਰਾਹਤ ਵਜੋਂ 600 ਡਾਲਰ ਮਿਲਣੇ ਸ਼ੁਰੂ ਹੋ ਜਾਣਗੇ। ਸੰਘੀ ਸਰਕਾਰ ਵੱਲੋਂ ਵਿੱਤੀ ਬੋਝ ਘਟਾਉਣ ਲਈ ਦਿੱਤੀ ਜਾ ਰਹੀ ਇਹ ਰਾਹਤ ਕ੍ਰਿਸਮਿਸ ਦਾ ਤੋਹਫਾ ਸਮਝਿਆ ਜਾ ਰਿਹਾ ਹੈ। ਇਹ ਰਾਹਤ 900 ਅਰਬ ਡਾਲਰ ਦੇ ਕੋਵਿਡ ਰਾਹਤ ਪੈਕੇਜ਼ ਦਾ ਹਿੱਸਾ ਹੈ। ਇਸ ਤੋਂ ਪਹਿਲੇ ਕੋਵਿਡ ਰਾਹਤ ਪੈਕੇਜ਼ ਤਹਿਤ 1200 ਡਾਲਰ ਪ੍ਰਤੀ ਮਹੀਨਾ ਰਾਹਤ ਵਜੋਂ ਦਿੱਤੇ ਗਏ ਸਨ। ਖਜ਼ਾਨਾ ਸਕੱਤਰ ਸਟੀਵਨ ਮਨੂਚਿਨ ਨੇ ਕਿਹਾ ਹੈ ਕਿ 600 ਡਾਲਰ ਦੀ ਸਹਾਇਤਾ ਨਾਲ ਅਮਰੀਕੀ ਜਿਥੇ ਕੋਵਿਡ-19 ਕਾਰਨ ਹੋਏ ਵਿੱਤੀ ਨੁਕਸਾਨ ਦੀ ਭਰਪਾਈ ਕਰ ਸਕਣਗੇ ਉਥੇ ਅਰਥ ਵਿਵਸਥਾ ਨੂੰ ਵੀ ਉਭਰਨ ਵਿਚ ਮੱਦਦ ਮਿਲੇਗੀ। ਉਨ੍ਹਾਂ ਕਿਹਾ ਕਿ 'ਛੁੱਟੀਆਂ ਦੌਰਾਨ ਮਿਲ ਰਹੀ ਇਸ ਮੱਦਦ ਦੇ ਵੱਡੇ ਅਰਥ ਹਨ। ਲੋਕ ਘਰਾਂ ਤੋਂ ਬਾਹਰ ਜਾਣਗੇ ਤੇ ਖਰਚ ਕਰਨਗੇ ਜਿਸ ਨਾਲ ਛੋਟੇ ਕਾਰੋਬਾਰੀਆਂ ਨੂੰ ਲਾਭ ਪੁੱਜੇਗਾ ਤੇ ਉਹ ਆਪਣੇ ਕਾਮਿਆਂ ਨੂੰ ਵਾਪਿਸ ਕੰਮ ਉਪਰ ਸੱਦ ਸਕਦੇ ਹਨ।' ਇਸ ਰਾਹਤ ਤਹਿਤ ਜਿਨ੍ਹਾਂ ਪਰਿਵਾਰਾਂ ਵਿਚ ਬੱਚੇ ਹਨ ਉਨ੍ਹਾਂ ਨੂੰ ਪ੍ਰਤੀ ਬੱਚਾ 600 ਡਾਲਰ ਮਿਲਣਗੇ। ਇਹ ਰਾਹਤ ਉਨ੍ਹਾਂ ਪਰਿਵਾਰਾਂ ਨੂੰ ਨਹੀਂ ਮਿਲੇਗੀ ਜੋ 75,000 ਡਾਲਰ ਪ੍ਰਤੀ ਸਾਲ ਕਮਾਉਂਦੇ ਹਨ। ਇਹ ਰਾਹਤ ਸਿੱਧੀ ਲਾਭਪਾਤਰੀਆਂ ਦੇ ਖਾਤਿਆਂ ਵਿਚ ਜਮਾਂ ਹੋਵੇਗੀ।



# ਫਰਿਜ਼ਨੋ ਦੇ ਪੰਜਾਬੀ ਸਟੋਰ ਮਾਲਕ ਨੇ ਪੰਤਾਂਜ਼ਲੀ ਦਾ ਸਮਾਨ ਸੁੱਟਿਆ ਸਟੋਰੋਂ ਬਾਹਰ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਕਿਸਾਨ ਅੰਦੋਲਨ ਨੂੰ ਦੁਨੀਆ ਭਰ ਵਿਚ ਵੱਸਦੇ ਪੰਜਾਬੀਆਂ ਦਾ ਭਰਵਾਂ ਸਮਰਥਨ ਮਿਲ ਰਿਹਾ ਹੈ। ਇਸੇ ਸਿਲਸਿਲੇ ਵਿੱਚ ਜਿੱਥੇ ਭਾਰਤ ਵਿੱਚ ਲੋਕੀ ਸਰਮਾਏਦਾਰ ਘਰਾਣਿਆਂ ਨੂੰ ਉਹਨਾਂ ਦੁਆਰਾ ਤਿਆਰ ਵਸਤੂਆਂ ਦਾ ਬਾਈਕਾਟ ਕਰਕੇ ਆਪਣਾ ਰੋਹ ਦਰਜ ਕਰਵਾ ਰਹੇ ਨੇ, ਓਥੇ ਇਸੇ ਕੜੀ ਤਹਿਤ ਫਰਿਜ਼ਨੋ ਦੇ ਇੰਡੀਅਨ ਸਟੋਰ "ਨਿਊ ਇੰਡੀਆ ਸਵੀਟ ਐਂਡ ਸਪਾਈਸ" ਦੇ ਮਾਲਕ ਜਸਵਿੰਦਰ ਸਿੰਘ ਵੱਲੋਂ ਰਾਮਦੇਵ ਦੀ ਪੰਤਾਜ਼ਲੀ ਕੰਪਨੀ





ਦੇ ਸਮਾਨ ਨੂੰ ਕੂੜੇਦਾਨ ਵਿੱਚ ਸੁੱਟਕੇ ਆਪਣਾ ਰੋਸ ਪ੍ਰਗਟ ਕੀਤਾ ਗਿਆ। ਉਹਨਾਂ ਸਮੂਹ ਇੰਡੀਅਨ ਸਟੋਰਾਂ ਦੇ ਮਾਲਕਾਂ ਨੂੰ ਅੰਬਾਨੀ, ਅਡਾਨੀ ਅਤੇ ਰਾਮਦੇਵ ਵਰਗੇ ਠੱਗਾਂ ਦੇ ਸਮਾਨ ਦਾ ਬਾਈਕਾਟ ਕਰਨ ਦੀ ਬੇਨਤੀ ਵੀ ਕੀਤੀ। ਇਸ ਮੌਕੇ ਹਾਕਮ ਸਿੰਘ ਢਿੱਲੋ ਨੇ ਜਸਵਿੰਦਰ ਸਿੰਘ ਦੀ ਪਹਿਲ-ਕਦਮੀਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸ. ਜਰਨੈਲ ਸਿੰਘ ਵੜੈਂਚ ਅਤੇ ਗਿੱਲ ਟਰੱਕਿੰਗ ਵਾਲੇ ਜੰਗੀਰ ਸਿੰਘ ਗਿੱਲ ਨੇ ਵੀ ਜਸਵਿੰਦਰ ਨੂੰ ਸ਼ਾਬਾਸ ਦਿੱਤੀ 'ਤੇ ਕਿਸਾਨ ਸੰਘਰਸ਼ ਲਈ ਤਨੋਂ ਮੰਨੋਤੇ ਧਨੋਂ ਫੁੱਲ ਸਪੋਰਟ ਕਰਨ ਦੀ ਵਚਨ-ਬੱਧਤਾ ਦੁਹਰਾਈ। ਇਸ ਮੌਕੇ ਪੰਜਾਬੀ ਭਾਈਚਾਰੇ ਦੇ ਕਾਫ਼ੀ ਸੱਜਣ ਮੌਜੂਦ ਰਹੇ।

## ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਨੂੰ ਸਦਮਾ, ਭੈਣ ਦਾ ਦੇਹਾਂਤ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਨੂੰ ਉਸ ਸਮੇਂ ਸਦਮਾਂ ਪੁੱਜਿਆ, ਜਦੋਂ ਉਹਨਾਂ ਦੇ ਵੱਡੇ ਭੈਣ ਜੀ ਰਾਜਿੰਦਰ ਕੌਰ ਰਿਸ਼ੀ ਦੀ ਮੌਤ ਹੋ ਗਈ। ਉਹ 67 ਸਾਲਾਂ ਦੇ ਅਤੇ ਕੈਂਸਰ ਤੋਂ ਪੀੜਤ ਸਨ। 1992 ਵਿੱਚ ਭੈਣ ਜੀ ਦੇ ਇਕਲੌਤੇ ਪੁੱਤਰ ਕਮਲਜੀਤ ਰਿਸ਼ੀ ਦੀ ਹੋਈ ਰਹੱਸਮਈ ਮੌਤ ਤੋਂ ਬਾਅਦ ਉਹ ਅੱਜ ਤੱਕ ਸੰਭਲ਼ ਨਹੀਂ ਸਨ ਸਕੇ। ਭਰ ਜਵਾਨ ਪੁੱਤਰ ਦੀ ਮੌਤ ਦਾ ਦੁੱਖ ਘੁਣ ਵਾਂਗ ਖਾਂਦਾ ਰਿਹਾ ਤੇ ਉਹ ਕੈਂਸਰ ਦੇ ਮਰੀਜ਼ ਬਣ ਕੇ ਆਖਿਰ ਪ੍ਰਾਣ ਤਿਆਗ ਗਏ। ਜੱਗੀ ਕੁੱਸਾ ਉਹਨਾਂ ਨੂੰ ਅਜੇ ਦਸ ਦਿਨ ਪਹਿਲਾਂ ਹੀ ਪੰਜਾਬ ਫੇਰੀ ਦੌਰਾਨ ਮਿਲ ਕੇ ਆਏ ਸਨ। ਇਸ ਆਖਰੀ ਮਿਲਣੀ ਤੋਂ ਬਾਅਦ ਭੈਣ ਜੀ ਨੇ ਦਸ ਦਿਨ ਨਹੀਂ ਕੱਟੇ ਅਤੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਭੈਣ ਜੀ ਮੋਗਾ ਜਿਲ੍ਹਾ ਦੇ ਪਿੰਡ ਕੜਿਆਲ ਵਿਖੇ ਵਿਆਹੇ ਹੋਏ ਸਨ ਅਤੇ ਉਹਨਾਂ ਨੇ ਜੱਗੀ ਕੁੱਸਾ ਨੂੰ ਬੱਚਿਆਂ ਵਾਂਗ ਪਾਲਿਆ ਸੀ। ਉਹ ਆਪਣੇ ਪਿੱਛੇ ਪਤੀ ਸੁਰਿੰਦਰਪਾਲ ਰਿਸ਼ੀ ਅਤੇ ਤਿਨ ਧੀਆਂ ਨੂੰ ਵਿਲਕਦਿਆਂ ਛੱਡ ਗਏ ਹਨ। ਇਸ ਦੁੱਖ ਦੀ ਘੜੀ ਵਿੱਚ ਸਾਹਿਤਕਾਰਾਂ, ਲੇਖਕਾਂ, ਸਮਾਜਸੇਵੀ ਆਗੂਆਂ, ਰਾਜਸੀ ਤੇ ਦੋਸਤਾਂ ਮਿੱਤਰਾਂ ਵੱਲੋਂ ਕੁੱਸਾ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ।

## ਕੋਰੋਨਾਂ ਵਾਇਰਸ ਨੇ ਲਈ ਮਿਨੀਸੋਟਾ ਰਾਜ ਦੇ ਸੈਨੇਟਰ ਜੈਰੀ ਰੇਲਫ ਦੀ ਜਾਨ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਮਿਨੀਸੋਟਾ ਰਾਜ ਦੇ ਇੱਕ ਸੈਨੇਟਰ ,ਜਿਸ ਨੇ ਹਾਲ ਹੀ ਵਿੱਚ ਕੋਵਿਡ -19 ਦਾ ਪਾਜ਼ੀ-ਟਿਵ ਟੈਸਟ ਕੀਤਾ ਸੀ,ਦੀ ਇਸ ਬਿਮਾਰੀ ਕਾਰਨ ਸ਼ੁੱਕਰਵਾਰ ਨੂੰ ਮੌਤ ਹੋ ਗਈ ਹੈ। ਪਹਿਲੀ ਮਿਆਦ ਦੇ ਰਿਪਬਲਿਕਨ ਸੈਨੇਟਰ ਜੈਰੀ ਰੇਲਫ ਨੇ ਆਪਣੇ ਇੱਕ ਵਾਇਰਸ ਸੰਕਰਮਿਤ ਸਹਿਕਰਮੀ ਨਾਲ ਸੰਪਰਕ ਹੋਣ ਤੋਂ ਬਾਅਦ ਵਾਇਰਸ ਲਈ ਸਕਾਰਾਤਮਕ ਟੈਸਟ ਕੀਤਾ ਸੀ। ਵਾਇਰਸ ਸੰਬੰਧੀ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਰੇਲਫ ਨੇ 10 ਨਵੰਬਰ ਨੂੰ ਇਕਾਂਤਵਾਸ ਸ਼ੁਰੂ ਕੀਤਾ ਸੀ। ਇਹ&; 76 ਸਾਲਾ ਵਿਅਤਨਾਮ ਯੁੱਧ ਦਾ ਸੈਨਿਕ, ਜੋ ਹਾਲ ਹੀ ਵਿੱਚ ਦੁਬਾਰਾ ਚੋਣ ਹਾਰ ਗਿਆ ਸੀ, ਰਾਜ ਦੇ ਕਈ ਰਿਪਬਲਿਕਨ ਸੈਨੇਟਰਾਂ ਵਿੱਚੋਂ ਇੱਕ ਸੀ, ਜਿਹਨਾਂ ਨੇ ਨਵੰਬਰ ਵਿੱਚ ਇੱਕ ਚੋਣ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਕੋਰੋਨਾਂ ਵਾਇਰਸ ਸਾਕਾਰਾਤਮਕ ਟੈਸਟ ਕੀਤਾ ਸੀ। ਇੱਕ ਰਿਪੋਰਟ ਅਨੁਸਾਰ ਰੇਲਫ ਕੋਵਿਡ ਦੇ ਲੱਛਣਾਂ ਦਾ ਸਾਹਮਣਾ ਕਰਨ ਤੋਂ ਬਾਅਦ ਦੋ ਵਾਰ ਐਮਰਜੈਂਸੀ ਕਮਰੇ ਵਿੱਚ ਗਏ, ਪਰ ਹਸਪਤਾਲ ਵਿੱਚ ਦਾਖਲ ਨਹੀਂ ਹੋਏ ਸਨ। 2016 ਵਿੱਚ ਸੈਨੇਟਰ ਚੁਣੇ ਗਏ, ਰੇਲਫ ਹਾਲ ਹੀ ਵਿੱਚ ਡੀ ਐਫਐਲਰ ਐਰਿਕ ਪੁਤਨਾਮ ਦੇ ਵਿਰੁੱਧ ਮੁੜ ਚੋਣ ਵਿੱਚ ਹਾਰ ਗਏ ਸਨ। ਸੈਨੇਟ ਵਿਚ ਸੇਵਾ ਕਰਨ ਤੋਂ ਪਹਿਲਾਂ, ਰੇਲਫ ਨੇ ਛੋਟੇ ਕਾਰੋਬਾਰ ਦੇ ਮਾਲਕ ਅਤੇ ਅਟਾਰਨੀ ਦੇ ਤੌਰ ਤੇ ਕੈਰੀਅਰ ਬਣਾਇਆ ਸੀ। ਇਸਦੇ ਇਲਾਵਾ ਰੇਲਫ ਨੇ ਵੀਅਤਨਾਮ ਵਿੱਚ ਸਮੁੰਦਰੀ ਸੈਨਾ ਵਿੱਚ ਵੀ ਸੇਵਾ ਕੀਤੀ ਸੀ।



## ਫਰਿਜ਼ਨੋ ਵਿੱਚ ਹੋਏ ਸੜਕ ਹਾਦਸੇ ਦੌਰਾਨ ਹੋਈ ਦੋ ਦੀ ਮੌਤ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਫਰਿਜ਼ਨੋ ਦੇ ਦੱਖਣ ਵਿੱਚ ਹਾਈਵੇ 41 'ਤੇ ਸ਼ੁੱਕਰਵਾਰ ਰਾਤ ਨੂੰ, ਹੋਏ ਇੱਕ ਕਾਰ ਹਾਦਸੇ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਹੈ। ਕੈਲੀਫੋਰਨੀਆਂ ਹਾਈਵੇ ਪੈਟਰੋਲ ਦੇ ਸਾਰਜੇਂਟ ਜੋਸਫ ਬਿਆਨਚੀ ਅਨੁਸਾਰ ਇਹ ਹਾਦਸਾ ਸ਼ਾਮ 5:30 ਵਜੇ ਤੋਂ ਪਹਿਲਾਂ ਵਿਟਨੀ ਐਵੇਨਿਊ ਰਿਵਰਡੇਲ ਨੇੜੇ ਵਾਪਰਿਆ ਹੈ। ਇਸ ਹਾਦਸੇ ਦੀ ਜਾਣਕਾਰੀ ਦਿੰਦਿਆਂ ਅਧਿਕਾਰੀਆਂ ਨੇ ਦੱਸਿਆ ਕਿ ਇਸ ਹਾਦਸੇ ਦੌਰਾਨ ਚੌਕ 'ਚ ਲਾਲ ਬੱਤੀ ਹੋਣ ਤੇ ਟ੍ਰੈਫਿਕ ਰੋਕਣ ਦੇ ਬਾਅਦ ਉੱਤਰ ਦਿਸ਼ਾ ਵੱਲ ਜਾਣ ਵਾਲੀ ਇੱਕ ਕਾਰ ਇੱਕ ਹੋਰ ਕਾਰ ਨਾਲ ਟਕਰਾਈ,ਜਿਸਦੇ ਨਤੀਜੇ ਵਜੋਂ ਇੱਕ ਤੀਜੀ ਕਾਰ ਦੀ ਟੱਕਰ ਵੀ ਇਹਨਾਂ ਨਾਲ ਹੋ ਗਈ। ਇਸ ਹਾਦਸੇ ਦੀ ਵਜ੍ਹਾ ਨਾਲ ਆਪਣੀ ਉਮਰ ਦੇ 50 ਦੇ ਦਹਾਕੇ ਵਿੱਚ ਇੱਕ ਮਹਿਲਾ ਤੇ ਆਦਮੀ ਦੀ ਮੌਤ ਹੋ ਗਈ। ਜਦਕਿ ਬੀ ਐਮ ਡਬਲਯੂ ਦੇ ਚਾਲਕ ਅਤੇ ਤੀਜੀ ਗੱਡੀ ਵਿੱਚ ਸਵਾਰ ਵਿਅਕਤੀਆਂ ਵਿੱਚੋਂ ਕਿਸੇ ਦੇ ਜਖਮੀ ਹੋਣ ਦਾ ਸਮਾਚਾਰ ਨਹੀਂ ਹੈ।









ਦੇਸ਼ ਦੁਆਬਾ

# ਪੂਜਾ ਪਾਠ ਸਰਕਾਰੀ ਖਰਚ 'ਤੇ ਕਿਉਂ?

ਪੂਜਾ ਪਾਠ ਜਾਂ ਬੰਦਗੀ ਇਨਸਾਨ ਦਾ ਬੇਹੱਦ ਨਿੱਜੀ ਮਾਮਲਾ ਹੈ। ਪੂਜਾ ਪਾਠ ਜਾਂ ਬੰਦਗੀ ਦਾ ਪ੍ਰਦਰਸ਼ਨ ਕਰਨ ਨੂੰ ਪਾਖੰਡ ਸਮਝਿਆ ਜਾਂਦਾ ਹੈ। ਭਾਰਤ ਵਿੱਚ ਤਾਂ ਇਬਾਦਤ ਨੂੰ ਇਥੋਂ ਤੱਕ ਗੁਪਤ ਰੱਖਣ ਦਾ ਇਤਿਹਾਸ ਹੈ ਕਿ ਇਨਸਾਨ ਅਤੇ ਖੁਦਾ ਦੇ ਰਿਸ਼ਤੇ ਨੂੰ ਗੁਪਤ ਰੱਖਣ ਲਈ ਆਮ ਲੋਕ ਹੀ ਨਹੀਂ ਰਾਜੇ ਮਹਾਰਾਜੇ ਵੀ ਰਾਜ ਭਾਗ ਤਿਆਗ ਕੇ ਜੰਗਲਾਂ ਜਾਂ ਪਹਾੜਾਂ ਦੀਆਂ ਗੁਫਾਵਾਂ ਜਾਂ ਚੋਟੀਆਂ ਤੇ ਚਲੇ ਜਾਂਦੇ ਸਨ। ਪਰ ਭਾਰਤੀ ਜਨਤਾ ਪਾਰਟੀ ਦੇ ਨੇਤਾ ਆਪਣੇ ਆਪ ਨੂੰ ਸਭ ਤੌਰ ਵੱਡੇ ਹਿੰਦੂ ਸਾਬਤ ਕਰਨ ਲਈ ਢੋਲ ਢਮੱਕਿਆਂ ਨਾਲ ਮੰਦਿਰਾਂ ਵਿੱਚ ਪੂਜਾ ਪਾਠ ਕਰਨ ਜਾਂਦੇ ਹਨ। ਉਨ੍ਹਾਂ ਦੀਆਂ ਫਿਲਮਾਂ ਬਣਦੀਆਂ ਹਨ ਅਤੇ ਉਨ੍ਹਾਂ ਨੂੰ ਸਰਕਾਰੀ ਖਰਚ ਉੱਤੇ ਟੀ.ਵੀ. ਚੈਨਲਾਂ ਤੇ ਦਿਨ ਵਿੱਚ ਕਈ ਕਈ ਵਾਰ ਵਿਖਾਉਣ ਦਾ ਪ੍ਰਬੰਧ ਕੀਤਾ ਜਾਂਦਾ ਹੈ ਤਾਂ ਕਿ ਦੇਸ਼ ਨੂੰ ਪਤਾ ਲੱਗੇ ਕਿ ਭਾਜਪਾ ਨੇਤਾ ਹੀ ਅਸਲ ਹਿੰਦੂ ਹਨ ਅਤੇ ਉਨ੍ਹਾਂ ਵਲੋਂ ਰਾਸ਼ਟਰਵਾਦ ਦੇ ਨਾਂ ਤੇ ਇਸ ਸੈਕੂਲਰ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਗੱਲ ਕੀਤੀ ਜਾਂਦੀ ਹੈ। ਉਸਦਾ ਆਮ ਹਿੰਦੂਆਂ ਤੇ ਬਹੁਤ ਪ੍ਰਭਾਵ ਪੈ ਰਿਹਾ ਹੈ। ਇਹ ਗੱਲ ਇਥੋਂ ਤੱਕ ਖਤਰਨਾਕ ਹੋ ਗਈ ਹੈ ਕਿ ਜੋ ਕੋਈ ਵੀ ਭਾਜਪਾ ਜਾਂ ਉਸਦੇ ਨੇਤਾਵਾਂ ਦਾ ਵਿਰੋਧ ਕਰਦਾ ਹੈ ਜਾਂ ਉਨ੍ਹਾਂ ਦੀ ਅਲੋਚਨਾ ਕਰਦਾ ਹੈ ਉਸਨੂੰ ਦੇਸ਼ਧ੍ਰੋਹੀ ਕਰਾਰ ਦਿੱਤਾ ਜਾਂਦਾ ਹੈ। ਪਾਕਿਸਤਾਨ ਅਤੇ ਚੀਨ ਨਾਲ ਮਿਲਿਆ ਕਰਾਰ ਦਿੱਤਾ ਜਾਂਦਾ ਹੈ ਜੋ ਕਿ ਇੱਕ ਬਹੁਤ ਹੀ ਖਤਰਨਾਕ ਗੱਲ ਹੈ।

ਗੱਲ ਇਥੋਂ ਤੱਕ ਹੀ ਸੀਮਤ ਨਹੀਂ ਹੈ ਜੇਕਰ ਭਾਰਤੀਆ ਜਨਤਾ ਪਾਰਟੀ ਦੀ ਵਿਰੋਧੀ ਸਿਆਸੀ ਪਾਰਟੀ ਦਾ ਕੋਈ ਨੇਤਾ ਮੰਦਰ ਚਲੇ ਜਾਵੇ ਅਤੇ ਉਸਦੀ ਖਬਰ ਟੀ.ਵੀ. ਚੈਨਲ ਤੇ ਵਿਖਾਈ ਜਾਵੇ ਤਾਂ ਸਾਰੇ ਭਾਰਤ ਵਿੱਚ ਭਾਜਪਾ ਨੇਤਾ ਕਾਂ-ਕਾਂ ਕਰ ਲੱਗੇ ਪੈਰਦੇ ਹਨ ਅਤੇ ਉਸ ਨੂੰ ਨਕਲੀ ਹਿੰਦੂ ਕਰਾਰ ਦੇਣ ਲਗਦੇ ਹਨ।

ਇਹ ਤਮਾਸ਼ਾ ਕੇਵਲ ਅਤੇ ਕੇਵਲ ਭਾਰਤ ਵਿੱਚ ਹੀ ਹੋ ਰਿਹਾ ਹੈ ਕਿ ਸਰਕਾਰੀ ਪੈਸੇ ਨਾਲ ਭਾਜਪਾ ਨੇਤਾ ਆਪਣੇ ਆਪ ਨੂੰ ਹਿੰਦੂ ਧਰਮ ਦੇ ਹੀਰੋ ਸਾਬਤ ਕਰ ਰਹੇ ਹਨ। ਭਾਰਤ ਵਿੱਚ ਹਿੰਦੂਆਂ ਦੀ ਗਿਣਤੀ 10 ਕਰੋੜ ਤੋਂ ਵੱਧ ਨਹੀਂ ਹੈ। ਪਰ ਪ੍ਰਭਾਵ ਦਿੱਤਾ ਜਾਂਦਾ ਹੈ ਕਿ ਇਹ ਦੇਸ਼ ਹਿੰਦੂਆਂ ਦਾ ਹੈ ਅਤੇ ਇਹ ਪ੍ਰਭਾਵ ਦੇਣ ਵਿੱਚ ਪੈਸਾ ਦੇਸ਼ ਦੇ ਸਾਰੇ ਧਰਮਾਂ ਦੇ ਲੋਕਾਂ ਦਾ ਖਰਚ ਕੀਤਾ ਜਾਂਦਾ ਹੈ।

ਇੰਗਲੈਂਡ ਵਿੱਚ ਕਰਿਸਮਸ ਦੇ ਮੌਕੇ ਪਹਿਲੀ ਦਸੰਬਰ ਤੋਰ ਹੀ ਸਰਕਾਰੀ ਖਰਚ ਤੇ ਸਾਰੇ ਸ਼ਹਿਰਾਂ ਵਿੱਚ ਬੇਮਿਸਾਲ ਸਜਾਵਟਕਰਨ ਦੀ ਪ੍ਰੰਪਰਾ ਸੀ ਪਰ ਦਸ ਸਾਲ ਪਹਿਲਾਂ ਸਰਕਾਰੀ ਖਰਚ ਨਾਲ ਹੋਣ ਵਾਲੀ ਸ਼ਹਿਰਾਂ ਦੀ ਸਜ਼ਾਵਟ ਬੰਦ ਕਰ ਦਿੱਤੀ ਗਈ ਹੈ। ਸਰਕਾਰ ਨੇ ਕਿਹਾ ਕਿ ਇਸ ਸਮੇਰ ਜੋ ਸਰਕਾਰ ਕੋਲ ਟੈਕਸਾਂ ਦੇ ਰੂਪ ਵਿੱਚ ਪੈਸਾ ਆ ਰਿਹਾ ਹੈ, ਉਹ ਹੁਣ ਕੇਵਲ ਈਸਾਈਆਂ ਦੀਆਂ ਜੇਬਾਂ ਵਿਚੋਂ ਹੀ ਨਹੀਂ ਆ ਰਿਹਾ, ਸਭ ਧਰਮਾਂ ਦੇ ਲੋਕ ਟੈਕਸ ਦੇ ਰਹੇ ਹਨ, ਇਸ ਕਰਕੇ ਦੂਸਰੇ ਧਰਮਾਂ ਦੇ ਲੋਕਾਂ ਦੇ ਪੈਸੇ ਨਾਲ ਸ਼ਹਿਰਾਂ ਦੀ ਸਜ਼ਾਵਟ ਕਰਨੀ ਉਚਿਤ ਨਹੀਂ। ਭਾਰਤ ਕੋਈ ਧਰਮ ਅਧਾਰਿਤ ਦੇਸ਼ ਨਹੀਂ ਹੈ, ਇੱਕ ਸੈਕੁਲਰ ਦੇਸ਼ ਹੈ। ਇਥੇ ਅਨੇਕਾਂ ਧਰਮ ਦੇ ਲੋਕ ਰਹਿ ਰਹੇ ਹਨ। ਇਸ ਕਰਕੇ ਪ੍ਰਧਾਨ ਮੰਤਰੀ ਮੋਦੀ ਅਤੇ ਦੂਸਰੇ ਮੰਤਰੀਆਂ ਜਾਂ ਮੁੱਖ ਮੰਤਰੀਆਂ ਨੂੰ ਕੋਈ ਹੱਕ ਨਹੀਂ ਹੈ ਕਿ ਉਹ ਸਰਕਾਰੀ ਖਰਚ ਤੇ ਆਪਣੇ ਧਾਰਮਿਕ ਸਥਾਨਾਂ ਵਿੱਚ ਪੂਜਾ ਪਾਠ ਲਈ ਜਾਣ ਅਤੇ ਸਰਕਾਰੀ ਖਜ਼ਾਨੇ ਵਿਚੋਂ ਆਪਣੇ ਧਾਰਮਿਕ ਸਥਾਨਾਂ ਵਿੱਚ ਕੀਮਤੀ ਚੜ੍ਹਾਵੇ ਚੜ੍ਹਾਉਂਣ। ਉਹ ਜੇਕਰ ਸਰਕਾਰੀ ਖਰਚ ਤੇ ਜਾਂਦੇ ਹਨ ਤਾਂ ਉਹ ਪੈਸਾ ਆਪਣੀ ਤਨਖਾਹ ਵਿਚੋਰ ਕਟਵਾਉਣ ਚਾਹੀਦਾ। ਉਨ੍ਹਾਂ ਦੀ ਸੁਰੱਖਿਆ ਤੇ ਹੋਣ ਵਾਲਾ ਖਰਚ ਵੀ ਉਨ੍ਹਾਂ ਨੂੰ ਆਪਣੀ ਜੇਬ ਵਿਚੋਰ ਅਦਾ ਕਰਨਾ ਚਾਹੀਦਾ ਹੈ।

ਹੁਣ ਤੱਕ ਦਾ ਜੋ ਭਾਜਪਾ ਦਾ ਰਿਕਾਰਡ ਹੈ, ਉਹ ਇਹ ਹੈ ਕਿ ਜਦ ਕੋਈ ਗੈਰ ਭਾਜਪਾਈ ਨੇਤਾ ਮੰਦਰਾਂ ਵਿੱਚ ਪੂਜਾ ਪਾਠ ਲਈ ਜਾਂਦਾ ਹੈ ਤਾਂ ਸਰਕਾਰੀ ਖਰਚ ਤੇ ਦੇਸ਼ ਵਿੱਚ ਪ੍ਰਚਾਰ ਕੀਤਾ ਜਾਂਦਾ ਹੈ ਕਿ ਉਹ ਨਕਲੀ ਹਿੰਦੂ ਹੈ। ਕਿਸੇ ਦੇ ਪੂਜਾ ਪਾਠ ਨੂੰ ਨਕਲੀ ਕਰਾਰ ਦੇਣ ਦਾ ਅਰਥ ਇਹ ਕੱਢਿਆ ਜਾ ਸਕਦਾ ਹੈ ਕਿ ਭਾਜਪਾਈ ਆਪਣੇ ਪੂਜਾ ਪਾਠ ਦਾ ਪ੍ਰਚਾਰ ਪ੍ਰਸਾਰ ਉਨ੍ਹਾਂ ਲੋਕਾਂ ਦੇ ਪੈਸੇ ਨਾਲ ਕੀਤਾ ਜਾ ਰਿਹਾ ਹੈ ਜਿਨ੍ਹਾਂ ਦਾ ਹਿੰਦੂ ਧਰਮ ਨਾਲ ਕੋਈ ਸਬੰਧ ਨਹੀਂ। ਨਾ ਦੂਸਰੇ ਧਰਮਾਂ ਦੇ ਲੋਕਾਂ ਦੀ ਇਸ ਗੱਲ ਵਿੱਚ ਦਿਲਚਸਪੀ ਹੈ ਕਿ ਉਹ ਅਸਲੀ ਹਿੰਦੂ ਕੌਣ ਹੀ ਅਤੇ ਨਕਰੀ ਕੌਣ ਹੈ। ਆਮ ਜਨਤਾ ਲਈ ਅਸਲੀ ਹੋਵੇ ਜਾਂ ਨਕਲੀ ਹੋਵੇ ਸਭ ਹਿੰਦੂ ਹੋਣ ਕਰਕੇ ਆਦਰਨੀਯ ਹਨ। ਸੰਖੇਪ ਵਿੱਚ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਜੋ ਵੀ ਲੋਕ ਸਰਕਾਰੀ ਖਜ਼ਾਨੇ ਵਿਚੋਂ ਤਨਖਾਹ ਲੈਂਦੇ ਹਨ, ਉਹ ਪੂਜਾ ਪਾਠ ਆਪਣੇ ਨਿੱਜੀ ਖਰਚ ਤੇ ਕਰਨ - ਸਰਕਾਰੀ ਪੈਸੇ ਨਾਲ ਨਹੀਂ ਕਿਉਂਕਿ ਸਰਕਾਰੀ ਪੈਸਾ ਸਭ ਧਰਮਾਂ ਦੇ ਲੋਕਾਂ ਦੀ ਖੂਨ ਪਸੀਨੇ ਦੀ ਕਮਾਈ ਵਿਚੋਂ ਆਉਂਦਾ ਹੈ। ਇਸ ਕਰਕੇ ਹੁਣ ਸਰਕਾਰੀ ਖਜ਼ਾਨੇ ਦੇ ਪੈਸੇ ਨਾਲ ਇੰਗਲੈਂਡ ਦੇ ਸ਼ਹਿਰਾਂ ਦੀ ਕਰਿਸਮਸ ਡੇਕੋਰੇਸ਼ਨ ਨਹੀਂ ਕੀਤੀ ਜਾਂਦੀ।

**ਕੀ 'ਅਸਲੀ ਹਿੰਦੂ' ਇਸ ਗੱਲ ਵੱਲ ਧਿਆਨ ਦੇਣਗੇ?**

**- ਫਰੈਡੀ ਜੋਸਫ**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-161

## ਚੰਦ੍ਰਾਇਣੁ (ਚੰਦ ਨਾਲ ਸਬੰਧਤ)



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਮਹਾਨਕੋਸ਼ ਅਨੁਸਾਰ 'ਚੰਦ੍ਰਾਇਣ' ਦੇ ਅਰਥ ਪ੍ਰਕਾਸ਼ ਅਤੇ ਚਮਤਕਾਰ ਹਨ। ਮੁੱਖ ਤੌਰ ਤੇ 'ਚੰਦ੍ਰਾਇਣ' ਦਾ ਅਰਥ ਪ੍ਰਕਾਸ਼ ਹੈ। ਇਹ ਸ਼ਬਦ ਸਧਾਰਣ ਪ੍ਰਕਾਸ਼ ਅਤੇ ਰੌਸ਼ਨੀ ਲਈ ਵੀ ਵਰਤਿਆ ਜਾਂਦਾ ਹੈ। ਸ਼ਿਕਾਰੀ ਲੋਕ ਰਾਤ ਨੂੰ ਹਿਰਨ ਦਾ ਸ਼ਿਕਾਰ ਕਰਨ ਲਈ ਜਦ ਜੰਗਲ 'ਚ ਜਾਂਦੇ ਨੇ ਤਾਂ ਆਪਣੀ ਲੁਕੇਵੀਂ ਥਾਂ ਨੇੜੇ ਅੱਗ ਬਾਲ ਕੇ ਜਾਂ ਕਿਸੇ ਹੋਰ ਢੰਗ ਨਾਲ ਪ੍ਰਕਾਸ਼ ਕਰਦੇ ਹਨ। ਉਸ ਪ੍ਰਕਾਸ਼ (ਚਾਨਣ) ਨੂੰ ਵੇਖ ਕੇ ਹਿਰਨ ਉਸ ਵੱਲ ਖਿਚਿਆ ਚਲਾ ਜਾਂਦੈ ਅਤੇ ਸ਼ਿਕਾਰੀ ਸਹਜ ਨਾਲ ਉਸ ਦਾ ਸ਼ਿਕਾਰ ਕਰ ਲੈਂਦੇ ਹਨ।

ਗੁਰਬਾਣੀ ਵਿਖੇ ਮਾਇਕ ਪਦਾਰਥਾਂ ਦੀ ਖਿੱਚ ਨੂੰ ਚੰਦ੍ਰਾਇਣ ਨਾਲ ਤਸ਼ਬੀਹ ਦੇ ਕੇ ਸਖਿਆ ਦਿੱਤੀ ਗਈ ਹੈ। ਲਾਲਚੀ ਮਨੁੱਖ ਵੀ ਚਕਾ ਚੌਂਦ ਵਾਲੇ ਪਦਾਰਥਾਂ ਦੀ ਖਿੱਚ ਵਿੱਚ ਚੁਫੇਰੇ ਭੱਜਾ ਫਿਰਦਾ ਹੈ। ਪ੍ਰਕਾਸ਼ (ਸੱਚ ਗਿਆਨ) ਤਾਂ ਸ਼ਬਦ ਗੁਰੂ ਤੋਂ ਲੈਣਾ ਸੀ ਪਰ ਨਕਲੀ ਤੇ ਧੋਖੇਬਾਜ ਅਡੰਬਰੀ ਡੇਰੇਦਾਰ ਸਾਧ ਜੋ ਆਪੋ ਆਪਣੇ ਡੇਰਿਆਂ ਵਿੱਚ ਤਰਾਂ ਤਰਾਂ ਦੇ ਅਡੰਬਰਾਂ ਤੇ ਚਮਤਕਾਰਾਂ ਦਾ ਝੂਠਾ ਮਨ ਲੁਭਾਵਣਾ ਚਾਨਣ ਕਰਦੇ ਸੰਸਾਰੀ ਪਦਾਰਥਾਂ ਦੇ ਲਾਲਚ ਦੀ ਅੱਗ ਬਾਲਦੇ (ਰੌਸ਼ਨੀ ਕਰਦੇ) ਹਨ। ਹਿਰਨ ਦੇ ਚੰਦ੍ਰਾਇਣ ਰੌਸ਼ਨੀ ਦੇ ਲਾਲਚ 'ਚ ਫਸਣ ਵਾਂਗ ਲਾਲਚੀ ਤੇ ਵਿਵੇਕਹੀਨ ਮਨੁੱਖ ਵੀ ਸ਼ਿਕਾਰੀ ਸਾਧਾਂ ਦੇ ਅਡੰਬਰਾਂ ਦੀ ਰੌਸ਼ਨੀ 'ਚ ਫਸ ਆਤਮ ਮੌਤੇ ਮਰ ਜਾਂਦਾ ਹੈ। ਡੇਰੇਦਾਰ ਸਾਧ ਸ਼ਰਧਾਲੂਆਂ ਨੂੰ ਐਸੇ ਧਰਮ ਲਾਲਚਾਂ ਦੇ ਜਾਲ ਦੀ ਖਿੱਚ ਪਾਉਂਦੇ ਨੇ ਕਿ ਲਾਲਚੀ ਗਿਆਨਹੀਨ ਮਨੁੱਖ ਹਿਰਨਵਾਂਗ ਉਨਾਂ ਦੇ ਭਰਮ-ਜਾਲ 'ਚ ਫਸ ਜਾਂਦੈ ਜਿੱਥੋਂ ਉਹ ਨਿਕਲਣ ਨਹੀਂ ਦਿੰਦੇ ਤੇ ਮੰਤ੍ਰ ਪਾਠਾਂ ਆਦਿਕ ਥੋਥੇ ਕਰਮਕਾਂਡਾਂ 'ਚ ਫਸਾ ਚੰਗਾ ਸੋਚਣ ਵਾਲੀ ਬਿਬੇਕ ਬੁੱਧ ਮਾਰ ਦਿੰਦੇ ਹਨ। ਅਜਿਹੇ ਮਾਇਕੀ ਤੇ ਚਮਤਕਾਰਾਂ ਦੇ ਲਾਲਚ ਜਾਲ 'ਚ ਫਸੇ ਮਨਮੁਖਾਂ ਬਾਰੇ ਗੁਰੂ ਅਰਜਨ ਪਾਤਸ਼ਾਹ ਫੁਰਮਾਂਦੇ ਹਨ ਕਿ-ਫਾਥੋਹੁ ਮਿਰਗ ਜਿਵੈ ਪੇਖਿ ਰੈਣਿ ਚੰਦ੍ਰਾਇਣੁ॥ ਸੂਖਹੁ ਦੂਖ ਭਏ ਨਿਤ ਪਾਪ ਕਮਾਇਣੁ॥(ਮ:੫-੪੬੦) ਹੋਰ ਫੁਮਾਨ ਹੈ-ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ॥(ਮ:੧-੪੧੯) ਮਿਠੇ ਮਖੁ ਮੂਆ ਕਿਉ ਲੈ ਓਡਾਰੀ॥(ਮ:੫-੪੬੦)

## ਸੋਧ ਸਾਰ

# ਚੰਗੇ ਸਮਾਜ ਦੀ ਸਥਾਪਨਾ ਲਈ ਨੈਤਿਕਤਾ ਦਾ ਵਾਸ ਜ਼ਰੂਰੀ

ਬੰਗਾ ਤੋਂ **ਸੁਰਜੀਤ ਮਜਾਰੀ**



91+98721-93237

ਨੈਤਿਕਤਾ ਦੇ ਆਧਾਰ 'ਤੇ ਅਸਤੀਫ਼ਾ ਦੇਣ ਦੀ ਗੱਲ ਸਿਆਸੀ ਗਲਿਆਰੇ 'ਚ ਪ੍ਰਮੁੱਖਤਾ ਨਾਲ ਪੜ੍ਹਣ ਸੁਣਨ ਨੂੰ ਮਿਲਦੀ ਹੈ। ਜਦੋਂ ਕਿਸੇ ਆਗੂ ਦੀ ਗਲਤੀ ਸਾਹਮਣੇ ਆਉਂਦੀ ਹੈ ਜਾਂ ਕਿਸੇ ਆਗੂ ਵਲੋਂ ਕੋਈ ਨੁਕਸਾਨ ਕੀਤਾ ਜਾਂਦਾ ਹੈ ਤਾਂ ਉਹਨੂੰ ਨੈਤਿਕਤਾ ਯਾਦ ਕਰਾਈ ਜਾਂਦੀ ਹੈ। ਇਹ ਨੈਤਿਕਤਾ ਰੌਲਾ ਰੱਪੇ 'ਚ ਹੀ ਰਹਿ ਜਾਂਦੀ ਹੈ ਨਾ ਕੋਈ ਅਸਤੀਫ਼ਾ ਦਿੰਦਾ। ਅਸਤੀਫ਼ੇ ਦੀ ਮੰਗ ਕਰਨ ਵਾਲੇ ਵੀ ਹੌਲੀ ਹੌਲੀ ਚੁੱਪ ਕਰਕੇ ਬੈਠ ਜਾਂਦੇ ਹਨ। ਜੇਕਰ ਸਿਆਸਤ 'ਚ ਨੈਤਿਕਤਾ ਆ ਜਾਵੇ ਤਾਂ ਸਾਰਾ ਕੁਛ ਠੀਕ ਨਾ ਹੋ ਜਾਵੇ। ਬਹੁਗਿਣਤੀ ਆਗੂਆਂ 'ਚ ਨੈਤਿਕਤਾ ਦੀ ਕਮੀ ਨੇ ਹੀ ਦੇਸ਼ ਦਾ ਬੇੜਾ ਗਰਕ ਕੀਤਾ ਹੋਇਆ ਹੈ। ਹਰ ਪਾਸੇ ਹਾਲ ਦੁਹਾਈ ਪੈ ਰਹੀ ਹੈ। ਹਰ ਵਰਗ ਪ੍ਰੇਸ਼ਾਨ ਹੈ। ਰਿਸ਼ਵਤਖੋਰੀ ਦਾ ਨੰਗਾ ਨਾਚ ਨੱਚ ਹੋ ਰਿਹਾ ਹੈ। ਪੈਸੇ ਵਾਲੇ ਦੂਜਿਆਂ ਦੇ ਹੱਕ ਮਾਰ ਰਹੇ ਹਨ। ਯੋਗਤਾ ਵਾਲੇ ਹੱਥ 'ਤੇ ਹੱਥ ਧਰਨ ਨੂੰ ਮਜ਼ਬੂਰ ਹਨ। ਹੱਕ ਸੱਚ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਦਰਅਸਲ ਜਦੋਂ ਤੱਕ ਬੇ-ਨੈਤਿਕੇ ਆਗੂ ਕੁਰਸੀ ਨਾਲ ਚਿੰਬੜੇ ਰਹਿਣਗੇ ਕੁਛ ਸੁਧਾਰ ਨਹੀਂ ਹੋਣ ਵਾਲਾ।

ਜਦੋਂ ਦੇਸ਼ ਦੇ ਸੱਤਾਧਾਰ ਨੈਤਿਕਤਾ ਵਿਹੂਣੇ ਰਹਿਣਗੇ ਤਾਂ ਉਹਨਾਂ ਦੇ ਇਸ਼ਾਰੇ 'ਤੇ ਪ੍ਰਸ਼ਾਸ਼ਨ ਚਲਾਉਣ ਵਾਲੇ ਅਫ਼ਸਰ ਆਪੇ ਮਨਮਨਜ਼ੀਆਂ ਕਰਨਗੇ। ਸਰਕਾਰੇ ਦਰਬਾਰੇ ਲੋਕਾਂ ਦੀ ਸੁਣਵਾਈ ਨਹੀਂ ਹੋਵੇਗੀ। ਅਜਿਹੀ ਸਥਿਤੀ 'ਚ ਬਹੁਤ ਥਾਈਂ ਪ੍ਰਸ਼ਾਸ਼ਨਿਕ ਢਾਂਚੇ ਦੀਆਂ ਪੜ੍ਹਾਈਆਂ ਨੂੰ ਵੀ ਨੈਤਿਕਤਾ ਦਾ ਪਾਠ ਭੁੱਲਿਆ ਹੋਇਆ ਹੈ। ਲੋਕ ਮਸਲੇ ਦਫ਼ਤਰਾਂ ਦੀ ਫਾਇਲਾਂ 'ਚ ਦਮ ਘੁੱਟ ਰਹੇ ਹਨ। ਅਲਮਾਰੀਆਂ ਦੇ ਉੱਪਰ ਪਈਆਂ ਕਾਗਜ਼ਾਂ ਪੱਤਰਾਂ ਦੀਆਂ ਧਾਕਾਂ ਮਿੱਟੀ ਫੱਕਣ ਲਈ ਮਜ਼ਬੂਰ ਹਨ। ਇਸ ਦਾ ਇਸ ਤੋਂ ਵੱਡਾ ਸਬੂਤ ਭਲਾ ਕੀ ਹੋ ਸਕਦਾ ਕਿ ਤੀਏ ਦਿਨ ਮੂੰਹ ਢੱਕੇ ਰਿਸ਼ਵਤਖੋਰਾਂ ਦੀ ਕਹਾਣੀ ਮੀਡੀਆ 'ਚ ਸਾਹਮਣੇ ਆਉਂਦੀ ਹੈ। ਥੋਹੜੇ ਸਮੇਂ ਬਾਅਦ ਉਹਨਾਂ ਦੀ ਬਹਾਲੀ ਮੁੜ ਨੈਤਿਕਤਾ ਨੂੰ ਅੰਗੂਠਾ ਦਿਖਾਉਂਦੀ ਨਜ਼ਰੀ ਪੈਂਦੀ ਹੈ। ਸੋਨੇ ਦੀ ਚਿੜੀ ਬਣਾਉਣ ਲਈ ਸਾਰੇ ਮੰਗ ਜ਼ਰੂਰ ਕਰੀ ਜਾ ਰਹੇ ਹਨ। ਦੇਸ਼ ਦੀ ਦਿਨ ਦਿਹਾੜੇ ਲੁੱਟ ਹੋਏ ਜਾਣ ਦੀਆਂ ਦਹਾੜਾਂ ਜ਼ਰੂਰ ਵੱਜਦੀਆਂ ਹਨ। ਪਰ ਉਕਤ ਵਰਤਾਰੇ ਨੂੰ ਕਾਬੂ ਕਰਨ ਲਈ ਅਜੇ ਤੱਕ ਜਿਹੜੀ ਲੋਕ ਲਹਿਰ ਬਣਨੀ ਚਾਹੀਦੀ ਸੀ ਉਹ ਨਹੀਂ ਬਣ ਸਕੀ।

ਆਮ ਜ਼ਿੰਦਗੀ 'ਚ ਵੀ ਦੇਖਿਆ ਕਿ ਸਮਾਜ 'ਚ ਲਿਹਾਜਾਂ ਪਗਾਉਣ ਦਾ ਹੀ ਦੌਰ ਭਾਰੂ ਹੈ। ਕੋਈ ਮਾੜੇ ਚੰਗੇ ਦੀ ਪਰਖ ਹੀ ਨਹੀਂ ਜਾਣਦਾ। ਮਾੜੇ ਨੂੰ ਮੂੰਹ 'ਤੇ ਮਾੜਾ ਕਹਿਣ ਦੀ ਕੋਈ ਹਿੰਮਤ ਨਹੀਂ ਕਰਦਾ। ਚੰਗੇ ਨੂੰ ਚੰਗਾ ਕਹਿਣ ਬਾਰੇ ਗੱਲ ਕਰਨ ਵਾਲੇ ਵੀ ਟਾਂਵੇ ਹਨ। ਜਿਧਰ ਪਲੜਾ ਭਾਰੀ ਹੁੰਦਾ ਹੈ ਉਧਰ ਨੂੰ ਭੀੜ ਬਣਨ ਲੱਗਦੀ ਹੈ। ਢੰਗ ਟਪਾਉਣ ਵਾਲਿਆਂ ਦੀ ਗਿਣਤੀ ਬਥੇਬੀ ਹੈ। ਇਹ ਸੋਚ ਵੀ ਤਾਂ ਨੈਤਿਕਤਾ ਦਾ ਘਾਣ ਕਰਨ ਵਾਲੀ ਹੈ। ਅਸੀਂ ਆਗੂਆਂ ਜਾਂ ਅਫ਼ਸਰਾਂ ਅੱਗੇ ਨੈ-ਤਿਕਤਾ ਦੀ ਘੇਰਾ-ਬੰਦੀ ਤਾਂ ਹੀ ਕਰ ਸਕਦੇ ਹਾਂ ਜੇਕਰ ਸਮਾਜਿਕ ਵਰਤਾਰੇ 'ਚ ਖੁਦ ਨੈਤਿਕਤਾ ਦਾ ਵਾਸ ਹੋਵੇਗਾ। ਸਮਾਜ 'ਚ ਸੁਧਾਰ ਲਈ ਸੋਚ ਰੱਖਣ ਵਾਲਿਆਂ ਦੀ ਲਹਿਰ ਬਣੇ ਤੇ ਉਹ ਇੱਕ ਮਜ਼ਬੂਤ ਧਿਰ ਬਣ ਕੇ ਅੱਗੇ ਆਉਣ।

ਜਦੋਂ ਇਹ ਮਜ਼ਬੂਤੀ ਲੋਕਾਂ 'ਚ ਪ੍ਰੇਰਨਾ ਦਾ ਸੂਰਜ ਬਣੇਗੀ ਤਾਂ ਸਿਆਸਤ ਵੀ ਆਪੇ ਨੈਤਿਕਤਾ ਅੱਗੇ ਹਾਰੇਗੀ ਅਤੇ ਅਧਿਕਾਰੀਆਂ ਵੀ ਪਾਰਦਰਸ਼ੀ ਹੋ ਜਾਣਗੇ। ਨੈਤਿਕਤਾ ਤੋਂ ਬਿਨਾਂ ਦੇਸ਼ ਨਿਰਮਾਣ ਦੀ ਆਸ ਨਹੀਂ ਰੱਖਣੀ ਚਾਹੀਦੀ।

ਸਮਾਜ ਸੁਧਾਰ ਦੀ ਕਲਪਨਾ ਵੀ ਤਾਂ ਹੀ ਸਫ਼ਲ ਹੋ ਸਕਦੀ ਜਦੋਂ ਇਸ ਦੇ ਵਸਨੀਕਾਂ 'ਚ ਨੈਤਿਕਤਾ ਦਾ ਵਾਸ ਰਹੇ। ਮਿਹਨਤ ਦੀ ਕਮਾਈ ਨਾ ਕਰਨਾ, ਦੂਜੇ ਦੀ ਨਿੰਦਿਆਂ ਚੁਗਲੀ ਕਰਨਾ, ਈਰਖਾ ਦੀ ਭਾਵਨਾ ਰੱਖਣਾ, ਆਪਣਾ ਲਾਹਾ ਲੈਣ ਲਈ ਪਾੜੇ ਪਾਉਣਾ, ਰਿਸ਼ਤਿਆਂ ਦੀ ਅਹਿਮੀਅਤ ਨਾ ਸਮਝਣਾ, ਝੂਠ ਬੋਲਣਾ, ਦਿਖਾਵੇ ਦੇ ਧਾਰਮਿਕ ਬਣਨਾ, ਦੂਜਿਆਂ ਨੂੰ ਬੁਰੀ ਨਜ਼ਰ ਨਾਲ ਤੱਕਣਾ, ਮਿਲੋ ਵਰਤੋਂ ਦੀ ਮਾਣ ਮਰਿਯਾਦਾ ਭੁੱਲਣਾ, ਦੂਜਿਆਂ ਦੇ ਹੱਕਾਂ 'ਤੇ ਡਾਕਾ ਮਾਰਨਾ, ਲੈਣ ਦੇਣ 'ਚ ਬੇਈਮਾਨੀ ਕਰਨੀ, ਚੋਰ ਚਿੱਤ ਨਾਲ ਵਿਚਰਨਾ, ਆਪਣੇ ਮੁਫ਼ਾਦਾਂ ਲਈ ਮਾੜੇ ਕਰਮ ਕਰਨੇ ਆਦਿ ਇਹ ਸਾਰਾ ਕੁਝ ਨੈਤਿਕਤਾ ਦੀ ਕਮੀ ਕਰਕੇ ਹੀ ਉਪਜਦਾ ਹੈ।

ਜਿੰਨਾਂ ਚਿਰ ਇਹ ਮਾੜੀਆਂ ਆਦਤਾਂ ਉਪਜਦੀਆਂ ਰਹਿਣਗੀਆਂ ਉਨਾਂ ਚਿਰ ਤੁਹਾਡੇ 'ਚ ਨੈਤਿਕਤਾ ਨੂੰ ਥਾਂ ਨਹੀਂ ਮਿਲ ਸਕਦੀ। ਸੋ ਸਭ ਤੋਂ ਪਹਿਲਾਂ ਮਨੁੱਖੀ ਕਿਰਦਾਰ 'ਚ ਨੈਤਿਕਤਾ ਆਉਣੀ ਚਾਹੀਦੀ ਹੈ ਤਾਂ ਹੀ ਸਮਾਜ ਦੇ ਢਾਂਚੇ ਦੀ ਨੈਤਿਕ ਸਥਾਪਤੀ ਹੋ ਸਕਦੀ ਹੈ। ਜਦੋਂ ਸਮਾਜ 'ਚ ਨੈਤਿਕਤਾ ਦਾ ਵਾਸ ਹੋ ਗਿਆ ਫਿਰ ਦੇਸ਼ ਦੇ ਹਾਕਮ ਤੇ ਪ੍ਰਸ਼ਾਸ਼ਕ ਸਾਰਾ ਕੁਛ ਆਪੇ ਸੁਧਰ ਜਾਵੇਗਾ।

# ਕਿਸਾਨਾਂ ਨਾਲ ਗੱਲਬਾਤ ਕਰਨ ਲਈ ਸਿੰਘੂ ਬਾਰਡਰ ਪਹੁੰਚੇ 5 ਸੰਸਦ ਮੈਂਬਰ

ਨਵੀਂ ਦਿੱਲੀ- ਤਿੰਨੋਂ ਕੇਂਦਰੀ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਸਿੰਘੂ ਬਾਰਡਰ 'ਤੇ ਚੱਲ ਰਿਹਾ ਕਿਸਾਨਾਂ ਦਾ ਧਰਨਾ ਪ੍ਰਦਰਸ਼ਨ ਬੁੱਧਵਾਰ ਨੂੰ 28ਵੇਂ ਦਿਨ 'ਚ ਸ਼ਾਮਲ ਹੋ ਗਿਆ ਹੈ। ਇੱਥੇ ਇਕ ਪ੍ਰਦਰਸ਼ਨਕਾਰੀ ਨੇ ਦੱਸਿਆ ਕਿ ਜੋ ਚਿੱਠੀ ਕੇਂਦਰ ਸਰਕਾਰ ਨੇ ਭੇਜੀ ਹੈ। ਬੁੱਧਵਾਰ ਨੂੰ ਉਸ ਦਾ ਜਵਾਬ ਦਿੱਤਾ ਜਾਵੇਗਾ। ਅਸੀਂ 24 ਘੰਟੇ ਗੱਲ ਕਰਨ ਲਈ ਤਿਆਰ ਹਾਂ ਪਰ ਹੁਣ ਗੱਲ ਨਹੀਂ ਕਰਨਾ ਚਾਹੁੰਦੇ ਕਿਉਂਕਿ ਉਨ੍ਹਾਂ ਦੇ ਮਨ 'ਚ ਖੋਟ ਹੈ। ਉਧਰ ਖੇਤੀ ਕਾਨੂੰਨਾਂ ਖ਼ਿਲਾਫ ਟਿਕਰੀ ਬਾਰਡਰ 'ਤੇ ਵੀ ਕਿਸਾਨਾਂ ਦਾ ਵਿਰੋਧ ਪ੍ਰਦਰਸ਼ਨ ਜਾਰੀ ਹੈ। ਇਕ ਪ੍ਰਦਰਸ਼ਨ ਕਾਰੀਆਂ ਨੇ ਦੱਸਿਆ ਕਿ ਕਿਸਾਨ ਦਿਵਸ 'ਤੇ ਮੈਂ ਮੋਦੀ ਸਰਕਾਰ ਨੂੰ ਇਕ ਗੱਲ ਕਹਿਣਆ ਚਾਹੁੰਦੇ ਹਾਂ ਕਿ ਖੇਤੀ ਕਾਨੂੰਨਾਂ ਨੂੰ ਵਾਪਸ ਲੈ ਕੇ ਸਾਨੂੰ ਅੱਜ ਇਹ ਤੋਹਫਾ ਦੇਣ ਕਿਉਂਕਿ ਹੁਣ ਦਾ ਕਿਸਾਨ ਪੜ੍ਹਿਆ ਲਿਖਿਆ ਹੈ ਉਨ੍ਹਾਂ ਨੂੰ ਇਸ ਕਾਨੂੰਨਾਂ ਬਾਰੇ ਪਤਾ ਹੈ।



ਟੀਐੱਮਸੀ ਮੁਖੀ ਮਮਤਾ ਬੈਨਰਜੀ ਦੇ ਨਿਰਦੇਸ਼ 'ਤੇ, ਡੇਰੇਕ ਓਬ੍ਰਾਇਨ, ਸਤਬਦੀ ਰਾਏ, ਪ੍ਰਸੂਨ ਬੈਨਰਜੀ, ਪ੍ਰਤਿਮਾ ਮੈਂਡਲ ਤੇ ਐੱਮਡੀ ਨਾਦਿਮੁਲ ਹਕ ਸਣੇ 5 ਪਾਰਟੀ ਸਾਂਸਦ ਸਿੰਘੂ ਬਾਰਡਰ 'ਤੇ ਪਹੁੰਚੇ ਤੇ ਉੱਥੇ ਭੁੱਖ ਹੜਤਾਲ 'ਤੇ ਬੈਠੇ ਕਿਸਾਨਾਂ ਮੁਲਾਕਾਤ ਕੀਤੀ। ਦੂਜੇ ਪਾਸੇ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਅੰਦੋਲਨਕਾਰੀਆਂ ਕਿਸਾਨ ਕੇਂਦਰ ਸਰਕਾਰ ਨੂੰ ਹੁਣ ਕੌਮਾਂਤਰੀ ਪੱਧਰ 'ਤੇ ਘੇਰਨ ਦੀ ਤਿਆਰੀ 'ਚ ਲੱਗ ਗਏ ਹਨ। ਕਿਸਾਨ ਆਗੂਆਂ ਨੇ ਇੰਗਲੈਂਡ ਦੇ ਸੰਸਦ ਮੈਂਬਰਾਂ ਨੂੰ ਚਿੱਠੀ ਭੇਜ ਕੇ ਅਪੀਲ ਕੀਤੀ ਹੈ ਕਿ ਉਹ ਆਪਣੇ ਪ੍ਰਧਾਨ ਮੰਤਰੀ ਨੂੰ ਕਿਸਾਨਾਂ ਦੇ ਸਮਰਥਨ 'ਚ ਭਾਰਤੀ ਗਣਤੰਤਰ ਦਿਵਸ ਸਮਾਗਮ 'ਚ ਸ਼ਿਰਕਤ ਕਰਨ ਲਈ ਆਉਣ ਤੋਂ ਰੋਕਣ। ਕਿਸਾਨਾਂ ਨੇ ਦੇਰ ਸ਼ਾਮ ਸਰਕਾਰ ਨੂੰ ਜਵਾਬ ਦੇਣ ਦੇ ਲਈ ਆਪਣੀ ਰਣਨੀਤੀ ਦਾ ਐਲਾਨ ਕੀਤਾ ਹੈ।

ਬੁੱਧਵਾਰ ਨੂੰ ਸਾਰੇ ਸੰਗਠਨਾਂ ਨਾਲ ਵਿਚਾਰ ਕਰਨ ਤੋਂ ਬਾਅਦ ਇਹ ਜਵਾਬ ਕੇਂਦਰ ਨੂੰ ਭੇਜਿਆ ਜਾਵੇਗਾ। ਇਸ 'ਚ ਕਿਸਾਨਾਂ ਦਾ ਸਵਾਲ ਹੈ ਕਿ ਕੇਂਦਰ ਸਰਕਾਰ ਦੱਸੇ ਕਿ ਖੇਤੀ ਕਾਨੂੰਨ ਰੱਦ ਹੋਣਗੇ ਜਾਂ ਨਹੀਂ, ਇਸ ਤੋਂ ਬਾਅਦ ਹੀ ਉਹ ਦੱਸਣਗੇ ਕਿ ਗੱਲਬਾਤ ਲਈ ਜਾਣਗੇ ਜਾਂ ਨਹੀਂ ਜਾਣਗੇ ਤਾਂ ਕਦੋਂ ਤੇ ਕਿਸਦੇ ਬੁਲਾਵੇ 'ਤੇ ਜਾਣਗੇ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਫਰਿਜ਼ਨੋ ਕਾਉਂਟੀ ਦੇ ਕੋਰੋਨਾ ਮਾਮਲਿਆਂ ਵਿੱਚ ਹੋਇਆ ਤਕਰੀਬਨ 3,000 ਹੋਰ ਨਵੇਂ ਕੇਸਾਂ ਦਾ ਇਜ਼ਾਫਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਕੈਲੀਫੋਰਨੀਆਂ ਦੀ ਫਰਿਜ਼ਨੋ ਕਾਉਂਟੀ ਵਿੱਚ ਵਾਇਰਸ ਦੀ ਲਾਗ ਦੇ ਮਾਮਲਿਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਕੈਲੀਫੋਰਨੀਆਂ ਦੇ ਪਬਲਿਕ ਹੈਲਥ ਵਿਭਾਗ ਨੇ ਸ਼ਨੀਵਾਰ ਨੂੰ ਫਰਿਜ਼ਨੋ ਕਾਉਂਟੀ ਵਿਚ 2,725 ਨਵੇ ਕੋਵਿਡ -19 ਦੇ ਕੇਸ ਦਰਜ ਕੀਤੇ ਹਨ। ਕੋਰੋਨਾਂ ਵਾਇਰਸ ਦੇ ਇਹਨਾਂ ਨਵੇਂ ਪੁਸ਼ਟੀ ਕੀਤੇ ਸਕਾਰਾਤਮਕ ਮਾਮਲਿਆਂ ਨੇ ,ਮਾਰਚ ਵਿੱਚ ਮਹਾਂਮਾਰੀ ਦੀ ਸ਼ੁਰੂਆਤ ਤੋਂ ਲੈ ਕੇ ਫਰਿਜ਼ਨੋ ਕਾਉਂਟੀ ਦੇ ਲਾਗਾਂ ਦੀ ਕੁੱਲ ਗਿਣਤੀ ਨੂੰ 52,643 ਤੱਕ ਪਹੁੰਚਾ ਦਿੱਤਾ ਹੈ ਅਤੇ ਕੋਰੋਨਾਂ ਮੌਤਾਂ ਦੀ ਗਿਣਤੀ ਵੀ ਲੱਗਭਗ 557 ਹੋ ਗਈ ਹੈ, ਹਾਲਾਂਕਿ ਅਧਿਕਾਰੀਆਂ ਦੁਆਰਾ ਸ਼ੁੱਕਰਵਾਰ ਨੂੰ ਕੋਈ ਵਾਧੂ ਮੌਤ ਹੋਣ ਦੀ ਖ਼ਬਰ ਜਾਰੀ ਨਹੀਂ



ਕੀਤੀ ਗਈ ਹੈ। ਰਾਜ ਦੇ ਅੰਕੜਿਆਂ ਅਨੁਸਾਰ ਸ਼ਨੀਵਾਰ ਨੂੰ ਫਰਿਜ਼ਨੋ ਵਿੱਚ ਕੁੱਲ 598 ਕੋਵਿਡ -19 ਮਰੀਜ਼ ਹਸਪਤਾਲਾਂ ਵਿੱਚ ਦਾਖਲ ਹੋਣ ਦੇ ਨਾਲ ਕਾਉਂਟੀ ਵਿੱਚ 13 ਇੰਟੈਂਸਿਵ ਕੇਅਰ ਯੂਨਿਟ ਬੈੱਡ ਉਪਲੱਬਧ ਸਨ। ਫਰਿਜ਼ਨੋ ਕਾਉਂਟੀ ਦੇ ਅਧਿਕਾਰੀਆਂ ਦੁਆਰਾ ਸ਼ੁੱਕਰਵਾਰ ਨੂੰ ਕੀਤੇ ਐਲਾਨ ਅਨੁਸਾਰ ਐਂਬੂਲੈਂਸ ਚਾਲਕਾਂ ਨੂੰ ਅਸਲ ਵਿੱਚ ਐਮਰਜੈਂਸੀ ਹਾਲਤਾਂ ਦੇ ਯੋਗ ਨਾਂ ਹੋਣ ਤੇ ਹਸਪਤਾਲ ਵਿੱਚ ਲੈ ਕੇ ਜਾਣ ਤੋਂ ਇਨਕਾਰ ਕਰਨ ਲਈ ਕਿਹਾ ਜਾ ਰਿਹਾ ਹੈ,ਕਿਉਂਕਿ ਕਾਉਂਟੀ ਵਿੱਚ ਐਮਰਜੈਂਸੀ ਕਮਰੇ ਕੋਰੋਨਾਂ ਵਾਇਰਸ ਦੇ ਮਰੀਜ਼ਾਂ ਆਦਿ ਨਾਲ ਭਰੇ ਹੋਏ ਹਨ।

ਇਸਦੇ ਇਲਾਵਾ ਰਾਜ ਦੇ ਅੰਕੜਿਆਂ ਅਨੁਸਾਰ ਕੈਲੀਫੋਰਨੀਆਂ ਵਿੱਚ ਸ਼ਨੀਵਾਰ ਨੂੰ ਕੁੱਲ 43,608 ਨਵੇਂ ਵਾਇਰਸ ਦੇ ਕੇਸ ਦਰਜ ਕੀਤੇ ਗਏ ਜਿਸ ਨਾਲ ਸੂਬੇ ਦੇ ਕੁੱਲ ਕੇਸਾਂ ਦੀ ਗਿਣਤੀ ਤਕਰੀਬਨ 1,807,982 ਹੋ ਗਈ ਹੈ ਅਤੇ ਸ਼ਨੀਵਾਰ ਨੂੰ 272 ਮੌਤਾਂ ਹੋਣ ਦੇ ਨਾਲ ਮਹਾਂਮਾਰੀ ਦੀ ਸ਼ੁਰੂਆਤ ਦੇ ਬਾਅਦ ਤੋਂ ਕੁੱਲ 22,432 ਮੌਤਾਂ ਦਰਜ਼ ਕੀਤੀਆਂ ਗਈਆਂ ਹਨ।

# ਪ੍ਰਸਿੱਧ ਮੋਬਾਈਲ ਫੋਨ ਕੰਪਨੀ ਐਪਲ ਕੈਲੀਫੋਰਨੀਆਂ 'ਚ ਸਟੋਰਾਂ ਨੂੰ ਕਰ ਰਹੀ ਹੈ ਅਸਥਾਈ ਤੌਰ 'ਤੇ ਬੰਦ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਦੁਨੀਆਂ ਭਰ ਵਿੱਚ ਆਪਣੇ ਮੋਬਾਈਲ ਫੋਨਾਂ ਦਾ ਦਬਦਬਾ ਕਾਇਮ ਰੱਖਣ ਵਾਲੀ ਕੰਪਨੀ 'ਐਪਲ' ਕੋਰੋਨਾਂ ਵਾਇਰਸ ਦੀ ਵਧ ਰਹੀ ਲਾਗ ਪ੍ਰਤੀ ਕਾਫੀ ਸਾਵਧਾਨ ਹੈ। ਅਮਰੀਕੀ ਸੂਬੇ ਕੈਲੀਫੋਰਨੀਆਂ ਵਿੱਚ ਕੋਵਿਡ -19 ਕੇਸਾਂ ਦੇ ਹੋ ਰਹੇ ਵਾਧੇ ਦੇ ਦੌਰਾਨ ਐਪਲ ਰਾਜ ਵਿਚਲੇ ਆਪਣੇ ਸਾਰੇ ਸਟੋਰ ਅਸਥਾਈ ਤੌਰ 'ਤੇ ਬੰਦ ਕਰ ਰਿਹਾ ਹੈ। ਐਪਲ ਦੁਆਰਾ ਦਿੱਤੇ ਬਿਆਨ ਅਨੁਸਾਰ ਕੈਲੀਫੋਰਨੀਆਂ ਵਿੱਚ ਵਾਇਰਸ ਦੀ ਵਜ੍ਹਾ ਨਾਲ ਹਸਪਤਾਲ ਵਿੱਚ ਦਾਖਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਵਿੱਚ ਚਿੰਤਾਜਨਕ ਵਾਧਾ ਹੋਣ ਕਰਕੇ ਅਗਲੇ ਨੋਟਿਸ ਤੱਕ ਕੰਪਨੀ ਦੇ ਸਾਰੇ 53



ਸਟੋਰ ਬੰਦ ਰੱਖੇ ਜਾਣਗੇ। ਐਪਲ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਕਈ ਕਮਿਊਨਿਟੀਆਂ ਵਿੱਚ ਮੌਜੂਦਾ ਕੋਰੋਨਾਂ ਹਾਲਤਾਂ ਦੇ ਮੱਦੇਨਜ਼ਰ ਇਨ੍ਹਾਂ ਖੇਤਰਾਂ ਵਿੱਚ ਕੰਪਨੀ ਅਸਥਾਈ ਤੌਰ 'ਤੇ ਸਟੋਰ ਬੰਦ ਕਰ ਰਹੀ ਹੈ। ਹਾਲਾਂਕਿ ਕੰਪਨੀ ਅਨੁਸਾਰ ਗ੍ਰਾਹਕ ਅਜੇ ਵੀ ਆਨਲਾਈਨ ਤਰੀਕੇ ਨਾਲ ਕੰਪਨੀ ਉਤਪਾਦਾਂ ਲਈ ਆਰਡਰ ਦੇ ਸਕਣਗੇ। ਇਸ ਤਕਨੀਕੀ ਕੰਪਨੀ ਨੇ ਲਾਸ ਏਂਜਲਸ ਵਿੱਚ ਆਪਣੇ ਸਟੋਰਾਂ ਨੂੰ ਬੰਦ ਕਰਨ ਤੋਂ ਬਾਅਦ ਕੈਲੀਫੋਰਨੀਆਂ ਵਿੱਚ ਇਹ ਸਖਤ ਕਦਮ ਚੁੱਕਿਆ ਹੈ। ਜਦਕਿ ਕੈਲੀਫੋਰਨੀਆਂ ਵਿੱਚ ਸ਼ਨੀਵਾਰ ਰਾਤ ਤੱਕ 1,800,000 ਤੋਂ ਵੱਧ ਦੀ ਪੁਸ਼ਟੀ ਕੀਤੇ ਗਏ ਕੋਰੋਨਾਂ ਵਾਇਰਸ ਦੇ ਮਾਮਲੇ ਸਾਹਮਣੇ ਆਏ ਹਨ ਅਤੇ ਰਾਜ ਦੇ ਅੰਕੜਿਆਂ ਅਨੁਸਾਰ 22,400 ਤੋਂ ਵੱਧ ਮੌਤਾਂ ਵੀ ਦਰਜ ਹੋਈਆਂ ਹਨ।

# ਫਰਿਜ਼ਨੋ ਦੇ ਇੱਕ ਅਸਥਾਈ ਪਨਾਹ ਘਰ ਵਿੱਚ ਅੱਗ ਲੱਗਣ ਨਾਲ ਹੋਈ ਮੌਤ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਫਰਿਜ਼ਨੋ ਕਾਉਂਟੀ ਵਿੱਚ ਇੱਕ ਅਸਥਾਈ ਸ਼ੈਲਟਰ ਵਿੱਚ ਅੱਗ ਲੱਗਣ ਨਾਲ ਇੱਕ ਬੇਘਰ ਵਿਅਕਤੀ ਦੀ ਮੌਤ ਹੋਣ ਦਾ ਹਾਦਸਾ ਵਾਪਰਿਆ ਹੈ। ਫਰਿ-ਜ਼ਨੋ ਪੁਲਿਸ ਦੇ ਅਨੁਸਾਰ ਸ਼ਨੀਵਾਰ ਸਵੇਰੇ ਅੱਗ ਲੱਗਣ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ, ਜੋ ਸਪੱਸ਼ਟ ਤੌਰ 'ਤੇ ਇੱਕ ਅਸਥਾਈ ਪਨਾਹ ਸੀ। ਫਰਿਜ਼ਨੋ ਕਾਉਂਟੀ ਦੇ ਅੱਗ ਬੁਝਾਊ ਅਮਲੇ ਨੇ ਸਵੇਰੇ 11 ਵਜੇ ਦੇ ਕਰੀਬ ਬੇਲਮੋਂਟ ਅਤੇ ਮਾਰਕਸ ਐਵੀਨਿਊ ਦੇ ਰੇਲ ਮਾਰਗ ਟਰੈਕਾਂ ਦੇ ਨੇੜੇ ਇੱਕ



ਖੇਤਰ ਵਿੱਚ ਕਾਰਵਾਈ ਕਰਦਿਆਂ ਉਕਤ ਵਿਅਕਤੀ ਨੂੰ ਘਟਨਾ ਸਥਾਨ 'ਤੇ ਮ੍ਰਿਤਕ ਐਲਾਨ ਦਿੱਤਾ। ਇਸ ਹਾਦਸੇ ਦੌਰਾਨ ਮਰੇ ਵਿਅਕਤੀ ਦੀ ਪਹਿਚਾਣ ਜਾਰੀ ਨਹੀਂ ਕੀਤੀ ਗਈ ਹੈ ਪਰ ਮੰਨਿਆ ਜਾ ਰਿਹਾ ਹੈ ਕਿ ਮ੍ਰਿਤਕ ਵਿਅਕਤੀ ਬੇਘਰ ਸੀ ਅਤੇ ਇਸ ਸ਼ੈਲਟਰ ਵਿੱਚ ਪਨਾਹ ਲੈ ਰਿਹਾ ਸੀ। ਇਸ ਮਾਮਲੇ ਦੇ ਸੰਬੰਧ ਵਿੱਚ ਫਰਿਜ਼ਨੋ ਫਾਇਰ ਵਿਭਾਗ ਦੇ ਬੁਲਾਰੇ ਅਨੁਸਾਰ ਸ਼ੈਲਟਰ ਵਿੱਚ ਅੱਗ ਨੂੰ ਸੇਕਣ ਲਈ ਮਚਾਇਆ ਗਿਆ ਸੀ ਪਰ ਇਸਦੇ ਜ਼ਿਆਦਾ ਫੈਲਣ ਦੇ ਕਾਰਨ ਬਾਰੇ ਅਜੇ ਜਾਣਕਾਰੀ ਨਹੀਂ ਮਿਲੀ ਹੈ। ਪੁਲਿਸ ਅਧਿਕਾਰੀਆਂ ਦੁਆਰਾ ਇਸ ਘਟਨਾ ਦੀ ਤਹਿ ਤੱਕ ਪਹੁੰਚਣ ਲਈ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਕੈਨੇਕਟੀਕਟ ਸੂਬੇ 'ਚ ਕਿਸਾਨਾਂ ਦੇ ਹੱਕ 'ਚ ਵਿਸ਼ਾਲ ਕਾਰ ਰੈਲੀ ਕੱਢੀ

ਨਿਊਯਾਰਕ ( ਰਾਜ ਗੋਗਨਾ ) ਬੀਤੇ ਦਿਨ ਅਮਰੀਕਾ ਦੇ ਸੂਬੇ ਕਨੇਕਟੀਕਟ ਦੇ ਸਮੂੰਹ ਸਿੱਖ ਭਾਈਚਾਰੇ ਵੱਲੋਂ ਕਨੇਕਟੀਕਟ ਵਿੱਚ ਪਹਿਲੀ ਵਾਰ ਇੰਨੇ ਵੱਡੇ ਇਕੱਠ ਨੇ ਕਿਸਾਨਾਂ ਦੇ ਹੱਕ ਵਿੱਚ ਵੱਡੀ ਕਾਰ ਰੈਲੀ ਕੱਢੀ। ਜਿਸ ਵਿੱਚ ਹਜ਼ਾਰਾਂ ਕਾਰਾਂ ਦਾ ਕਾਫ਼ਲਾ ਹਾਰਡਫੋਰਡ ਕਨੇਕਟੀਕਟ ਦੀ ਰਾਜਧਾਨੀ ਵਿੱਚ ਸਟੇਟ ਅਸੈਂਬਲੀ ਦੇ ਸਾਹਮਣੇ ਪੰਜਾਬ ਦੇ ਕਿਸਾਨਾਂ ਦੇ ਹੱਕ ਵਿੱਚ ਪੂਰੇ ਜੋਸ਼ ਨਾਲ ਨਾਹਰੇ ਲਾਉਂਦਾ ਹੋਇਆਂ ਨਿਕਲਿਆ ਅਤੇ ਵੱਡੀ ਗਿਣਤੀ ਦੇ ਇਸ ਇਕੱਠ ਨੇ ਕਿਸਾਨ ਏਕਤਾ ਅਤੇ ਖਾਲਸਾਈ ਨਿਸ਼ਾਨਾਂ ਨੇ ਭਾਰਤੀ ਝੂਠੇ ਮਖੌਟੇ ਨੂੰ ਪੂਰੀ ਤਰਾਂ ਬੇਨਕਾਬ ਅਤੇ ਨੰਗਿਆਂ ਕੀਤਾ ਹੈ, ਕਨੇਟੀਕਟ ਦੀਆ ਸਮੂੰਹ ਸੰਗਤਾਂ ਵੱਲੋਂ ਭਾਰਤੀ ਸਰਕਾਰ ਨੂੰ ਲਲਕਾਰ ਪਾਉਂਦੇ ਤਿੰਨ ਕਿਸਾਨਾਂ ਤੇ ਥੋਪੇ ਗਏ ਕਾਲੇ ਕਾਨੂੰਨ ਵਾਪਿਸ ਲੈਣ ਦੀ ਪੁਰ-ਜ਼ੋਰ ਮੰਗ ਕੀਤੀ ਗਈ ਅਤੇ ਅਮਰੀਕਾ ਦੇ ਕਨੇਟੀਕਟ ਸਟੇਟ ਵਿੱਚ ਕਿਸਾਨਾਂ ਦੇ ਹੱਕ 'ਚ ਇਹ ਵੱਡੀ ਰੋਸ ਕਾਰ ਰੈਲੀ ਦੱਸੀ ਜਾ ਰਹੀ ਹੈ ਜਿਸ ਨੂੰ ਅਮਰੀਕਨ ਮੀਡੀਆ ਵੱਲੋਂ ਵੀ ਵੱਡੇ ਪੱਧਰ ਤੇ ਤਰਜੀਹ ਦਿੱਤੀ ਗਈ।


Law Office of
NIRWAN & ASSOCIATES
www.nirwanlaw.com



Business
Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਫਰੰਟ ਲਾਈਨ ਵਰਕਰ ਅਤੇ 75 ਸਾਲ ਤੋਂ ਉੱਪਰ ਦੇ ਲੋਕਾਂ ਨੂੰ ਲੱਗੇਗਾ ਦੂਜੇ ਫੇਜ਼ ਦਾ ਕੋਰੋਨਾਂ ਟੀਕਾ : ਸੀਡੀਸੀ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)**–ਅਮਰੀਕਾ ਵਿੱਚ ਕੋਰੋਨਾਂ ਵਾਇਰਸ ਟੀਕਾਕਰਨ ਦੌਰਾਨ ਇਸਦੀ ਪਹਿਲੀ ਤਰਜੀਹ ਵਿੱਚ ਸਿਹਤ ਕਾਮਿਆਂ, ਕੇਅਰ ਹੋਮ ਵਸਨੀਕਾਂ ਆਦਿ ਦੀ ਟੀਕਾ ਪ੍ਰਕਿਰਿਆ ਦੇ ਬਾਅਦ ਕਈ ਕਿੱਤਿਆਂ ਨਾਲ ਸੰਬੰਧਿਤ ਕਾਮੇ ਅਤੇ 75 ਸਾਲ ਤੋਂ ਉੱਪਰ ਦੇ ਲੋਕਾਂ ਦੀ ਵਾਰੀ ਆਵੇਗੀ। ਇਸ ਨਿਰਣੇ ਸੰਬੰਧੀ ਐਤਵਾਰ ਨੂੰ ਰੋਗ ਕੰਟਰੋਲ ਅਤੇ ਰੋਕਥਾਮ ਕੇਂਦਰ (ਸੀ.ਡੀ.ਸੀ) ਦੇ ਇੱਕ ਪੈਨਲ ਨੇ ਅਗਲੇ ਕੋਵਿਡ -19 ਟੀਕੇ ਲਈ ਫਰੰਟਲਾਈਨ ਕਾਮੇ ਅਤੇ 75 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਸ਼ਾਮਲ ਕਰਨ ਬਾਰੇ ਕਿਹਾ ਹੈ। ਇਹਨਾਂ ਕਾਮਿਆਂ ਵਿਚਕਾਰ ਟੀਕਾਕਰਨ ਦੀ ਇਸ ਸਿਫਾਰਸ਼ ਲਈ ਕਮੇਟੀ ਨੇ 13-1 ਨਾਲ ਵੋਟ ਦਿੱਤੀ, ਜੋ ਕਿ ਅੰਤਿਮ ਮਨਜ਼ੂਰੀ



ਲਈ ਸੀ.ਡੀ.ਸੀ ਡਾਇਰੈਕਟਰ ਕੋਲ ਜਾਵੇਗੀ। ਦੇਸ਼ ਵਿੱਚ ਕੋਰੋਨਾਂ ਟੀਕਾ ਲਗਾਉਣ ਲਈ ਅਗਲੇ ਲੋੜੀਂਦੇ ਕਰਮਚਾਰੀਆਂ ਦੇ ਸਮੂਹ ਵਿੱਚ 30 ਮਿ-ਲੀਅਨ ਲੋਕ ਸ਼ਾਮਲ ਹਨ, ਜਿਹਨਾਂ ਵਿੱਚ ਅੱਗ ਬੁਝਾਊ ਕਾਮੇ, ਪੁਲਿਸ ਅਧਿਕਾਰੀ, ਅਧਿਆਪਕ ਅਤੇ ਪ੍ਰਚੂਨ ਦੁਕਾਨਾਂ ਦੇ ਕਰਮਚਾਰੀ, ਸੁਧਾਰ ਅਧਿਕਾਰੀ,ਭੋਜਨ ਅਤੇ ਖੇਤੀਬਾੜੀ, ਨਿਰਮਾਣ, ਯੂ ਐਸ ਡਾਕ ਸੇਵਾ ਅਤੇ ਜਨਤਕ ਆਵਾਜਾਈ ਕਰਮਚਾਰੀ ਆਦਿ ਸ਼ਾਮਲ ਹਨ। ਇਸਦੇ ਇਲਾਵਾ ਕਮੇਟੀ ਅਨੁਸਾਰ ਇਹਨਾਂ ਸਮੂਹਾਂ ਦੇ ਪਿੱਛੇ, ਹੋਰ ਜ਼ਰੂਰੀ 65 ਤੋਂ 74 ਸਾਲ ਦੇ ਕਰਮ-ਚਾਰੀ ਹੋਣੇ ਚਾਹੀਦੇ ਹਨ। ਸੀ.ਡੀ.ਸੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਹਫਤੇ ਦੇਸ਼ ਵਿੱਚ ਟੀਕਾਕਰਨ ਦੇ ਯਤਨ ਸ਼ੁਰੂ ਹੋਣ ਤੋਂ ਬਾਅਦ ਲਗਭਗ 556,000 ਅਮਰੀਕੀ ਵਾਸੀਆਂ ਨੂੰ ਟੀਕੇ ਲਗਾਏ ਗਏ ਹਨ। ਕੋਰੋਨਾਂ ਵਾਇਰਸ ਨਾਲ ਨਜਿੱਠਣ ਲਈ ਦੇਸ਼ ਦੀਆਂ ਕੋਸ਼ਿਸ਼ਾਂ ਸਦਕਾ ਦੂਜੀ ਵੈਕਸੀਨ ਮੋਡਰਨਾਂ ਦੇ ਟੀਕੇ ਵੀ ਫਾਈਜ਼ਰ ਟੀਕਿਆਂ ਨਾਲ ਮਿਲ ਕੇ ਆਪਣਾ ਯੋਗਦਾਨ ਪਾਉਣ ਲਈ ਤਿਆਰ ਹਨ। ਟਰੰਪ ਪ੍ਰਸ਼ਾਸਨ ਦੇ ਆਪ੍ਰੇਸ਼ਨ ਦੇ ਮੁੱਖ ਸਲਾਹਕਾਰ ਡਾ. ਮੋਨਸੇਫ ਸਲਾਉਈ ਨੇ ਅਨੁਸਾਰ ਸੋਮਵਾਰ ਨੂੰ ਤਕਰੀਬਨ 8 ਮਿਲੀਅਨ ਐਂਟੀ ਕੋਰੋਨਾਂ ਵਾਇਰਸ ਖੁਰਾਕਾਂ ਸੋਮਵਾਰ ਨੂੰ ਮੁਹੱਈਆ ਕਰਵਾਈਆਂ ਜਾਣਗੀਆਂ ਜਿਹਨਾਂ ਵਿੱਚੋਂ ਮੋਡਰਨਾ ਦੀਆਂ ਲਗਭਗ 5.9 ਮਿਲੀਅਨ ਅਤੇ ਫਾਈਜ਼ਰ ਤੋਂ 2 ਮਿਲੀਅਨ ਖੁਰਾਕਾਂ ਸ਼ਾਮਲ ਹਨ।

# ਅਮਰੀਕੀ ਕਾਂਗਰਸ ਨੇ 900 ਬਿਲੀਅਨ ਡਾਲਰ ਦੇ ਕੋਵਿਡ ਰਾਹਤ ਬਿੱਲ 'ਤੇ ਜਤਾਈ ਸਹਿਮਤੀ: ਮੈਕਕੋਨਲ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)**–ਅਮਰੀਕੀ ਪ੍ਰਸ਼ਾਸਨ ਵਿੱਚ ਕਾਫੀ ਸਮੇਂ ਤੋਂ ਚੱਲ ਰਹੀ ਕੋਰੋਨਾਂ ਵਾਇਰਸ ਰਾਹਤ ਫੰਡ ਸੰਬੰਧੀ ਗੱਲਬਾਤ ਤੇ ਕਾਂਗਰਸ ਨੇ ਐਤਵਾਰ ਨੂੰ ਲੱਗਭਗ 900 ਬਿ-ਲੀਅਨ ਡਾਲਰ ਦੇ ਕੋਰੋਨਾਂ ਵਾਇਰਸ ਰਾਹਤ ਪੈਕੇਜ ਦੇ ਸੌਦੇ' ਤੇ ਮੋਹਰ ਲਗਾਈ ਹੈ। ਸੈਨੇਟ ਦੇ ਬਹੁਗਿਣਤੀ ਨੇਤਾ ਮਿੱਚ ਮੈਕਕੋਨਲ ਨੇ ਇਸ ਸਫਲਤਾ ਦਾ ਐਲਾਨ ਕਰਦਿਆਂ ਅਜੇ ਬਾਕੀ ਹੋਰ ਸਹਾਇਤਾ ਦੇ ਮਿਲਣ ਬਾਰੇ ਵੀ ਕਿਹਾ। ਸਹਿਮਤੀ ਦੀ ਇਸ ਪ੍ਰਕਿਰਿਆ ਤੋਂ ਬਾਅਦ ਕਾਂਗਰਸ ਦੇ ਦੋਵੇਂ ਚੈਂਬਰਾਂ ਵੱਲੋਂ ਸੋਮਵਾਰ ਨੂੰ ਪੈਕੇਜ 'ਤੇ ਵੋਟ ਪਾਉਣ ਦੀ ਉਮੀਦ ਹੈ। ਇਸ ਵੱਡੇ ਸਮਝੌਤੇ ਵਿੱਚ ਬੇਰੁਜ਼ਗਾਰ ਲੋਕਾਂ ਲਈ ਹਫਤਾਵਰੀ ਆਧਾਰ ਤੇ 300 ਡਾਲਰ ਅਤੇ ਨਾਲ ਹੀ 75,000 ਡਾਲਰ ਤੱਕ ਦੀ ਸਾਲਾਨਾ ਆਮਦਨ ਵਾਲੇ ਅਮਰੀਕੀ ਵਾਸੀਆਂ ਨੂੰ ਸਿੱਧੇ 600 ਡਾਲਰ ਦਿੱਤੇ ਜਾਣਗੇ ਅਤੇ 75,000 ਤੋਂ 100,000 ਡਾਲਰ ਦੇ ਵਿਚਕਾਰ ਆਮਦਨ ਵਾਲੇ ਲੋਕਾਂ ਲਈ ਇਸ ਭੁਗਤਾਨ ਦੀ ਰਾਸ਼ੀ ਘਟ ਜਾਵੇਗੀ ਜਦਕਿ 100,000 ਡਾਲਰ ਜਾਂ ਇਸ ਤੋਂ ਵੱਧ ਆਮਦਨ ਵਾਲੇ ਚੈੱਕ ਪ੍ਰਾਪਤ ਨਹੀਂ ਕਰ ਸਕਦੇ। ਇਸ



ਰਾਹਤ ਫੰਡ ਅਧੀਨ ਹੋਰ ਪ੍ਰੋਗਰਾਮਾਂ ਲਈ ਫੰਡਿੰਗ ਵਿੱਚ ਸਿੱਖਿਆ ਫੰਡਾਂ ਲਈ 82 ਬਿ-ਲੀਅਨ, ਜਨਤਕ ਆਵਾਜਾਈ ਪ੍ਰਣਾਲੀਆਂ ਲਈ 45 ਬਿਲੀਅਨ, ਫੂਡ ਅਤੇ ਬੱਚਿਆਂ ਦੇ ਪੋਸ਼ਣ ਸੰਬੰਧੀ ਪੌਸ਼ਟਿਕ ਲਾਭ ਲਈ 13 ਬਿਲੀਅਨ ਡਾਲਰ ਸ਼ਾਮਲ ਹਨ। ਇਸਦੇ ਇਲਾਵਾ ਛੋਟੇ ਕਾਰੋਬਾਰਾਂ ਦੇ ਮਾਲਕਾਂ ਲਈ ਵੀ ਲਾਭ ਹਨ, ਜਿਹਨਾਂ ਵਿੱਚ ਘੱਟ ਗਿਣਤੀ ਮਾਲਕੀਅਤ ਵਾਲੇ ਜਾਂ ਬਹੁਤ ਛੋਟੇ ਕਾਰੋਬਾਰ ਲਈ 12 ਬਿਲੀਅਨ, ਅਤੇ ਥੀਏਟਰ ਅਪਰੇਟਰਾਂ ਤੇ ਛੋਟੇ ਸਥਾਨਾਂ ਦੇ ਮਾਲਕਾਂ ਲਈ 15 ਬਿਲੀਅਨ ਡਾਲਰ ਹਨ। ਆਰਥਿਕ ਰਾਹਤ ਤੋਂ ਇਲਾਵਾ, ਇਸ ਬਿੱਲ ਵਿੱਚ ਕੋਰੋਨਾਂ ਵਾਇਰਸ ਟੀਕੇ ਦੀ ਖਰੀਦ ਅਤੇ ਵੰਡ ਨੂੰ ਸਮਰਥਨ ਕਰਨ ਲਈ 30 ਬਿਲੀਅਨ ਡਾਲਰ ਤੋਂ ਵੱਧ ਜਦਕਿ ਟੈਸਟਿੰਗ ਅਤੇ ਰਾਜ ਸਿਹਤ ਦੇਖਭਾਲ ਪ੍ਰੋਗਰਾਮਾਂ ਲਈ ਵੀ 27 ਬਿਲੀਅਨ ਡਾਲਰ ਦੀ ਰਾਸ਼ੀ ਵੀ ਸ਼ਾਮਲ ਹੈ। ਇਹ ਰਾਹਤ ਡੀਲ ਕੋਰੋਨਾਂ ਮਹਾਂਮਾਰੀ ਦੌਰਾਨ ਸੰਕਟ ਦਾ ਸਾਹਮਣਾ ਕਰ ਰਹੇ ਲੋਕਾਂ ਲਈ ਸਹਾਇਕ ਸਿੱਧ ਹੋਵੇਗੀ ਅਤੇ ਰਾਸ਼ਟਰਪਤੀ ਟਰੰਪ ਨੇ ਵੀ ਐਤਵਾਰ ਨੂੰ ਟਵੀਟ ਕਰਦਿਆਂ ਕਾਂਗਰਸ ਨੂੰ ਲਾਜ਼ਮੀ ਤੌਰ 'ਤੇ ਇਸ ਫੰਡ ਨੂੰ ਪੂਰਾ ਕਰਨ ਦੀ ਗੱਲ ਕੀਤੀ ਸੀ।

# ਪੁਲਿਸ ਅਧਿਕਾਰੀਆਂ ਨੇ ਨਿਊਯਾਰਕ 'ਚ ਬੰਦ ਕਰਵਾਇਆ ਗੈਰ ਕਾਨੂੰਨੀ ਕਲੱਬ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)**–ਪੁਲਿਸ ਅਧਿਕਾਰੀਆਂ ਨੇ ਐਤਵਾਰ ਸਵੇਰੇ ਨਿਊਯਾਰਕ ਸਿਟੀ ਵਿੱਚ ਕਾਰਵਾਈ ਕਰਦਿਆਂ ਇੱਕ ਗੈਰ ਕਾਨੂੰਨੀ ਨਾਈਟ ਕਲੱਬ ਨੂੰ ਬੰਦ ਕਰਵਾਇਆ ਹੈ। ਇਸ ਕਾਰਵਾਈ ਦੌਰਾਨ ਪੁਲਿਸ ਅਧਿਕਾਰੀ ਸਵੇਰ ਦੇ ਲੱਗਭਗ 2:45 ਵਜੇ, ਨਿਊਯਾਰਕ ਦੇ ਕਵੀਨਜ਼ ਖੇਤਰ ਦੀ ਇੱਕ ਇਮਾਰਤ "ਚ ਦਾਖਲ ਹੋਏ, ਜਿੱਥੇ 164 ਤੋਂ ਜਿਆਦਾ ਲੋਕਾਂ ਦਾ ਗੈਰ ਕਾਨੂੰਨੀ ਇਕੱਠ ਸੀ। ਅਧਿਕਾਰੀਆਂ ਨੇ ਟਵਿੱਟਰ 'ਤੇ ਇਸ ਖ਼ਬਰ ਦੀ ਪੁਸ਼ਟੀ ਕਰਦਿਆਂ ਦੱਸਿਆ ਹੈ ਕਿ ਇਸ ਕਲੱਬ ਨੇ ਕੋਵਿਡ -19 ਮਹਾਂਮਾਰੀ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਕੀਤੀ ਹੈ ਅਤੇ ਕਲੱਬ ਕੋਲ ਸ਼ਰਾਬ ਦਾ ਲਾਈਸੈਂਸ ਵੀ ਨਹੀ ਸੀ।

ਵਾਇਰਸ ਦੀ ਲਾਗ ਨੂੰ ਫੈਲਣ ਤੋਂ ਰੋਕਣ ਲਈ ਨਿ-ਊਯਾਰਕ ਸਿਟੀ ਵਿੱਚ, ਨਿੱਜੀ ਘਰਾਂ ਵਿੱਚ 10 ਤੋਂ ਵੱਧ ਲੋਕਾਂ ਦੇ ਅੰਦਰੂਨੀ ਜਾਂ ਬਾਹਰੀ ਇਕੱਠ ਕਰਨ ਦੀ ਆਗਿਆ ਨਹੀਂ ਹੈ, ਅਤੇ ਸ਼ਹਿਰ ਦੀ ਅਧਿਕਾਰਤ ਵੈਬਸਾਈਟ ਦੇ ਅਨੁਸਾਰ, 50 ਤੋਂ ਵੱਧ ਲੋਕਾਂ ਦੇ ਇਕੱਠ ਕਰਨ ਦੀ ਵੀ ਆਗਿਆ ਨਹੀਂ ਹੈ।

ਇਸ ਲਈ ਅਧਿਕਾਰੀਆਂ ਨੇ 164 ਤੋਂ ਜਿਆਦਾ ਲੋਕਾਂ ਦਾ ਇਕੱਠ, ਐਮਰਜੈਂਸੀ ਆਦੇਸ਼ਾਂ ਦੀ ਉਲੰਘਣਾ, ਸ਼ਰਾਬ ਲਾਇਸੈਂਸ ਦਾ ਨਾਂ ਹੋਣਾ, ਅੱਗ ਅਤੇ ਸਿਹਤ ਕੋਡ ਦੀ ਉਲੰਘਣਾ ਆਦਿ ਕਰਨ ਲਈ ਇਸ ਕਲੱਬ ਨੂੰ ਬੰਦ ਕਰਨ ਦੇ ਨਾਲ 5 ਵਿਅਕਤੀਆਂ ਉੱਤੇ ਕਈ ਤਰ੍ਹਾਂ ਦੇ ਅਪਰਾਧਿਕ ਦੋਸ਼ ਵੀ ਲਗਾਏ ਹਨ।

ਇਸ ਸਾਲ ਮਹਾਂਮਾਰੀ ਦੌਰਾਨ ਸ਼ਹਿਰ ਦੇ ਅਧਿਕਾਰੀਆਂ ਨੇ ਨਾਜਾਇਜ਼ ਇਕੱਠਾਂ ਨਾਲ ਜੁੜੇ ਸਥਾਨਾਂ ਨੂੰ ਬੰਦ ਕਰਵਾਉਣ ਦੇ ਇਲਾਵਾ ਗਿਰਫਤਾਰੀਆਂ ਵੀ ਕੀਤੀਆਂ ਹਨ।






# ਜੇਲ੍ਹਾਂ ਵਿੱਚ ਕੈਦੀਆਂ ਦੇ ਤਬਾਦਲੇ ਤੋਂ ਬਾਅਦ ਹੋਇਆ ਕੋਰੋਨਾਂ ਵਾਇਰਸ ਕੇਸਾਂ 'ਚ ਵਾਧਾ


**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)**–ਸੰਯੁਕਤ ਰਾਸ਼ਟਰ ਵਿੱਚ ਕੋ-ਰੋਨਾਂ ਨੂੰ ਮਾਤ ਦੇਣ ਲਈ ਸ਼ੁਰੂ ਹੋਈ ਟੀਕਾਕਰਨ ਪ੍ਰਕਿਰਿਆ ਵਿੱਚ ਰਾਸ਼ਟਰਪਤੀ ਚੁਣੇ ਗਏ ਜੋਅ ਬਾਈਡੇਨ ਨੇ ਵੀ ਟੀਕਾ ਲਗਵਾ ਕੇ ਆਪਣਾ ਨਾਮ ਟੀਕਾਕਰਨ ਸੂਚੀ "ਚ ਦਰਜ਼ ਕਰਵ-ਾਇਆ ਹੈ। ਜੋਅ ਬਾਈਡੇਨ ਨੂੰ ਸੋਮਵਾਰ ਦੇ ਦਿਨ ਫਾਈਜ਼ਰ ਦੇ ਕੋਰੋਨਾਂ ਵਾਇਰਸ ਟੀਕੇ ਦੀ ਪਹਿਲੀ ਖੁਰਾਕ ਦਿੱਤੀ ਗਈ ਹੈ, ਜਿਸਦਾ ਸਿੱਧਾ ਪ੍ਰਸਾਰਣ ਅਮਰੀਕੀ ਜਨਤਾ ਨੂੰ ਟੀਕੇ ਦੀ ਸੁਰ-ੱਖਿਆ ਬਾਰੇ ਭਰੋਸਾ ਦਿਵਾਉਣ ਦੇ ਯਤਨਾਂ ਦੇ ਹਿੱਸੇ ਵਜੋਂ ਕੀਤਾ ਗਿਆ। ਬਾਈਡੇਨ ਨੂੰ ਡੇਲਾਵੇਅਰ ਦੇ ਨੇਵਾਰਕ "ਚ ਕ੍ਰਿਸਟੀ-ਆਨਾ ਕੇਅਰ ਹਸਪਤਾਲ ਵਿਖੇ ਇਹ ਟੀਕਾ ਲਗਾਇਆ ਗਿਆ। ਇਸ ਮੌਕੇ ਬਾਈਡੇਨ ਨੇ ਟੀਕਾ ਲਗਾਉਣ ਵਾਲੀ ਨਰਸ ਤਾਬੇ ਮੈਸੇ ਦਾ ਧੰਨਵਾਦ ਕਰਦਿਆਂ ਦੇਸ਼ ਵਾਸੀਆਂ ਨੂੰ ਟੀਕੇ ਸੰਬੰਧੀ ਕਿਸੇ ਤਰ੍ਹਾਂ ਦੀ



ਚਿੰਤਾ ਨਾਂ ਕਰਨ ਦੀ ਗੱਲ ਕੀਤੀ। ਇਸਦੇ ਇਲਾਵਾ ਬਾਈਡੇਨ ਨੇ ਟਰੰਪ ਪ੍ਰਸ਼ਾਸਨ ਨੂੰ ਆਪ੍ਰੇਸ਼ਨ ਰੈਪ ਸਪੀਡ ਦੇ ਜ਼ਰੀਏ ਕੋਰੋਨਾਂ ਵਾਇਰਸ ਟੀਕਿਆਂ ਦੇ ਵਿਕਾਸ ਅਤੇ ਵੰਡ ਵਿੱਚ ਤੇਜ਼ੀ ਲਿਆਉਣ ਕੋਸ਼ਿਸ਼ਾਂ ਨੂੰ ਵੀ ਸਲਾਹਿਆ ਹੈ। ਹਾਲਾਂਕਿ, ਬਾਈਡੇਨ ਨੇ ਟੀਕਾਕਰਨ ਦੇ ਬਾਵਜੂਦ ਅਮਰੀਕੀਆਂ ਨੂੰ ਕੋਰੋਨਾਂ ਵਾਇਰਸ ਦੇ ਪ੍ਰਸਾਰ ਨੂੰ ਘਟਾਉਣ ਲਈ ਜਨਤਕ ਸਿਹਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਵੀ ਕਿਹਾ ਹੈ। ਅਮਰੀਕਾ ਦੇ ਪਬਲਿਕ ਅਧਿਕਾਰੀਆਂ ਵੱਲੋਂ ਟੀਕਾ ਲਗਵਾਉਣ ਦੀ ਸੂਚੀ ਵਿੱਚ ਉਪ ਰਾਸ਼ਟਰਪਤੀ ਮਾਈਕ ਪੈਂਸ, ਕੈਰਨ ਪੈਂਸ ਅਤੇ ਯੂ ਐਸ ਸਰਜਨ ਜਨਰਲ ਡਾ. ਜੇਰੋਮ ਐਡਮਜ਼ ਤੋਂ ਬਾਅਦ ਸੈਨੇਟ ਦੇ ਬਹੁਗਿਣਤੀ ਨੇਤਾ ਮਿਚ ਮੈਕਕੋਨਲ ਅਤੇ ਸਦਨ ਦੀ ਸਪੀਕਰ ਨੈਨਸੀ ਪੇਲੋਸੀ ਨੂੰ ਵੀ ਪਿਛਲੇ ਹਫਤੇ ਟੀਕਾ ਲਗਾਇਆ ਗਿਆ ਸੀ ਜਦਕਿ ਰਾਸ਼ਟਰਪਤੀ ਟਰੰਪ ਅਜੇ ਤੱਕ ਇਸ ਸੂਚੀ ਵਿੱਚੋਂ ਬਾਹਰ ਹਨ।

# ਜੇਲ੍ਹਾਂ ਵਿੱਚ ਕੈਦੀਆਂ ਦੇ ਤਬਾਦਲੇ ਤੋਂ ਬਾਅਦ ਹੋਇਆ ਕੋਰੋਨਾਂ ਵਾਇਰਸ ਕੇਸਾਂ 'ਚ ਵਾਧਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)**–ਮਿਸ਼ੀਗਨ ਸਥਿਤ ਕਿਨਰੋਸ ਜੇਲ੍ਹ ਨੂੰ ਉੱਥੇ ਦੇ ਕੈਦੀਆਂ ਅਤੇ ਅਧਿਕਾਰੀਆਂ ਦੁਆਰਾ ਇਸਦੇ ਦੂਰ ਦੁਰਾਡੇ ਖੇਤਰ ਵਿੱਚ ਹੋਣ ਕਰਕੇ ਕੋਵਿਡ -19 ਦੀ ਲਾਗ ਦੇ ਫੈਲਣ ਤੋਂ ਸੁਰੱਖਿਅਤ ਮੰਨਿਆ ਜਾਂਦਾ ਸੀ। ਕਿਨਰੋਸ, ਅੱਪਰ ਪ੍ਰਾਇਦੀਪ ਵਿੱਚ ਏਅਰ ਫੋਰਸ ਦੇ ਬੇਸ ਤੇ ਬਣੀ ਜੇਲ੍ਹ ਹੈ ਜੋ ਕਿ ਮਿਸ਼ੀਗਨ ਦੀਆਂ ਜ਼ਿਆਦਾਤਰ ਜੇਲ੍ਹਾਂ ਦੇ ਉਲਟ ਵਾਇਰਸ ਤੋਂ ਘੱਟ ਪ੍ਰਭਾਵਿਤ ਸੀ ਕਿਉਂਕਿ ਮਾਰਚ ਅਤੇ ਅਕਤੂਬਰ ਦੇ ਵਿਚਕਾਰ ਇੱਥੇ ਵਾਇਰਸ ਦਾ ਸਿਰਫ ਇੱਕ ਕੇਸ ਹੋਇਆ ਸੀ। ਪਰ 28 ਅਕਤੂਬਰ ਨੂੰ, ਸੁਧਾਰ ਘਰ ਅਧਿਕਾਰੀਆਂ ਨੇ ਮਾਰਕਿਉਟੀ ਸ਼ਾਖਾ ਜੇਲ੍ਹ ਤੋਂ ਨੌਂ ਕੈਦੀਆਂ ਨੂੰ ਕਿਨਰੋਸ ਵਿੱਚ ਤਬਦੀਲ ਕਰ ਦਿੱਤਾ ਗਿਆ ਜਿੱਥੇ ਕਿ ਅਕਤੂਬਰ ਦੇ ਅਖੀਰ ਤੱਕ 837 ਪੁਸ਼ਟੀ ਕੀਤੇ ਕੇਸ ਸਨ, ਜਿਨ੍ਹਾਂ ਵਿਚੋਂ 350 ਵਾਇਰਸ ਦੇ ਮਾਮਲੇ ਕੈਦੀਆਂ ਦੇ ਤਬਾਦਲੇ ਮੌਕੇ ਵੀ ਕਿਰਿਆਸ਼ੀਲ ਸਨ। ਇਸ ਤਬਾਦਲੇ ਦੇ ਤਕਰੀਬਨ ਤਿੰਨ ਹਫ਼ਤਿਆਂ ਬਾਅਦ ਸੁਧਾਰ ਵਿਭਾਗ ਦੇ ਅੰਕੜਿਆਂ ਅਨੁਸਾਰ ਕਿਨਰੋਸ ਵਿੱਚ ਵੀ ਕੋਰੋਨਾਂ ਵਾਇਰਸ ਨੇ ਦਸਤਕ ਦੇ ਦਿੱਤੀ



ਹਾਲਾਂਕਿ ਏਜੰਸੀ ਦੇ ਅਧਿਕਾਰੀ ਕਹਿੰਦੇ ਹਨ ਕਿ ਇਹ ਪ੍ਰਕੋਪ ਤਬਾਦਲੀ ਕਾਰਨ ਨਹੀਂ ਹੋਈ ਹੈ। ਜਦਕਿ 1,100 ਤੋਂ ਵੱਧ ਕੈਦੀ ਕੋਰੋਨਾਂ ਨਾਲ ਸੰਕਰਮਿਤ ਹੋਏ ਹਨ ਅਤੇ ਘੱਟੋ ਘੱਟ ਸੱਤ ਦੀ ਮੌਤ ਹੋ ਜਾਣ ਦੇ ਇਲਾਵਾ 100 ਤੋਂ ਵੱਧ ਗਾਰਡ ਵੀ ਬਿਮਾਰ ਹੋ ਗਏ ਹਨ। ਅਧਿਕਾਰੀਆਂ ਨੇ ਦੱਸਿਆ ਕਿ ਕਿਨਰੋਸ ਆਏ ਕੈਦੀਆਂ ਦਾ ਦੋ ਵਾਰ ਤਬਾਦਲਾ ਕੀਤਾ ਗਿਆ ਸੀ ਅਤੇ ਕੈਦੀਆਂ ਨੇ ਮਾਰਕਿਉਟੀ ਤੋਂ ਕਿਨਰੋਸ ਰਵਾਨਾ ਹੋਣ ਤੋਂ ਪਹਿਲਾਂ ਉਥੇ ਕੋਵੀਡ -19 ਲਈ ਸਕਾਰਾਤਮਕ ਟੈਸਟ ਕੀਤਾ ਸੀ। ਸੰਯੁਕਤ ਰਾਜ ਦੀਆਂ ਜੇਲ੍ਹਾਂ ਵਿੱਚ 275,000 ਤੋਂ ਵੱਧ ਵਾਇਰਸ ਦੇ ਕੇਸ ਹੋ ਚੁੱਕੇ ਹਨ ਕਿਉਂਕਿ ਜੇਲ੍ਹਾਂ ਵਿੱਚ ਸਮਾਜਕ ਦੂਰੀਆਂ ਦੀ ਅਸਲ ਵਿੱਚ ਪਾਲਣਾਂ ਨਹੀਂ ਹੁੰਦੀ। ਮਿਸ਼ੀਗਨ ਵਿੱਚ ਕਿਸੇ ਵੀ ਰਾਜ ਦੀ ਜੇਲ੍ਹ ਪ੍ਰਣਾਲੀ ਨਾਲੋਂ ਸਭ ਤੋਂ ਜ਼ਿਆਦਾ ਵਾਇਰਸ ਦਾ ਪ੍ਰਕੋਪ ਹੋਇਆ ਹੈ। ਮਾਰਚ ਤੋਂ ਬਾਅਦ ਤਕਰੀਬਨ 20,000 ਕੈਦੀ ਵਾਇਰਸ ਨਾਲ ਸੂਬੇ ਦੀਆਂ ਜੇਲ੍ਹਾਂ ਵਿੱਚ ਸੰਕਰਮਿਤ ਹੋਏ ਹਨ ਅਤੇ ਘੱਟੋ ਘੱਟ 102 ਦੀ ਮੌਤ ਹੋ ਵੀ ਚੁੱਕੀ ਹੈ। ਇਸਦੇ ਨਾਲ ਹੀ ਕੇਂਦਰੀ ਮਿਸ਼ੀਗਨ ਸੁਧਾਰ ਸੁਵਿਧਾ ਵਿੱਚ ਇਸ ਵੇਲੇ 2000 ਤੋਂ ਵੱਧ ਕੈਦੀ ਸਕਾਰਾਤਮਕ ਟੈਸਟ ਕਰ ਰਹੇ ਹਨ।

# ਕੈਲੀਫੋਰਨੀਆਂ ਦੇ ਹਸਪਤਾਲਾਂ 'ਚ ਜਨਵਰੀ ਦੌਰਾਨ ਦਾਖਲ ਹੋ ਸਕਦੇ ਹਨ 1 ਲੱਖ ਤੱਕ ਮਰੀਜ਼

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ**– ਕੈਲੀਫੋਰਨੀਆਂ ਦੇ ਗਵਰਨਲ ਗੈਵਿਨ ਨਿਊਸਮ ਅਤੇ ਸਿਹਤ ਅਧਿਕ-ਾਰੀਆਂ ਨੇ ਸੋਮਵਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਰਾਜ ਵਿੱਚ ਵਾਇਰਸ ਦੇ ਕੇਸਾਂ ਵਿੱਚ ਹੋ ਰਹੇ ਵਾਧੇ ਕਾਰਨ ਅਗਲੇ ਮਹੀਨੇ ਤੱਕ ਹਸਪਤਾਲਾਂ ਵਿੱਚ ਦਾਖਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋ ਸਕਦਾ ਹੈ। ਸੂਬੇ ਵਿੱਚ ਪਿਛਲੇ ਦੋ ਹਫਤਿਆਂ ਦੌਰਾਨ ਲੱਗਭਗ 5 ਲੱਖ ਕੋਰੋਨਾਂ ਵਾਇਰਸ ਦੇ ਕੇਸ ਦਰਜ ਕੀਤੇ ਗਏ ਹਨ ਜੋ ਕਿ ਇੱਕ ਲੱਖ ਕੇਸਾਂ ਦਾ ਭਾਰ ਹਸਪਤਾਲਾਂ "ਤੇ ਪਾ ਸਕਦੇ ਹਨ। ਵਾਇਰਸ ਦੀ ਲਾਗ ਦੇ ਵਧ ਰਹੇ ਕੇਸਾਂ ਨੂੰ ਦੇਖਦਿਆਂ ,ਕੈਲੀਫੋਰਨੀਆਂ ਦੇ ਸਿਹਤ ਅਤੇ ਮਨੁੱਖੀ ਸੇਵਾਵਾਂ ਦੇ ਸੈਕਟਰੀ ਡਾ. ਮਾਰਕ ਘਾਲੀ ਨੇ ਇਹ ਖਦਸ਼ਾ ਪ੍ਰਗਟ ਕੀਤਾ ਹੈ ਕਿ ਰਾਜ ਦੇ ਸਾਰੇ ਖੇਤਰਾਂ ਵਿੱਚ ਇਸ ਮਹੀਨੇ ਦੇ ਅਖੀਰ ਅਤੇ ਜਨਵਰੀ ਦੇ ਅਰੰਭ ਤੱਕ ਹਸਪਤਾਲਾਂ ਵਿੱਚ ਕਮਰੇ ਖਤਮ ਹੋਣ ਦਾ ਡਰ ਹੈ। ਇਸ ਸਾਹਮਣੇ ਆ ਰਹੀ ਸਮੱਸਿਆ ਨੂੰ ਦੇਖਦੇ ਹੋਏ ਅਸਥਾਈ ਸਟਾਫ



ਨੂੰ ਵਧਾਉਣ ਨਾਲ, ਜਿਮਨੇਜ਼ੀਅਮ, ਟੈਂਟਾਂ ਅਤੇ ਖਾਲੀ ਐਨ.ਬੀ.ਏ ਅਖਾੜੇ ਵਰਗੀਆਂ ਥਾਂਵਾਂ ਨੂੰ ਅਸਥਾਈ ਹਸਪਤਾਲਾਂ ਵਿੱਚ ਬਦਲਿਆ ਜਾ ਸਕਦਾ ਹੈ। ਕੈਲੀਫੋਰਨੀਆਂ ਵਿੱਚ ਇੱਕ ਦਿਨ 'ਚ ਔਸਤਨ ਲੱਗਭਗ 44,000 ਨਵੇਂ ਪੁਸ਼ਟੀ ਕੀਤੇ ਕੇਸ ਦਰਜ ਹੋਏ ਹਨ ਜਦਕਿ ਪਿਛਲੇ ਦੋ ਹਫਤਿਆਂ ਵਿੱਚ 525,000 ਵਾਇਰਸ ਦੇ ਮਾਮਲੇ ਦਰਜ ਕੀਤੇ ਗਏ ਹਨ ਜਿਹਨਾਂ ਵਿੱਚੋਂ ਅੰਦਾਜ਼ਨ 12% ਉਹ ਮਰੀਜ਼ ਜੋ ਹਸਪਤਾਲ ਵਿੱਚ ਸਕਾਰਾਤਮਕ ਟੈਸਟ ਦੀ ਜਾਂਚ ਕਰਦੇ ਹਨ। ਇਸ ਗਿਣਤੀ ਦੇ ਨਾਲ ਪਿਛਲੇ 14 ਦਿਨਾਂ ਦੌਰਾਨ ਲੱਗਭਗ 63,000 ਮਰੀਜ਼ ਹਸਪਤਾਲ ਵਿੱਚ ਦਾਖਲ ਹੋਏ ਹਨ। ਇੰਨਾ ਹੀ ਨਹੀਂ ਪਿਛਲੇ ਛੇ ਹਫ਼ਤਿਆਂ ਵਿੱਚ ਹੋਏ ਕੇਸਾਂ ਦੇ ਵਿਸਫੋਟ ਨਾਲ ਕੈਲੀਫੋਰਨੀਆਂ ਵਿੱਚ ਮਰਨ ਵਾਲਿਆਂ ਦੀ ਗਿਣਤੀ ਵੀ ਵੱਧ ਰਹੀ ਹੈ ਜਿਸ ਸੰਬੰਧੀ ਐਤਵਾਰ ਨੂੰ ਹੋਈਆਂ ਹੋਰ 83 ਮੌਤਾਂ ਦੀ ਰਿਪੋਰਟ ਨਾਲ ਮੌਤਾਂ ਦੀ ਕੁੱਲ ਗਿਣਤੀ ਤਕਰੀਬਨ 22,676 ਹੋ ਗਈ ਹੈ।

# ਫਰਿਜ਼ਨੋ ਦੇ ਬਰਾੜ ਪਰਿਵਾਰ ਨੂੰ ਸਦਮਾ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ**– ਫਰਿਜ਼ਨੋ ਦੇ ਬਰਾੜ ਪਰਿਵਾਰ ਨੂੰ ਪਿਛਲੇ ਦਿਨੀਂ ਉਸ ਵਕਤ ਭਾਰੀ ਸਦਮਾਂ ਲੱਗਾ ਜਦੋਂ ਉਹਨਾਂ ਦੇ ਸਤਿਕਾਰਯੋਗ ਮਾਤਾ ਜਸਵੀਰ ਕੌਰ ਬਰਾੜ ਪਤਨੀ ਸ. ਜਗਜੀਤ ਸਿੰਘ ਬਰਾੜ 80 ਸਾਲ ਦੀ ਉਮਰ ਭੋਗਕੇ ਇਸ ਫ਼ਾਨੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਏ। ਮਾਤਾ ਜਸਵੀਰ ਕੌਰ ਬਰਾੜ ਦਾ ਪਿਛਲਾ ਪਿੰਡ ਸਿਰਸਾ ਬਾਰੂਵਲੀ ਹਰਿਆਣੇ ਵਿੱਚ ਪੈਂਦਾ ਹੈ, ਅਤੇ ਮਾਤਾ ਜੀ ਕਾਫ਼ੀ ਅਰਸੇ ਤੋ ਫਰਿਜ਼ਨੋ ਵਿਖੇ ਆਪਣੇ ਬੱਚਿਆ ਕੋਲ ਰਹਿ ਰਹੇ ਸਨ। ਸਵ. ਮਾਤਾ ਜਸਵੀਰ ਕੌਰ ਦਾ ਫਿਊਨਰਲ ਮਿਤੀ 23 ਦਸੰਬਰ ਦਿਨ ਬੁੱਧ-ਵਾਰ ਨੂੰ ਦੁਪਿਹਰ 2 ਤੋਂ ਸ਼ਾਮੀਂ



4 ਵਜੇ ਦਰਮਿਆ ਸ਼ਾਂਤ ਭਵਨ ਫਿਊਨਰਲ ਹੋਮ ਫਾਊਲਰ ਵਿਖੇ ਹੋਵੇਗਾ, ਉਪਰੰਤ ਭੋਗ ਅਤੇ ਅੰਤਿਮ ਅਰਦਾਸ ਗੁਰਦਵਾਰਾ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਹੋਵੇਗੀ। ਹੋਰ ਵਧੇਰੇ ਜਾਣਕਾਰੀ ਜਾਂ ਦੁੱਖ ਸਾਂਝਾ ਕਰਨ ਲਈ ਤੁਸੀ ਸਵ. ਮਾਤਾ ਜਸਵੀਰ ਕੌਰ ਦੇ ਬੇਟੇ ਸ. ਰੇਸ਼ਮ ਸਿੰਘ ਬਰਾੜ ਨਾਲ 559-708-1006 'ਤੇ ਜਾਂ ਸੁਖ-ਜਿੰਦਰ ਸਿੰਘ ਬਰਾੜ (ਸੁੱਖੀ) ਨਾਲ 559-348-8004 'ਤੇ ਸੰਪਰਕ ਕਰ ਸਕਦੇ ਹੋਂ।


# ਸੈਨੇਟ ਨੇ ਕੋਰੋਨਾਂ ਰਾਹਤ ਪੈਕੇਜ ਨੂੰ ਦਿੱਤੀ ਪ੍ਰਵਾਨਗੀ,ਅਗਲੇ ਹਫਤੇ ਤੱਕ ਮਿਲ ਸਕਦੀ ਹੈ ਆਰਥਿਕ ਰਾਹਤ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ**– ਅਮਰੀਕਾ ਦੀ ਸੈਨੇਟ ਨੇ ਸੋਮਵਾਰ ਦੇਰ ਸ਼ਾਮ ਐਮਰਜੈਂਸੀ ਆਰਥਿਕ ਰਾਹਤ, ਸਰਕਾਰੀ ਫੰਡਿੰਗ ਅਤੇ ਟੈਕਸਾਂ ਵਿੱਚ ਕਟੌਤੀ ਦੇ ਇੱਕ ਵਿਸ਼ਾਲ ਪੈਕੇਜ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸਨੂੰ ਅਗਲੀ ਕਾਰਵਾਈ ਲਈ ਕਾਨੂੰਨ ਦੁਆਰਾ ਲਾਗੂ ਕਰਨ ਲਈ ਰਾਸ਼ਟਰਪਤੀ ਟਰੰਪ ਕੋਲ ਭੇਜਿਆ ਗਿਆ ਹੈ। ਇਸ ਰਾਹਤ ਸੰਬੰਧੀ ਕਾਨੂੰਨ ਨੂੰ ਪਿਛਲੇ ਦੋ ਹਫ਼ਤਿਆਂ ਦੀ ਗੱਲਬਾਤ ਦੇ ਬਾਅਦ ਸੋਮਵਾਰ ਨੂੰ 5,593 ਪੰਨਿਆਂ ਦੇ ਬਿੱਲ ਵਜੋਂ ਪੇਸ਼ ਕੀਤਾ ਗਿਆ ਸੀ ਅਤੇ ਸੈਨੇਟ ਨੇ ਆਸਾਨੀ ਨਾਲ ਰਾਤ ਦੇ 11:42 ਵਜੇ 92 ਤੋਂ 6 ਵੋਟਾਂ ਦੇ ਨਾਲ ਬਿੱਲ ਨੂੰ ਪਾਸ ਕਰ ਦਿੱਤਾ ਸੀ। ਉਪ-ਰਾਸ਼ਟਰਪਤੀ ਚੁਣੀ ਗਈ ਕਮਲਾ ਹੈਰਿਸ, ਜੋ ਅਗਲੇ ਮਹੀਨੇ ਤੱਕ ਕੈਲੀਫੋਰਨੀਆਂ ਤੋਂ ਸੈਨੇਟਰ ਹੈ ਵੀ ਬਿੱਲ 'ਤੇ ਵੋਟ ਪਾਉਣ ਲਈ ਸੰਸਦ ਮੈਂਬਰਾਂ ਦੇ ਸਮੂਹਾਂ ਵਿੱਚ ਮੌਜੂਦ ਸੀ। ਇਸਦੇ ਇਲਾਵਾ ਹਾਊਸ ਸਪੀਕਰ ਨੈਨਸੀ ਪੈਲੋਸੀ ਅਨੁਸਾਰ ਇਸ ਰਾਹਤ ਬਿੱਲ ਵਿੱਚ ਕੁੱਝ ਪੈਸਾ ਖਰਚਣਾ ਪਵੇਗਾ, ਪਰ ਇਹ ਨੌਕਰੀਆਂ



ਦੀ ਰੱਖਿਆ ਕਰਨ ਦੇ ਨਾਲ ਅਮਰੀਕੀ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰੇਗਾ। ਇਸ ਆਰਥਿਕ ਪੈਕੇਜ ਵਿਚਲੀ 900 ਬਿਲੀਅਨ ਡਾਲਰ ਦੀ ਰਾਹਤ ਨੂੰ ਸਭ ਤੋਂ ਵੱਧ ਧਿਆਨ ਮਿਲਿਆ ਹੈ, ਜਿਸ ਵਿੱਚ ਸਤੰਬਰ 2021 ਤੱਕ ਸੰਘੀ ਏਜੰਸੀਆਂ ਨੂੰ ਫੰਡ ਦੇਣ ਅਤੇ ਘੱਟੋ-ਘੱਟ ਅਗਲੇ ਸਾਲ ਲਈ ਕਈ ਕਾਰੋਬਾਰਾਂ ਲਈ ਟੈਕਸ ਵਿੱਚ ਕਟੌਤੀਆਂ ਵੀ ਸ਼ਾਮਲ ਹਨ। ਇਹ ਪੈਕੇਜ ਸੰਘੀ ਬੇਰੁਜ਼ਗਾਰੀ ਲਾਭਾਂ ਨੂੰ ਪ੍ਰਤੀ ਹਫ਼ਤੇ 300 ਡਾਲਰ ਤੱਕ ਵਧਾਏਗਾ, ਜੋ ਕਿ 27 ਦਸੰਬਰ ਤੋਂ ਸ਼ੁਰੂ ਹੋ ਸਕਦਾ ਹੈ। ਇਹ ਕਾਨੂੰਨ ਕਈ ਹੋਰ ਜਰੂਰਤਾਂ ਨੂੰ ਵੀ ਪੂਰਾ ਕਰਦਾ ਹੈ, ਜਿਸ ਵਿੱਚ 45 ਬਿਲੀਅਨ ਆਵਾਜਾਈ ਲਈ, ਸਕੂਲਾਂ ਲਈ 82 ਬਿਲੀਅਨ, ਟੀਕੇ ਦੀ ਵੰਡ ਲਈ 20 ਬਿਲੀਅਨ ਅਤੇ ਭੋਜਨ ਦੇ ਪਸਾਰ ਲਈ 13 ਬਿਲੀਅਨ ਡਾਲਰ ਹਨ ਜਦਕਿ ਬਿੱਲ ਦੇ ਮੁੱਖ ਲਾਭਾਂ ਵਿੱਚ ਅਮਰੀਕਾ ਵਾ-ਸੀਆਂ ਨੂੰ 600 ਡਾਲਰ ਦੀ ਸਿੱਧੀ ਅਦਾਇਗੀ ਭੇਜਣਾ ਸ਼ਾਮਲ ਹੈ। ਕੋਰੋਨਾਂ ਮਹਾਂਮਾਰੀ ਦੌਰਾਨ ਪਾਸ ਹੋਏ ਇਸ ਆਰਥਿਕ ਪੈਕੇਜ ਦੇ ਸੰਬੰਧ ਵਿੱਚ ਖਜ਼ਾਨਾ ਸਕੱਤਰ ਸਟੀਵਨ ਮਨੂਚਿਨ ਨੇ ਸੋਮਵਾਰ ਨੂੰ ਦੱਸਿਆ ਕਿ ਅਗਲੇ ਹਫਤੇ ਤੋਂ ਹੀ ਲੱਖਾਂ ਅਮਰੀਕੀ ਸਹਾਇਤਾ ਸੰਬੰਧੀ ਭੁਗਤਾਨਾਂ ਨੂੰ ਪ੍ਰਾਪਤ ਕਰ ਸਕਦੇ ਹਨ।

# ਨਿਊਯਾਰਕ ਦੇ ਲੌਂਗ ਆਈਲੈਂਡ ਐਕਸਪ੍ਰੈਸਵੇਅ 'ਤੇ ਪ੍ਰੋਪੇਨ ਗੈਸ ਨਾਲ ਭਰੇ ਟੈਂਕ ਧਮਾਕੇ ਨਾਲ ਫਟੇ



**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ**– ਨਿਊਯਾਰਕ ਵਿੱਚ ਮੰਗਲਵਾਰ ਸਵੇਰੇ ਲੌਂਗ ਆਈਲੈਂਡ ਐਕਸਪ੍ਰੈਸ ਵੇਅ 'ਤੇ ਹੋਏ ਇੱਕ ਹਾਦਸੇ ਤੋਂ ਬਾਅਦ ਲੱਗਭਗ 300 ਪ੍ਰੋਪੇਨ ਗੈਸ ਦੇ ਟੈਂਕਾਂ ਵਾਲਾ ਇੱਕ ਟਰੈਕਟਰ-ਟ੍ਰੇਲਰ ਦੇ ਧਮਾਕੇ ਨਾਲ ਫਟਣ ਦੀ ਘਟਨਾ ਵਾਪਰੀ ਹੈ। ਪੁਲਿਸ ਦੇ ਅਨੁਸਾਰ, ਇਹ ਹਾਦਸਾ ਸੜਕ ਤੇ ਪਈ ਬਰਫ਼ ਕਾਰਨ ਵਾਪਰਿਆ ਹੈ। ਇਸ ਹਾਦਸੇ ਸੰਬੰਧੀ ਇੱਕ ਫੁਟੇਜ ਤੋਂ ਸਾਹਮਣੇ ਆਈ ਜਾਣਕਾਰੀ ਅਨੁਸਾਰ ਕਵੀਨਜ਼ ਦੇ ਜੰਕਸ਼ਨ ਬੁਲੇਵਰਡ ਨੇੜੇ ਹਾਈਵੇ ਦੀ ਪੂਰਬੀ ਸਰਵਿਸ ਰੋਡ 'ਤੇ ਅੱਧੀ ਰਾਤ ਤੋਂ ਬਾਅਦ ਵੱਡੇ ਪੱਧਰ 'ਤੇ ਇਹ ਹਾਦਸਾ ਹੋਇਆ ਹੈ ਜਿਸ ਵਿੱਚ ਪ੍ਰੋਪੇਨ ਗੈਸ ਦੇ 294 ਟੈਂਕ ਇੱਕ ਜੋਰਦਾਰ ਧਮਾਕੇ ਨਾਲ ਫਟੇ ਹਨ। ਨਿਊਯਾਰਕ ਪੁਲਿਸ ਵਿਭਾਗ ਦੇ ਇੱਕ ਬੁਲਾਰੇ ਅਨੁਸਾਰ ਜਾਂਚਕਰਤਾਵਾਂ ਨੇ ਦੱਸਿਆ ਕਿ ਗੈਸ ਦੇ ਟੈਕਾਂ ਨਾਲ ਭਰਿਆ ਇਹ ਟੈਂਕਰ ਬਰਫ 'ਤੇ ਖਿਸਕਣ ਤੋਂ ਬਾਅਦ ਕਿਸੇ ਹੋਰ ਵਾਹਨ ਨੂੰ ਬਚਾਉਣ ਦੀ ਕੋਸ਼ਿਸ਼ਿ ਵਿੱਚ ਪਲਟ ਗਿਆ ਸੀ ,ਜਿਸ ਕਰਕੇ ਬਾਅਦ ਵਿੱਚ ਗੈਸ ਨਾਲ ਭਰੇ ਟੈਂਕ ਅੱਗ ਲੱਗਣ ਕਾਰਨ ਫਟ ਗਏ ਸਨ। ਹਾਈਵੇ ਉੱਪਰ ਹੋਏ ਇਸ ਜ਼ਬਰਦਸਤ ਹਾਦਸੇ ਵਿੱਚ ਟੈਂਕਰ ਦੇ ਡਰਾਈਵਰ ਦਾ ਕਿਸੇ ਤਰ੍ਹਾਂ ਦਾ ਕੋਈ ਸਰੀਰਕ ਨੁਕਸਾਨ ਨਹੀਂ ਹੋਇਆ ਹੈ।

# ਫਰਿਜ਼ਨੋ ਕਾਉਂਟੀ ਕੋਰੋਨਾਂ ਵਾਇਰਸ ਲਾਗ ਦੇ ਫੈਲਣ ਵਿੱਚ ਸੰਯੁਕਤ ਰਾਜ ਦੇ ਮੈਟਰੋ ਖੇਤਰਾਂ ਵਿਚੋਂ ਹੈ ਸਭ ਤੋਂ ਮੋਹਰੀ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ**– ਅਮਰੀਕਾ ਦੇ ਕਈ ਸੂਬਿਆਂ ਵਿੱਚ ਵਾਇਰਸ ਦੀ ਲਾਗ ਦੇ ਮਾਮਲੇ ਲਗਾਤਾਰ ਵਧ ਰਹੇ ਹਨ। ਲਗਾਤਾਰ ਵਧ ਰਹੀ ਲਾਗ ਦੇ ਮਾਮਲੇ ਵਿੱਚ ਕੈਲੀਫੋਰਨੀਆਂ ਰਾਜ ਦੀ ਫਰਿਜ਼ਨੋ ਕਾਉਂਟੀ ਦਾ ਨਾਮ ਸਭ ਤੋਂ ਅੱਗੇ ਆ ਰਿਹਾ ਹੈ।

ਨਿਊਯਾਰਕ ਟਾਈਮਜ਼ ਦੁਆਰਾ ਸੋਮਵਾਰ ਨੂੰ ਕਰਵਾਏ ਗਏ ਇੱਕ ਵਿਸ਼ਲੇਸ਼ਣ ਅਨੁਸਾਰ, ਦੇਸ਼ ਦੇ ਮੈਟਰੋ ਖੇਤਰਾਂ ਵਿੱਚੋਂ ਫਰਿਜ਼ਨੋ ਕਾਉਂਟੀ ਕੋਰੋਨਾਂ ਵਾਇਰਸ ਮਹਾਂਮਾਰੀ ਦੇ ਤੇਜ਼ੀ ਨਾਲ ਫੈਲਣ ਵਿੱਚ ਪਹਿਲੇ ਸਥਾਨ ਤੇ ਹੈ। 50,000 ਜਾਂ ਇਸ ਤੋਂ ਵੱਧ ਵਸਨੀਕਾਂ ਵਾਲੇ ਮੈਟਰੋ ਖੇਤਰਾਂ ਦੀ ਸੂਚੀ ਵਿੱਚ ਫਰਿਜ਼ਨੋ ਕਾਉਂਟੀ ਲੱਗਭਗ ਦਸ ਲੱਖ ਦੀ ਵਸੋਂ ਨਾਲ ਵਾਇਰਸ ਦੇ ਤੇਜ਼ੀ ਨਾਲ ਫੈਲਣ ਦੀ ਸੂਚੀ ਵਿੱਚ ਸਿਖਰਲੇ 10 ਖੇਤਰਾਂ ਵਿੱਚ ਸਭ ਤੋਂ ਉੱਚੇ ਸਥਾਨ ਤੇ ਹੈ।

ਇਸ ਵਿਸ਼ਲੇਸ਼ਣ ਅਨੁਸਾਰ ਫਰਿਜ਼ਨੋ ਵਿੱਚ ਇੱਕ ਹਫ਼ਤਾ ਪਹਿਲਾਂ 3,188 ਨਵੇਂ ਕੋਵਿਡ -19 ਕੇਸ ਦਰਜ਼ ਹੋਏ ਸਨ ਪਰ ਤਾਜ਼ਾ ਗਿਣਤੀ ਵਿੱਚ 11,672 ਕੇਸ ਸਾਹਮਣੇ ਆਏ ਹਨ ਜੋ ਕਿ ਪ੍ਰਤੀ 100,000 ਨਿਵਾਸੀਆਂ ਪਿੱਛੇ 849 ਕੇਸਾਂ ਦਾ ਵਾਧਾ ਦਰਸਾਉਂਦੇ ਹਨ ਅਤੇ ਇਸ ਕਾਉਂਟੀ ਦੇ ਨਵੇਂ ਕੋਰੋਨਾਂ ਕੇਸਾਂ ਲਈ ਸੱਤ ਦਿਨਾਂ ਦੀ ਔਸਤ ਇਸ ਮਹੀਨੇ 289 ਮਾਮਲਿਆਂ ਤੋਂ ਸ਼ੁਰੂ ਹੋਈ ਸੀ ਪਰ ਐਤਵਾਰ ਨੂੰ ਇਹ 1,667 ਤੱਕ ਪਹੁੰਚ ਗਈ ਸੀ।

ਇਸ ਤੋਂ ਇਲਾਵਾ ਦੂਜਾ ਸਭ ਤੋਂ ਵੱਧ ਲਾਗ ਵਾਲਾ ਮੈਟਰੋ ਖੇਤਰ ਸੈਲਿਨਸ ਹੈ ਜਿੱਥੇ ਮਾਮਲਿਆਂ ਦੀ ਗਿਣਤੀ 618 ਪ੍ਰਤੀ 100,000 ਲਈ ਵੱਧ ਗਈ ਹੈ। ਟੈਕਸਾਸ ਦੇ ਮਿਡਲੈਂਡ ਅਤੇ ਕੇਰਵਿਲੇ ਸ਼ਹਿਰਾਂ ਵਿੱਚ ਪਿਛਲੇ ਹਫ਼ਤੇ ਵਿੱਚ ਪ੍ਰਤੀ 100,000 ਵਿੱਚ 600 ਅਤੇ 570 ਮਾਮਲੇ ਸਾਹਮਣੇ ਆਏ ਹਨ। ਇਹਨਾਂ ਮੈਟਰੋ ਖੇਤਰਾਂ ਵਿੱਚ, ਈਗਲ ਪਾਸ, ਬਾਰਟਲੇਸਵਿਲੇ ਅਤੇ ਕਾਰਪਸ ਕ੍ਰਿਸਟੀ ਆਦਿ ਵੀ ਸ਼ਾਮਲ ਹਨ।

--------

# ਅਲਾਸਕਾ ਦੇ ਦੋ ਸਿਹਤ ਕਰਮਚਾਰੀਆਂ ਨੂੰ ਫਾਈਜ਼ਰ ਟੀਕਾ ਲੈਣ ਤੋਂ ਬਾਅਦ ਹੋਈ ਅਲਰਜੀ


**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਦੇਸ਼ ਵਿੱਚ ਸ਼ੁਰੂ ਹੋਏ ਕੋਰੋਨਾਂ ਵਾਇਰਸ ਟੀਕਾਕਰਨ ਵਿੱਚ ਸਿਹਤ ਕਰਮਚਾਰੀਆਂ ਨੂੰ ਪਹਿਲਾਂ ਟੀਕਾ ਲਗਾਉਣ ਲਈ ਤਰਜੀਹ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਹੁਣ ਤੱਕ ਕਈ ਸਿਹਤ ਕਾਮੇ ਟੀਕੇ ਲਗਵਾ ਚੁੱਕੇ ਹਨ। ਫਾਈਜ਼ਰ ਕੰਪਨੀ ਦੇ ਟੀਕੇ ਲਗਾਉਣ ਦੀ ਇਸ ਪ੍ਰਕਿਰਿਆ ਵਿੱਚ ਅਲਾਸਕਾ ਦੇ ਦੋ ਸਿਹਤ ਕਾਮਿਆਂ ਨੇ ਟੀਕਾ ਲਗਵਾਉਣ ਤੋਂ ਬਾਅਦ ਅਲਰਜੀ ਦੀ ਪ੍ਰਤੀਕਿਰਿਆ ਦਾ ਸਾਹਮਣਾ ਕੀਤਾ ਹੈ। ਇਸ ਬਾਰੇ ਰਾਜ ਦੇ ਅਧਿਕਾਰੀਆਂ ਨੇ ਬੁੱਧਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੱਕ ਮਹਿਲਾ ਕਰਮਚਾਰੀ ਨੂੰ ਮੰਗਲਵਾਰ ਦੇ ਦਿਨ ਬਾਰਟਲੇਟ ਖੇਤਰੀ ਹਸਪਤਾਲ ਵਿੱਚ ਕੋਰੋਨਾਂ ਦਾ ਟੀਕਾ ਲਗਾਇਆ ਗਿਆ ਸੀ ਅਤੇ ਬਾਰਟਲੇਟ ਦੀ ਐਮਰਜੈਂਸੀ ਡਾਇਰੈਕਟਰ ਡਾ. ਲਿੰਡੀ ਜੋਨਸ ਦੇ ਅਨੁਸਾਰ, ਟੀਕਾ ਲੈਣ ਤੋਂ 10 ਮਿੰਟ ਬਾਅਦ ਇਸ ਕਰਮਚਾਰੀ ਦੇ ਦਿਲ




ਦੀ ਧੜਕਣ, ਸਾਹ, ਚਮੜੀ ਦੇ ਧੱਫੜ ਅਤੇ ਲਾਲੀ ਆਦਿ ਅਲਰਜੀ ਦੇ ਸੰਕੇਤ ਦਿਖਾਈ ਦਿੱਤੇ। ਇਸ ਤੋਂ ਬਾਅਦ ਪੀੜਤ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਮਾਹਿਰਾਂ ਅਨੁਸਾਰ ਇਹ ਅਲਰਜੀ ਦੀ ਗੰਭੀਰ ਪ੍ਰਤੀਕ੍ਰਿਆ ਸੀ ਪਰ ਇਹ ਜਾਨਲੇਵਾ ਨਹੀਂ ਸੀ। ਇਸਦੇ ਦੂਜੇ ਮਾਮਲੇ ਵਿੱਚ ਵੀ ਇੱਕ ਮਰਦ ਸਿਹਤ ਕਾਮੇ ਨੂੰ ਉਸੇ ਹਸਪਤਾਲ ਵਿੱਚ ਟੀਕੇ ਪ੍ਰਤੀ ਘੱਟ ਗੰਭੀਰ ਐਲਰਜੀ ਵਾਲੀ ਪ੍ਰਤੀਕ੍ਰਿਆ ਦਾ ਸਾਹਮਣਾ ਕਰਨਾ ਪਿਆ ਪਰ ਇਹ ਵਿਅਕਤੀ ਇੱਕ ਘੰਟੇ ਦੇ ਅੰਦਰ ਪੂਰੀ ਠੀਕ ਹੋ ਗਿਆ ਅਤੇ ਉਸਨੂੰ ਇਲਾਜ ਤੋਂ ਬਾਅਦ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ। ਇਸ ਸੰਬੰਧੀ ਹਸਪਤਾਲ ਨੇ ਪੁਸ਼ਟੀ ਕੀਤੀ ਕਿ ਬੁੱਧਵਾਰ ਸ਼ਾਮ ਤੱਕ ਇਸਦੇ ਸਟਾਫ ਦੇ 144 ਮੈਂਬਰਾਂ ਨੂੰ ਟੀਕਾ ਲਗਾਇਆ ਗਿਆ ਜਦਕਿ ਕੁੱਲ 400 ਦੇ ਲੱਗਭਗ ਕਰਮਚਾਰੀਆਂ ਨੇ ਟੀਕੇ ਲਈ ਬੇਨਤੀ ਕੀਤੀ ਸੀ। ਇਸਦੇ ਨਾਲ ਹੀ ਦੋ ਅਲਰਜੀ ਵਾਲੀਆਂ ਪ੍ਰਤੀਕ੍ਰਿਆਵਾਂ ਦੇ ਅੰਕੜੇ ਵੀ ਬਿਮਾਰੀ ਕੰਟਰੋਲ ਅਤੇ ਰੋਕਥਾਮ ਕੇਂਦਰ(ਸੀ.ਡੀ.ਸੀ) ਨਾਲ ਸਾਂਝੇ ਕੀਤੇ ਜਾ ਰਹੇ ਹਨ। ਸੀ.ਡੀ.ਸੀ ਦੇ ਡਿਪਟੀ ਡਾਇਰੈਕਟਰ ਡਾ. ਜੇ ਬਟਲਰ ਦੇ ਅਨੁਸਾਰ ਹੁਣ ਤੱਕ ਫਾਈਜ਼ਰ ਟੀਕੇ ਦੇ ਸੰਬੰਧ ਵਿੱਚ ਸਿਰਫ ਦੋ ਬਾਰਟਲੇਟ ਹਸਪਤਾਲ ਦੇ ਕਾਮੇ ਹੀ ਅਲਰਜੀ ਦੇ ਸ਼ਿਕਾਰ ਹੋਏ ਹਨ। ਜਿਕਰਯੋਗ ਹੈ ਕਿ ਕਲੀਨਿਕਲ ਪ੍ਰੀਖਣਾਂ ਵਿੱਚ ਕੋਰੋਨਾਂ ਟੀਕੇ ਨੂੰ 95 ਪ੍ਰਤੀਸ਼ਤ ਪ੍ਰਭਾਵਸ਼ਾਲੀ ਦੱਸਣ ਤੋਂ ਬਾਅਦ ਐਫ ਡੀ ਏ ਨੇ ਫਾਈਜ਼ਰ ਦੇ ਟੀਕੇ ਨੂੰ ਐਮਰਜੈਂਸੀ ਵਰਤੋਂ ਲਈ ਅਧਿਕਾਰਤ ਕੀਤਾ ਸੀ।

# ਅਮਰੀਕਾ ਵਿੱਚ ਬਰਫੀਲੇ ਤੂਫਾਨ ਨੇ ਲਈ ਦੋ ਵਿਅਕਤੀਆਂ ਦੀ ਜਾਨ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਕੋਰੋਨਾਂ ਵਾਇਰਸ ਦੇ ਚਲਦਿਆਂ ਹੁਣ ਅਮਰੀਕਾ ਵਿੱਚ ਬਰਫੀਲੇ ਤੂਫਾਨ ਨੇ ਦਸਤਕ ਦਿੱਤੀ ਹੈ। ਦੇਸ਼ ਦੇ ਉੱਤਰ ਪੂਰਬ ਵਿੱਚ 70 ਮਿਲੀਅਨ ਅਮਰੀਕੀ ਲੋਕ ਇਸ ਤੂਫਾਨ ਕਾਰਨ ਭਾਰੀ ਬਰਫਾਰੀ ਅਤੇ ਬਾਰਸ਼ ਦਾ ਸਾਹਮਣਾ ਕਰ ਰਹੇ ਹਨ। ਇਸ ਬਰਫੀਲੇ ਤੂਫਾਨ ਨਾਲ ਕੁਝ ਥਾਵਾਂ 'ਤੇ 2 ਫੁੱਟ ਤੱਕ ਬਰਫ ਪੈਣ ਦੇ ਨਾਲ 50 ਮੀਲ ਪ੍ਰਤੀ ਘੰਟਾ ਦੀਆਂ ਹਵਾਵਾਂ ਅਤੇ ਬਰਫੀਲੀ ਬਰਸਾਤ ਹੋਣ ਦੀ ਵੀ ਉਮੀਦ ਹੈ। ਰਾਜ ਅਤੇ ਸਹਿਰ ਜਿਹਨਾਂ ਵਿੱਚ ਨਿਊਯਾਰਕ ਅਤੇ ਬੋਸਟਨ ਸ਼ਾਮਲ ਹਨ, ਪਹਿਲਾਂ ਹੀ ਐਮਰਜੈਂਸੀ ਦਾ ਐਲਾਨ ਕਰਦੇ ਹੋਏ ਕੋਰੋਨਾਂ ਵਾਇਰਸ ਟੈਸਟਿੰਗ ਸਮੇਤ ਕਈ ਸੇਵਾਵਾਂ ਵੀ ਬੰਦ ਕਰ ਰਹੇ ਹਨ। ਇਸਦੇ ਇਲਾਵਾ ਵਰਜੀਨੀਆ ਵਿੱਚ ਬਰਫਬਾਰੀ ਕਾਰਨ ਲੋਕਾਂ ਨੂੰ ਮੇਨ ਸੜਕਾਂ ਤੋਂ ਦੂਰ ਰਹਿਣ ਦੀ ਚਿਤਾਵਨੀ ਦਿੱਤੀ ਜਾ ਰਹੀ ਹੈ। ਪੁਲਿਸ ਅਧਿਕਾਰੀਆਂ ਅਨੁਸਾਰ ਵਰਜੀਨੀਆ ਵਿੱਚ ਬੁੱਧਵਾਰ ਸਵੇਰੇ ਬਰਫੀਲੇ ਤੂਫਾਨ ਕਾਰਨ ਉੱਤਰੀ ਕੈਰੋਲਿਨਾ ਦੇ ਪੇਮਬਰੋਕ ਵਾਸੀ 19 ਸਾਲਾ ਬਰੇਨਨਾਗਨ ਕੇ. ਲਾਕਲੇਅਰ ਦੀ ਮੌਤ ਹੋ ਗਈ ਹੈ। ਬਰਫਬਾਰੀ ਕਾਰਨ ਹੋਈ ਇੱਕ ਹੋਰ ਘਟਨਾ ਦੌਰਾਨ ਪੈਨਸਿਲਵੇਨੀਆ ਵਿੱਚ ਵੀ ਇੱਕ ਵਿਅਕਤੀ ਦੀ ਸੈਰ ਕਰਦੇ ਸਮੇ ਟਰੱਕ ਨਾਲ ਟਕਰਾਉਣ ਤੋਂ ਬਾਅਦ ਮੌਤ ਹੋ ਗਈ ਹੈ। ਇਹ ਤੂਫਾਨ ਕੋਲੋਰਾਡੋ ਤੋਂ ਮਾਈਨ ਤੱਕ ਫੈਲਿਆ ਹੋਇਆ ਹੈ ਅਤੇ ਘੱਟੋ ਘੱਟ 14 ਰਾਜਾਂ ਵਿੱਚ ਸਰਦੀਆਂ ਦੇ ਇਸ ਬਰਫੀਲੇ ਤੂਫਾਨ ਦੀਆਂ ਚਿਤਾਵਨੀਆਂ ਜਾਰੀ ਕੀਤੀਆਂ ਜਾ ਰਹੀਆਂ ਹਨ। ਨਿਊਯਾਰਕ ਸਿਟੀ ਵਿੱਚ ਵੀ 10 ਇੰਚ ਤੱਕ ਬਰਫ ਪੈਣ ਦੀ ਸੰਭਾਵਨਾ ਹੋਣ ਕਰਕੇ ਮੇਅਰ ਬਿਲ ਡੀ ਬਲਾਸੀਓ ਨੇ ਮੰਗਲਵਾਰ ਨੂੰ ਇਸ ਗੰਭੀਰ ਤੂਫਾਨ ਤੋਂ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਹੈ। ਮਾਹਿਰਾਂ ਅਨੁਸਾਰ ਇਹ ਬਰਫੀਲੇ ਤੂਫਾਨ ਦੀ ਸਥਿਤੀ ਕੋਰੋਨਾਂ ਮਹਾਂਮਾਰੀ ਦੌਰਾਨ ਹੀ ਸਾਹਮਣੇ ਆਈ ਹੈ,ਜਿਸ ਕਾਰਨ ਕਈ ਸੂਬਿਆਂ ਵਿੱਚ ਕੋਰੋਨਾਂ ਵਾਇਰਸ ਟੈਸਟਿੰਗ ਸਾਈਟਾਂ ਬੰਦ ਹੋ ਰਹੀਆਂ ਹਨ, ਜਿਨ੍ਹਾਂ ਵਿੱਚ ਕਨੈਟੀਕਟ, ਮੈਰੀਲੈਂਡ, ਮੈਸੇਚਿਉਸੇਟਸ, ਨਿਊਜਰਸੀ, ਨਿਊਯਾਰਕ, ਪੈਨਸਿਲਵੇਨੀਆ ਅਤੇ ਰ੍ਹੋਡ ਆਈਲੈਂਡ ਆਦਿ ਸ਼ਾਮਲ ਹਨ। ਇਸਦੇ ਇਲਾਵਾ ਇਹ ਵੀ ਚਿੰਤਾ ਹੈ ਕਿ ਇਹ ਮੌਸਮ ਫਾਈਜ਼ਰ ਟੀਕੇ ਦੀ ਸਪਲਾਈ ਤੇ ਵੀ ਰੋਕ ਲਗਾ ਸਕਦਾ ਹੈ।



# ਉੱਤਰੀ ਕੈਰੋਲਿਨਾ 'ਚ ਆਰਮੀ ਵਿੱਚੋਂ ਰਿਜੇਕਟ ਹੋਣ 'ਤੇ ਭਰਤੀ ਸਟੇਸ਼ਨ ਵਿੱਚ ਕੀਤੀ ਗੋਲੀਬਾਰੀ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਉੱਤਰੀ ਕੈਰੋਲੀਨਾ ਦੇ ਇੱਕ ਵਿਅਕਤੀ ਦੁਆਰਾ ਆਰਮੀ ਵਿੱਚ ਭਰਤੀ ਹੋਣ ਲਈ ਬਾਰ ਬਾਰ ਕੀਤੀ ਕੋਸ਼ਿਸ਼ ਦੇ ਬਾਵਜੂਦ ਮਿਲੀ ਅਸਫਲਤਾ ਦੇ ਬਾਅਦ ਗ੍ਰੀਨਸਬੋਰੋ ਦੇ ਇੱਕ ਭਰਤੀ ਸਟੇਸ਼ਨ 'ਤੇ ਗੋਲੀਬਾਰੀ ਕਰਨ ਦੀ ਘਟਨਾ ਨੂੰ ਅੰਜਾਮ ਦਿੱਤਾ ਗਿਆ ਹੈ। ਸੈਨਾ ਦੀ ਅਧਿਕਾਰੀ ਲੀਜ਼ਾ ਫਰੂਗਸਨ ਦੇ ਬਿਆਨ ਅਨੁਸਾਰ ਸੋਮਵਾਰ ਦੇ ਦਿਨ ਭਰਤੀ ਸਟੇਸ਼ਨ ਤੇ ਹੋਈ ਗੋਲੀਬਾਰੀ ਦੌਰਾਨ ਕੋਈ ਵੀ ਜ਼ਖਮੀ ਨਹੀਂ ਹੋਇਆ ਪਰ ਇਸ ਨਾਲ ਇਮਾਰਤ ਦੇ ਪ੍ਰਵੇਸ਼ ਦੁਆਰ ਨੂੰ ਨੁਕਸਾਨ ਜ਼ਰੂਰ ਪਹੁੰਚਿਆ ਹੈ। ਇਸ ਗੋਲੀਬਾਰੀ ਦੌਰਾਨ ਕੋਈ ਵੀ ਆਰਮੀ ਜਵਾਨ ਘਟਨਾ ਸਥਾਨ 'ਤੇ ਮੌਜੂਦ ਨਹੀਂ ਸੀ। ਹਮਲੇ ਦਾ ਸ਼ੱਕੀ ਵਿਅਕਤੀ ਜਿਸ ਨੇ ਫੌਜ ਵਿਚ ਭਰਤੀ ਹੋਣ ਲਈ ਅਰਜ਼ੀ ਦਿੱਤੀ ਸੀ ਪਰ ਉਸਨੂੰ ਸੈਨਾ ਲਈ ਅਯੋਗ ਕਰਾਰ ਦਿੱਤਾ ਗਿਆ ਸੀ, ਨੂੰ ਬਾਅਦ ਵਿੱਚ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਸੀ। ਗ੍ਰੀਨਸਬੋਰੋ ਪੁਲਿਸ ਵਿਭਾਗ ਦੇ ਬੁਲਾਰੇ ਰੋਨਾਲਡ ਗਲੇਨ ਨੇ ਦੱਸਿਆ ਕਿ ਇਸ ਹਮਲੇ ਦੇ ਦੋਸ਼ੀ ਵਿਅਕਤੀ 36 ਸਾਲਾ ਜੇਮਜ਼ ਕੂਪਰ ਨੂੰ ਘਟਨਾ ਵਾਲੀ ਥਾਂ ਤੋਂ ਗ੍ਰਿਫਤਾਰ ਕੀਤਾ ਹੈ ਅਤੇ ਉਸਨੂੰ ਗਿਲਫੋਰਡ ਕਾਉਂਟੀ ਜੇਲ੍ਹ ਵਿਚ 260,000 ਡਾਲਰ ਦੇ ਬਾਂਡ ਦੇ ਨਾਲ ਹਿਰਾਸਤ ਵਿੱਚ ਰੱਖਿਆ ਗਿਆ ਹੈ। ਗਲੇਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੂਪਰ ਨੂੰ ਜਾਨਲੇਵਾ ਹਥਿਆਰ ਨਾਲ ਹਮਲਾ ਕਰਨ ਦੇ ਛੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।





Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh

Cell : 530-870-6600 Fax : (530) 870-1429

532, Houston St.

West Sacramento, CA 95691

Email: myfuturetruck@gmail.com

Dharminder Singh

# ਬਾਬਾ ਸਾਹਿਬ ਭਾਰਤ ਦੇ ਹੀ ਨਹੀਂ ਸਗੋਂ ਵਿਸ਼ਵ ਲਈ ਪ੍ਰੇਰਨਾ ਸ੍ਰੋਤ

## ਜੱਸੀ ਵਲੋਂ ਸਿਆਸੀ ਆਗੂਆਂ, ਅਧਿਕਾਰੀਆਂ ਨੂੰ ਯੂ.ਐਨ.ਓ. ਤੱਕ. ਕਿਤਾਬ ਭੇਂਟ







**ਬੰਗਾ–** ਭਾਰਤ ਰਤਨ ਬਾਬਾ ਸਾਹਿਬ ਡਾ: ਅੰਬੇਡਕਰ ਦਲਿਤਾਂ, ਸੋਸ਼ਿਤਾਂ ਤੇ ਬਹੁਜਨਾਂ ਦੇ ਮਸੀਹਾ ਤਾਂ ਹਨ ਪਰ ਉਹ ਭਾਰਤ ਦੇ ਅਨਮੋਲ ਰਤਨ ਅਤੇ ਵਿਸ਼ਵ ਦੇ ਪ੍ਰੇਰਨਾ ਸ੍ਰੋਤ ਹਨ ਜਿਨ੍ਹਾਂ ਦੀਆਂ ਲਿਖਤਾਂ, ਭਵਿੱਖਬਾਣੀਆਂ ਅਤੇ ਭਾਰਤੀ ਸੰਵਿਧਾਨ ਵਿੱਚ 'ਬਰਾਬਰਤਾ ਅਤੇ ਇਨਸਾਫ' ਨੂੰ ਮੁੱਖ ਨੂੰ ਤਰਜੀਹ ਦਿੱਤੀ ਗਈ ਹੈ। ਉਹ ਅਧੁਨਿਕ ਭਾਰਤ ਤੇ ਨਿਰਮਾਤਾ, ਗਿਆਨ ਦੇ ਪ੍ਰਤੀਕ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਐਸ.ਡੀ.ਐਮ. ਬੰਗਾ (ਆਈ.ਏ.ਐਸ) ਸ੍ਰੀ ਵਿਰਾਜ ਤਿੜਕੇ, ਡਾ: ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਚੌਧਰੀ ਮੋਹਣ ਲਾਲ ਸਾਬਕਾ ਵਿਧਾਇਕ, ਸਤਵੀਰ ਸਿੰਘ ਪੱਲੀ ਝਿੱਕੀ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ, ਡਾ: ਅਜੀਤ ਪਾਲ ਸਿੰਘ ਤਹਿਸੀਲਦਾਰ ਬੰਗਾ, ਡਾ: ਹਰਪ੍ਰੀਤ ਕੈਂਥ, ਪ੍ਰਵੀਨ ਬੰਗਾ ਬਸਪਾ ਆਗੂ ਪੰਜਾਬ, ਮੈਡਮ ਕਿਰਨਜੀਤ ਕੌਰ ਬੀ.ਡੀ.ਪੀ.ਓ ਬੰਗਾ, ਤੀਰਥ ਸਿੰਘ ਮੇਹਲੀਆਣਾ ਪੰਚਾਇਤ ਸੰਮਤੀ ਬੰਗਾ, ਕੁਲਜੀਤ ਸਿੰਘ ਸਰਹਾਲ ਵਾਇਸ ਚੇਅਰਮੈਨ ਪੰਚਾਇਤ ਸੰਮਤੀ ਔੜ ਨੂੰ ਸੰਤੋਖ ਸਿੰਘ ਜੱਸੀ ਦੁਆਰਾ ਲਿਖਤ 'ਯੂ.ਐਨ.ਓ.' ਤੱਕ... ਪੁਸਤਕ ਭੇਂਟ ਵਾਰਤਾ ਦੌਰਾਨ ਕਰਦਿਆਂ ਕਹੇ। ਇਹਨਾਂ ਸ਼ਖਸ਼ੀਅਤਾਂ ਨੇ ਕਿਹਾ ਕਿ ਸ੍ਰੀ ਜੱਸੀ ਨੇ ਬਾਬਾ ਸਾਹਿਬ ਦੇ ਜੀਵਨ ਦੇ ਬਹੁਤ ਸਾਰੇ ਅਣਛੂਹੇ, ਬਹੁਪੱਖਾਂ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਅਤੇ ਪੰਜਾਬ ਯਾਤਰਾਵਾਂ ਨੂੰ ਵਿਸ਼ੇਸ਼ ਤੌਰ ਤੇ ਇਸ ਨਿਵੇਕਲੀ ਤੇ ਇਤਿਹਾਸ ਵਰਗੀ ਪੁਸਤਕ 'ਚ ਵਰਣਨ ਕਰਨ ਦਾ ਯਤਨ ਕੀਤਾ ਹੈ। ਇਹ ਪੁਸਤਕ ਅੰਬੇਡਕਰੀ ਪੈਰੋਕਾਰਾਂ ਅਤੇ ਸਾਹਿਤ ਵਿੱਚ ਡੂੰਘੀ ਦਿਲਚਸਪੀ ਰੱਖਣ ਵਾਲਿਆਂ ਲਈ ਨਵੀਆਂ ਜਾਣਕਾਰੀਆਂ ਮੁਹ-ਈਆ ਕਰਵਾਉਣ ਵਾਲਾ ਇਕ ਅਹਿਮ ਦਾਸਤਾਵੇਜ ਹੈ। ਇਸ ਪੁਸਤਕ ਭੇਂਟ ਦੌਰਾਨ ਪੰਜਾਬ ਸਰਕਾਰ ਤੋਂ ਸਨਮਾਨਿਤ ਸਰਪੰਚ ਅਤੇ ਬੇਗਮਪੁਰਾ ਫਾਊਂਡੇਸ਼ਨ ਪੰਜਾਬ ਦੇ ਅਤੇ ਪੰਚਾਇਤ ਯੂਨੀਅਨ ਬੰਗਾ ਦੇ ਪ੍ਰਧਾਨ ਸ੍ਰੀ ਜੱਸੀ ਨੇ ਕਿਹਾ ਕਿ ਇਹ ਉਹਨਾਂ ਦੀ ਪਲੇਠੀ ਪੁਸਤਕ ਹੈ ਅਤੇ ਇਹ ਬਾਬਾ ਸਾਹਿਬ ਨੇ ਜੋ ਮਨੁੱਖਤਾ ਲਈ ਤੰਗੀਆਂ ਤੁਰਸ਼ੀਆਂ ਅਤੇ ਅਪਮਾਨ ਸਹਿਕੇ ਇਤਿਹਾਸਕ ਕੰਮ ਕੀਤੇ ਹਨ, ਇਹ ਉਹਨਾਂ ਨੂੰ ਇੱਕ ਸੱਚੀ ਸ਼ਰਧਾਂਜਲੀ ਹੈ। ਉਹਨਾਂ ਕਿਹਾ ਕਿ ਵਿਸ਼ਵ ਦੀ ਸਭ ਤੋਂ ਵੱਡੀ ਪੰਚਾਇਤ ਨੇ ਆਪਣੇ 2030 ਤੱਕ ਹੋਣ ਵਾਲੇ ਕੰਮਾਂ ਦੀ ਸੂਚੀ ਵਿੱਚ ਬਾਬਾ ਸਾਹਿਬ ਦੀਆਂ ਤਰਜੀਹਾਂ ਨੂੰ ਸ਼ਾਮਲ ਕੀਤਾ ਹੈ।

ਮੌਜੂਦਾ ਸਮੇਂ ਦੌਰਾਨ ਜੋ ਦਿੱਲੀ ਅਤੇ ਦੇਸ਼ ਵਿੱਚ ਕਿਸਾਨ ਅੰਦੋਲਨ ਚੱਲ ਰਿਹਾ ਹੈ ਇਹ ਬਾਬਾ ਸਾਹਿਬ ਦੇ ਲਿਖੇ ਹੋਏ ਸੰਵਿਧਾਨ ਦੀ ਬਦੌਲਤ ਹੈ ਜਿਸ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਕੋਈ ਵੀ ਨਾਗਰਿਕ ਆਪਣਾ ਰੋਸ ਪ੍ਰਦਰਸ਼ਨ ਕਰਨ ਦਾ ਹੱਕ ਰੱਖਦਾ ਹੈ ਜਿਸ ਨੂੰ ਸੁਪਰੀਮ ਕੋਰਟ ਨੇ ਵੀ ਸਵੀਕਾਰ ਕੀਤਾ ਹੈ।

ਉਹਨਾਂ ਅਖੀਰ ਵਿੱਚ ਕਿਹਾ ਕਿ ਹਰ ਅੰਬੇਡਕਰੀ, ਮਾਨਵਵਾਦੀ ਅਤੇ ਜਗਿਆਸੂ ਪੁਸਤਕ ਪ੍ਰੇਮੀਆਂ ਨੂੰ ਇਹ ਪੁਸਤਕ ਪੜ੍ਹਨ ਦੀ ਸਨਿਮਰ ਅਪੀਲ ਵੀ ਕੀਤੀ। ਇਸ ਮੌਕੇ ਉਹਨਾਂ ਨਾਲ ਸੰਜੀਵ ਕੁਮਾਰ ਐਮਾਂ ਜੱਟਾਂ, ਪ੍ਰਿੰਸੀਪਲ ਜਸਵੀਰ ਸਿੰਘ ਖਾਨ ਖਾਨਾ, ਸਤਵਿੰਦਰ ਪਾਲ ਮੱਲ, ਜਗਦੀਸ਼ ਗੁਣਾਚੌਰ, ਲਾਲੀ ਬੰਗਾ, ਅਮੋਲਕ ਚੱਕ ਕਲਾਲਵੀ, ਰਮੇਸ਼ ਅਟਾਰੀ, ਧਰਮਵੀਰ ਲਧਾਣਾ ਉੱਚਾ, ਜਤਿੰਦਰ ਕੁਮਾਰ ਖਮਾਚੋਂ, ਗਾਇਕ ਧਰਮਿੰਦਰ ਮਸਾਣੀ, ਰਵੀ ਬੀਸਲਾ, ਰਮਨ ਜੱਸੀ ਆਦਿ ਹਾਜਰ ਸਨ।







ਕੇਂਦਰ ਦੀ ਸਰਕਾਰ ਨੂੰ, ਹਾਲ ਹੀ ਵਿੱਚ ਲਾਗੂ ਕੀਤੇ ਤਿੰਨ ਨਵੇਂ ਖੇਤੀ ਕਾਨੂੰਨਾਂ ਨੂੰ ਲੈਕੇ ਅੰਦੋਲਨ ਕਰ ਰਹੇ ਕਿਸਾਨਾਂ ਨਾਲ ਹਠਧਰਮੀ ਵਾਲਾ ਨਹੀਂ, ਬਲਕਿ ਕਿਸਾਨਾਂ ਨਾਲ ਹਮਦਰਦੀ ਵਾਲਾ ਵਿਵਹਾਰ ਬਣਾਕੇ ਉਹਨਾਂ ਦੀਆਂ ਮੰਗਾਂ ਨੂੰ ਸਵੀਕਾਰ ਕਰਕੇ, ਇਹਨਾਂ ਤਿੰਨਾ ਖੇਤੀ ਕਾਨੂੰਨਾਂ ਨੂੰ ਤਤਕਾਲ ਵਾਪਸ ਲੈਣਾ ਚਾਹੀਦਾ ਹੈ, ਇਹ ਬਸਪਾ ਦੀ ਮੰਗ ਹੈ।

– ਕੁਮਾਰੀ ਮਾਇਆਵਤੀ

ਰਾਸ਼ਟਰੀ ਪ੍ਰਧਾਨ ਬਹੁਜਨ ਸਮਾਜ ਪਾਰਟੀ, ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼, ਸਾਬਕਾ ਸਾਂਸਦ



ਇਕ ਵਾਰ ਫਿਰ ਸਾਲ 2020 ਵਿਚ ਕੇ. ਜੀ. ਐਮ. ਯੂ. ਵਿਚ ਇਤਿਹਾਸ ਬਣਾਉਣ ਵਾਲੇ ਬਹੁਜਨ ਡਾਕਟਰ ਨਿਤਿਨ ਭਾਰਤੀ ਨੇ ਐਮ. ਬੀ. ਬੀ. ਐਸ. ਪ੍ਰੀਖਿਆ ਵਿਚ ਸਾਰੇ ਵਿਸ਼ਿਆਂ ਵਿਚ ਸਰਵੋਤਮ ਅੰਕ ਪ੍ਰਾਪਤ ਕਰਕੇ ਕੇ. ਜੀ. ਐਮ. ਯੂ. ਹੀਵਡ ਗੋਲਡ, ਚਾਂਸਲਰ ਮੈਡਲ ਅਤੇ 17 ਗੋਲਡ ਮੈਡਲ ਪ੍ਰਾਪਤ ਕਰਕੇ ਸਾਰੇ ਬਹੁਜਨ ਸਕਾਲਰਾਂ ਨੂੰ ਮਾਣਮੱਤਾ ਕੀਤਾ ਹੈ।

ਜੈ ਭੀਮ, ਜੈ ਭਾਰਤ




NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928



'ਦੇਸ਼ ਦੁਆਬਾ'

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ। ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ। ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com

# ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਵਿਖੇ ਚੱਲ ਰਹੇ ਉਸਾਰੀ ਕਾਰਜਾਂ ਵਿੱਚ ਕੈਲੇ ਪ੍ਰੀਵਾਰ ਨੇ ਪਾਇਆ ਵੱਡਮੁੱਲਾ ਯੋਗਦਾਨ

**ਫਗਵਾੜਾ (ਬੀ.ਕੇ.ਰੱਤੂ)–** ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਇਤਿਹਾਸਿਕ ਅਸਥਾਨ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਜੀ. ਟੀ. ਰੋਡ ਚੱਕ ਹਕੀਮ ਵਿਖੇ ਵੱਡੇ ਪੱਧਰ ਤੇ ਚੱਲ ਰਹੇ ਉਸਾਰੀ ਕਾਰਜਾਂ ਲਈ ਫਗਵਾੜਾ ਸ਼ਹਿਰ ਦੇ ਸਮਾਜ ਸੇਵੀ ਕੈਲੇ ਪ੍ਰੀਵਾਰ ਨੇ ਆਪਣੇ ਪ੍ਰੀਵਾਰ ਦੇ ਬੁਜਰਗ ਸਵ. ਸ਼੍ਰੀ ਗੁਰਨਾਮ ਦਾਸ ਕੈਲੇ,ਸਵ. ਸ਼੍ਰੀਮਤੀ ਪਿਆਰੀ ਕੈਲੇ ਦੀ ਨਿੱਘੀ ਯਾਦ ਵਿੱਚ 72250 ਰੁਪਏ ਦੇ ਕੇ ਆਹਿਮ ਯੋਗਦਾਨ ਪਾਇਆ। ਇਸ ਮੌਕੇ ਪ੍ਰਬੰਧਕ ਕਮੇਟੀ ਨੇ ਸੋਮ ਨਾਥ ਕੈਲੇ, ਜਗਨ ਨਾਥ ਕੈਲੇ, ਚਮਨ ਲਾਲ ਕੈਲੇ, ਅਮਰ ਕੈਲੇ ਯੂ ਐਸ ਏ, ਰਾਜੇਸ਼ ਕੈਲੇ ਯੂ ਐਸ ਏ, ਜਗਦੀਸ਼ ਕੈਲੇ ਯੂ ਐਸ ਏ ਆਦਿ ਸਮੂਹ ਕੈਲੇ ਪ੍ਰੀਵਾਰ ਦਾ ਧੰਨਵਾਦ ਕੀਤਾ ਅਤੇ ਅਤੇ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਤੇ ਪ੍ਰੀਵਾਰਕ ਮੈਂਬਰਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ



ਸਨਮਾਨਿਤ ਕੀਤਾ ਗਿਆ। ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਦੱਸਿਆ ਕਿ ਪਿਛਲੇ ਦਿਨੀਂ ਮੰਦਿਰ ਵਿਖੇ ਉਸਾਰੀ ਜਾ ਰਹੀ ਵਿਸ਼ਾਲ ਦਰਸ਼ਨੀ ਡਿਓੜੀ ਤੇ ਉਸਾਰੀ ਅਧੀਨ ਵਿਸ਼ਾਲ ਦੀਵਾਨ ਹਾਲ ਦੇ ਸਾਂਝੇ ਵਰਾਂਡੇ ਦਾ ਲੈਂਟਰ ਪਾਇਆ ਗਿਆ। ਇੰਨਾ ਕਾਰਜਾਂ ਲਈ ਸਹਿਯੋਗ ਦੇਣ ਵਾਲੇ ਦਾਨੀ ਸੱਜਣਾਂ ਦੇ ਨਾਲ 108 ਸੰਤ ਦੇਸ ਰਾਜ ਜੀ ਡੇਰਾ 108 ਸੰਤ ਬਾਬਾ ਗੋਬਿੰਦ ਦਾਸ ਜੀ ਗੋਬਿੰਦਪੁਰਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਐਡਵੋਕੇਟ ਸ਼ਰਧਾ ਰਾਮ ਪ੍ਰਧਾਨ, ਜਗਨ ਨਾਥ ਕੈਲੇ ਖਜਾਨਚੀ, ਸੀਟੂ ਬਾਈ ਪ੍ਰਚਾਰ ਸਕੱਤਰ, ਗੁਰਦਿਆਲ ਸੋਢੀ, ਯਸ਼ ਬਰਨਾ ਤੇ ਮਕਬੂਲ ਮੈਂਬਰਾਂ ਤੋਂ ਇਲਾਵਾ ਸੋਮ ਨਾਥ ਕੈਲੇ, ਗਿਆਨੀ ਜਸਵੀਰ ਸਿੰਘ ਜੱਸਲ ਅਤੇ ਠੇਕੇਦਾਰ ਬਲਵੀਰ ਆਬਾਦੀ ਆਦਿ ਹਾਜ਼ਰ ਸਨ।

# ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਯਾਦ ਵਿੱਚ ਪੰਜਾਬ ਦੇ ਵੱਖ ਵੱਖ ਸਥਾਨਾਂ ਤੇ ਦੁੱਧ ਦੇ ਲੰਗਰ ਲਗਾਏ ਜਾਣਗੇ : ਰਾਜੇਸ਼ ਬਾਘਾ












**ਸ਼੍ਰੀ ਫਤਿਹਗੜ੍ਹ ਸਾਹਿਬ (ਤਰਸੇਮ ਜਲੰਧਰੀ)--** ਅੱਜ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਅਤੇ ਚਾਰ ਸਾਹਿਬਜਾਦਿਆਂ ਦੀ ਸ਼ਹੀਦੀ ਦੀ ਯਾਦ ਨੂੰ ਸਮਰਪਿਤ ਫਤਿਹਗੜ੍ਹ ਸਾਹਿਬ ਮੱਥਾ ਟੇਕਿਆ ਅਤੇ ਸਾਰੇ ਸਾਥੀਆਂ ਨੇ ਪ੍ਰਣ ਕੀਤਾ ਕਿ ਬਾਬਾ ਮੋਤੀ ਰਾਮ ਮੈਹਰਾ ਜੀ ਦੀ ਯਾਦ ਵਿੱਚ ਪੰਜਾਬ ਦੇ ਵੱਖ ਵੱਖ ਸਥਾਨਾਂ ਤੇ ਦੁੱਧ ਦੇ ਲੰਗਰ ਲਗਾਏ ਜਾਣਗੇ। ਇਸ ਮੀਟਿੰਗ ਵਿੱਚ ਸ਼੍ਰੀ ਮਹੰਤ ਪ੍ਰਸ਼ੋਤਮ ਦਾਸ ਜੀ ਗੱਦੀ ਨਸ਼ੀਨ ਦੇਹਰਾ ਸ਼੍ਰੀ ਗੁਰੂ ਰਵਿਦਾਸ ਮੰਦਿਰ ਚੱਕ ਹਕੀਮ ਫਗਵਾੜਾ, ਸ਼੍ਰੀ ਰਾਜੇਸ਼ ਬਾਘਾ ਜੀ ਸੂਬਾ ਵਾਇਸ ਪ੍ਰਧਾਨ ਭਾਜਪਾ ਪੰਜਾਬ, ਇੰਚਾਰਜ ਭਾਜਪਾ ਐਸ ਸੀ ਮੋਰਚਾ ਪੰਜਾਬ ਤੇ ਸਾਬਕਾ ਚੇਅਰਮੈਨ ਅਨੁਸੂਚਿਤ ਜਾਤੀ ਕਮਿਸ਼ਨ ਪੰਜਾਬ, ਸ਼੍ਰੀ ਰਾਜਕੁਮਾਰ ਅਟਵਾਲ ਜੀ ਸੂਬਾ ਪ੍ਰਧਾਨ ਐਸ ਸੀ ਮੋਰਚਾ ਪੰਜਾਬ, ਸ. ਪਰਮਜੀਤ ਸਿੰਘ ਕੈਂਥ ਜੀ ਪ੍ਰਧਾਨ ਨੈਸ਼ਨਲ ਸਡਿਊਲਡ ਕਾਸਟ ਅਲਾਇਸ ਪੰਜਾਬ, ਸ਼੍ਰੀ ਭੁਪਿੰਦਰ ਕੁਮਾਰ ਜੀ, ਸ. ਜਤਿੰਦਰ ਪਾਲ ਸਿੰਘ ਗੋਲੂ ਜੀ, ਸ. ਸੰਤੋਖ ਸਿੰਘ ਗੁੰਮਟਾਲਾ ਜੀ, ਸ. ਸਤਿੰਦਰ ਸਿੰਘ ਰਾਜਾ ਜੀ। ,ਐਡਵੋਕੇਟ ਦਿਲਬਾਗ ਬਾਗੀ ਜੀ, ਸ. ਰਾਂਝਾ ਸਿੰਘ ਬਖਸ਼ੀ ਜੀ, ਸ਼੍ਰੀ ਇਕਬਾਲ ਮਹੇ ਜੀ, ਸ਼੍ਰੀਮਤੀ ਨਿਧੀ ਤਿਵਾੜੀ ਜੀ, ਸ. ਬਾਗਾ ਸਿੰਘ ਜੀ, ਡਾ.ਸਮਸ਼ੇਰ ਸਿੰਘ ਬੱਧਣ ਜੀ,ਸ਼੍ਰੀ ਰੋਸ਼ਨ ਲਾਲ ਜੀ, ਸ਼੍ਰੀ ਬਿੱਲਾ ਜੀ, ਸ਼੍ਰੀ ਆਲੋਕ ਕੁਮਾਰ ਜੀ, ਸ਼੍ਰੀ ਪਰਦੀਪ ਗਰਗ ਜੀ, ਸ਼੍ਰੀ ਐਸ ਐਨ ਸ਼ਰਮਾ ਜੀ, ਸ. ਸੁਖਵਿੰਦਰ ਸਿੰਘ ਸੁੱਖੀ ਜੀ, ਸ਼੍ਰੀ ਰਕੇਸ਼ ਕੁਮਾਰ ਜੀ, ਸ਼੍ਰੀ ਰਾਜੀਵ ਕੁਮਾਰ ਜੀ, ਸ. ਬਲਦੇਵ ਸਿੰਘ ਚੌਰਵਾਲਾ ਜੀ, ਸ਼੍ਰੀ ਨਰੇਸ਼ ਸ਼ਰੀਨ ਜੀ, ਸ਼੍ਰੀ ਅੰਕੁਰ ਸ਼ਰਮਾਂ ਜੀ, ਇਨ੍ਹਾਂ ਤੋਂ ਇਲਾਵਾ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਅਤੇ ਸਮਾਜਿਕ ਸੰਸਥਾਵਾਂ ਦੇ ਨੇਤਾਵਾਂ ਨੇ ਹਿੱਸਾ ਲਿਆ।

# ਸ਼ਹੀਦਾਂ ਦੀ ਯਾਦ ਵਿਚ ਲੰਗਰ ਲਗਾਇਆ



**ਜਲੰਧਰ (ਤਰਸੇਮ ਜਲੰਧਰੀ)–** ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਅਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਯਾਦ ਕਰਦੇ ਹੋਏ ਜਲੰਧਰ ਤੋਂ ਹੁਸ਼ਿਆਰਪੁਰ ਰੋਡ ਤੇ ਪਿੰਡ ਭੋਜੇਵਾਲ ਵਿਖੇ ਦੁੱਧ ਦਾ ਲੰਗਰ ਲਗਾਇਆ ਗਿਆ ਅਤੇ ਲੋਕਾਂ ਨੂੰ ਬਾਬਾ ਮੋਤੀ ਰਾਮ ਮਹਿਰਾ ਦੀ ਮਹਾਨ ਸ਼ਹਾਦਤ ਬਾਰੇ ਜਾਣਕਾਰੀ ਦਿੱਤੀ ਕਿ ਉਹਨਾਂ ਨੇ ਦੇਸ਼ ਅਤੇ ਧਰਮ ਵਾਸਤੇ ਕੁਰਬਾਨੀ ਦਿੱਤੀ, ਸਾਨੂੰ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹਨਾਂ ਸ਼ਹੀਦੀਆਂ ਬਾਰੇ ਜਾਗਰੂਕ ਕਰਨ ਦੀ ਲੋੜ ਹੈ। ਅੰਤ ਵਚ ਇਸ ਪ੍ਰੋਗਰਾਮ ਵਿਚ ਭਾਜਪਾ ਦੇ ਪ੍ਰਦੇਸ਼ ਉਪ ਪ੍ਰਧਾਨ ਸ਼੍ਰੀ ਰਾਜੇਸ਼ ਬਾਘਾ, ਭੁਪਿੰਦਰ ਸਿੰਘ ਸਲੇਮਪੁ, ਕ੍ਰਿਸ਼ਨ ਲਾਲ, ਅਰੁਣ ਸ਼ਰਮਾ, ਸੰਦੀਪ ਕੁਮਾਰ, ਬਲਵਿੰਦਰ ਕੁਮਾਰ, ਨਰਿੰਦਰ ਸਿੰਘ ਜੰਡੂਸਿੰਘਾ ਆਦਿ ਹਾਜ਼ਰ ਹੋਏ

# ਐਸ.ਸੀ.ਬੀ.ਸੀ. ਇੰਪਲਾਈਜ ਵੈਲਫੇਅਰ ਫੈਡਰੇਸ਼ਨ ਕਪੂਰਥਲਾ ਨੇ ਮਿਡ ਡੇ ਮੀਲ ਵਰਕਰਾਂ ਨੂੰ ਕੀਤੀ ਕੰਬਲਾਂ ਦੀ ਵੰਡ




**ਫਗਵਾੜਾ (ਬੀ.ਕੇ.ਰੱਤੂ)–** ਗਜਟਿਡ ਅਤੇ ਨਾਨ ਗਜਟਿਡ ਐਸ.ਸੀ.ਬੀ.ਸੀ. ਇੰਪਲਾਈਜ ਵੈਲਫੇਅਰ ਫੈਡਰੇਸ਼ਨ ਕਪੂਰਥਲਾ ਇਕਾਈ ਵਲੋਂ ਸਰਕਾਰੀ ਸਕੂਲਾਂ ਵਿਚ ਕੰਮ ਕਰ ਰਹੇ ਮਿਡ ਡੇ ਮੀਲ ਵਰਕਰਾਂ ਨੂੰ ਸਰਦੀ ਤੋਂ ਬਚਾਅ ਲਈ ਕੰਬਲਾਂ ਦੀ ਵੰਡ ਕਰਨ ਦਾ ਸ਼ਲਾਘਾਯੋਗ ਉਪਰਾਲਾ ਕੀਤਾ ਹੈ।

ਜਥੇਬੰਦੀ ਦੇ ਜਿਲ੍ਹਾ ਪ੍ਰਧਾਨ ਸਤਵੰਤ ਟੂਰਾ ਨੇ ਦੱਸਿਆ ਕਿ ਪੰਜਾਹ ਲੋੜਵੰਦ ਮੁਲਾਜਮਾ ਨੂੰ ਕੰਬਲ ਭੇਂਟ ਕੀਤੇ ਗਏ ਹਨ ਜਿਸ ਵਿਚ ਜਿਲ੍ਹਾ ਚੇਅਰਮੈਨ ਹਰਮੇਸ਼ ਘੇੜਾ ਦਾ ਵੀ ਵਢਮੁੱਲਾ ਯੋਗਦਾਨ ਪ੍ਰਾਪਤ ਹੋਇਆ ਹੈ। ਇਸ ਕੰਬਲ ਵੰਡ ਸਮਾਗਮ ਵਿਚ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੇ ਸਪੁੱਤਰ ਕਮਲ ਧਾਲੀਵਾਲ ਅਤੇ ਬਲਾਕ ਸੰਮਤੀ ਫਗਵਾੜਾ ਦੇ ਚੇਅਰਮੈਨ ਗੁਰਦਿਆਲ ਸਿੰਘ ਭੁੱਲਾਰਾਈ ਵਿਸ਼ੇਸ਼ ਤੌਰ ਤੇ ਪੁੱਜੇ ਅਤੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਸਤਵੰਤ ਟੂਰਾ ਨੇ ਮਿਡ ਡੇ ਮੀਲ ਵਰਕਰਾਂ ਦੀਆਂ ਜਾਇਜ ਮੰਗਾਂ ਨੂੰ ਜਲਦੀ ਪੂਰਾ ਕਰਨ ਦੀ ਪੰਜਾਬ ਸਰਕਾਰ ਤੋਂ ਪੁਰਜੋਰ ਅਪੀਲ ਵੀ ਕੀਤੀ।

ਇਸ ਮੌਕੇ ਮਨਜੀਤ ਗਾਟ, ਗਿਆਨ ਚੰਦ ਵਾਹਦ, ਲਖਬੀਰ ਚੰਦ, ਨਵਤੇਜ ਸਿੰਘ, ਅਸ਼ੋਕ ਕੁਮਾਰ, ਕੁਲਵਿੰਦਰ ਕੌਰ ਸੀ.ਐਚ.ਟੀ, ਮੈਡਮ ਅਨੁਪਮ ਕੰਵਲ, ਜੋਤੀ, ਦੀਸ਼ ਕੁਮਾਰ, ਤੀਰਥ ਸਿੰਘ, ਪ੍ਰਿੰਸੀਪਲ ਜਸਵਿੰਦਰ ਸਿੰਘ, ਪ੍ਰਿੰਸੀਪਲ ਧਰਮਪਾਲ, ਸਤਨਾਮ ਗਿਲ, ਜੋਗਿੰਦਰ ਪਾਲ, ਰਾਮਪਾਲ, ਪਰਵੀਨ ਕੌਰ, ਮਨਜੀਤ, ਸੁਮਨ, ਸੁਰਿੰਦਰ ਕੌਰ, ਰਾਜਵਿੰਦਰ ਕੌਰ ਆਦਿ ਹਾਜਰ ਸਨ।

# ਜੋਅ ਬਾਈਡੇਨ ਅਤੇ ਉਪ ਰਾਸ਼ਟਰਪਤੀ ਮਾਈਕ ਪੈਂਸ ਨੂੰ ਕੋਰੋਨਾ ਵਾਇਰਸ ਟੀਕਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਅਮਰੀਕਾ ਵਿੱਚ ਕੋਰੋਨਾਂ ਵਾਇਰਸ ਟੀਕਾਕਰਨ ਸ਼ੁਰੂ ਹੋ ਚੁੱਕਾ ਹੈ ਅਤੇ ਇਸ ਦੌਰਾਨ ਦੇਸ਼ ਵਾਸੀਆਂ ਨੂੰ ਕੋਰੋਨਾਂ ਵਾਇਰਸ ਟੀਕਾ ਲਗਵਾਉਣ ਲਈ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਉਪ ਰਾਸ਼ਟਰਪਤੀ ਮਾਈਕ ਪੇਂਸ ਸ਼ੁੱਕਰਵਾਰ ਨੂੰ ਕੋਵਿਡ -19 ਵਾਇਰਸ ਦਾ ਟੀਕਾ ਲਵਾਉਣ ਦੀ ਤਿਆਰੀ ਵਿੱਚ ਹਨ, ਜਦੋਂਕਿ ਰਾਸ਼ਟਰਪਤੀ ਚੁਣੇ ਗਏ ਜੋਅ ਬਾਈਡੇਨ ਨੂੰ ਅਗਲੇ ਹਫਤੇ ਇਹ ਟੀਕਾ ਲਗਾਇਆ ਜਾ ਸਕਦਾ ਹੈ। ਪੈਂਸ ਦੇ ਦਫਤਰ ਅਨੁਸਾਰ ਉਪ ਰਾਸ਼ਟਰਪਤੀ ਅਤੇ ਉਹਨਾਂ ਦੀ ਪਤਨੀ ਕੈਰਨ ਪੈਂਸ ਵ੍ਹਾਈਟ ਹਾਊਸ ਵਿੱਚ ਟੀਕਾ ਲਵ-ਾਉਣਗੇ, ਇਸਦੇ ਨਾਲ ਹੀ ਪੈਂਸ ਦੇ ਦਫਤਰ ਨੇ ਕਿਹਾ ਕਿ ਉਹ ਟੀਕੇ ਦੀ ਸੁਰੱਖਿਆ ਅਤੇ ਕਾਰਜਕੁਸ਼ਲਤਾ ਨੂੰ ਉਤਸ਼ਾਹਿਤ ਕਰਨ ਅਤੇ ਅਮਰੀਕੀ ਲੋਕਾਂ ਵਿੱਚ ਵਿਸ਼ਵਾਸ ਵਧਾਉਣ ਲਈ ਟੀਕੇ ਦੀ ਖੁਰਾਕ ਨੂੰ ਜਨਤਕ ਤੌਰ 'ਤੇ ਲੈਣਗੇ। ਇਸ ਤੋਂ ਇਲਾਵਾ ਪੈਂਸ ਦੇ ਸਰਜਨ ਜਨਰਲ ਜੇਰੋਮ ਐਡਮਜ਼



ਵੀ ਇਸ ਮੌਕੇ ਟੀਕਾ ਪ੍ਰਾਪਤ ਕਰਨਗੇ। ਰਾਸ਼ਟਰਪਤੀ ਚੁਣੇ ਗਏ ਜੋਅ ਬਾਈਡੇਨ ਦੇ ਟੀਕਾਕਰਨ ਸੰਬੰਧੀ ਉਹਨਾਂ ਦੀ ਟੀਮ ਦੇ ਬੁਲਾਰੇ ਅਨੁਸਾਰ ਉਹਨਾਂ ਨੂੰ ਅਗਲੇ ਹਫਤੇ ਦੇ ਸ਼ੁਰੂ ਵਿੱਚ ਟੀਕਾ ਲਗਾਇਆ ਜਾ ਸਕਦਾ ਹੈ। ਬਾਈਡੇਨ, ਕੋਰੋਨਾਂ ਟੀਕੇ ਨੂੰ ਜਨਤਕ ਤੌਰ 'ਤੇ ਲੈਣ ਦਾ ਐਲਾਨ ਕਰ ਚੁੱਕੇ ਹਨ ਅਤੇ ਉਹਨਾਂ ਨੇ ਬੁੱਧਵਾਰ ਨੂੰ ਟੀਕੇ ਸੰਬੰਧੀ ਬਿਆਨ ਵਿੱਚ ਕਿਹਾ ਕਿ ਉਹ ਟੀਕਾ ਪ੍ਰਾਪਤ ਕਰਨ ਲਈ ਤਰਜੀਹ ਵਾਲੇ ਕਾਮਿਆਂ ਨੂੰ ਅੱਗੋਂ ਨਹੀਂ ਕਟਣਾ ਚਾਹੁੰਦੇ ਹਨ। ਜਦਕਿ ਟੀਕਾਕਰਨ ਲਈ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਸੇ ਯੋਜਨਾ ਦਾ ਫਿਲਹਾਲ ਐਲਾਨ ਨਹੀਂ ਕੀਤਾ ਹੈ। ਅਮਰੀਕੀ ਰਾਜਨੀਤੀ ਦੇ ਇਹਨਾਂ ਮਹਾਂਰਥੀਆਂ ਤੋਂ ਇਲਾਵਾ ਤਿੰਨ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ, ਜਾਰਜ ਡਬਲਯੂ ਬੁਸ਼ ਅਤੇ ਬਿਲ ਕਲਿੰਟਨ ਨੇ ਵੀ ਕਿਹਾ ਹੈ ਕਿ ਉਹ ਇਲਾਜ ਨੂੰ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਸਾਬਤ ਕਰਨ ਲਈ ਜਨਤਕ ਤੌਰ 'ਤੇ ਕੋਰੋਨਾਂ ਵਾਇਰਸ ਟੀਕਾ ਲਗਵਾਉਣ ਲਈ ਤਿਆਰ ਹਨ।

# ਕੈਂਸਾਸ ਦੀ ਮੇਅਰ ਨੇ ਮਾਸਕ ਦਾ ਸਮਰਥਨ ਕਰਨ 'ਤੇ ਮਿਲੀਆਂ ਧਮਕੀਆਂ ਤੋਂ ਬਾਅਦ ਅਸਤੀਫਾ ਦੇ ਦਿੱਤਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਪੱਛਮੀ ਕੰਸਾਸ ਵਿੱਚ ਇੱਕ ਰਿਪਬਲਿਕਨ ਮੇਅਰ ਨੇ ਮੰਗਲਵਾਰ ਨੂੰ ਸ਼ਹਿਰ ਦੇ ਅਧਿਕਾਰੀਆਂ ਨੂੰ ਇੱਕ ਪੱਤਰ ਅਤੇ ਸੋਸ਼ਲ ਮੀਡੀਆ 'ਤੇ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਬਾਰੇ ਜਾਣਕਾਰੀ ਦਿੱਤੀ।

ਮੇਅਰ ਦੀ ਇਸ ਕਾਰਵਾਈ ਦਾ ਕਾਰਨ ਉਸ ਦੁਆਰਾ ਜਨਤਕ ਤੌਰ 'ਤੇ ਵਾਇਰਸ ਤੋਂ ਬਚਾਅ ਲਈ ਮਾਸਕ ਪਹਿਨਣ ਦੀ ਜਰੂਰਤ ਦਾ ਸਮਰਥਨ ਕਰਨ ਤੋਂ ਬਾਅਦ ਮਿਲੀਆਂ ਧਮਕੀਆਂ ਹਨ। ਡੌਜ ਸਿਟੀ ਦੀ ਮੇਅਰ ਜੋਇਸ ਵਾਰਸ਼ਾ ਦੁਆਰਾ ਸ਼ੁੱਕਰਵਾਰ ਨੂੰ ਚਿਹਰੇ ਨੂੰ ਮਾਸਕ ਨਾਲ ਢਕਣ ਦੀ ਜਰੂਰਤ ਬਾਰੇ ਇੱਕ ਲੇਖ ਵਿੱਚ ਹਵਾਲੇ ਦਿੱਤੇ ਜਾਣ ਤੋਂ ਬਾਅਦ, ਉਸਨੂੰ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਹੋਣ ਦੇ ਨਾਲ ਈਮੇਲ ਅਤੇ ਫੋਨ ਰਾਹੀਂ ਧਮਕੀਆਂ ਦਾ ਸਾਹਮਣਾ ਕਰਨਾ ਪਿਆ, ਜਿਸ ਕਾਰਨ



ਮੇਅਰ ਆਪਣੀ ਸੁਰੱਖਿਆ ਨੂੰ ਲੈ ਕੇ ਚਿੰਤਤ ਸੀ। ਇਸ ਸ਼ਹਿਰ ਦੇ ਕਮਿਸ਼ਨ ਨੇ 16 ਨਵੰਬਰ ਨੂੰ ਮਾਸਕ ਜਰੂਰੀ ਕਰਨ ਲਈ 4-1 ਦੇ ਫਰਕ ਨਾਲ ਵੋਟਾਂ ਪਾਈਆਂ ਸਨ। ਪਰ ਇਸ ਸੰਬੰਧੀ ਵਾਰਸ਼ਾ ਨੇ ਮੰਗਲਵਾਰ ਨੂੰ ਕਿਹਾ ਕਿ ਮਾਸਕ ਦੀ ਜਰੂਰਤ ਤੋਂ ਨਾਰਾਜ਼ ਕਮਿਊਨਿਟੀ ਦੇ ਲੋਕਾਂ ਕੋਲੋਂ ਮਿਲੀਆਂ ਧਮਕੀਆਂ ਨੇ ਉਸਨੂੰ ਅਹੁਦਾ ਛੱਡਣ ਲਈ ਮਜਬੂਰ ਕੀਤਾ ਹੈ।

ਮੇਅਰ ਅਨੁਸਾਰ ਉਸਨੂੰ ਆਪਣੇ ਕੀਤੇ ਗਏ ਕਿਸੇ ਵੀ ਕੰਮ ਜਾਂ ਫੈਸਲਿਆਂ ਬਾਰੇ ਕੋਈ ਪਛਤਾਵਾ ਨਹੀਂ ਹੈ । ਇਸ ਮਾਮਲੇ ਵਿੱਚ ਕੁਝ ਧਮਕੀਆਂ ਦੇਣ ਵਾਲੀਆਂ ਈਮੇਲਾਂ ਪੁਲਿਸ ਨੂੰ ਦੇ ਦਿੱਤੀਆਂ ਗਈਆਂ ਹਨ, ਪਰ ਧਮਕੀਆਂ ਦੇ ਖਾਸ ਵੇਰਵੇ ਪ੍ਰਦਾਨ ਨਹੀਂ ਕੀਤੇ ਗਏ ਹਨ। ਮੇਅਰ ਨੂੰ ਮਿਲੀਆਂ ਧਮਕੀਆਂ ਦੇ ਮਾਮਲੇ ਵਿੱਚ ਡੋਜ ਸਿਟੀ ਥਾਣਾ ਦੇ ਮੁਖੀ ਡਰਿਊ ਫ੍ਰਾਂਸਿਸ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਵਿਭਾਗ ਦੁਆਰਾ ਕਾਰਵਾਈ ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਸੰਚਾਰ ਸਾਧਨਾਂ ਦੀ ਘੋਖ ਕੀਤੀ ਜਾ ਰਹੀ ਹੈ।

# ਕੈਲੀਫੋਰਨੀਆ ਪ੍ਰਸ਼ਾਸਨ ਕਰ ਰਿਹਾ ਹੈ ਕੋਰੋਨਾਂ ਮੌਤਾਂ ਨਾਲ ਨਜਿੱਠਣ ਦੀ ਤਿਆਰੀ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਅਮਰੀਕੀ ਸੂਬੇ ਕੈਲੀਫੋਰਨੀਆਂ ਵਿੱਚ ਕੋਰੋਨਾਂ ਵਾਇਰਸ ਨੇ ਬਹੁਤ ਵੱਡੇ ਪੱਧਰ 'ਤੇ ਆਪਣਾ ਪ੍ਰਕੋਪ ਢਾਹਿਆ ਹੈ। ਸੂਬੇ ਵਿੱਚ ਵਾਇਰਸ ਦੀ ਲਾਗ ਦੇ ਮਾਮਲਿਆਂ ਨਾਲ ਮੌਤਾਂ ਵਿੱਚ ਵੀ ਲਗਾਤਾਰ ਵਾਧਾ ਜਾਰੀ ਹੈ। ਮੌਤਾਂ ਵਿੱਚ ਹੋ ਰਹੇ ਵਾਧੇ ਦੇ ਮੱਦੇਨਜ਼ਰ ਗਵਰਨਰ ਗੈਵਿਨ ਨਿਊਸਮ ਅਨੁਸਾਰ ਕੈਲੀਫੋਰਨੀਆਂ ਨੇ ਮੰਗਲਵਾਰ ਨੂੰ ਮ੍ਰਿਤਕਾਂ ਨੂੰ ਸੰਭਾਲਣ ਲਈ 5 ਹਜ਼ਾਰ ਬਾਡੀ ਬੈਗ ਆਰਡਰ ਕਰਨ ਦੇ ਨਾਲ ਰਾਜ ਦੇ ਮਾਸ ਫੈਟੀਲਿਟੀ ਪ੍ਰੋਗਰਾਮ ਨੂੰ ਵੀ ਚਾਲੂ ਕੀਤਾ ਹੈ। ਵਾਇਰਸ ਦੇ ਸੰਬੰਧ ਵਿੱਚ ਰਾਜ ਦੇ ਸਿਹਤ ਵਿਭਾਗ ਦੁਆਰਾ ਜਾਰੀ ਅੰਕੜਿਆਂ ਅਨੁਸਾਰ ਪਿਛਲੇ ਹਫ਼ਤੇ ਕੈਲੀਫੋਰਨੀਆਂ ਵਿੱਚ ਇੱਕ ਹਜ਼ਾਰ ਤੋਂ ਵੱਧ ਅਤੇ ਮੰਗਲਵਾਰ ਨੂੰ 142 ਲੋਕਾਂ ਦੀ ਮੌਤ ਕੋਵਿਡ -19 ਦੀ ਵਜ੍ਹਾ ਹੋਈ ਹੈ ਅਤੇ ਅਗਲੇ ਦੋ ਹਫ਼ਤਿਆਂ ਵਿੱਚ ਹੋਰ ਮੌਤਾਂ ਹੋਣ ਦੀ



ਸੰਭਾਵਨਾ ਹੈ ਕਿਉਂਕਿ ਪ੍ਰਾਂਤ ਵਿੱਚ ਲਾਗ ਦੇ ਕੇਸਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ। ਇਸ ਦੌਰਾਨ ਸੋਮਵਾਰ ਨੂੰ 30,000 ਤੋਂ ਵੱਧ ਲੋਕਾਂ ਨੇ ਵਾਇਰਸ ਦਾ ਸਕਾਰਾਤਮਕ ਟੈਸਟ ਵੀ ਕੀਤਾ ਹੈ। ਇਹ ਮ੍ਰਿਤਕ ਸ਼ਰੀਰ ਨੂੰ ਸੰਭਾਲਣ ਵਾਲੇ ਬੈਗ ਸੂਬੇ ਦੀਆਂ ਤਿੰਨ ਕਾਊਂਟੀਜ਼ ਲਾਸ ਏਂਜਲਸ ,ਸੈਨ ਡਿਏਗੋ ਅਤੇ ਇਨਯੋ ਵਿੱਚ ਮੌਤਾਂ ਦੀ ਸਥਿਤੀ ਨਾਲ ਨਜਿੱਠਣ ਲਈ ਆਰਡਰ ਕੀਤੇ ਗਏ ਹਨ। ਇਸਦੇ ਇਲਾਵਾ ਹਸਪਤਾਲਾਂ ਅਤੇ ਮੁਰਦਾ ਘਰਾਂ ਤੋਂ ਇਲਾਵਾ ਲਾਸ਼ਾਂ ਨੂੰ ਸਟੋਰ ਕਰਨ ਲਈ 60 ਰੈਫ੍ਰਿਜਰੇਟਿਡ ਸਟੋਰੇਜ ਟਰੱਕ ਵੀ ਸ਼ਾਮਲ ਹਨ। ਇਸਦੇ ਨਾਲ ਹੀ ਕੋਵਿਡ ਦੇ ਮਰੀਜ਼ਾਂ ਨਾਲ ਰਾਜ ਭਰ ਵਿੱਚ ਇੰਟੈਂਸਿਵ ਕੇਅਰ ਯੂਨਿਟਾਂ ਦੀ ਘਾਟ ਪੈਦਾ ਹੋ ਰਹੀ ਹੈ। ਜੌਨਸ ਹੌਪਕਿਨਜ਼ ਦੇ ਅੰਕੜਿਆਂ ਅਨੁਸਾਰ, ਕੈਲੀਫੋਰਨੀਆਂ ਜੋ ਕਿ ਦੇਸ਼ 'ਚ ਵੱਧ ਅਬਾਦੀ ਵਾਲਾ ਰਾਜ ਹੈ, ਵਿੱਚ 21,000 ਤੋਂ ਵੱਧ ਲੋਕ ਇਸ ਵਾਇਰਸ ਨਾਲ ਮਰ ਚੁੱਕੇ ਹਨ ਜਦਕਿ ਪੂਰੇ ਯੂ ਐਸ ਏ ਵਿੱਚ 300,000 ਤੋਂ ਵੱਧ ਲੋਕਾਂ ਦੀ ਮੌਤ ਕੋਵਿਡ-19 ਦਾ ਸ਼ਿਕਾਰ ਹੋਣ ਤੋਂ ਬਾਅਦ ਹੋਈ ਹੈ।

# ਮਿਨੇਸੋਟਾ ਮੁਆਫੀ ਬੋਰਡ ਨੇ ਕੀਤਾ ਕਤਲ ਦੇ ਦੋਸ਼ੀ ਵਿਅਕਤੀ ਦੀ ਸਜਾ ਵਿੱਚ ਬਦਲਾਵ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਮਿਨੇਸੋਟਾ ਦੇ ਮੁਆਫੀ ਬੋਰਡ ਨੇ ਮੰਗਲਵਾਰ ਨੂੰ ਇੱਕ ਕਾਲੇ ਆਦਮੀ ਦੀ ਉਮਰ ਕੈਦ ਦੀ ਸਜਾ ਨੂੰ ਮਾਫ ਕੀਤਾ ਹੈ ਜਿਸਨੂੰ ਕਿ 2002 ਵਿੱਚ ਇੱਕ 11 ਸਾਲਾ ਲੜਕੀ ਦੀ ਹੱਤਿਆ ਦੇ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਬੋਰਡ ਦੀ ਇਸ ਕਾਰਵਾਈ ਨਾਲ ਇਸ ਉੱਚ ਪੱਧਰੀ ਕਤਲ ਕਾਂਡ ਦਾ ਅੰਤ ਹੋਇਆ ਹੈ, ਜਿਸ ਲਈ ਇਸ ਸਾਲ ਦੇ ਸ਼ੁਰੂ ਵਿੱਚ ਵਿਰੋਧ ਪ੍ਰਦਰਸ਼ਨ ਵੀ ਕੀਤੇ ਗਏ ਸਨ। ਮਿਨੇਸੋਟਾ ਬੋਰਡ ਆਫ ਪਰਡਨਜ਼ ਨੇ ਦੋਸ਼ੀ ਵਿਅਕਤੀ ਮਯੂਨ ਬੁਰੈਲ ਦੀ ਉਮਰ ਕੈਦ ਨੂੰ 20 ਸਾਲ ਕਰ ਦੇਣ ਲਈ ਵੋਟ ਦਿੱਤੀ ਅਤੇ ਬਾਕੀ ਬਚੀ ਸਜਾ ਲਈ ਨਿਗਰਾਨੀ ਤਹਿਤ ਰਿਹਾਈ ਦਿੱਤੀ ਜਾਵੇਗੀ। ਬੁਰੈਲ ਨੂੰ ਛੇਵੀਂ ਜਮਾਤ ਦੀ ਵਿਦਿਆਰਥੀ ਟੇਸ਼ਾ ਐਡਵਰਡਸ ਦੀ ਹੱਤਿਆ ਵਿੱਚ ਸਜ਼ਾ ਸੁਣਾਉਣ ਮੌਕੇ ਉਸਦੀ ਉਮਰ 16 ਸਾਲ ਦੀ ਸੀ ਅਤੇ ਮ੍ਰਿਤਕ ਲੜਕੀ ਨੂੰ ਮਿਨੀਆਪੋਲਿਸ ਵਿੱਚ ਘਰ ਦਾ ਕੰਮ ਕਰਦੇ ਸਮੇਂ ਬਾਹਰੋਂ ਕਿਸੇ ਹੋਰ ਲਈ ਚਲਾਈ ਗੋਲੀ ਲੱਗੀ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਗੋਲੀਬਾਰੀ




ਇੱਕ ਗੈਂਗ ਵਾਰ ਦਾ ਹਿੱਸਾ ਸੀ ਜੋ ਕਿ ਐਡਵਰਡਜ਼ ਦੇ ਘਰ ਦੇ ਬਾਹਰ ਸੀ। ਬੁਰੈਲ ਨੂੰ 2003 ਵਿੱਚ ਐਡਵਰਡਸ ਦੀ ਮੌਤ ਲਈ ਪਹਿਲੀ ਵਾਰ ਦੋਸ਼ੀ ਠਹਿਰਾਇਆ ਗਿਆ ਸੀ। ਪਰ ਐਸੋਸੀਏਟਡ ਪ੍ਰੈਸ ਦੁਆਰਾ ਕੀਤੀ ਗਈ ਜਾਂਚ ਤੋਂ ਬਾਅਦ ਪੁਲਿਸ ਦੀ ਜਾਂਚ ਵਿੱਚ ਕਮੀਆਂ ਲੱਭੀਆਂ ਗਈਆਂ ਅਤੇ ਸਬੂਤਾਂ ਦੀ ਘਾਟ 'ਤੇ ਸਵਾਲ ਖੜੇ ਕੀਤੇ ਜਾਣ ਤੋਂ ਬਾਅਦ ਕੇਸ ਇੱਕ ਕੇਂਦਰ ਬਿੰਦੂ ਬਣ ਗਿਆ ਸੀ। ਏ ਪੀ ਨੇ ਜਾਂਚ ਵਿੱਚ ਪਾਇਆ ਕਿ ਇੱਥੇ ਕੋਈ ਕਤਲ ਦਾ ਹਥਿਆਰ, ਫਿੰਗਰ ਪ੍ਰਿੰਟ ਜਾਂ ਡੀ ਐਨ ਏ ਪ੍ਰਮਾਣ ਨਹੀਂ ਸਨ। ਇਸ ਕੇਸ ਦੇ ਸੰਬੰਧ ਵਿੱਚ ਬੁਰੈਲ ਦੀ ਸਜ਼ਾ ਨੂੰ ਘਟਾਉਣ ਦਾ ਫੈਸਲਾ ਰਾਜਪਾਲ ਟਿਮ ਵਾਲਜ਼ ਅਤੇ ਮਿਨੇਸੋਟਾ ਅਟਾਰਨੀ ਜਨਰਲ ਕੀਥ ਐਲੀਸਨ ਨੇ ਕੀਤਾ ਸੀ। ਬੁਰੈਲ, ਜੋ ਹੁਣ 34 ਸਾਲਾਂ ਦਾ ਹੈ, ਨੇ ਜੇਲ੍ਹ ਵਿੱਚ ਤਕਰੀਬਨ ਦੋ ਦਹਾਕੇ ਬਿਤਾਏ ਹਨ। ਪਿਛਲੇ ਹਫਤੇ, ਰਾਸ਼ਟਰੀ ਕਾਨੂੰਨੀ ਮਾਹਰਾਂ ਦੇ ਪੈਨਲ ਨੇ ਤੱਥਾਂ ਅਤੇ ਸਾਰੇ ਉਪਲੱਬਧ ਸਬੂਤਾਂ ਦੀ ਸਮੀਖਿਆ ਕਰਨ ਤੋਂ ਬਾਅਦ ਬੁਰੈਲ ਨੂੰ ਤੁਰੰਤ ਰਿਹਾਈ ਦੀ ਸਿਫਾਰਸ਼ ਕੀਤੀ।

# ਐਮਾਜ਼ਾਨ ਸੰਸਥਾਪਕ ਜੈਫ ਬੇਜੋਸ ਦੀ ਸਾਬਕਾ ਪਤਨੀ ਨੇ ਕੋਰੋਨਾ ਮਹਾਂਮਾਰੀ ਦੌਰਾਨ ਦਾਨ ਕੀਤੇ 4.2 ਬਿਲੀਅਨ ਡਾਲਰ



**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਆਨਲਾਈਨ ਸ਼ਾਪਿੰਗ ਕੰਪਨੀ ਐਮਾਜ਼ਾਨ ਦੇ ਸੀ ਈ ਓ ਜੈਫ ਬੇਜੋਸ ਦੀ ਸਾਬਕਾ ਪਤਨੀ ਮੈਕਨੀਜ਼ ਸਕਾਟ ਨੇ ਕੋਰੋਨਾਂ ਵਾਇਰਸ ਦੌਰਾਨ ਪਿਛਲੇ ਚਾਰ ਮਹੀਨਿਆਂ ਵਿੱਚ ਸੰਘਰਸ਼ ਕਰ ਰਹੇ ਅਮਰੀਕਾ ਵਾਸੀਆਂ ਦੀ ਸਹਾਇਤਾ ਕਰਨ ਲਈ ਚੈਰਿਟੀਜ਼ ਨੂੰ ਤਕਰੀਬਨ 4.2 ਬਿਲੀਅਨ ਡਾਲਰ ਦਾਨ ਵਿੱਚ ਦਿੱਤੇ ਹਨ। ਇਸ ਸੰਬੰਧੀ ਮੰਗਲਵਾਰ ਨੂੰ ਇੱਕ ਪੋਸਟ ਵਿੱਚ, ਵਿਸ਼ਵ ਦੀ ਇਸ ਤੀਜੀ ਅਮੀਰ ਔਰਤ ਨੇ ਦੱਸਿਆ ਕਿ ਇਸ ਸੰਕਟ ਦੌਰਾਨ ਉਸਨੇ ਦੇਸ਼ ਭਰ ਦੀਆਂ 384 ਸੰਸਥਾਵਾਂ ਜਿਹਨਾਂ ਵਿੱਚ ਫੂਡ ਬੈਂਕ, ਸਮਾਜ ਸੇਵੀ ਪ੍ਰੋਗਰਾਮ,ਨਾਗਰਿਕ ਅਧਿਕਾਰ ਸਮੂਹ, ਕਾਲਜ ਅਤੇ ਯੂਨੀਵਰਸਿਟੀਆਂ ਸ਼ਾਮਲ ਹਨ, ਨੂੰ ਇਹ ਰਾਸ਼ੀ ਦਿੱਤੀ ਹੈ। ਇਸ ਸਹਾਇਤਾ ਪ੍ਰਕਿਰਿਆ ਵਿੱਚ ਸਕਾਟ ਅਨੁਸਾਰ ਉਸ ਦੇ ਸਲਾਹਕਾਰਾਂ ਦੀ ਟੀਮ ਨੇ ਲਗਭਗ 6,500 ਸੰਸਥਾਵਾਂ ਦੇ ਸ਼ੁਰੂਆਤੀ ਪੂਲ ਤੋਂ ਦਾਨ ਦੀ ਰਾਸ਼ੀ ਪ੍ਰਾਪਤ ਕਰਨ ਵਾਲਿਆਂ ਦੀ ਚੋਣ ਕੀਤੀ ਤਾਂ ਜੋ ਉਹ ਪ੍ਰਭਾਵਸ਼ਾਲੀ ਢੰਗ ਨਾਲ ਪੈਸੇ ਦੀ ਵਰਤੋਂ ਕਰ ਸਕਣ ਅਤੇ ਉਸਦੀ ਟੀਮ ਨੇ ਚੈਰਿਟੀਜ ਬਾਰੇ ਸੈਂਕੜੇ ਈਮੇਲ ਅਤੇ ਫੋਨ ਇੰਟਰਵਿਊਜ਼ ਨਾਲ ਚੰਗੀ ਤਰ੍ਹਾਂ ਪੜਤਾਲ ਕਰੀ ਸੀ ਜਦਕਿ ਸਕਾਟ ਦੁਆਰਾ ਕੀਤੇ ਇਸ ਤਾਜ਼ਾ ਦਾਨ ਨਾਲ ਉਸ ਦੁਆਰਾ ਇਸ ਸਾਲ ਵਿੱਚ ਕੀਤੇ ਕੁੱਲ ਦਾਨ ਦੀ ਰਕਮ ਨੂੰ ਲੱਗਭਗ 5.8 ਬਿਲੀਅਨ ਡਾਲਰ ਤੱਕ ਪਹੁੰਚਾ ਦਿੱਤਾ ਹੈ। ਬਲੂਮਬਰਗ ਦੇ ਅਰਬਪਤੀਆਂ ਦੀ ਸੂਚੀ-ਪੱਤਰ ਅਨੁਸਾਰ ਸਕਾਟ ਫਿਲਹਾਲ ਆਪਣੀ ਅੱਧੀ ਤੋਂ ਵੱਧ ਦੌਲਤ ਦੇਣ ਦੇ ਟੀਚੇ ਨੂੰ ਪੂਰਾ ਕਰਨ ਵਿਚ ਅਜੇ ਬਹੁਤ ਦੂਰ ਹੈ। ਜਿਕਰਯੋਗ ਹੈ ਕਿ ਸਕਾਟ ਨੇ ਬੇਜ਼ੋਸ ਨਾਲ ਤਲਾਕ ਦੀ ਘੋਸ਼ਣਾ ਕਰਨ ਤੋਂ ਬਾਅਦ ਮਈ 2019 ਵਿੱਚ ਚੈਰਿਟੀਜ਼ ਦੀ ਸਹਾਇਤਾ ਕਰਨ ਦਾ ਟੀਚਾ ਮਿੱਥਿਆ ਸੀ।

# ਇੰਡੀਆਨਾ ਵਿੱਚ ਕਤਲ ਕੇਸ ਦਾ ਸ਼ੱਕੀ ਪੁਲਿਸ ਨੂੰ ਚਕਮਾ ਦੇ ਕੇ ਹੋਇਆ ਫਰਾਰ




**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਅਮਰੀਕਾ ਦੇ ਇੰਡੀਆਨਾ ਵਿੱਚ ਕਤਲ ਦੇ ਇੱਕ ਮਾਮਲੇ ਦਾ ਸ਼ੱਕੀ ਵਿਅਕਤੀ, ਉਸ ਵੇਲੇ ਪੁਲਿਸ ਨੂੰ ਚਕਮਾ ਦੇ ਕੇ ਫਰਾਰ ਹੋ ਗਿਆ ਜਦੋਂ ਅਧਿਕਾਰੀ ਉਸਨੂੰ ਸੋਮਵਾਰ ਵਾਲੇ ਦਿਨ ਇੱਕ ਵੈਨ ਰਾਹੀ ਹਿਰਾਸਤ ਵਿੱਚ ਲੈ ਕੇ ਜਾ ਰਹੇ ਸਨ। ਅਧਿਕਾਰੀਆਂ ਅਨੁਸਾਰ 22 ਸਾਲਾ ਲਿਓਨ ਟੇਲਰ 'ਤੇ ਪੂਰਬੀ ਸ਼ਿਕਾਗੋ, ਵਿੱਚ 19 ਨਵੰਬਰ ਨੂੰ 52 ਸਾਲਾ ਡੈਨੀਅਲ ਨਿਤਸ਼ੇ ਦੀ ਹੱਤਿਆ ਦਾ ਸ਼ੱਕ ਹੈ ਅਤੇ ਟੇਲਰ ਨੂੰ ਇੱਕ ਪ੍ਰਾਈਵੇਟ ਠੇਕੇਦਾਰ ਦੁਆਰਾ ਚਲਾਈ ਜਾ ਰਹੀ ਵੈਨ ਰਾਹੀ ਟੈਕਸਾਸ ਤੋਂ ਹੂਸੀਅਰ ਸਟੇਟ ਲਿਜਾਇਆ ਜਾ ਰਿਹਾ ਸੀ।

ਇਸ ਦੌਰਾਨ ਰਾਸਤੇ ਵਿੱਚ ਉਹ ਲੱਗਭਗ 2:10 ਵਜੇ ਇੰਡੀਆਨਾ ਦੇ ਗੈਰੀ ਸਥਿਤ ਮੈਕਡੋਨਲਡ ਫਾਸਟ-ਫੂਡ ਕਾਰਨਰ ਤੇ ਰੁਕਣ ਦੌਰਾਨ ਭੱਜ ਗਿਆ। ਅਧਿਕਾਰੀਆਂ ਅਨੁਸਾਰ ਟੇਲਰ ਨੇ ਬਲੈਕ ਹੁੱਡੀ, ਕਾਲੀ ਜੁੱਤੀ ਅਤੇ ਕਾਲੀ ਜੀਨਸ ਪਾਈ ਹੋਈ ਸੀ। ਇਸ ਦੌਰਾਨ ਵੈਨ ਦੇ ਰੁਕਣ ਮੌਕੇ ਟੇਲਰ ਨੇ&; ਡਰਾਈਵਰ ਨੂੰ ਇੱਕ ਵਿੰਡੋ ਨੂੰ ਹੇਠਾਂ ਕਰਨ ਲਈ ਕਿਹਾ, ਅਤੇ ਡਰਾਈਵਰ ਦੇ ਅਜਿਹਾ ਕਰਨ ਤੇ ਦੋਸ਼ੀ ਖੁੱਲੀ ਖਿੜਕੀ ਵਿੱਚੋਂ ਛਾਲ ਮਾਰ ਕੇ ਭੱਜਣ ਵਿੱਚ ਕਾਮਯਾਬ ਹੋ ਗਿਆ। ਇਸ ਮਾਮਲੇ ਵਿੱਚ ਅਧਿਕਾਰੀਆਂ ਦੁਆਰਾ ਪ੍ਰਾਪਤ ਕੀਤੀ ਗਈ ਫੁਟੇਜ ਦੇ ਅਨੁਸਾਰ, ਵੈਨ ਦੇ ਡਰਾਈਵਰ ਨੇ ਟੇਲਰ ਨੂੰ ਭੱਜਣ ਤੋਂ ਬਾਅਦ ਫੜਨ ਦੀ ਨਾਕਾਮਯਾਬ ਕੋਸ਼ਿਸ਼ ਵੀ ਕੀਤੀ ਸੀ ਅਤੇ ਇਸ ਸ਼ੱਕੀ ਵਿਅਕਤੀ ਦੀ ਭਾਲ ਪੁਲਿਸ ਵੱਲੋਂ ਜਾਰੀ ਹੈ।

# ਕਿਸਾਨ ਘੋਲ, ਵਿਰਾਸਤ ਅਤੇ ਜਮਹੂਰੀ ਹੱਕ ਵਿਸ਼ੇ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸੈਮੀਨਾਰ 24 ਨੂੰ

**ਜਲੰਧਰ (ਜਨਸੰਗਰਾਮ ਚੁੰਬਰ)** – ਖੇਤੀ ਕਾਨੂੰਨਾਂ ਅਤੇ ਤਜਵੀਜ਼ਤ ਬਿਜਲੀ ਬਿੱਲ-2020 ਖ਼ਿਲਾਫ਼ ਮੁਲਕ ਭਰ 'ਚ ਕਿਸਾਨੀ ਉਭਾਰ ਤੋਂ ਹੁੰਦੇ ਹੋਏ ਜਨ-ਅੰਦੋਲਨ ਬਣਿਆ ਘੋਲ, ਜਿਸ ਨੂੰ ਹੁਣ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਦੀ ਬੁਨਿਆਦੀ ਆਜ਼ਾਦੀ ਤੋਂ ਵੀ ਸੱਖਣਾ ਕਰਨ ਦੇ ਯਤਨ ਚੱਲ ਰਹੇ ਹਨ। ਅਜੇਹੇ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਨੇ ਦੇਸ਼ ਭਰ ਦੀਆਂ ਸਮੂਹ ਦੇਸ਼ ਭਗਤ, ਜਮਹੂਰੀ, ਇਨਸਾਫ਼ ਪਸੰਦ ਤਾਕਤਾਂ, ਵਕੀਲਾਂ, ਬੁੱਧੀਜੀਵੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਇੱਕ ਆਵਾਜ਼ ਹੋ ਕੇ ਹੱਕ, ਸੱਚ ਅਤੇ ਇਨਸਾਫ਼ ਦੀ ਜੱਦੋ ਜਹਿਦ ਲੜ ਰਹੇ ਕਿਸਾਨਾਂ ਦੀ ਡਟਵੀਂ ਹਮਾਇਤ 'ਚ ਅੱਗੇ ਆਉਣ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ.ਪ੍ਰਮਿੰਦਰ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਹ ਆਵਾਜ਼ ਸੰਗਠਤ ਰੂਪ 'ਚ ਉਠਾਉਣ ਲਈ 24 ਦਸੰਬਰ, ਦਿਨ ਵੀਰਵਾਰ ਸਵੇਰੇ 11 ਵਜੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਵਿਸ਼ੇਸ਼ ਸੈਮੀਨਾਰ ਕੀਤਾ ਜਾ ਰਿਹਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਲਿਖਤੀ ਪ੍ਰੈਸ ਬਿਆਨ ਰਾਹੀਂ ਮੋਦੀ ਹਕੂਮਤ ਦੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਗੈਰ-ਸੰਵਿਧਾਨਕ, ਕਿਸਾਨ, ਮਜ਼ਦੂਰ ਅਤੇ ਲੋਕ-ਵਿਰੋਧੀ ਕਾਨੂੰਨ ਮੜ੍ਹਕੇ, ਖੇਤੀ, ਬਿਜਲੀ, ਮੰਡੀਕਰਣ, ਜਨਤਕ ਵੰਡ ਪ੍ਰਣਾਲੀ ਗੱਲ ਕੀ ਜ਼ਿੰਦਗੀ ਦੇ ਹਰ ਖੇਤਰ ਉਪਰ ਹੱਲਾ ਬੋਲਣ ਜਾ ਰਹੇ ਕਾਲ਼ੇ ਕਾਨੂੰਨਾਂ ਨੂੰ, ਲੋਕ ਆਵਾਜ਼ ਵੱਲ ਗੌਰ ਕਰਦਿਆਂ ਵਾਪਸ ਲੈਣ ਦੀ ਬਜਾਏ, ਸਰਕਾਰ ਉਲਟਾ ਮਹੀਨਿਆਂ ਤੋਂ ਪੁਰਅਮਨ ਅਤੇ ਜਾਬਤਾਬੱਧ ਸੰਘਰਸ਼ ਕਰਦੇ ਆ ਰਹੇ ਦੇਸ਼ ਵਾਸੀਆਂ ਦੀ ਜ਼ੁਬਾਨੀਬੰਦੀ ਕਰਨ ਦੇ ਹੋਛੇ ਹੱਥ ਕੰਡੇ ਅਪਣਾ ਰਹੀ ਹੈ। ਇਹਨਾਂ ਸਭਨਾਂ ਲੋਕ-ਮਾਰੂ ਕਦਮਾਂ ਖਿਲਾਫ਼ ਗ਼ਦਰ ਲਹਿਰ ਦੀ ਇਤਿਹਾਸਕ ਵਿਰਾਸਤ ਦੀ ਪਿੱਠ ਭੂਮੀ ਦੀ ਪ੍ਰਸੰਗਕਤਾ ਉਭਾਰਦੇ ਹੋਏ 24 ਦਸੰਬਰ ਦਾ ਵਿਸ਼ੇਸ਼ ਸੈਮੀਨਾਰ 'ਕਿਸਾਨ ਘੋਲ, ਵਿਰਾਸਤ ਅਤੇ ਜਮਹੂਰੀ ਹੱਕ' ਵਿਸ਼ੇ ਉਪਰ ਕੇਂਦਰਤ ਰਹੇਗਾ। ਗ਼ਦਰ ਲਹਿਰ ਵੱਲੋਂ ਅਗਲੇ ਪੜਾਵਾਂ 'ਤੇ ਕਿਸਾਨ ਲਹਿਰ ਵਿੱਚ ਪਾਏ ਅਮੁੱਲੇ ਯੋਗਦਾਨ ਨੂੰ ਸਾਹਮਣੇ ਲਿਆਉਣ ਦਾ ਯਤਨ ਕੀਤਾ ਜਾਏਗਾ। ਕਮੇਟੀ ਨੇ ਸਮੂਹ ਬੁੱਧੀਜੀਵੀਆਂ, ਲੇਖਕਾਂ, ਤਰਕਸ਼ੀਲ, ਜਮਹੂਰੀ ਅਤੇ ਸਾਹਿਤਕ/ਸਭਿਆਚਾਰਕ ਸੰਸਥਾਵਾਂ ਵਿਅਕਤੀਆਂ ਨੂੰ ਮਜ਼ਦੂਰਾਂ, ਕਿਸਾਨਾਂ ਦੀ ਜ਼ਿੰਦਗੀ ਮੌਤ ਦੀ ਇਸ ਜੱਦੋ ਜਹਿਦ 'ਚ ਹੁੰਗਾਰਾ ਭਰਨ ਅਤੇ ਸਹਾਰਾ ਬਣਨ ਲਈ ਸੈਮੀਨਾਰ 'ਚ ਸ਼ਾਮਲ ਹੋਣ ਦੀ

## ਗਾਇਕ ਹਰੀਪਾਲ ਹੈਰੀ ਦਾ ਗੀਤ, 'ਜੰਗ ਹੱਕਾਂ ਦੀ' ਜਲਦ ਹੋਏਗਾ ਰਿਲੀਜ਼

**ਚੰਡੀਗੜ੍ਹ ( ਪ੍ਰੀਤਮ ਲੁਧਿਆਣਵੀ)**– ਦਿੱਲੀ ਵਿੱਚ ਕਿਸਾਨੀ ਅੰਦੋਲਨ ਪੂਰੇ ਸ਼ਿਖਰਾਂ ਤੇ ਚੱਲ ਰਿਹਾ ਹੈ। ਹਰ ਇਨਸਾਨ ਇਸ ਅੰਦੋਲਨ ਨੂੰ ਵੱਧ ਚੜ੍ਹ ਕੇ ਸਹਿਯੋਗ ਦੇ ਰਿਹਾ ਹੈ ਤੇ ਕਿਸੇ-ਨਾ -ਕਿਸੇ ਤਰੀਕੇ ਨਾਲ ਇਸ ਅੰਦੋਲਨ ਵਿੱਚ




ਯੋਗਦਾਨ ਪਾ ਰਿਹਾ ਹੈ। ਕਿਸਾਨਾਂ ਤੇ ਮਜ਼ਦੂਰਾਂ ਦੇ ਦੁੱਖ ਨੂੰ ਸਮਝਦੇ ਹੋਏ ਗੀਤਕਾਰ ਹਰੀਪਾਲ ਹੈਰੀ ਨੇ ਵੀ ਆਪਣੇ ਲਿਖੇ ਗੀਤ, 'ਜੰਗ ਹੱਕਾਂ ਦੀ' ਨੂੰ ਆਪਣੀ ਅਵਾਜ਼ ਵਿੱਚ ਗਾ ਕੇ ਕਿਸਾਨ ਸੰਘਰਸ਼ ਵਿੱਚ ਆਪਣਾ ਯੋਗਦਾਨ ਪਾਉਣ ਦਾ ਉਪਰਾਲਾ ਕੀਤਾ ਹੈ। "ਜੰਗ ਹੱਕਾਂ ਦੀ '' ਗੀਤ ਲਈ ਗਾਇਕ ਤੇ ਗੀਤਕਾਰ ਹਰੀਪਾਲ ਹੈਰੀ ਤੋਂ ਇਲਾਵਾ ਜਿਨ੍ਹਾ ਨੇ ਮਿਹਨਤ ਕੀਤੀ, ਉਹ ਹਨ ਸੰਗੀਤਕਾਰ ਸ਼੍ਰੀ ਵਿਜੇ ਸ਼ੌਕਤ ਅਤੇ ਪੇਸ਼ਕਰਤਾ ਸੁਪਰ ਸੰਗੀਤ ਮਿਊਜ਼ਿਕ ਉਸਤਾਦ ਸ਼ੌਕਤ ਢੰਡਵਾੜਵੀ ਜੀ। ਇਸ ਵਿਚ ਖਾਸ ਸਹਿਯੋਗ ਰਿਹਾ ਹੈ ਗੀਤਕਾਰ ਨਿਰਮਲ ਭਾਰ ਸਿੰਘ ਪੁਰੀ ਤੇ ਲਖਵਿੰਦਰ ਮੋਮੀ ਦਾ।

ਪ੍ਰੈਸ ਨਾਲ ਗੱਲਬਾਤ ਕਰਦਿਆਂ ਗਾਇਕ ਹੈਰੀ ਨੇ ਕਿਹਾ, '' ਮੈਂ ਭਾਵੇਂ ਕਿ ਆਪਣੇ ਵਤਨ ਤੋਂ ਦੂਰ ਹੋਣ ਕਰਕੇ ਦਿੱਲੀ ਤਾਂ ਨਹੀਂ ਪਹੁੰਚ ਸਕਿਆ, ਪਰ ਉੱਥੇ ਦੀਆਂ ਗਤੀਵਿਧੀਆਂ ਨਾਲ ਪੂਰੀ ਤਰ੍ਹਾਂ ਨਾਲ ਜੁੜਿਆ ਹੋਇਆ ਹਾਂ ਅਤੇ ਇਹੀ ਅਰਦਾਸ ਕਰਦਾ ਹਾਂ ਕਿ ਸਰਕਾਰ ਜਲਦੀ ਤੋਂ ਜਲਦੀ ਇਹ ਕਾਲੇ ਕਾਨੂੰਨ ਵਾਪਿਸ ਲੈ ਲਵੇ। ਇਹ ਗੀਤ ਸਰੋਤਿਆ ਦੀ ਕਚਿਹਰੀ ਵਿੱਚ ਪੂਰੀ ਵੀਡੀਓ ਦੇ ਨਾਲ ਜਲਦੀ ਹੀ ਰੀਲੀਜ਼ ਕੀਤਾ ਜਾਵੇਗਾ। ਸਾਨੂੰ ਪੂਰਨ ਆਸ ਹੈ ਕਿ ਕਿਸਾਨਾਂ ਦੇ ਹੱਕ ਵਿੱਚ ਉਠਾਈ ਅਵਾਜ਼ ਨੂੰ ਲੋਕ ਭਰਪੂਰ ਹੁੰਗਾਰਾ ਦੇਣਗੇ।''

## ਬਲਜਿੰਦਰ ਮਾਨ ਨੇ ਉਪਕਾਰ ਪੱਟੀ ਦਾ ਕਿਸਾਨੀ ਗੀਤ 'ਹੱਕ' ਜਾਰੀ ਕੀਤਾ




**ਮਾਹਿਲਪੁਰ (ਜਨਸੰਗਰਾਮ ਚੁੰਬਰ)**– ਖੇਤੀ ਕਨੂੰਨਾਂ ਖਿਲਾਫ ਗੀਤ ਸੰਗੀਤ ਜਗਤ ਨੇ ਇਕ ਨਵੀਂ ਅੰਗੜਾਈ ਲਈ ਹੈ।ਇਹ ਵਿਚਾਰ ਸ਼੍ਰੋਮਣੀ ਬਾਲ ਸਾਹਿਤਕਾਰ ਬਲਜਿੰਦਰ ਮਾਨ ਨੇ ਕਰੂੰਬਲਾਂ ਭਵਨ ਮਾਹਿਲਪੁਰ ਵਿਚ ਆਯੋਜਿਤ ਗੀਤ'ਹੱਕ' ਰਿਲੀਜ਼ ਸਮਾਰੋਹ ਨੂੰ ਸੰਬੋਧਨ ਕਰਦਿਆਂ ਆਖੇ। ਉਹਨਾਂ ਅੱਗੇ ਕਿਹਾ ਕਿ ਅਜ ਭਾਰਤ ਨੂੰ ਪਿਆਰ ਕਰਨ ਵਾਲਾ ਹਰ ਇਨਸਾਨ ਸੈਂਟਰ ਸਰਕਾਰ ਦੀਆਂ ਗੈਰ ਮਾਨਵੀ ਨੀਤੀਆਂ ਖਿਲਾਫ ਖੜਾ ਹੋ ਗਿਆ ਹੈ।ਗਾਇਕ ਅਤੇ ਕਲਾਕਾਰਾਂ ਨੇ ਇਸ ਵਿਸ਼ੇ ਤੇ ਗੀਤਾਂ ਦੀ ਰਚਨਾ ਅਤੇ ਕਮਾਲ ਦੀਆਂ ਪੇਸ਼ਕਾਰੀਆਂ ਕੀਤੀਆਂ ਹਨ।ਇਸ ਲਹਿਰ ਨੂੰ ਹੁਲਾਰਾ ਦੇਣ ਵਾਲਾ ਗੀਤ ਹੱਕ ਉਪਕਾਰ ਪੱਟੀ ਨੇ ਖੁਦ ਹੀ ਲਿਖਿਆ ਅਤੇ ਗਾਇਆ ਹੈ। ਇਸਦਾ ਸੰਗੀਤ ਉੱਘੇ ਸੰਗੀਤਕਾਰ ਸੁਖਦੇਵ ਨਡਾਲੋਂ ਨੇ ਦਿੱਤਾ ਅਤੇ ਕੰਪੋਜ਼ ਗਾਇਕ ਨੀਲ ਕਮਲ ਨੇ ਕੀਤਾ ਹੈ।ਨਰੇਸ਼ ਸਸੋਲੀ ਨੇ ਇਸ ਪ੍ਰੋਜੈਕਟ ਨੂੰ ਸ਼ਿੰਗਾਰਨ ਵਿਚ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਉਪਕਾਰ ਪੱਟੀ ਨੇ ਆਪਣੇ ਚੋਣਵੇਂ ਗੀਤਾਂ ਨਾਲ ਦਰਸ਼ਕਾਂ ਨੂੰ ਨਵੀਆਂ ਤੇ ਨਰੋਈਆਂ ਦਿਸ਼ਾਵਾਂ ਦੇ ਰਾਹੇ ਪਾਇਆ।ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਬੱਗਾ ਸਿੰਘ ਆਰਟਿਸਟ, ਚੈਂਚਲ ਸਿੰਘ ਬੈਂਸ, ਪੰਮੀ ਖੁਸ਼ਹਾਲਪੁਰੀ ਅਤੇ ਸੁਖਮਨ ਸਿੰਘ ਖੜੌਦੀ ਨੇ ਇਸ ਗੀਤ ਦੀ ਰਚਨਾ ਅਤੇ ਪੇਸ਼ਕਾਰੀ ਦੀ ਭਰਪੂਰ ਸ਼ਲਾਘਾ ਕੀਤੀ। ਇਸ ਸਮਾਰੋਹ ਵਿਚ ਪ੍ਰੋ ਬਲਵੀਰ ਕੌਰ ਰੀਹਲ, ਪਰਮਜੀਤ ਕਾਤਿਬ, ਡਾ ਵਿਜੇ ਕੁਮਾਰ ਭੱਟੀ, ਹਰਵੀਰ ਮਾਨ, ਸੰਜੀਵ ਪਾਲਦੀ, ਮਨਜਿੰਦਰ ਸਿੰਘ, ਪਵਨ ਸਕਰੂਲੀ ਤੋਂ ਇਲਾਵਾ ਇਲਾਕੇ ਸੰਗੀਤ ਪ੍ਰੇਮੀ, ਨਿੱਕੀਆਂ ਕਰੂੰਬਲਾਂ ਪਾਠਕ ਮੰਚ, ਨੌਜਵਾਨ ਕਲੱਬਾਂ ਦੇ ਨੁਮਾਇੰਦੇ ਅਤੇ ਸੁਰ ਸੰਗਮ ਵਿੱਦਿਅਕ ਟਰੱਸਟ ਦੇ ਮੈਂਬਰ ਉਚੇਚੇ ਤੌਰ ਤੇ ਸ਼ਾਮਲ ਹੋਏ। ਅੰਤ ਵਿਚ ਸਭ ਦਾ ਧੰਨਵਾਦ ਕਰਦਿਆਂ ਪ੍ਰਿੰ.ਮਨਜੀਤ ਕੌਰ ਨੇ ਕਿਹਾ ਕਿ ਨਰੋਆ ਗੀਤ ਸੰਗੀਤ ਸਮਾਜ ਨੂੰ ਨਿੰਗਰ ਬਣਾਉਂਦਾ ਹੈ।

---

## ਵਾਤਾਵਰਨ ਮੇਲੇ ਦੇ ਪੰਜਵੇਂ ਦਿਨ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਦੇ ਲੋਕ ਗੀਤ ਮੁਕਾਬਲੇ ਕਰਵਾਏ ਗਏ

**ਫਗਵਾੜਾ (ਬੀ.ਕੇ.ਰੱਤੂ)** 35ਵੇਂ ਵਾਤਾਵਰਨ ਮੇਲੇ ਦੇ ਪੰਜਵੇਂ ਦਿਨ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਦੇ ਲੋਕ ਗੀਤ ਮੁਕਾਬਲੇ ਕਰਵਾਏ ਗਏ। ਇਹ ਮੁਕਾਬਲੇ ਲਾਇੰਨਜ਼ ਕਲੱਬ ਫਗਵਾੜਾ ਵਿਸ਼ਵਾਸ ਵਲੋਂ ਅਯੋਜਿਤ ਕੀਤੇ ਗਏ ਸਨ, ਜਿਹਨਾ ਦਾ ਇਨਾਮ ਵੰਡ ਸਮਾਗਮ ਅੱਜ ਬਲੱਡ ਬੈਂਕ ਫਗਵਾੜਾ ਵਿਖੇ ਕਰਵਾਇਆ ਗਿਆ। ਸਕੂਲਾਂ/ਕਾਲਜਾਂ ਦੇ ਇਹਨਾ ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਪਰਮਜੀਤ ਸਿੰਘ ਡੀ.ਐਸ.ਪੀ. ਫਗਵਾੜਾ ਨੇ ਇਨਾਮ ਵੰਡੇ। ਸਕੂਲਾਂ ਦੇ ਇਹਨਾਂ ਮੁਕਾਬਲਿਆਂ ਵਿੱਚ ਪਹਿਲੇ ਸਥਾਨ 'ਤੇ ਅੰਸ਼ੂ ਨਿਊ ਬੀ.ਸੀ.ਐਸ. ਸੀਨੀਅਰ ਸੈਕੰਡਰੀ ਸਕੂਲ , ਦੂਸਰੇ ਸਥਾਨ 'ਤੇ ਰਾਧਿਕਾ ਆਰੀਆ ਮਾਡਲ ਸੀਨੀਅਰ ਸੈਕੰਡਰੀ ਸਕੂਲ, ਤੀਸਰਾ ਸਥਾਨ ਜਸਕੀਰਤ ਸਿੰਘ ਸਵਾਮੀ ਸੰਤ ਦਾਸ ਪਬਲਿਕ ਸਕੂਲ ਅਤੇ ਮਨਰਾਜ ਦੁਸਾਂਝ ਐਸ.ਡੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਨੇ ਹਾਸਲ ਕੀਤੇ।ਕਾਲਜਾਂ ਦੇ ਇਹਨਾ ਮੁਕਾਬਲਿਆਂ ਵਿੱਚ ਪਹਿਲੇ ਸਥਾਨ ਤੇ ਹਰਪ੍ਰੀਤ ਕੌਰ ਕਮਲਾ ਨਹਿਰੂ ਕਾਲਜ ਆਫ਼ ਐਜੂਕੇਸ਼ਨ, ਦੂਸਰਾ ਸਥਾਨ ਸਿਮਰਨਜੀਤ ਕੌਰ ਗੁਰੂ ਨਾਨਕ ਦੇਵ ਕਾਲਜ ਸੁਖਚੈਨਆਣਾ ਸਾਹਿਬ ਨੇ ਹਾਸਲ ਕੀਤਾ। ਇਸ ਮੌਕੇ ਲਾਇੰਨ ਬਲਵਿੰਦਰ ਸਿੰਘ ਰੀਜ਼ਨਲ ਚੇਅਰਮੈਨ, ਲਾਇੰਨ ਰਵੀ ਮੰਗਲ ਜੋਨ ਚੇਅਰਮੈਨ, ਲਾਇੰਨ ਦੀਪਕ ਸਹਿਗਲ ਸਕੱਤਰ, ਲਾਇੰਨ ਚਮਨ ਲਾਲ, ਲਾਇੰਨ ਸਰਬਜੀਤ ਸਿੰਘ, ਲਾਇੰਨ ਰਣਜੀਤ ਗੋਗਨਾ, ਲਾਇੰਨ ਸੁਖਦੀਪ ਸਿੰਘ ਪ੍ਰੈਜੀਡੈਂਟ , ਲਾਇੰਨ ਸੁਸ਼ੀਨ ਸ਼ਰਮਾ ਪ੍ਰੋਜੈਕਟ ਚੇਅਰਮੈਨ ਅਤੇ ਚਾਰਟਰ ਪ੍ਰੈਜੀਡੈਂਟ, ਮਲਕੀਅਤ ਸਿੰਘ ਰਗਬੋਤਰਾ, ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ, ਪਰਵਿੰਦਰਜੀਤ ਸਿੰਘ, ਗੁਰਦੀਪ ਸਿੰਘ, ਜਸਪ੍ਰੀਤ ਸਿੰਘ ਜੱਸੀ, ਰਾਹੁਲ ਸ਼ਾਹੀ, ਗੁਰਪ੍ਰੀਤ ਸਿੰਘ ਸੈਣੀ, ਕੁਲਦੀਪ ਦੁੱਗਲ, ਰੂਪ ਲਾਲ, ਵਿਸ਼ਵਾ ਮਿੱਤਰ ਸ਼ਰਮਾ ਆਦਿ ਹਾਜ਼ਰ ਸਨ। ਸਮਾਗਮ ਵਿੱਚ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਇਨਵਾਇਰਮੈਂਟ ਐਸੋਸੀਏਸ਼ਨ ਦੇ ਸਕੱਤਰ ਮਲਕੀਅਤ ਸਿੰਘ ਰਗਬੋਤਰਾ ਵਲੋਂ ਕੀਤਾ ਗਿਆ।



## ਸ਼ਹੀਦ ਭਗਤ ਸਿੰਘ ਪੈਰਿਸ ਐਸੋਸੀਏਸ਼ਨ ਲੁਧਿਆਣਾ ਯੂਨਿਟ ਦੇ ਚੇਅਰਮੈਨ ਸ਼੍ਰੀ ਹਰੀਦੱਤ ਸ਼ਰਮਾ ਅਤੇ ਉਪ ਚੇਅਰਮੈਨ ਸ਼੍ਰੀ ਦੇਵ ਜੀ ਨੂੰ ਨਿਯੁਕਤ ਕੀਤਾ



**ਚੰਡੀਗੜ੍ਹ ( ਪ੍ਰੀਤਮ ਲੁਧਿਆਣਵੀ)**– ਲੁਧਿਆਣਾ ਦੇ ਯੂਨਾਇਟੇਡ ਸਾਈਕਲ ਪਾਰਟ ਗਿੱਲ ਰੋਡ ਵਿਖੇ ਸਹੀਦ ਭਗਤ ਸਿੰਘ ਪੈਰਿਸ ਐਸੋਸੀਏਸ਼ਨ (ਰਜਿ:) ਪੰਜਾਬ



ਦੀ ਮੀਟਿੰਗ ਹੋਈ, ਜਿਸ ਵਿੱਚ ਪੰਜਾਬ ਭਰ ਤੋਂ ਪੱਤਰਕਾਰਾਂ ਨੇ ਹਿੱਸਾ ਲਿਆ। ਇਸ ਮੌਕੇ ਜਿਲ੍ਹਾ ਲੁਧਿਆਣਾ ਦੇ ਪ੍ਰਧਾਨ ਹਰਪ੍ਰੀਤ ਸਿੰਘ ਮੱਕੜ ਤੇ ਸਮੂਹ ਪੱਤਰਕਾਰਾਂ ਨੇ ਰਾਸ਼ਟਰੀ ਚੇਅਰਮੈਨ ਸ. ਅਮਰਿੰਦਰ ਸਿੰਘ ਤੇ ਰਾਸ਼ਟਰੀ ਪ੍ਰਧਾਨ ਸ. ਰਣਜੀਤ ਸਿੰਘ ਮਸੌਣ ਦਾ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਸਵਾਗਤ ਕੀਤਾ।

ਮੀਟਿੰਗ ਦੌਰਾਨ ਸ਼੍ਰੀ ਹਰੀਦੱਤ ਸ਼ਰਮਾ ਨੂੰ ਲੁਧਿਆਣਾ ਯੂਨਿਟ ਦਾ ਚੇਅਰਮੈਨ, ਸ਼੍ਰੀ ਦੇਵ ਜੀ ਨੂੰ ਵਾਈਸ ਚੇਅਰਮੈਨ, ਸ. ਯਾਦਵਿੰਦਰ ਸਿੰਘ ਨੂੰ ਉਪ ਪ੍ਰਧਾਨ ਅਤੇ ਸ਼੍ਰੀ ਜੈ ਕੁਮਾਰ ਨੂੰ ਆਰ. ਟੀ. ਏ. ਪੰਜਾਬ ਦਾ ਸੈਕਟਰੀ ਨਿਯੁਕਤ ਕੀਤਾ ਗਿਆ। ਨਿਯੁਕਤ ਕੀਤੇ ਨਵੇ ਅਹੁੱਦੇਦਾਰਾਂ ਵੱਲੋਂ ਤਨ, ਮਨ, ਧਨ ਨਾਲ ਐਸੋਸੀਏਸ਼ਨ ਲਈ ਕੰਮ ਕਰਨ ਦਾ ਭਰੋਸਾ ਦਿਵਾਇਆ ਗਿਆ। ਇਸ ਮੌਕੇ ਰਾਸ਼ਟਰੀ ਚੇਅਰਮੈਨ ਸ. ਅਮਰਿੰਦਰ ਸਿੰਘ, ਰਾਸ਼ਟਰੀ ਪ੍ਰਧਾਨ ਸ. ਰਣਜੀਤ ਸਿੰਘ ਮਸੌਣ ਤੇ ਜਿਲ੍ਹਾ ਪ੍ਰਧਾਨ ਸ. ਹਰਪ੍ਰੀਤ ਸਿੰਘ ਮੱਕੜ ਦਾ ਧੰਨਵਾਦ ਵੀ ਕੀਤਾ ਗਿਆ।

## ਪੰਜਾਬ ਦੇ ਸਿੱਖਿਆ ਅਤੇ ਸਿਹਤ ਖੇਤਰ ਦੇ ਵਿਕਾਸ ਚ ਐੱਨਆਰਆਈ ਭਾਈਚਾਰੇ ਦਾ ਅਹਿਮ ਯੋਗਦਾਨ

**ਨਿਊਯਾਰਕ/ਚੰਡੀਗੜ੍ਹ (ਰਾਜ ਗੋਗਨਾ)**– ਪੰਜਾਬ ਸਰਕਾਰ ਦੇ ਐਨਆਰਆਈ ਮਾਮਲਿਆਂ ਸਬੰਧੀ ਵਿਭਾਗ ਲਈ ਯੂਕੇ ਚ ਕੋਆਰਡੀਨੇਟਰ ਅਤੇ ਯੂਕੇ ਦੇ ਐਨਆਰਆਈ ਆਫ ਦਾ ਈਅਰ ਮਨਜੀਤ ਸਿੰਘ ਨਿੱਝਰ ਨੇ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਪਵਨ ਦੀਵਾਨ ਨਾਲ ਉਦਯੋਗ ਭਵਨ ਸਥਿਤ ਉਨ੍ਹਾਂ ਦਫ਼ਤਰ ਚ ਮੁਲਾਕਾਤ ਕੀਤੀ। ਜਿਥੇ ਦੀਵਾਨ ਵੱਲੋਂ ਨਿੱਝਰ ਤੋਂ ਇਲਾਵਾ ਇੰਡੀਅਨ ਓਵਰਸਿਜ਼ ਕਾਂਗਰਸ ਜਰਮਨੀ ਦੇ ਪ੍ਰਧਾਨ ਹਰਜਿੰਦਰ ਸਿੰਘ ਚਾਹਲ ਨੂੰ ਵੀ ਸਨਮਾਨਿਤ ਕੀਤਾ ਗਿਆ।ਇਸ ਮੌਕੇ ਦੀਵਾਨ ਨੇ ਐਨਆਰਆਈ ਭਾਈਚਾਰੇ ਦੇ ਪੰਜਾਬ ਦੇ ਵਿਕਾਸ ਚ ਯੋਗਦਾਨ ਦੇ ਮਹੱਤਵ ਬਾਰੇ ਜ਼ੋਰ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਐਨਆਰਆਈ ਭਾਈਚਾਰੇ ਦੀ ਮਜ਼ਬੂਤੀ ਵਾਸਤੇ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਦੀਵਾਨ ਨੇ ਕਿਹਾ ਕਿ ਸੂਬੇ ਦੇ ਪਿੰਡਾਂ ਚ ਸਿੱਖਿਆ ਅਤੇ ਸਿਹਤ ਖੇਤਰ ਦੇ ਵਿਕਾਸ ਵਾਸਤੇ ਐਨਆਰਆਈ ਭਾਈਚਾਰਾ ਅਹਿਮ ਯੋਗਦਾਨ ਦੇ ਸਕਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਸੂਬੇ ਦੇ ਉਦਯੋਗਿਕ ਵਿਕਾਸ ਵਿੱਚ ਵੀ ਵਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ ਤਾਂ ਜੋ ਆਰਥਿਕ ਸੁਧਾਰ ਹੋਣ ਦੇ ਨਾਲ ਰੁਜ਼ਗਾਰ ਦੇ ਸਾਧਨ ਵੀ ਵਧਣ।




ਉੱਥੇ ਹੀ ਮਨਜੀਤ ਸਿੰਘ ਨਿੱਝਰ ਨੇ ਕਿਹਾ ਕਿ ਸੂਬੇ ਦੇ ਉਦਯੋਗਿਕ ਵਿਕਾਸ ਨਾਲ ਰੁਜ਼ਗਾਰ ਦੇ ਸਾਧਨ ਵਧਣਗੇ। ਉਨ੍ਹਾਂ ਬੁਨਿਆਦੀ ਪੱਧਰ ਤੇ ਵੀ ਸਿੱਖਿਆ ਅਤੇ ਸਿਹਤ ਖੇਤਰ ਚ ਸੁਧਾਰ ਉੱਪਰ ਵੀ ਜ਼ੋਰ ਦਿੱਤਾ, ਜਿਸ ਲਈ ਐਨਆਰਆਈ ਭਾਈਚਾਰਾ ਪੂਰੀ ਤਰ੍ਹਾਂ ਨਾਲ ਸਹਿਯੋਗ ਕਰੇਗਾ।

ਇਸ ਮੌਕੇ ਐਡਵੋਕੇਟ ਚਰਨਜੀਤ ਸਿੰਘ, ਗੁਰਪ੍ਰੀਤ ਵਿਰਕ ਅਤੇ ਰਾਣਾ ਇਸ਼ਵਿੰਦਰ ਸਿੰਘ ਵੀ ਮੌਜੂਦ ਰਹੇ।

# ਅੰਬੇਡਕਰਵਾਦੀਆਂ ਨੇ ਕੀਤੀ ਕਿਸਾਨ ਅੰਦੋਲਨ ਦੀ ਪੁਰਜ਼ੋਰ ਹਮਾਇਤ

**ਜਲੰਧਰ (ਜਨਸੰਗਰਾਮ ਚੁੰਬਰ)–** ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਦੇ ਆਗੂਆਂ ਨੇ ਪੰਜਾਬ ਪ੍ਰੈਸ ਕਲੱਬ ਜਲੰਧਰ ਵਿਖੇ ਪ੍ਰੈਸ ਕਾਨਫਰੰਸ ਕਰਕੇ ਕਿਹਾ ਕਿ ਅਸੀਂ ਅੰਬੇਡਕਰਵਾਦੀ ਕਿਸਾਨ ਅੰਦੋਲਨ ਦੀ ਪੁਰ ਜ਼ੋਰ ਹਮਾਇਤ ਕਰਦੇ ਹਾਂ ਕਿਓਂ ਜੋ ਖੇਤੀਬਾੜੀ ਦੇ ਨਾਂ ਤੇ ਜਲਦਬਾਜ਼ੀ ਵਿਚ ਕਿਸਾਨਾਂ ਦੀ ਰਾਏ ਲਾਏ ਬਗੈਰ ਪਾਸ ਕੀਤੇ ਗਏ ਤਿੰਨ ਕਾਨੂੰਨ ਨਾ ਕੇਵਲ ਖੇਤੀਬਾੜੀ ਨੂੰ ਬਰਬਾਦ ਕਰਨ ਵਾਲੇ ਹਨ ਸਗੋਂ ਉਹ ਦੇਸ਼ ਤੇ ਹਾਵੀ ਹੋ ਰਹੇ ਕਾਰਪੋਰਟਰਵਾਦ ਨੂੰ ਹੋਰ ਜਿਆਦਾ ਮਜਬੂਤ ਕਰਨ ਵਾਲੇ ਹਨ. ਇਨ੍ਹਾਂ ਕਾਨੂੰਨਾਂ ਨਾਲ ਮਿਹਨਤਕਸ਼ ਜਨਤਾ ਦਾ, ਮਹਿੰਗਾਈ ਕਰਕੇ ਜੀਵਨ ਦੁਭਰ ਬਣ ਜਾਵੇਗਾ।

ਲੋਕਤੰਤਰ ਵਿਚ ਅੰਦੋਲਨ ਕਰਨਾ ਸੰਵਿਧਾਨਿਕ ਹੱਕ ਹੈ. ਇਸ ਹੱਕ ਤੋਂ ਜਨਤਾ ਨੂੰ ਵਾਂਝੇ ਕਰਨ ਲਈ ਜਿਵੇਂ ਹਰਿਆਣਾ ਸਰਕਾਰ ਨੇ ਸ਼ਾਂਤੀਪੂਰਨ ਅੰਦੋਲਨ ਕਰ ਰਹੇ ਕਿਸਾਨਾਂ ਤੇ ਭਰ ਸਰਦੀ ਦੇ ਮੌਸਮ 'ਚ ਠੰਡੇ ਪਾਣੀ ਦੀਆਂ ਬੌਛਾਰਾਂ ਮਾਰੀਆਂ, ਅਥਰੂ ਗੈਸ ਦੇ ਗੋਲੇ ਛੱਡੇ ਅਤੇ ਥਾਂ-ਥਾਂ ਰੁਕਾਵਟਾਂ ਖੜ੍ਹੀਆਂ ਕੀਤੀਆਂ, ਇਥੋਂ ਤੱਕ ਕਿ ਜੀ. ਟੀ. ਰੋਡ ਵਿਚ ਖੂਹ ਪਟਵਾ ਦਿੱਤਾ ਅਤੇ ਵੱਡੇ ਵੱਡੇ ਪੱਥਰ ਰਾਹ ਵਿਚ ਰੱਖ ਦਿੱਤੇ। ਅਜਿਹੇ ਕਦਮਾਂ ਕਰਕੇ ਭਾਰਤ ਦੇਸ਼ ਦੀ ਵਿਦੇਸ਼ਾਂ ਵਿਚ ਬਹੁਤ ਜਿਆਦਾ ਬਦਨਾਮੀ ਹੋਈ ਹੈ। ਅਸੀਂ ਅੰਬੇਡਕਰਵਾਦੀ ਹਰਿਆਣਾ ਸਰਕਾਰ ਦੇ ਇਹੋ ਜਿਹੇ ਜਾਲਮਾਨਾ ਵਤੀਰੇ ਦੀ ਸਖ਼ਤ ਨਿਖੇਧੀ ਕਰਦੇ ਹਾਂ।

ਬਾਬਾ ਸਾਹਿਬ ਅੰਬੇਡਕਰ ਦੇ ਅਨੁਸਾਰ ਲੋਕਤੰਤਰ ਤਾਂ ਹੀ ਸਫਲ ਹੋ ਸਕਦਾ ਹੈ ਜੇਕਰ ਸਰਕਾਰ ਸੰਵਿਧਾਨ ਦੇ ਪ੍ਰਤੀ ਨੈਤਿਕਤਾ ਦਿਖਾਵੇ ਅਤੇ ਉਸਨੂੰ ਇਮਾਨਦਾਰੀ ਨਾਲ ਲਾਗੂ ਕਰੇ ਪਰ ਅਫਸੋਸ ਦੀ ਗੱਲ ਇਹ ਹੈ ਕਿ ਭਾਰਤ ਸਰਕਾਰ ਲੋਕ ਵਿਰੋਧੀ ਅਤੇ ਲੋਕਤੰਤਰ ਦੇ ਖਿਲਾਫ ਬਣਦੇ ਕਾਨੂੰਨਾਂ ਨੂੰ ਵਾਪਸ ਲੈਣ ਦੀ ਬਜਾਏ ਬੜੇ ਕੋਝੇ ਢੰਗ ਨਾਲ ਬੋਲੇ ਜਾ ਰਹੇ ਗ਼ਲਤ ਬਿਆਨੀਆਂ ਅਤੇ ਸਰਾਸਰ ਝੂਠ ਬੋਲਦੇ ਹੋਇਆਂ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਦੇ ਸ਼ਰਮਨਾਕ ਕਾਰੇ ਕਰ ਰਹੀ ਹੈ।




ਦੇਸ਼ ਦੇ ਪ੍ਰਧਾਨ ਮੰਤਰੀ ਨਾ-ਨਾ ਪ੍ਰਕਾਰ ਦੀਆਂ ਗਤੀਵਿਧੀਆਂ ਕਰ ਰਹੇ ਹਨ, ਜੋ ਭਾਰਤ ਜਿਹੇ ਦੇਸ਼ ਦੇ ਮੁਖੀ ਨੂੰ ਸ਼ੋਭਾ ਨਹੀਂ ਦਿੰਦੀਆਂ. ਬਹੁਤ ਵੱਡੀ ਗਿਣਤੀ ਵਿਚ ਕਿਸਾਨ ਕੜ੍ਹਾਕੇ ਦੀ ਠੰਡ ਵਿਚ ਕਈਆਂ ਦਿਨਾਂ ਤੋਂ ਅੰਦੋਲਨਰਤ ਹਨ ਪਰ ਸਰਕਾਰ ਦਾ ਵਤੀਰਾ ਦੁਸ਼ਮਣਾਂ ਜੇਹਾ ਪ੍ਰਤੀਤ ਹੁੰਦਾ ਹੈ. ਅਸੀਂ ਮੰਗ ਕਰਦੇ ਹਾਂ ਕਿ ਕਿਸਾਨਾਂ ਦੀਆਂ ਮੰਗਾਂ ਨੂੰ ਬਿਨਾਂ ਦੇਰ ਕੀਤੇ ਮੰਨਿਆਂ ਜਾਣਾ ਚਾਹੀਦਾ ਹੈ ਅਤੇ ਇਸ ਸੰਬੰਧ ਵਿਚ ਸਰਕਾਰ ਵੱਲੋਂ ਟਾਲ ਮਟੋਲ ਕਰਨਾ ਖ਼ਤਰਨਾਕ ਸਾਬਤ ਹੋ ਸਕਦਾ ਹੈ. ਦੇਸ਼ ਨੂੰ ਤੇਜੀ ਨਾਲ ਤਾਨਾਸ਼ਾਹੀ ਅਤੇ ਗ੍ਰਹਿਯੁੱਧ ਵੱਲ ਨੂੰ ਧਕੇਲਿਆ ਜਾ ਰਿਹਾ ਹੈ। ਸੰਵਿਧਾਨ ਘੱਟ-ਗਿਣਤੀਆਂ ਨੂੰ ਨਾ-ਨਾ ਪ੍ਰਕਾਰ ਦੇ ਅਧਿਕਾਰ ਅਤੇ ਸੁਵਿਧਾਵਾਂ ਪ੍ਰਦਾਨ ਕਰਦਾ ਹੈ. ਪਰ ਸਰਕਾਰ ਘੱਟ-ਗਿਣਤੀਆਂ ਨੂੰ ਉਨ੍ਹਾਂ ਅਧਿਕਾਰਾਂ ਦੀ ਵਰਤੋਂ ਵਿਚ ਕਈ ਪ੍ਰਕਾਰ ਦੀਆਂ ਬੰਦਸ਼ਾਂ ਲਾ ਰਹੀ ਹੈ. ਉੱਤਰ ਪ੍ਰਦੇਸ਼ ਵਿਚ ਜਿਵੇਂ ਮਨੀਸ਼ਾ ਵਾਲਮੀਕਿ ਨੂੰ ਮਾਪਿਆਂ ਦੀ ਰਜਾਮੰਦੀ ਤੋਂ ਬਗੈਰ ਅੱਧੀ ਰਾਤ ਨੂੰ ਜਲਾਇਆ ਗਿਆ. ਇਹੋ ਜੇਹਾ ਕਾਰਾ ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਉੱਤਰ ਪ੍ਰਦੇਸ਼ ਦੀ ਯੋਗੀ ਸਰਕਾਰ ਨੇ ਕੀਤਾ ਹੈ। 'ਲਵ ਜਿਹਾਦ' ਦੇ ਨਾਂ ਤੇ ਜੇਹਾ ਕੁਝ ਉੱਤਰ ਪ੍ਰਦੇਸ਼ ਵਿਚ ਮੁਸਲਮਾਨਾਂ ਨਾਲ ਜ਼ੋਰ ਜਬਰ ਹੋ ਰਿਹਾ ਹੈ, ਉਹ ਸੰਵਿਧਾਨ ਦੇ ਸਰਾਸਰ ਖਿਲਾਫ ਹੈ. ਸੰਵਿਧਾਨ ਕਿਸੇ ਵੀ ਧਰਮ ਨੂੰ ਮੰਨਣ, ਅੰਗੀਕਾਰ ਕਰਨ ਅਤੇ ਪ੍ਰਚਾਰ ਕਰਨ ਦਾ ਅਧਿਕਾਰ ਦਿੰਦਾ ਹੈ. ਦੇਸ਼ ਵਿਚ ਸਪੈਸ਼ਲ ਮੈਰਿਜ ਐਕਟ ਪਹਿਲਾਂ ਹੀ ਮੌਜੂਦ ਹੈ, ਜਿਸ ਦੁਆਰਾ ਕਿਸੇ ਵੀ ਧਰਮ ਨੂੰ ਮੰਨਣ ਵਾਲੇ ਦੋ ਬਲਾਗ ਸ਼ਾਦੀ ਕਰ ਸਕਦੇ ਹਨ। 'ਲਵ ਜਿਹਾਦ' ਦੇ ਨਾਂ ਤੇ ਕੀਤੀਆਂ ਜਾ ਰਹੀਆਂ ਕਾਰਵਾਈਆਂ ਸਰਾਸਰ ਗੈਰ ਕਾਨੂੰਨੀ ਹਨ. ਭਾਰਤ ਦੇ ਸੰਵਿਧਾਨ ਦਾ ਅਨੁਛੇਦ 46 ਸਰਕਾਰ ਤੇ ਇਹ ਜਿੰਮੇਵਾਰੀ ਲਗਾਉਂਦਾ ਹੈ ਕਿ ਉਹ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਜਨਜਾਤਾਂ ਦੀ ਸਿਖਿਆ ਅਤੇ ਆਰਥਿਕ ਹਿੱਤਾਂ ਵੱਲ ਵਿਸ਼ੇਸ਼ ਧਿਆਨ ਦੇਵੇ ਅਤੇ ਉਨ੍ਹਾਂ ਨੂੰ ਹਰ ਪ੍ਰਕਾਰ ਦੇ ਸ਼ੋਸ਼ਣ ਤੋਂ ਬਚਾਵੇ. ਸਰਕਾਰ ਨੇ ਸੰਵਿਧਾਨ ਦੇ ਇਸ ਅਨੁਛੇਦ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਹੈ ਅਤੇ ਇਨ੍ਹਾਂ ਜਾਤਾਂ ਦੀ ਆਰਥਿਕ ਤਰੱਕੀ ਵਾਸਤੇ ਜੋ ਕੁਝ ਪਹਿਲਾਂ 'ਸਬ ਪਲੈਨ' ਵਿਚ ਬਜਟ ਨਿਰਧਾਰਤ ਕੀਤਾ ਜਾਂਦਾ ਸੀ ਉਸ ਨੂੰ ਉੱਕਾ ਹੀ ਬੰਦ ਕਰ ਦਿੱਤਾ ਹੈ. ਇਨ੍ਹਾਂ ਜਾਤਾਂ ਦੇ ਵਿਦਿਆਰਥੀਆਂ ਵਾਸਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਯੋਜਨਾ ਬੜੇ ਸ਼ਾਤਰਾਨਾ ਢੰਗ ਨਾਲ&; ਬੰਦ ਕਰ ਦਿੱਤੀ ਹੈ। ਇਸ ਯੋਜਨਾ ਨੂੰ ਤੁਰੰਤ ਬਹਾਲ ਕੀਤਾ ਜਾਣਾ ਚਾਹੀਦਾ ਹੈ।

ਦੇਸ਼ ਤੇ ਵਿਦੇਸ਼ੀ ਕਰਜ਼ ਦਾ ਕਾਫੀ ਭਾਰ ਹੈ. ਦੇਸ਼ ਦੀ ਅਰਥ ਵਿਵਸਥਾ ਮੰਦੀ ਵਿਚ ਹੈ. ਦੇਸ਼ ਦੇ ਨਿਰਯਾਤ ਵਿਚ ਕਮੀ ਆਈ ਹੈ। ਇਨ੍ਹਾਂ ਹੱਕਾਂ ਨੂੰ ਦਰਕਿਨਾਰ ਕਰਦੇ ਹੋਏ ਨਵਾਂ ਪਾਰਲੀਮੈਂਟ ਹਾਊਸ ਨਿਰਮਾਣ ਕਰਨ ਦੀ ਯੋਜਨਾ ਬਣਾਉਣਾ ਸਰਕਾਰ ਦੀਆਂ ਨੀਤੀਆਂ ਕਰਕੇ ਮਿਹਨਤਕਸ਼ਾਂ ਦੇ ਸੀਨਿਆਂ ਤੇ ਹੋਏ ਜਖਮਾਂ 'ਤੇ ਲੂਣ ਭੁੱਕਣ ਵਾਲੀ ਗੱਲ ਹੈ. ਨਵਾਂ ਪਾਰਲੀਮੈਂਟ ਹਾਊਸ ਨਿਰਮਾਣ ਕਰਨ ਦੀ ਯੋਜਨਾ ਅਤੇ ਹੋਰ ਅਜਿਹੀਆਂ ਬੇਕਾਰ ਯੋਜਨਾਵਾਂ ਨੂੰ ਬੰਦ ਕੀਤਾ ਜਾਣਾ ਚਾਹੀਦਾ ਹੈ।


ਇਸ ਮੌਕੇ ਤੇ ਸਰਵਸ਼੍ਰੀ ਐਲ. ਆਰ. ਬਾਲੀ, ਡਾ. ਜੀ. ਸੀ. ਕੌਲ, ਚਰਨ ਦਾਸ ਸੰਧੂ, ਮੈਡਮ ਸੁਦੇਸ਼ ਕਲਿਆਣ, ਵਰਿੰਦਰ ਕੁਮਾਰ ਅਤੇ ਬਲਦੇਵ ਰਾਜ ਭਾਰਦਵਾਜ ਹਾਜ਼ਰ ਸਨ।

# ਨਨਕਾਣਾ ਸਾਹਿਬ ਵਿਖੇ ਮੋਦੀ ਸਰਕਾਰ ਦੇ ਕਿਸਾਨ ਵਿਰੋਧੀ ਜ਼ੁਲਮਾਂ ਤੋਂ ਜਾਨ ਵਾਰਨ ਵਾਲੇ ਸੰਤ ਬਾਬਾ ਰਾਮ ਸਿੰਘ ਜੀ ਦੀ ਆਤਮਿਕ ਸ਼ਾਂਤੀ ਲਈ ਅਰਦਾਸ

**ਨਨਕਾਣਾ ਸਾਹਿਬ (ਬਿਊਰੋ)–** ਕਿਸਾਨਾਂ ਵੱਲੋਂ ਕਈ ਮਹੀਨਿਆਂ ਤੋਂ ਭਾਰਤ ਦੀ ਸੈਂਟਰ ਸਰਕਾਰ ਵੱਲੋਂ ਬਣਾਏ ਖੇਤੀ ਕਾਨੂੰਨਾਂ ਦਾ ਵਿਰੋਧ ਜਾਰੀ ਹੈ। ਕਿਸਾਨਾਂ ਦੇ ਹੱਕ 'ਚ ਨਨਕਾਣਾ ਸਾਹਿਬ ਵਿਖੇ ਵੀ ਰੋਸ਼ ਰੈਲੀ ਕੱਢੀ ਗਈ ਸੀ। ਅੱਜ ਜਿੱਥੇ ਇਹ ਖ਼ਬਰ ਅੱਗ ਦੀ ਤਰ੍ਹਾਂ ਫੈਲ ਗਈ, ਕਿ ਕਿਸਾਨਾਂ ਦੇ ਖੇਤੀ ਕਾਨੂੰਨਾਂ ਦੇ ਰੋਸ 'ਚ ਕੁੰਡਲੀ ਬਾਰਡਰ ਵਾਲੇ ਕਿਸਾਨੀ ਮੋਰਚੇ 'ਤੇ ਇਸ ਪੋਹ ਦੇ ਮਹੀਨੇ 'ਚ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਦੀਆਂ ਘੋੜੀਆਂ ਸੁਨਾਉਣ ਵਾਲੀ, ਦਸਮੇਸ਼ ਪਿਤਾ ਅਤੇ ਉਨ੍ਹਾਂ ਦੇ ਦੁਲਾਰਿਆਂ ਦੀਆਂ ਕੁਰਬਾਨੀਆਂ ਦੇ ਰੰਗ 'ਚ ਰੰਗੀ ਰੂਹ ਸੰਤ ਬਾਬਾ ਰਾਮ ਸਿੰਘ ਸੀਂਘੜਾ ਵਾਲੇ 'ਇਕ ਸੀ ਅਜੀਤ ਇਕ ਸੀ ਜੁਝਾਰ' ਕਿਸ ਰੰਗ ਵਿੱਚ ਗਾਉਂਦੇ ਸਨ। ਉਸ ਦਾ ਪਤਾ ਅੱਜ ਲੱਗਾ ਜਦੋਂ ਕਲਗੀਧਰ ਦੇ ਬੋਲ 'ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ, ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ।

ਸ਼ਾਇਦ ਜੀਵਤ ਕਈ ਹਜ਼ਾਰ ਜਦੋਂ ਆਪ ਜੀ ਪੜ੍ਹਦੇ ਹੋਣਗੇ ਤਾਂ ਉਨ੍ਹਾਂ ਨੂੰ ਇਨ੍ਹਾਂ ਠੰਢੀਆਂ ਰਾਤਾਂ ਵਿੱਚ ਸੜਕਾ 'ਤੇ ਰੁਲਦੇ ਕੰਬਦੇ ਕਿਸਾਨਾਂ ਦੇ ਬੱਚਿਆਂ, ਬਜ਼ੁਰਗਾਂ, ਮਾਤਾਵਾਂ, ਭੈਣਾਂ ਚੋਂ ਕਲਗੀਧਰ ਦੇ ਪੁੱਤਰ ਤੇ ਧੀਆਂ ਨਜ਼ਰ ਆਉਂਦੀਆਂ ਹੋਣਗੇ ਤੇ ਉਹ ਇਹ ਗੰਮ-ਦੁੱਖ ਬਰਦਾਸ਼ਤ ਨਾ ਕਰਦੇ ਹੋਏ ਫ਼ੈਸਲਾ ਕਰ ਬੈਠੇ ਕਿ ਜੇ ਮੈਂ ਹੋਰ ਕੁਝ ਨਹੀਂ ਕਰ ਸਕਦਾ ਹਾਂ ਤਾਂ ਆਪਣਾ ਹੀ ਬਲਿਦਾਨ ਦੇ ਦੇਵਾ।

ਜਿੱਥੇ ਸ਼ਹੀਦ ਦਾ ਖ਼ੂਨ ਡੁੱਲਦਾ ਹੈ ਉੱਥੇ ਹਜ਼ਾਰਾਂ ਸ਼ਹੀਦ ਜਨਮ ਲੈਂਦੇ ਹਨ। ਉਨ੍ਹਾਂ ਨੇ ਆਪਣੇ-ਆਪ ਨੂੰ ਗੋਲੀ ਕਿਉਂ ਮਾਰੀ ਉੱਤੇ ਸਵਾਲ ਖੜ੍ਹੇ ਕਰਨ ਵਾਲੀ ਵੀ ਸਾਡੇ 'ਚੋਂ ਹੀ ਹੋਣਗੇ। ਜੋ ਸਵਾਲ ਕਰਨਗੇ। ਲੇਕਿਨ ਉਨ੍ਹਾਂ ਦੇ ਬੋਲੇ ਆਖ਼ਰੀ ਬੋਲਾ ਅਤੇ ਉਨ੍ਹਾਂ ਵੱਲੋਂ ਲਿਖੀ ਚਿੱਠੀ ਦੀ ਲਿਖ਼ਤ ਤੋਂ ਸਾਫ਼ ਸਪੱਸ਼ਟ ਹੁੰਦਾ ਹੈ ਕਿ ਸੱਚ-ਮੁੱਚ ਮੋਦੀ ਸਰਕਾਰ ਵੱਲੋਂ ਕਿਸਾਨਾਂ ਤੇ ਕੀਤੇ ਜਾ ਰਹੇ ਜ਼ੁਲਮਾਂ ਤੋਂ ਆਪ ਜੀ ਬਹੁਤ ਜ਼ਿਆਦਾ ਦੁਖੀ ਹੋ ਗਏ ਸਨ। ਸੜਕਾਂ ਤੇ ਰੁਲਦੇ ਕਿਸਾਨਾਂ ਚੋਂ ਸ਼ਾਇਦ ਉਹ ਗੁਰੂ ਨਾਨਕ ਸਾਹਿਬ ਦੀ ਸਿੱਖੀ ਨੂੰ ਰੁਲਦਾ ਦੇਖ ਰਹੇ ਸਨ।




ਸੰਤ ਬਾਬਾ ਰਾਮ ਸਿੰਘ ਜੀ ਸੁਰਤਿ ਦੀ ਉਡਾਰੀ ਕਿੰਨੀ ਉੱਚੀ ਪਹੁੰਚ ਚੁੱਕੀ ਸੀ। ਇਹ ਸ਼ਾਇਦ ਉਹੀ ਦੱਸ ਸਕਦੇ ਹਨ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਪਾਕਿਸਤਾਨੀ ਸਿੱਖ ਸੰਗਤ, ਪੰਜਾਬੀ ਸਿੱਖ ਸੰਗਤ, ਗੁਰਦੁਆਰਾ ਸ੍ਰੀ ਜਨਮ ਅਸਥਾਨ ਦੇ ਗ੍ਰੰਥੀ ਸਾਹਿਬਾਨ ਵੱਲੋਂ ਇਕ ਵਾਰ ਫੇਰ ਹਿੰਦੁਸਤਾਨ ਦੀ ਸਰਕਾਰ ਵੱਲੋਂ ਕਿਸਾਨਾਂ ਪ੍ਰਤੀ ਕੀਤੇ ਜਾ ਰਹੇ ਜ਼ੁਲਮਾਂ ਦੀ ਨਿਖੇਦੀ ਕੀਤੀ ਗਈ ਅਤੇ ਸੁਨੇਹਾ ਦਿੱਤਾ ਗਿਆ ਕਿ ਸੰਤ ਬਾਬਾ ਰਾਮ ਸਿੰਘ ਜੀ ਵੱਲੋਂ ਦਿੱਤੀ ਸ਼ਹਾਦਤ ਕਿਸਾਨੀ ਸੰਘਰਸ਼ 'ਚ ਇਕ ਨਵਾਂ ਰੰਗ ਭਰੇਗੀ, ਉਹ ਰੰਗ ਫ਼ਤਹਿਯਾਬੀ ਦਾ ਰੰਗ ਹੋਵੇਗਾ।

ਆਪ ਜੀ ਵੱਲੋਂ ਲਿਖੇ ਆਖਰੀ ਬੋਲ ਘਰ-ਘਰ ਗੂੰਜਣਗੇ- ਸਰਕਾਰ ਨਿਆਂ ਨਹੀਂ ਦੇ ਰਹੀ, ਸਰਕਾਰੇ ਇਹ ਜ਼ੁਲਮ ਹੈ.. ਸਰਕਾਰੇ ਜ਼ੁਲਮ ਕਰਨਾ ਪਾਪ ਹੈ। ਅਤੇ ਕਿਸਾਨ ਵੀਰੋ! ਜ਼ੁਲਮ ਸਹਿਣਾ ਵੀ ਪਾਪ ਹੈ। ਸੰਤ ਬਾਬਾ ਰਾਮ ਸਿੰਘ ਜੀ ਦੀ ਸ਼ਹਾਦਤ ਜ਼ੁਲਮ ਦੇ ਖ਼ਿਲਾਫ਼ ਅਵਾਜ਼ ਹੈ। ਕਿਰਤੀ ਕਿਸਾਨ ਦੇ ਹੱਕ ਵਿੱਚ ਅਵਾਜ਼ ਹੈ ਸਮੂਹ ਸੰਗਤਾਂ ਵੱਲੋਂ ਬੇਨਤੀ ਚੌਪਈ ਸਾਹਿਬ ਦੇ ਪਾਠ ਉਪਰੰਤ ਅਰਦਾਸ ਕੀਤੀ ਗਈ।

# ਆਉਣ ਵਾਲੇ ਸਮੇਂ ਦਾ ਕਿਸਾਨੀ ਸੰਘਰਸ਼ ਬਣੇਗਾ ਇਤਿਹਾਸ- ਸਰਹਾਲ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਜਦੋਂ ਵੀ ਦੇਸ਼ ਨੂੰ ਸੰਕਟ ਆਇਆ ਤਾਂ ਪੰਜਾਬੀਆਂ ਨੇ ਦੇਸ਼ ਨੂੰ ਸੰਕਟ ਵਿਚੋਂ ਕੱਢਣ ਲਈ ਕਰਬਾਨੀਆਂ ਦਿਤੀਆਂ ਪੰਜਾਬ ਪਹਿਲਾਂ ਤੋਂ ਹੀ ਕੁਰਬਾਨੀਆਂ ਦਿੰਦਾ ਆ ਰਿਹਾ ਹੈ ਇਸ ਲਈ ਪੰਜਾਬੀਆਂ ਦੇ ਇਤਿਹਾਸ ਨੂੰ ਪੂਰੀ ਦੁਨੀਆਂ ਜਾਣਦੀ ਹੈ ਤੇ ਜੋ ਕਿਸਾਨਾਂ ਵਲੋਂ ਦੇਸ਼ ਦੀ ਨਿਕੰਮੀ ਕੇਂਦਰ ਸਰਕਾਰ ਨੇ ਕਰੋਨਾ ਕਾਲ ਚ ਆਪਣੀ ਮਰਜੀ ਨਾਲ ਜੋ ਦੇਸ਼ ਦੇ ਅੰਨ ਦਾਤੇ ਖਿਲਾਫ ਕਾਲੇ ਕਾਨੂੰਨ ਪਾਸ ਕੀਤੇ ਉਨਾਂ ਨੂੰ ਰੱਦ ਕਰਵਾਉਣ ਲਈ ਸਾਰੇ ਦੇਸ਼ ਦੇ ਕਿਸਾਨ ਵੀਰ ਦਿੱਲੀ ਜੰਤਰ ਮੰਤਰ ਧਰਨੇ ਚ ਆਪਣਾ ਯੋਗਦਾਨ ਪਾ ਰਹੇ ਹਨ ਪਰ ਮੋਦੀ ਸਰਕਾਰ ਇਨਾਂ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਲਈ ਕੋਈ ਖਾਸ ਕਦਮ ਨਹੀਂ ਚੁੱਕ ਰਹੀ ਪਰ ਕਿਸਾਨਾਂ ਵਲੋਂ ਕੀਤਾ ਸ਼ੰਘਰਸ਼ ਅਤੇ ਹਰ ਰੋਜ ਵੱਧ ਰਹੀਆ ਮੁਸ਼ਕਿਲਾਂ ਜਰੂਰ ਹੱਲ ਹੋਣਗੀਆਂ ਤੇ ਆਉਣ ਵਾਲੇ ਸਮੇਂ ਚ ਕਿਸਾਨੀ ਸ਼ੰਘਰਸ਼ ਇਤਿਹਾਸ ਬਣੇਗਾ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਕੁਲਜੀਤ ਸਿੰਘ ਸਰਹਾਲ ਉਪ ਚੇਅਰਮੈਨ ਨੇ ਦਿੱਲੀ ਵਿਖੇ ਚੱਲ ਰਹੇ ਕਿਸਾਨੀ ਸ਼ੰਘਰਸ਼ ਚ ਜਾਣ ਤੋਂ ਪਹਿਲਾਂ ਚੱਕਦਾਨਾ ਵਿਖੇ ਰੁਕ ਕੇ ਕੀਤਾ ਸਰਹਾਲ ਨੇ ਆਖਿਆ ਕਿ ਅੱਜ ਦੇਸ਼ ਦਾ ਅੰਨ ਦਾਤਾ ਬਿੱਲਾਂ ਨੂੰ ਰੱਦ ਕਰਵਾਉਣ ਲਈ ਧਰਨੇ ਲਾਉਣ ਲਈ ਮਜਬੂਰ ਹੈ ਅਗਰ ਕਿਤੇ ਕਿਸਾਨਾਂ ਨੇ ਫਸਲ ਉਗਾਉਣ ਤੋ ਹੀ ਧਰਨਾ ਲਗਾ ਦਿਤਾ ਤਾਂ ਉਸ ਸਮੇਂ ਦੇਸ਼ ਤਾਂ ਬਰਬਾਦ ਹੋਵੇਗਾ ਤੇ ਇਹ ਮੌਕੇ ਦੀਆਂ ਸਰਕਾਰਾਂ ਦੇ ਮੰਤਰੀ ਵੀ ਭੁੱਖ ਨਾਲ ਮਰਨਗੇ ਫਿਰ ਪਤਾ ਲੱਗੂ ਕਿ ਧਰਨਾ ਕਿਵੇਂ ਲੱਗਦਾ ਕੇਂਦਰ ਦੇ ਅੜੀਅਲ ਵਤੀਰੇ ਨੇ ਹੀ ਕਈ ਕਿਸਾਨਾਂ ਨੂੰ ਇਸ ਸੰਸਾਰ ਤੋਂ ਜਾਣ ਲਈ ਮਜਬੂਰ ਕਰ ਦਿਤਾ ਤੇ ਕੱਲ ਹੀ ਮਹਾਨ ਮਹਾਂਪੁਰਸ਼ ਸੰਤ ਰਾਮ ਸਿੰਘ ਨਾਨਕਸਰ ਵਾਲਿਆ ਨੇ ਇਨਾਂ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਕਰਕੇ ਹੀ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਹਰ ਰੋਜ ਹੀ ਅਣਸੁਖਾਂਵੀਆਂ ਕਿਸਾਨਾਂ ਨਾਲ ਹੋ ਰਹੀਆਂ ਹਨ ਤੇ ਕੇਂਦਰ ਸਰਕਾਰ ਟੱਸ ਤੋਂ ਮੱਸ ਨਹੀਂ ਹੋ ਰਹੀ ਕਾਰਪਟਰੇਟ ਘਰਾਣਿਆ ਦੇ ਧੱਕੇ ਚੜੇ ਨਰਿੰਦਰ ਮੋਦੀ ਨੂੰ ਕੁਝ ਦੇਸ਼ ਬਾਰੇ ਸੋਚਣਾ ਚਾਹੀਦਾ ਹੈ ਉਨਾਂ ਕਿਹਾ ਕਿ ਅੱਤ ਦੀ ਪੈ ਰਹੀ ਠੰਡ ਚ ਕਿਸਾਨ ਸ਼ੰਘਰਸ਼ ਕਰ ਰਹੇ ਹਨ ਇਸ ਸੰਘਰਸ਼ ਦਾ ਜਰੂਰ ਮੁੱਲ ਮੁੜੇਗਾ ਤੇ ਸਰਕਾਰ ਕਾਨੂੰਨ ਰੱਦ ਕਰਨ ਲਈ ਮਜਬੂਰ ਹੋਵੇਗੀ ਇਸ ਮੋਕੇ ਬਿਸ਼ਨ ਝਿੰਗੜ ਸਾ. ਸੰਮਤੀ ਮੈਂਬਰ, ਬਿਸੰਬਰ ਲਾਲ ਸਰਪੰਚ, ਗੁਰਪ੍ਰੀਤ ਬਾਗਲਾ, ਵਰਿੰਦਰ ਘਈ, ਨਵੀਨ ਮਹੇ. ਜਸਪਾਲ ਸਿੰਘ, ਮੁਖਤਿਆਰ ਸਿੰਘ ਤੋਂ ਇਲਾਵਾ ਭਾਰੀ ਗਿਣਤੀ ਚ ਨੌਜਵਾਨ ਸ਼ਾਮਿਲ ਸਨ।



# ਸੂਫੀਆਨਾ ਦਰਗਾਹ ਪ੍ਰਬੰਧਕ ਕਮੇਟੀ ਨੇ ਕਿਸਾਨਾਂ ਦੇ ਹੱਕ 'ਚ ਕੈਂਡਲ ਮਾਰਚ ਕੱਢਿਆ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–**ਕੇਂਦਰ ਸਰਕਾਰ ਵਲੋਂ ਖੇਤੀ ਵਿਰੋਧ ਦੇ ਪਾਸ ਕੀਤੇ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦੇਸ਼ ਵਾਸੀ ਕਿਸਾਨਾਂ ਦੇ ਹੱਕ ਚ ਆ ਰਹੇ ਹਨ ਤਾਂ ਜੋ ਇਨਾਂ ਕਾਲੇ ਕਾਨੂੰਨਾਂ ਨੂੰ ਰੱਦ ਕੀਤਾ ਜਾ ਸਕੇ ਇਸ ਕਿਸਾਨੀ ਸ਼ੰਘਰਸ਼ ਦੇ ਗੰਭੀਰ ਮਸਲੇ ਸੂਫੀਆਨਾ ਦਰਗਾਹ ਪ੍ਰਬੰਧਕ ਕਮੇਟੀ ਦੀ ਵਿਸੇਸ਼ ਮੀਟਿੰਗ ਪ੍ਰਧਾਨ ਪੱਪਲ ਸ਼ਾਹ ਭਰੋਮਜਾਰਾ ਦੀ ਰੁਹਨੁਮਾਈ ਹੇਠ ਫਿਲੌਰ ਵਿਖੇ ਸੱਤੇ ਰਹਿਮਤਾਂ ਮਈਆਂ ਦਰਬਾਰ ਵਿਖੇ ਹੋਈ ਇਸ ਵਿਸੇਸ਼ ਮੀਟਿੰਗ ਕਰੀਬ ਸੂਫੀਆਨਾ ਦੇ ਮਹਾਂਪੁਰਸ਼ਾਂ ਤੇ ਕਮੇਟੀ ਮੈਂਬਰਾਂ ਨੇ ਹਿੱਸਾ ਲਿਆ ਇਸ ਮੀਟਿੰਗ ਨੂੰ ਸੰਬੋਧਨ ਕਰਦਿਆ ਪ੍ਰਧਾਨ ਪੱਪਲ ਸ਼ਾਹ ਨੇ ਆਖਿਆ ਕਿ ਕੇਂਦਰ ਸਰਕਾਰ ਵਲੋਂ ਅਜੇ ਤੱਕ ਇਨਾਂ ਕਾਲੇ ਕਾਨੂੰਨਾਂ ਨੂੰ ਖਤਮ ਕਰਨ ਲਈ ਕੋਈ ਖਾਸ ਦਿਲਚਸਪੀ ਨਹੀਂ ਦਿਖਾਈ ਤੇ ਹਰ ਰੋਜ ਕਿਸਾਨ ਜਥੇਬੰਦੀਆਂ ਨੂੰ ਮੀਟਿੰਗਾਂ ਕਰਨ ਲਈ ਆਖਿਆ ਜਾ ਰਿਹਾ ਹੈ ਜਦੋਕਿ ਪਹਿਲਾਂ ਕਿਸਾਨਾਂ ਵਲੋਂ ਕੀਤੀਆ ਮੀਟਿੰਗਾਂ ਅਸਫਲ ਰਹੀਆਂ ਤੇ ਹੁਣ ਸਰਕਾਰ ਵਾਰ ਵਾਰ ਸੋਧ ਕਰਨ ਲਈ ਕਹਿ ਰਹੀ ਹੈ।




ਜਦੋਂ ਤੁਸੀ ਪਹਿਲਾਂ ਹੀ ਸਹੀ ਬਣਾਏ ਹਨ ਤਾਂ ਇਨਾਂ ਚ ਕੀ ਸੋਧ ਹੋ ਸਕਦੀ ਹੈ ਇਸ ਤੋਂ ਜਾਹਰ ਹੈ ਕਿ ਇਨਾਂ ਬਿੱਲਾਂ ਚ ਬਹੁਤ ਖਾਮੀਆ ਹਨ ਜੋ ਕਿਸਾਨਾਂ ਦੇ ਭਵਿੱਖ ਦੇ ਨਾਲ ਪੂਰੇ ਦੇਸ਼ ਨੂੰ ਬਰਬਾਦ ਕਰਨ ਚ ਕੋਈ ਕਸਰ ਨਹੀਂ ਛੱਡਣਗੀਆਂ ਇਸ ਕਰਕੇ ਇਨਾਂ ਬਿੱਲਾਂ ਨੂੰ ਸੋਧ ਕਰਨ ਦੀ ਬਜਾਏ ਇਹ ਕਿਸਾਨ ਵਿਰੋਧੀ ਬਿੱਲ ਪੂਰੀ ਤਰਾਂ ਰੱਦ ਹੋਣੇ ਚਾਹੀਦੇ ਹਨ ਕਿਉਕਿ ਇਹ ਬਿੱਲ ਕਿਸਾਨਾਂ ਲਈ ਹੀ ਨਹੀਂ ਪੂਰੇ ਦੇਸ਼ ਵਾਸੀਆਂ ਲਈ ਘਾਤਕ ਸਿੱਧ ਹੋਣਗੇ।

ਇਸ ਕਿਸਾਨੀ ਸ਼ੰਘਰਸ਼ ਚ ਸੂਫੀਆਨਾ ਦਰਗਾਹ ਪ੍ਰਬੰਧਕ ਕਮੇਟੀ ਦੇਸ਼ ਦੇ ਅੰਨਦਾਤੇ ਦੇ ਨਾਲ ਹੈ ਤੇ ਜਿਸ ਤਰਾਂ ਕਿਸਾਨ ਜਥੇਬੰਦੀਆ ਸਾਨੂੰ ਹੁਕਮ ਲਾਉਣਗੀਆਂ ਅਸੀ ਉਨਾਂ ਦਾ ਸਾਥ ਦੇਵਾਂਗੇ। ਇਸ ਮੌਕੇ ਉਨਾਂ ਮੋਦੀ ਸਰਕਾਰ ਦੇ ਵਿਰੋਧ ਚ ਕੈਂਡਲ ਮਾਰਚ ਵੀ ਕੀਤਾ ਗਿਆ ਤੇ ਇਸ ਕਾਲੇ ਕਾਨੂੰਨਾਂ ਦੀ ਵਿਰੋਧਤਾ ਪ੍ਰਗਟਾਈ ਇਸ ਕੈਂਡਲ ਮਾਰਚ ਵੱਖ ਵੱਖ ਡੇਰਿਆਂ ਤੋਂ ਫੱਕਰ, ਮਹਾਂਪੁਰਸ਼, ਗਾਇਕ, ਕਲਾਕਾਰ ਆਦਿ ਹਾਜਰ ਸਨ।

# ਚੰਡੀਗੜ੍ਹ ਯੂਨੀਵਰਸਿਟੀ ਵੱਲੋਂ ਸਾਲ 2021-22 ਦੇ ਦਾਖ਼ਲਿਆਂ ਲਈ ਪ੍ਰਵੇਸ਼ ਪ੍ਰੀਖਿਆ ਦਾ ਐਲਾਨ

**ਚੰਡੀਗੜ (ਬਿਊਰੋ)–** ਭਾਰਤ ਦੇ ਸਿੱਖਿਆ ਮੰਤਰੀ ਸ੍ਰੀ ਰਮੇਸ਼ ਪੋਖਰਿਆਲ ਨਿਸ਼ੰਕ ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਦੀ ਪ੍ਰਵੇਸ਼ ਪ੍ਰੀਖਿਆ 'ਸੀਯੂ.ਸੀ.ਈ.ਟੀ–2021' ਲਾਂਚ ਕੀਤੀ ਗਈ। ਚੰਡੀਗੜ੍ਹ ਯੂਨੀਵਰਸਿਟੀ 'ਚ ਇੰਜੀਨੀਅਰਿੰਗ, ਐਮ.ਬੀ.ਏ, ਲਾਅ, ਫਾਰਮੇਸੀ ਅਤੇ ਐਗਰੀਕਲਚਰ ਕੋਰਸਾਂ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਇਹ ਪ੍ਰੀਖਿਆ ਦੇਣੀ ਲਾਜ਼ਮੀ ਹੋਵੇਗੀ। ਇਸ ਪ੍ਰੀਖਿਆ ਦੇ ਅੰਤਰਗਤ ਵਿਦਿਆਰਥੀ ਵੱਖ–ਵੱਖ ਕੋਰਸਾਂ 'ਚ ਮੈਰਿਟ ਦੇ ਆਧਾਰ 'ਤੇ ਦਾਖ਼ਲਾ ਲੈ ਸਕਣਗੇ। ਚੰਡੀਗੜ੍ਹ ਯੂਨੀਵਰਸਿਟੀ ਵੱਲੋਂ ਪ੍ਰਵੇਸ਼ ਪ੍ਰੀਖਿਆ ਦੇ ਆਧਾਰ 'ਤੇ 33 ਕਰੋੜ ਰੁਪਏ ਦੀ ਵਜ਼ੀਫ਼ਾ ਰਾਸ਼ੀ ਵੀ ਦਿੱਤੀ ਜਾਵੇਗੀ। 'ਵਰਸਿਟੀ ਵੱਲੋਂ ਹੁਣ ਤੱਕ ਦੀ ਸੱਭ ਤੋਂ ਵੱਡੀ ਵਜ਼ੀਫ਼ਾ ਰਾਸ਼ੀ ਦਾ ਲਾਭ ਲੈਣ ਲਈ ਹਰ ਕੋਰਸ ਦੇ ਵਿਦਿਆਰਥੀ ਇਸ ਪ੍ਰੀਖਿਆ 'ਚ ਭਾਗ ਲੈ ਸਕਣਗੇ ਅਤੇ ਮੈਰਿਟ ਦੇ ਆਧਾਰ 'ਤੇ ਉਨ੍ਹਾਂ ਨੂੰ ਵੱਖ–ਵੱਖ ਕੋਰਸਾਂ ਵਿੱਚ 100 ਫ਼ੀਸਦੀ ਤੱਕ ਦੇ ਵਜ਼ੀਫ਼ੇ ਪ੍ਰਦਾਨ ਕਰਨ ਦੀ ਵਿਵਸਥਾ ਕੀਤੀ ਗਈ ਹੈ।

ਇਸ ਮੌਕੇ ਬੋਲਦਿਆਂ ਕੇਂਦਰੀ ਸਿੱਖਿਆ ਮੰਤਰੀ ਰਮੇਸ਼ ਪੋਖਰਿਆਲ ਨੇ ਕਿਹਾ ਕਿ ਮੈਰਿਟ ਦੇ ਆਧਾਰ 'ਤੇ ਵਿਦਿਆਰਥੀਆਂ ਨੂੰ ਦਾਖ਼ਲਾ ਅਤੇ 33 ਕਰੋੜ ਦੀ ਸਕਾਲਰਸ਼ਿਪ ਦੇਣ ਦਾ ਚੰਡੀਗੜ੍ਹ ਯੂਨੀਵਰਸਿਟੀ ਦਾ ਉਪਰਾਲਾ ਸ਼ਲਾਘਾਯੋਗ ਹੈ।

ਇਸ ਸਕੀਮ ਨਾਲ ਹੋਣਹਾਰ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਹਾਸਲ ਕਰਨ ਦੇ ਨਵੇਂ ਮੌਕੇ ਪ੍ਰਦਾਨ ਹੋਣਗੇ। ਉਨ੍ਹਾਂ ਕਿਹਾ ਕਿ 'ਵਰਸਿਟੀ ਦੀ ਬਹੁਕਰੋੜੀ ਵਜ਼ੀਫ਼ਾ ਸਕੀਮ ਦੇਸ਼ ਦੇ ਹੋਣਹਾਰ ਵਿਦਿਆਰਥੀਆਂ ਲਈ ਨਵੇਂ ਰਸਤੇ ਖੋਲ੍ਹੇਗੀ, ਜਿਸ ਨਾਲ ਉਹ ਰਾਸ਼ਟਰ ਨਿਰਮਾਣ 'ਚ ਆਪਣਾ ਬਿਹਤਰ ਯੋਗਦਾਨ ਪਾ ਸਕਣਗੇ।

ਇਸ ਸਬੰਧੀ ਬੋਲਦਿਆਂ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਹੁਨਰਮੰਦ ਵਿਦਿਆਰਥੀਆਂ ਨੂੰ ਢੁਕਵੇਂ ਮੌਕੇ ਅਤੇ ਵਿੱਤੀ ਮਦਦ ਪ੍ਰਦਾਨ ਕਰਨ ਲਈ ਚੰਡੀਗੜ੍ਹ ਯੂਨੀਵਰਸਿਟੀ ਵੱਲੋਂ 2021 ਦੀ ਪ੍ਰਵੇਸ਼ ਪ੍ਰੀਖਿਆ ਅਤੇ ਦਾਖ਼ਲਾ ਨੀਤੀ ਜਾਰੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਮਾਜਿਕ ਜ਼ਿੰਮੇਵਾਰੀ ਤਹਿਤ ਯੂਨੀਵਰਸਿਟੀ ਵੱਲੋਂ ਇਸ ਸਾਲ ਮੈਰੀਟੋਰੀਅਸ ਵਿਦਿਆਰਥੀਆਂ ਦੀ ਮਿਆਰੀ ਸਿੱਖਿਆ ਵਾਸਤੇ ਵਜ਼ੀਫ਼ਿਆਂ ਦੇ ਰੂਪ 'ਚ 33 ਕਰੋੜ ਰੁਪਏ ਖ਼ਰਚੇ ਜਾਣਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਚੰਡੀਗੜ੍ਹ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਸਤਬੀਰ ਸਿੰਘ ਸਹਿਗਲ ਨੇ ਦੱਸਿਆ ਕਿ ਪ੍ਰਵੇਸ਼ ਪ੍ਰੀਖਿਆ (ਸੀਯੂ ਸੀ.ਈ.ਟੀ) ਰਾਹੀਂ ਦੇਸ਼ ਭਰ ਤੋਂ ਵਿਦਿਆਰਥੀ 'ਵਰਸਿਟੀ ਵੱਲੋਂ ਪੇਸ਼ ਕੀਤੇ ਗਏ 135 ਅੰਡਰ–ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕੋਰਸਾਂ 'ਚ ਮੈਰਿਟ ਦੇ ਆਧਾਰ 'ਤੇ 100 ਫ਼ੀਸਦੀ ਤੱਕ ਦਾ ਵਜ਼ੀਫ਼ਾ ਪ੍ਰਾਪਤ ਕਰਕੇ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ 'ਵਰਸਿਟੀ ਦੀ ਸਥਾਪਨਾ ਤੋਂ ਹੁਣ ਤੱਕ 63 ਹਜ਼ਾਰ ਵਿਦਿਆਰਥੀਆਂ ਨੂੰ ਇਸ ਵਜ਼ੀਫ਼ਾ ਸਕੀਮ ਦਾ ਲਾਭ ਮਿਲ ਚੁੱਕਾ ਹੈ। ਡਾ. ਸਹਿਗਲ ਨੇ ਦੱਸਿਆ ਕਿ ਦਾਖ਼ਲਾ ਨੀਤੀ ਤਹਿਤ ਇੰਜੀਨੀਅਰਿੰਗ, ਐਮ.ਬੀ.ਏ, ਲਾਅ, ਫਾਰਮੇਸੀ ਅਤੇ ਐਗਰੀਕਲਚਰ ਕੋਰਸਾਂ 'ਚ ਪ੍ਰਵੇਸ਼ ਪ੍ਰੀਖਿਆ (ਸੀਯੂ. ਸੀ.ਈ.ਟੀ) ਲਾਜ਼ਮੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਕੀਮ ਦੇ ਅੰਤਰਗਤ ਵਿਦਿਆਰਥੀਆਂ ਨੂੰ ਮਿਆਰ, ਸਮੱਰਥਾ ਅਤੇ ਉਨ੍ਹਾਂ ਦੀ ਸ਼ਕਤੀ ਦੇ ਆਧਾਰ 'ਤੇ ਬਿਨ੍ਹਾਂ ਕਿਸੇ ਭੇਦਭਾਵ ਤੋਂ 33 ਕਰੋੜ ਤੱਕ ਦੇ ਵਜ਼ੀਫ਼ੇ ਮੁਹੱਈਆ ਕਰਵਾਏ ਜਾਣਗੇ।




ਡਾ. ਸਹਿਗਲ ਨੇ ਦੱਸਿਆ ਕਿ ਪ੍ਰਵੇਸ਼ ਪ੍ਰੀਖਿਆ ਨੂੰ ਦੋ ਵੱਖ–ਵੱਖ ਪੜਾਵਾਂ ਤਹਿਤ ਵੰਡਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪਹਿਲਾ ਪੜਾਅ ਦਸੰਬਰ ਤੋਂ ਮਈ ਅਤੇ ਦੂਜੇ ਪੜਾਅ ਦੀ ਸ਼ੁਰੂਆਤ ਜੂਨ ਤੋਂ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਪ੍ਰਵੇਸ਼ ਪ੍ਰੀਖਿਆ ਦੇ ਪਹਿਲੇ ਪੜਾਅ ਤਹਿਤ 90.01 ਤੋਂ 100 ਫ਼ੀਸਦੀ ਅੰਕ ਲੈਣ ਵਾਲੇ ਵਿਦਿਆਰਥੀਆਂ ਨੂੰ 100 ਫ਼ੀਸਦੀ ਵਜ਼ੀਫ਼ਾ, 80 ਤੋਂ 90 ਫ਼ੀਸਦੀ ਅੰਕ ਪ੍ਰਾਪਤ ਕਰਨ 'ਤੇ 50 ਫ਼ੀਸਦੀ, 70–79.99 ਅੰਕ ਪ੍ਰਾਪਤ ਕਰਨ 'ਤੇ 40 ਫ਼ੀਸਦੀ, 60–69.99 ਅੰਕਾਂ 'ਤੇ 30 ਫ਼ੀਸਦੀ, 50–59.99 ਅੰਕਾਂ 'ਤੇ 20 ਫ਼ੀਸਦੀ ਅਤੇ 40.49.99 ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ 10 ਫ਼ੀਸਦੀ ਵਜ਼ੀਫ਼ਾ ਮੁਹੱਈਆ ਕਰਵਾਇਆ ਜਾਵੇਗਾ ਜਦਕਿ ਤਹਿ ਕੀਤੇ ਗਏ ਘੱਟੋ ਘੱਟ ਅੰਕਾਂ ਵਾਲੇ ਵਿਦਿਆਰਥੀਆਂ ਨੂੰ 5 ਫ਼ੀਸਦੀ ਵਜ਼ੀਫ਼ੇ ਦਾ ਲਾਭ ਮਿਲੇਗਾ। ਉਨ੍ਹਾਂ ਦੱਸਿਆ ਕਿ ਪ੍ਰਵੇਸ਼ ਪ੍ਰੀਖਿਆ ਲਈ ਅਰਜ਼ੀਆਂ ਆਨਲਾਈਨ ਅਤੇ ਆਫ਼ਲਾਈਨ ਦੋਵੇਂ ਤਰ੍ਹਾਂ ਲਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਜਿਹੜੇ ਵਿਦਿਆਰਥੀ ਆਫ਼ਲਾਈਨ ਮੋਡ ਰਾਹੀਂ ਵਿਦਿਆਰਥੀ ਰਜਿਸਟ੍ਰੇਸ਼ਨ ਫ਼ਾਰਮ ਦੇਸ਼ ਭਰ 'ਚ ਮੌਜੂਦ 'ਵਰਸਿਟੀ ਦੇ 21 ਖੇਤਰੀ ਸੈਂਟਰਾਂ ਤੋਂ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ 'ਵਰਸਿਟੀ ਦੇ ਖੇਤਰੀ ਸੈਂਟਰ ਪੰਜਾਬ, ਚੰਡੀਗੜ੍ਹ, ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ, ਜੰਮੂ ਕਸ਼ਮੀਰ, ਰਾਜਸਥਾਨ, ਆਂਧਰਾ ਪ੍ਰਦੇਸ਼, ਯੂਪੀ, ਮੱਧ ਪ੍ਰਦੇਸ਼, ਪੱਛਮੀ ਬੰਗਾਲ, ਉਤਰਾਖੰਡ, ਮਨੀਪੁਰ, ਤੇਲੰਗਨਾ, ਬਿਹਾਰ, ਝਾਰਖੰਡ, ਆਸਾਮ, ਛੱਤੀਸ਼ਗੜ੍ਹ, ਗੁਜਰਾਤ, ਉੜੀਸ਼ਾ ਅਤੇ ਕੇਰਲਾ ਆਦਿ ਸੂਬਿਆਂ 'ਚ ਸਥਿਤ ਹਨ। ਉਨ੍ਹਾਂ ਦੱਸਿਆ ਕਿ ਆਨਲਾਈਨ ਮਾਧਿਅਮ ਰਾਹੀਂ ਲਈ ਜਾਣ ਵਾਲੀ ਇਸ ਪ੍ਰੀਖਿਆ ਦੀ ਵਿਸੇਸ਼ਤਾ ਹੈ ਕਿ ਇਹ ਵਿਦਿਆਰਥੀਆਂ ਨੂੰ ਸਮਾਂ ਅਤੇ ਸਥਾਨ ਚੁਣਨ ਸਬੰਧੀ ਲਚੀਕਲਾਪਣ ਮੁਹੱਈਆ ਕਰਵਾਉਂਦੀ ਹੈ।

ਡਾ. ਸਹਿਗਲ ਨੇ ਦੱਸਿਆ ਕਿ ਪ੍ਰੀਖਿਆ ਸਬੰਧੀ ਰਜਿਸਟ੍ਰੇਸ਼ਨ ਫ਼ੀਸ 1 ਹਜ਼ਾਰ ਰੁਪਏ ਹੈ, ਜਿਸ ਨਾਲ ਵਿਦਿਆਰਥੀ ਡਿਜੀਟਲ ਪ੍ਰਾਸਪੈਕਟ ਪ੍ਰਾਪਤ ਕਰਨ ਦੇ ਨਾਲ–ਨਾਲ ਅੰਕਾਂ 'ਚ ਸੁਧਾਰ ਲਈ ਤਿੰਨ ਵਾਰ ਇੱਕੋ ਪੜਾਅ ਤਹਿਤ ਪ੍ਰੀਖਿਆ ਦੇਣ ਦੀ ਸਹੂਲਤ ਪ੍ਰਾਪਤ ਕਰਦਾ ਹੈ। ਡਾ. ਸਹਿਗਲ ਨੇ ਦੱਸਿਆ ਕਿ ਸੀਯੂ. ਸੀ.ਈ.ਟੀ ਤਹਿਤ ਵਿਦਿਆਰਥੀਆਂ ਦੀ ਰੁਚੀ ਅਤੇ ਕੁਸ਼ਲਤਾ ਦੀ ਪਛਾਣ ਲਈ 'ਸਾਈਕੋਮੈਟ੍ਰਿਕ ਟੈਸਟ' ਦਾ ਪ੍ਰਬੰਧ ਵੀ ਕੀਤਾ ਗਿਆ ਹੈ, ਜਿਸ ਦੇ ਮਾਧਿਅਮ ਰਾਹੀਂ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਰੁਚੀ ਅਤੇ ਸਮੱਰਥਾ ਅਨੁਸਾਰ ਢੁੱਕਵੇਂ ਕੋਰਸ ਚੁਣਨ ਸਬੰਧੀ ਪ੍ਰੇਰਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਇਸ ਸਬੰਧੀ ਵਧੇਰੇ ਜਾਣਕਾਰੀ ਲਈ ਵਿਦਿਆਰਥੀ ਵਿਸਥਾਰਿਤ ਬਿਊਰਾ 'ਵਰਸਿਟੀ ਦੀ ਵੈਬਸਾਈਟ http://cucet.cuchd.in ਤੋਂ ਪ੍ਰਾਪਤ ਕਰ ਸਕਦੇ ਹਨ।

ਇਸ ਸਬੰਧੀ ਝਾਰਖੰਡ ਤੋਂ ਕੰਪਿਊਟਰ ਸਾਇੰਸ ਇੰਜੀਨੀਅਰਿੰਗ ਦੇ ਵਿਦਿਆਰਥੀ ਅਤੁਲ ਰਾਜਨ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਕੰਪਿਊਟਰ ਸਾਇੰਸ ਇੰਜੀਨੀਅਰਿੰਗ ਦੇ ਖੇਤਰ 'ਚ ਆਪਣੇ ਸੁਨਿਹਰੇ ਭਵਿੱਖ ਦਾ ਨਿਰਮਾਣ ਕਰਨਾ ਚਾਹੁੰਦਾ ਸੀ, ਪ੍ਰੰਤੂ ਆਰਥਿਕ ਤੰਗੀ ਕਰਕੇ ਉਹ ਖਰਚਿਆਂ ਤੋਂ ਚਿੰਤਤ ਸੀ।

ਉਨ੍ਹਾਂ ਕਿਹਾ ਕਿ ਚੰਡੀਗੜ੍ਹ ਯੂਨੀਵਰਸਿਟੀ ਦੀ ਸੀਯੂ ਸੀ.ਈ.ਟੀ ਸਕੀਮ ਬਾਰੇ ਪਤਾ ਚੱਲਣ ਉਪਰੰਤ ਉਸਨੇ ਦਾਖ਼ਲਾ ਪ੍ਰੀਖਿਆ ਦਿੱਤੀ ਅਤੇ 95 ਫ਼ੀਸਦੀ ਅੰਕ ਪ੍ਰਾਪਤ ਕਰਕੇ ਕੋਰਸ ਫ਼ੀਸ ਉੱਤੇ 75 ਫ਼ੀਸਦੀ ਤੱਕ ਦਾ ਵਜ਼ੀਫ਼ਾ ਹਾਸਲ ਕਰਨ 'ਚ ਕਾਮਯਾਬ ਰਿਹਾ। ਉਨ੍ਹਾਂ ਕਿਹਾ ਕਿ ਮੈਂ 'ਵਰਸਿਟੀ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਮੇਰੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸੁਨਿਹਰਾ ਮੰਚ ਪ੍ਰਦਾਨ ਕਰਵਾਇਆ।

# ਪੰਜਾਬੀ ਗਾਇਕ ਤੇ ਗੀਤਕਾਰ ਸੱਤਾ ਵੈਰੋਵਾਲੀਆ ਨਵੇਂ ਗੀਤ 'ਠੋਕਵਾਂ ਸਲਾਮ' ਰਾਹੀਂ ਕਿਸਾਨੀ ਸੰਘਰਸ਼ ਨੂੰ ਸਿਜਦਾ ਕਰੇਗਾ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਵਸਦਾ ਪ੍ਰਸਿੱਧ ਪੰਜਾਬੀ ਗੀਤਾਂ ਦਾ ਰਚਨਹਾਰਾ ਅਤੇ ਐਵਾਰਡ ਜੇਤੂ ਰਿਹਾ ਅਤੇ ਨਾਲ ਹੀ ਗਾਇਕੀ ਦਾ ਸ਼ੌਕ ਪਾਲ ਰਿਹਾ ਨੌਜਵਾਨ ਸੱਤਾ ਵੈਰੋਵਾਲੀਆ ਭਾਰਤੀਆਂ ਖਾਸ ਕਰ ਪੰਜਾਬੀਆਂ ਦੇ ਕਿਸਾਨੀ ਸੰਘਰਸ਼ ਤੋਂ ਬਹੁਤ ਪ੍ਰਭਾਵਤਿ ਹੈ। ਉਸਦੀ ਕਲਮ ਹੁਣ ਤੱਕ ਕਈ ਕੁਝ ਲਿਖ ਕੇ ਅਤੇ ਗਾ ਕੇ ਇਥੇ ਆਪਣਾ ਅਸਰਦਾਰ ਸੁਨੇਹਾ ਛੱਡ ਚੁੱਕੀ ਹੈ ਅਤੇ ਹੁਣ ਇਕ ਵਾਰ ਫਿਰ ਉਸਨੇ ਕਿਸਾਨੀ ਸੰਘਰਸ਼ ਨੂੰ ਸਿਜਦਾ ਕਰਦਾ ਇਕ ਗੀਤ 'ਠੋਕਵਾਂ ਸਲਾਮ' ਲਿਖਿਆ ਹੈ ਜਿਸ ਨੂੰ ਵੈਰੋਵਾਲ ਪ੍ਰੋਡਕਸ਼ਨ ਐਂਡ ਆਈ. ਜੀ. ਫਿਲਮਜ਼ ਵੱਲੋਂ ਅੱਜਕਲ੍ਹ ਦੇ ਵਿਚ ਰਿਲੀਜ ਕੀਤਾ ਜਾ ਰਿਹਾ ਹੈ। ਇਸ ਗੀਤ ਦਾ ਰੰਗਦਾਰ ਪੋਸਟਰ ਜੋ ਕਿ ਕਿਸਾਨੀ ਸਕੈਚਾਂ ਨਾਲ ਬਣਾਇਆ ਗਿਆ ਹੈ, ਨੂੰ ਬੀਤੀ ਸ਼ਾਮ ਰੇਡੀਓ ਸਪਾਈਸ ਅਤੇ ਕੀਵੀ. ਸਟੂਡੀਓ ਦੇ ਪਾਪਾਟੋਏਟੋਏ ਸਥਿਤ ਸਟੂਡੀਓ ਵਿਖੇ ਰਿਲੀਜ ਕੀਤਾ ਗਿਆ ਅਤੇ ਗੀਤ ਦੇ ਕੁਝ ਅੰਸ਼ ਵੀ ਸੁਣਾਏ ਗਏ। ਇਸ ਗੀਤ ਨੂੰ ਸੰਗੀਤਬੱਧ ਕੀਤਾ ਹੈ ਨਿਊਜ਼ੀਲੈਂਡ ਵਸਦੇ ਨੌਜਵਾਨ ਗੁਰਨੀਤ ਰਹਿਸੀ ਨੇ। ਗੀਤ ਦੀ ਵੀਡੀਓ ਗ੍ਰਾਫੀ ਦੇ ਵਿਚ ਫੋਟੋਗ੍ਰਾਫਰ ਇੰਦਰ ਜੜੀਆ ਨੇ ਪੂਰੇ ਕਿਸਾਨੀ ਸੰਘਰਸ਼ ਦੀਆਂ ਤਸਵੀਰਾਂ ਨੂੰ ਕੜੀਆਂ ਵਿਚ ਬੜੇ ਤਰੀਕੇ ਨਾਲ ਜੋੜਿਆ ਹੈ। ਗੀਤ ਦੇ ਬੋਲ ਜਿੱਥੇ ਆਪਣੇ ਹੱਕਾਂ ਦੀ ਗੱਲ ਕਰਦੇ ਹਨ ਉਥੇ ਕਿਸਾਨੀ ਸੰਘਰਸ਼ ਨੂੰ ਵੀ ਆਪਣਾ ਜ਼ਜਬੇ ਭਰਿਆ 'ਠੋਕਵਾਂ ਸਲਾਮ' ਕਰਦੇ ਹਨ। ਜੋ ਕਿ ਇਸ ਸੰਘਰਸ਼ ਨੂੰ ਠਾਹ ਲਾਉਣ ਵਾਲਿਆਂ ਲਈ ਠੋਕਵਾਂ ਜਵਾਬ ਵੀ ਹਨ। ਇਸ ਗੀਤ ਨੂੰ ਦਿਨਾਂ ਵਿਚ ਹੀ ਤਿਆਰ ਕੀਤਾ ਗਿਆ ਹੈ। ਇਸਨੂੰ ਵੈਰੋਵਾਲ ਪ੍ਰੋਡਕਸ਼ਨ ਯੂ.ਟਿਊਬ ਚੈਨਲ ਉਤੇ ਜਾਰੀ ਕੀਤਾ ਜਾਵੇਗਾ। ਹਰਦੀਪ ਹਠੂਰ, ਪ੍ਰੀਤ ਬੱਲ, ਏਵੀ ਵਰਮਾ, ਸਨਦੀਪ ਮਾਨ, ਗੁਰਵਿੰਦਰ ਸਿੰਘ ਇਸ ਗੀਤ ਦੀ ਪ੍ਰੋਮੋਸ਼ਨ ਵਿਚ ਆਪਣਾ ਯੋਗਦਾਨ ਪਾ ਰਹੇ ਹਨ।



ਪੋਸਟਰ ਰਿਲੀਜ ਕਰਨ ਵਲੇ ਰੇਡੀਓ ਸਪਾਈਸ ਤੋਂ ਸ੍ਰੀ ਨਵਤੇਜ ਰੰਧਾਵਾ, ਸ. ਪਰਮਿੰਦਰ ਸਿੰਘ, ਗੁਰਸਿਮਰਨ ਸਿੰਘ ਮਿੰਟੂ, ਹਰਜੀਤ ਕੌਰ, ਸੱਤਾ ਵੈਰੋਵਾਲੀਆ, ਮਾਸਟਰ ਨਵਾਬ, ਗਾਇਕ ਸੱਤਾ ਵੈਰੋਵਾਲੀਆ ਅਤੇ ਹਰ ਸਹਿਯੋਗੀ ਹਾਜ਼ਿਰ ਸਨ। ਨਿਊਜ਼ੀਲੈਂਡ ਪੰਜਾਬੀ ਮੀਡੀਆ ਕਰਮੀਆਂ ਦੇ ਸਹਿਯੋਗ ਨਾਲ ਇਹ ਗੀਤ ਆਉਣ ਵਾਲੇ ਦਿਨਾਂ ਦੇ ਵਿਚ ਸੋਸ਼ਲ ਮੀਡੀਆ ਉਤੇ ਸ਼ੇਅਰ ਕੀਤਾ ਜਾਵੇਗਾ।

# ਮੋਦੀ ਸਰਕਾਰ ਅੜੀਅਲ ਵਤੀਰਾ ਛੱਡ ਕੇ ਕਾਲੇ ਖੇਤੀ ਕਾਨੂੰਨ ਤੁਰੰਤ ਰੱਦ ਕਰੇ - ਐਡਵੋਕੇਟ ਭੱਟੀ

**ਫਗਵਾੜਾ (ਬੀ.ਕੇ.ਰੱਤੂ)–** ਕੇਂਦਰ ਦੀ ਮੋਦੀ ਸਰਕਾਰ ਆਪਣਾ ਅੜੀਅਲ ਵਤੀਰਾ ਛੱਡ ਕੇ ਕਾਲੇ ਖੇਤੀ ਕਾਨੂੰਨਾ ਨੂੰ ਤੁਰੰਤ ਰੱਦ ਕਰੇ ਅਤੇ ਭਾਜਪਾ ਆਗੂ ਬੇਤੁਕੀ ਬਿਆਨਬਾਜੀ ਕਰਕੇ ਇਸ ਅੰਦੋਲਨ ਨੂੰ ਕਮਜੋਰ ਕਰਨ ਤੋਂ ਗੁਰੇਜ ਕਰਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਨੇ ਅੱਜ ਇੱਥੇ ਗੱਲਬਾਤ ਦੌਰਾਨ ਕੀਤਾ। ਉਹਨਾਂ ਕਿਹਾ ਕਿ ਜਦੋਂ ਕਿਸਾਨ ਹੀ ਨਹੀਂ ਚਾਹੁੰਦੇ ਕਿ ਉਹਨਾਂ ਲਈ ਇਹਨਾਂ ਕਾਲੇ ਕਾਨੂੰਨਾ ਨੂੰ ਲਾਗੂ ਕੀਤਾ ਜਾਵੇ ਤਾਂ ਸਰਕਾਰ ਲਾਗੂ



ਕਰਨ ਦੀ ਜਿੱਦ ਕਿਉਂ ਕਰ ਰਹੀ ਹੈ। ਉਹਨਾਂ ਅੰਦੋਲਨ ਕਰ ਰਹੇ ਕਿਸਾਨਾ ਤੇ ਮਜਦੂਰਾਂ ਨੂੰ ਵੀ ਸੁਚੇਤ ਕੀਤਾ ਕਿ ਮੋਦੀ ਸਰਕਾਰ ਦੀਆਂ ਫੁੱਟ ਪਾਉਣ ਵਾਲੀਆਂ ਕੋਝੀਆਂ ਚਾਲਾਂ ਤੋਂ ਸਾਵਧਾਨ ਰਹਿੰਦੇ ਹੋਏ ਸੰਘਰਸ਼ ਨੂੰ ਹੋਰ ਤੇਜ ਕਰਨ। ਉਹਨਾਂ ਕਿਹਾ ਕਿ ਮੋਦੀ ਸਰਕਾਰ ਦੀ ਮੰਸ਼ਾ ਇਹ ਹੈ ਕਿ ਕਿਸਾਨਾ ਨੂੰ ਬੰਧੂਆ ਮਜਦੂਰ ਬਣਾ ਕੇ ਖੇਤੀ ਨੂੰ ਅਡਾਨੀ–ਅੰਬਾਨੀ ਵਰਗੇ ਵੱਡੇ ਕਾਰਪੋਰੇਟਾਂ ਦੀ ਇੰਡਸਟਰੀ ਬਣਾ ਦਿੱਤਾ ਜਾਵੇ। ਉਹਨਾਂ ਕਿਸਾਨ ਅੰਦੋਲਨ ਨੂੰ ਕਮੇਟੀ ਵਲੋਂ ਹਰ ਸੰਭਵ ਸਹਿਯੋਗ ਦਾ ਭਰੋਸਾ ਵੀ ਦਿੱਤਾ।

# ਅਗਲੇ ਸਾਲ ਫਰਵਰੀ ਤੱਕ ਨਹੀਂ ਹੋਣਗੀਆਂ ਬੋਰਡ ਪ੍ਰੀਖਿਆਵਾਂ

**ਨਵੀਂ ਦਿੱਲੀ–** ਕੇਂਦਰੀ ਸਿੱਖਿਆ ਮੰਤਰੀ ਰਮੇਸ਼ ਪੋਖਰਿਆਲ ਨਿਸ਼ੰਕ ਨੇ ਕਿਹਾ ਹੈ ਕਿ ਕੋਵਿਡ–19 ਕਾਰਨ 10ਵੀਂ ਅਤੇ 12ਵੀਂ ਜਮਾਤ ਦੀਆਂ ਬੋਰਡ ਪ੍ਰੀ–ਖਿਆਵਾਂ ਅਗਲੇ ਸਾਲ ਫਰਵਰੀ ਤੱਕ ਨਹੀਂ ਲਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਹਾਲਾਤ ਦੀ ਸਮੀਖਿਆ ਅਤੇ ਵਿਚਾਰ ਵਟਾਂਦਰੇ ਮਗਰੋਂ ਹੀ ਪ੍ਰੀਖਿਆਵਾਂ ਕਰਾਉਣ ਦਾ ਫ਼ੈਸਲਾ ਲਿਆ ਜਾਵੇਗਾ। ਅਧਿਆਪਕਾਂ ਨਾਲ ਆਨਲਾਈਨ ਗੱਲਬਾਤ ਦੌਰਾਨ ਨਿਸ਼ੰਕ ਨੇ ਇਹ ਐਲਾਨ ਕੀਤਾ। ਇਸ ਤੋਂ ਪਹਿਲਾਂ ਸੀਬੀਐੱਸਈ ਨੇ ਐਲਾਨ ਕੀਤਾ ਸੀ ਕਿ 2021 'ਚ ਬੋਰਡ ਪ੍ਰੀਖਿਆਵਾਂ ਆਨਲਾਈਨ ਨਹੀਂ ਸਗੋਂ ਲਿਖਤੀ ਤੌਰ 'ਤੇ ਹੋਣਗੀਆਂ। ਜ਼ਿਕਰਯੋਗ ਹੈ ਕਿ ਕੋਵਿਡ–19 ਮਹਾਮਾਰੀ ਫੈਲਣ ਮਗਰੋਂ ਮਾਰਚ ਤੋਂ ਹੀ ਦੇਸ਼ ਭਰ 'ਚ ਸਕੂਲ ਬੰਦ ਕਰ ਦਿੱਤੇ ਗਏ ਸਨ। ਕੁਝ ਸੂਬਿਆਂ 'ਚ ਸਕੂਲ 15 ਅਕਤੂਬਰ ਤੋਂ ਅੰਸ਼ਕ ਤੌਰ 'ਤੇ ਖੁੱਲ੍ਹ ਗਏ ਹਨ।



# ਇਨਸਾਨੀਅਤ ਦੀ ਕਾਤਲ ਹੈ ਮੋਦੀ ਸਰਕਾਰ - ਮਲਕੀਤ ਚੁੰਬਰ

**ਫਗਵਾੜਾ (ਬੀ.ਕੇ.ਰੱਤੂ)–** ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਨਕੋਦਰ ਦੇ ਸਾਬਕਾ ਪ੍ਰਧਾਨ ਮਲਕੀਤ ਚੁੰਬਰ ਨੇ ਕਿਹਾ ਕਿ ਸਿੱਖੀ ਦੇ ਪ੍ਰਚਾਰਕ ਇੰਨਸਾਨੀਅਤ ਦਾ ਸਬਕ ਪੜ੍ਹਾਉਣ ਵਾਲੇ ਰਹਿਬਰਾਂ ਦੀ ਗੁਰਬਾਣੀ ਨੂੰ ਘਰ ਘਰ ਤੱਕ ਪਹੁੰਚਣ ਵਾਲੇ ਪੂਜਨੀਕ ਸੰਤ ਬਾਬਾ ਰਾਮ ਸਿੰਘ ਨਾਨਕਸਰ ਸੀਂਗੜਾਂ ਵਾਲਿਆਂ ਨੇ ਦਿੱਲੀ ਕੁੰਡਲੀ ਬਾਰਡਰ ਤੇ ਖੇਤੀ ਕਨੂੰਨ ਨੂੰ ਹਟਾਉਣ ਲਈ ਧਰਨੇ ਵਿੱਚ ਬੈਠੇ ਹੋਇਆ ਆਪਣੇ ਆਪ ਨੂੰ ਗੋਲੀ ਮਾਰ ਕੇ ਆਤਮ ਹੱਤਿਆਂ ਕਰ ਲਈ ਹੈ ਜਿਹਨਾਂ ਨੇ ਆਪਣੇ ਸੁਸਾਇਡ ਨੋਟ ਵਿੱਚ ਕਾਰਨ ਕਿਸਾਨਾਂ ਦੀ ਹੋ ਰਹੀ ਦੁਰਦਸ਼ਾ ਨੂੰ ਦਿਸਿਆ ਹੈ ਜੋ ਉਹ ਸਹਿਣ ਨਹੀਂ ਕਰ ਸਕੇ ਸਾਡੇ ਰੱਬੀ ਰੂਹ ਮਾਹਾ–ਪੁਰਸਾ ਦੀ ਕਾਤਲ ਇਹ ਮੋਦੀ ਸਰਕਾਰ ਨੂੰ ਕਿਸਾਨਾਂ ਦਾ ਦੁੱਖ ਦਰਦ ਨਜ਼ਰ ਨਹੀਂ ਆਉਂਦਾ ਅਸੀ ਬਹੁਜਨ ਸਮਾਜ ਵੱਲੋਂ ਸੰਤ ਬਾਬਾ ਰਾਮ ਸਿੰਘ ਜੀ ਨਾਨਕਸਰ ਸੀਗੜਾਂ ਵਾਲਿਆਂ ਦੀ ਇਸ ਦਿੱਤੀ ਸ਼ਹੀਦੀ ਨਮਨ ਕਰਦੇ ਹਾਂ ਉਥੇ ਹੀ ਸਰਕਾਰ ਦੀ ਨਿਖੇਧੀ ਕਰਦੇ ਹਾਂ ਜਿਨ੍ਹਾਂ ਦੀਆਂ ਗ਼ਲਤ ਨੀਤੀਆਂ ਕਾਰਨ ਸਾਡੇ ਮਾਹਾਪੁਰਸਾਂ ਨੂੰ ਸ਼ਹੀਦੀ ਦੇਣੀ ਪਈ ਸੰਤ ਸਮਾਜ ਕਿਸਾਨ ਜਥੇਬੰਦੀਆਂ ਅਤੇ ਇਨਸਾਨੀਅਤ ਨੂੰ ਪਿਆਰ ਕਰਨ ਵਾਲਿਆਂ ਨੂੰ ਬਹੁਤ ਵੱਡਾ ਘਾਟਾ ਪਿਆ ਹੈ ਕਿਸਾਨੀ ਸੰਘਰਸ਼ ਦੇ ਚੱਲਦਿਆਂ ਕਿੰਨੇਂ ਕਿਸਾਨਾਂ ਨੇ ਸ਼ਹੀਦੀ ਪ੍ਰਾਪਤ ਕੀਤੀ ਹੈ ਪਰ ਇਹ ਕਾਤਲ ਸਰਕਾਰ ਚੁੱਪ ਚਾਪ ਬੈਠ ਕੇ ਦੇਖ ਰਹੀ ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਦੇ ਖਿਲਾਫ ਇਹ ਕਾਲੇ ਕਾਨੂੰਨਾਂ ਨੂੰ ਤਰੁੰਤ ਵਾਪਸ ਲੈਣਾ ਚਾਹੀਦਾ ਹੈ ਇਸ ਮੌਕੇ ਤਰਸੇਮ ਚੁੰਬਰ ਮਹਿੰਦਰ ਪਾਲ ਸਾਬਕਾ ਸਰਪੰਚ ਜਰਨੈਲ ਸਾਬਕਾ ਸਰਪੰਚ ਮਹਿੰਦਰ ਚੁੰਬਰ ਸੁਖਵਿੰਦਰ ਨਾਹਰ ਡਾਂ ਨਛਿਤਰ ਤਿਲਕ ਰਾਜ ਜਤਿੰਦਰ ਕੁਮਾਰ ਸੋਨੂੰ ਸਿੱਧਵਾਂ ਰਾਮ ਪਾਲ ਪਾਲ ਕੈਲੇ ਗੁਰਪ੍ਰੀਤ ਚੁੰਬਰ ਦਰਸ਼ਨ ਮੈਹਿਮੀ ਹਾਜ਼ਰ ਸਨ।



# ਜੋਅ ਬਾਈਡੇਨ ਦੇ ਸਲਾਹਕਾਰ ਸੇਡਰਿਕ ਰਿਚਮੰਡ ਜਾਰਜੀਆ ਸੈਨੇਟ ਚੋਣ ਮੁਹਿੰਮ ਤੋਂ ਬਾਅਦ ਹੋਏ ਕੋਰੋਨਾ ਪੀੜ੍ਹਤ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਰਾਸ਼ਟਰਪਤੀ ਚੁਣੇ ਗਏ ਜੋਅ ਬਾਈਡੇਨ ਦੇ ਇੱਕ ਸੀਨੀਅਰ ਸਹਿਯੋਗੀ ਨੇ ਮੰਗਲਵਾਰ ਨੂੰ ਜਾਰਜੀਆ ਦੀ ਸੈਨੇਟ ਚੋਣ ਮੁਹਿੰਮ ਵਿੱਚ ਬਾਈਡੇਨ ਨਾਲ ਸ਼ਾਮਲ ਹੋਣ ਤੋਂ ਬਾਅਦ ਵੀਰਵਾਰ ਨੂੰ ਕੋਵਿਡ -19 ਲਈ ਸਕਾਰਾਤਮਕ ਟੈਸਟ ਕੀਤਾ ਹੈ। ਬਾਈਡੇਨ ਦਫਤਰ ਦੇ ਅਨੁਸਾਰ ਸੇਡਰਿਕ ਰਿਚਮੰਡ ਨੇ ਸੈਨੇਟ ਦੇ ਦੋ ਡੈਮੋਕਰੇਟਿਕ ਉਮੀਦਵਾਰਾਂ ਲਈ ਚੋਣ ਮੁਹਿੰਮ ਦੇ&; ਬਾਅਦ ਕੋਰੋਨਾਂ ਦੇ ਲੱਛਣ ਵਿਕਸਤ ਕੀਤੇ ਸਨ। ਰਿਚਮੰਡ ਦਾ ਸਕਾਰਾਤਮਕ ਟੈਸਟ ਬੁੱਧਵਾਰ ਨੂੰ



ਇੱਕ ਪੱਤਰਕਾਰ ਦੁਆਰਾ ਕੀਤੇ ਪਾਜੀਟਿਵ ਟੈਸਟ ਤੋਂ ਬਾਅਦ ਆਇਆ ਜੋ ਕਿ ਇਸ ਯਾਤਰਾ ਵਿੱਚ ਸ਼ਾਮਲ ਹੋਇਆ ਸੀ। ਇਸ ਸੰਬੰਧੀ ਬਾਈਡੇਨ ਦੇ ਦਫਤਰ ਅਨੁਸਾਰ 78 ਸਾਲਾ ਬਾਈਡੇਨ ਨੂੰ ਇਸ ਚੋਣ ਯਾਤਰਾ ਤੋਂ ਵਾਇਰਸ ਦਾ ਕੋਈ ਖਤਰਾ ਸਾਹਮਣੇ ਨਹੀ ਆਇਆ ਹੈ। ਬਾਈਡਨ ਦੇ ਬੁਲਾਰੇ ਕੇਟ ਬੇਡਿੰਗਫੀਲਡ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਚੋਣ ਮੁਹਿੰਮ ਦੌਰਾਨ ਰਿਚਮੰਡ ਰਾਸ਼ਟਰਪਤੀ ਚੁਣੇ ਗਏ ਬਾਈਡੇਨ ਦੇ ਨਾਲ ਸੰਪਰਕ ਵਿੱਚ ਨਹੀ ਆਏ ਅਤੇ ਨਾਂ ਹੀ ਉਹ ਡੇਲਾਵੇਅਰ ਤੋਂ ਜਾਰਜੀਆ ਜਾ ਰਹੇ ਜਹਾਜ਼ ਵਿੱਚ ਮੌਜੂਦ ਸਨ ,ਪਰ ਮੰਨਿਆ ਜਾ ਰਿਹਾ ਹੈ ਕਿ ਸਕਾਰਾਤਮਕ ਟੈਸਟ ਵਾਲਾ ਪੱਤਰਕਾਰ ਪ੍ਰੈਸ ਪੂਲ ਦੇ ਹਿੱਸੇ ਵਜੋਂ ਉਡਾਣ ਵਿੱਚ ਸ਼ਾਮਲ ਸੀ। ਜਦਕਿ ਇਸ ਉਪਰੰਤ ਬਾਈਡੇਨ ਦਾ ਕੋਵਿਡ -19 ਲਈ ਕੀਤਾ ਪੀ ਸੀ ਆਰ ਟੈਸਟ ਵੀ ਨੈਗੇਟਿਵ ਆਇਆ ਹੈ। ਕੋਰੋਨਾਂ ਦੇ ਸੁਰੱਖਿਆ ਕਾਰਨਾਂ ਕਰਕੇ ਰਿਚਮੰਡ ਅਤੇ ਦੋ ਹੋਰ ਵਿਅਕਤੀ ਜਿਨ੍ਹਾਂ ਨੇ ਮੁਹਿੰਮ ਦੀ ਯਾਤਰਾ ਦੌਰਾਨ ਇਸ ਸਲਾਹਕਾਰ ਦੀ ਕਾਰ ਚਲਾਈ ਸੀ, ਨੂੰ ਸੀ.ਡੀ.ਸੀ ਦੇ ਨਿਰਦੇਸ਼ਾਂ ਅਨੁਸਾਰ ਇਕਾਂਤਵਾਸ ਹੋਣ ਲਈ ਸੂਚਿਤ ਕੀਤਾ ਗਿਆ ਹੈ।

# ਮਿਸ਼ੀਗਨ ਦੀ ਰਾਜਪਾਲ ਨੂੰ ਅਗਵਾ ਕਰਨ ਦੀ ਸਾਜਿਸ਼ 'ਚ 6 ਵਿਅਕਤੀਆਂ 'ਤੇ ਲੱਗੇ ਦੋਸ਼

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਅਮਰੀਕਾ ਦੇ ਸੂਬੇ ਮਿਸ਼ੀਗਨ ਦੀ ਗਵਰਨਰ ਗ੍ਰੇਚੇਨ ਵਿਟਮਰ ਨੂੰ ਅਗਵਾ ਕਰਨ ਦੀ ਸਾਜਿਸ਼ ਰਚਣ ਲਈ ਫੈਡਰਲ ਜਿਊਰੀ ਨੇ ਛੇ ਵਿਅਕਤੀਆਂ 'ਤੇ ਦੋਸ਼ ਲਗਾਏ ਹਨ।

ਇਸ ਮਾਮਲੇ ਦੇ ਸੰਬੰਧ ਵਿੱਚ ਜਾਂਚਕਰਤਾਵਾਂ ਨੇ ਦੱਸਿਆ ਕਿ ਇਹ ਸਰਕਾਰ ਵਿਰੋਧੀ ਵਿਅਕਤੀਆਂ ਦੁਆਰਾ ਅਗਵਾਕਾਰੀ ਦੀ ਰਚੀ ਗਈ ਸਾਜਿਸ਼ ਸੀ ਜੋ ਕਿ ਗਵਰਨਰ ਦੀਆਂ ਕੋਰੋਨਾਂ ਵਾਇਰਸ ਨੀਤੀਆਂ ਤੋਂ ਨਾਰਾਜ਼ ਸਨ। ਸੰਯੁਕਤ ਰਾਜ ਦੇ ਅਟਾਰਨੀ ਐਂਡਰਿਊ ਬ੍ਰਿਗੇ ਦੁਆਰਾ ਵੀਰਵਾਰ ਨੂੰ ਜਾਰੀ ਕੀਤੇ ਗਏ ਦੋਸ਼ਾਂ ਵਿੱਚ ਐਡਮ ਡੀਨ ਫੌਕਸ, ਬੈਰੀ ਗੋਰਡਨ ਕ੍ਰੌਫਟ ਜੂਨੀਅਰ, ਟਾਈ ਗੈਰਾਰਡ ਗਾਰਬਿਨ, ਕਾਲੇਬ ਜੇਮਜ਼ ਫ੍ਰਾਂਕਸ, ਡੈਨੀਅਲ ਜੋਸਫ਼ ਹੈਰਿਸ ਅਤੇ ਬ੍ਰੈਂਡਨ ਮਾਈਕਲ-ਰੇ ਕੇਸਰੀਟਾ ਖਿਲਾਫ ਸਾਜਸ਼ਿ ਦਾ ਦੋਸ਼ ਲਗਾਇਆ ਹੈ। ਇਹ ਸਾਰੇ ਮਿਸ਼ੀਗਨ ਤੋਂ ਹਨ ਜਦਕਿ ਕ੍ਰੌਫਟ ਡੇਲਾਵੇਅਰ ਵਿੱਚ ਰਹਿੰਦਾ ਹੈ। ਇਹਨਾਂ ਛੇ ਵਿਅਕਤੀਆਂ ਨੂੰ ਅਕਤੂਬਰ ਦੇ ਅਰੰਭ ਵਿਚ ਉੱਤਰੀ ਮਿਸ਼ੀਗਨ ਵਿੱਚ ਡੈਮੋਕਰੇਟਿਕ ਰਾਜਪਾਲ ਨੂੰ ਅਗਵਾ ਕਰਨ ਦੀ ਸਾਜਿਸ਼ ਲਈ ਜਾਂਚ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ। ਇਸ ਅਗਵਾਕਾਰੀ ਦੀ



ਸਾਜਿਸ਼ ਦੀ ਤਿਆਰੀ ਦੋਸ਼ੀਆਂ ਦੁਆਰਾ ਜੂਨ ਮਹੀਨੇ ਤੋਂ ਹੀ ਸ਼ੁਰੂ ਕਰ ਦਿੱਤੀ ਗਈ ਸੀ, ਜਿਸ ਵੇਲੇ ਫੌਕਸ ਅਤੇ ਕ੍ਰੌਫਟ ਡਬਲਿਨ, ਓਹੀਓ ਵਿੱਚ ਇੱਕ ਮੀਟਿੰਗ ਵਿੱਚ ਸ਼ਾਮਲ ਹੋਏ, ਜਿਸ ਦੌਰਾਨ ਰਾਜਪਾਲ ਦੀ ਅਗਵਾਈ ਅਤੇ ਹੋਰ ਕਾਰਵਾਈਆਂ ਬਾਰੇ ਵਿਚਾਰ ਵਟਾਂਦਰੇ ਕੀਤੇ ਗਏ ਸਨ। ਅਦਾਲਤੀ ਸੁਣਵਾਈ ਦੇ ਦਸਤਾਵੇਜ਼ਾਂ ਅਨੁਸਾਰ ਇਸ ਕੰਮ ਨੂੰ ਅੰਜਾਮ ਦੇਣ ਲਈ ਦੋਸ਼ੀਆਂ ਨੇ ਲਾਈਵ ਫਾਇਰ ਫੀਲਡ ਟ੍ਰੇਨਿੰਗ ਅਤੇ ਹੋਰ ਤਿਆਰੀਆਂ ਦੇ ਨਾਲ ਵਿਟਮਰ ਦੇ ਵੇਕੇਸ਼ਨ ਹੋਮ ਦੀ ਨਿਗਰਾਨੀ ਵੀ ਕੀਤੀ।

ਇਸ ਦੌਰਾਨ ਸਿਖਲਾਈ ਦੇ ਅਭਿਆਸ ਵਿੱਚ ਦੋਸ਼ੀ ਟੀਮਾਂ ਵਿੱਚ ਇੱਕ ਇਮਾਰਤ 'ਤੇ ਹਮਲਾ ਕਰਨ ਦਾ ਅਭਿਆਸ ਅਤੇ ਰਾਜਪਾਲ ਦੀ ਸਕਿਉਰਿਟੀ ਨਾਲ ਲੜਨ ਲਈ ਰਣਨੀਤੀਆਂ' ਤੇ ਵਿਚਾਰ ਵਟਾਂਦਰੇ ਵੀ ਕਰਦੇ ਸਨ। ਇਹਨਾਂ ਦੋਸ਼ੀਆਂ ਨੂੰ 7 ਅਕਤੂਬਰ ਨੂੰ ਡੀਟ੍ਰਾਇਟ ਦੇ ਪੱਛਮ ਵਿੱਚ ਯਪਸੀਲੰਤੀ "ਚ ਇੱਕ ਅੰਡਰਕਵਰ ਐਫ ਬੀ ਆਈ ਏਜੰਟ ਨਾਲ ਮੁਲਾਕਾਤ ਕਰਨ ਅਤੇ ਵਿਸਫੋਟਕ ਸਮੱਗਰੀ ਸਮੇਤ ਹੋਰ ਸਮਾਨ ਖਰੀਦਣ ਲਈ ਤਹਿ ਕੀਤੀ ਮੀਟਿੰਗ ਦੌਰਾਨ ਗ੍ਰਿਫਤਾਰ ਕੀਤਾ ਗਿਆ ਸੀ। ਅਟਾਰਨੀ ਬ੍ਰਿਗੇ ਦੇ ਇੱਕ ਬਿਆਨ ਅਨੁਸਾਰ ਇਹਨਾਂ ਦੋਸ਼ੀਆਂ ਨੂੰ ਇਸ ਸਾਜਿਸ਼ ਰਚਨ ਦੇ ਦੋਸ਼ ਵਿੱਚ ਵੱਧ ਤੋਂ ਵੱਧ ਉਮਰ ਕੈਦ ਦੀ ਸਜ਼ਾ ਮਿਲ ਸਕਦੀ ਹੈ।

# ਫਰਿਜ਼ਨੋ ਕਾਉਂਟੀ ਟ੍ਰੈਫਿਕ ਸਟਾਪ 'ਤੇ ਅਧਿਕਾਰੀਆਂ ਨੇ ਬਰਾਮਦ ਕੀਤੀ 1 ਮਿਲੀਅਨ ਡਾਲਰ ਤੋਂ ਵੱਧ ਰਾਸ਼ੀ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਫਰਿਜ਼ਨੋ ਵਿੱਚ ਹਾਈਵੇ ਅਧਿਕਾਰੀਆਂ ਨੇ ਸ਼ੁਰੂ ਕੀਤੇ ਚੈਕਿੰਗ ਅਭਿਆਨ ਵਿੱਚ ਲੱਖਾਂ ਡਾਲਰ ਬਰਾਮਦ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਇਸ ਅਭਿਆਨ ਦੇ ਤਾਜ਼ਾ ਮਾਮਲੇ ਵਿੱਚ ਕੈਲੀਫੋਰਨੀਆਂ ਦੇ ਹਾਈਵੇ



ਪੈਟਰੋਲ ਦੇ ਅਨੁਸਾਰ ਪਿਛਲੇ ਹਫਤੇ ਫਰਿਜ਼ਨੋ ਕਾਉਂਟੀ ਦੇ ਇੱਕ ਟ੍ਰੈਫਿਕ ਸਟਾਪ ਤੇ ਚੈਕਿੰਗ ਕਾਰਵਾਈ ਦੌਰਾਨ ਇੱਕ ਮਿਲੀਅਨ ਡਾਲਰ ਤੋਂ ਵੱਧ ਦੀ ਨਕਦੀ ਬਰਾਮਦ ਹੋਈ ਹੈ। ਇਸ ਮਾਮਲੇ ਦੇ ਸੰਬੰਧ ਵਿੱਚ ਅਫਸਰ ਐਰਿਕ ਜੁਨੀਗਾ ਦੇ ਅਨੁਸਾਰ, ਸ਼ੁੱਕਰਵਾਰ 11 ਦਸੰਬਰ ਨੂੰ ਸਵੇਰੇ ਲਗਭਗ 5: 28 ਵਜੇ,ਕੈਲੀਫੋਰਨੀਆਂ ਹਾਈਵੇ ਅਧਿਕਾਰੀਆਂ ਨੇ ਇੱਕ ਤੇਜ਼ ਰਫਤਾਰ ਚਿੱਟੀ ਫੋਰਡ ਵੈਨ ਨੂੰ ਉੱਤਰ-ਪੱਛਮੀ ਇੰਟਰਸਟੇਟ 5 ਅਤੇ ਸ਼ੀਲਡਜ਼ ਐਵੀਨਿਊ ਦੇ ਨੇੜ ਰੋਕਿਆ ਗਿਆ ਅਤੇ ਅਧਿਕਾਰੀ ਦੁਆਰਾ ਡਰਾਈਵਰ ਨਾਲ ਹੋਈ ਗੱਲਬਾਤ ਦੌਰਾਨ ਸ਼ੱਕ ਹੋਣ ਤੇ ਖੋਜੀ ਕੁੱਤੇ ਕੇ -9 ਬੈਨੀ ਨੂੰ ਵਾਹਨ ਦੀ ਜਾਂਚ ਲਈ ਵਰਤਿਆ ਗਿਆ ਅਤੇ ਬਾਅਦ ਵਿਚ ਅਧਿਕਾਰੀਆਂ ਨੂੰ ਵੈਨ ਦੀ ਤਲਾਸ਼ੀ ਦੌਰਾਨ ਦੋ ਸੂਟਕੇਸਾਂ ਦੇ ਨਾਲ ਇੱਕ ਕਾਲਾ ਬਰੀਫਕੇਸ ਮਿਲਿਆ। ਇਹ ਸਾਰੇ ਸੂਟਕੇਸ ਸੰਯੁਕਤ ਰਾਜ ਦੀ ਕਰੰਸੀ ਨਾਲ ਭਰੇ ਹੋਏ ਸਨ ਅਤੇ ਸੀ ਐਚ ਪੀ ਅਧਿਕਾਰੀਆਂ ਦੇ ਅਨੁਸਾਰ, ਇਸ ਕਾਰਵਾਈ ਦੌਰਾਨ ਲੱਗਭਗ 1,017,750 ਡਾਲਰ ਜ਼ਬਤ ਕੀਤੇ ਗਏ ਹਨ। ਅਧਿਕਾਰੀਆਂ ਦੁਆਰਾ ਦਿੱਤੀ ਜਾਣਕਾਰੀ ਅਨੁਸਾਰ ਇਹ ਪੈਸਾ ਨਸ਼ਿਆਂ ਦੀ ਵਿਕਰੀ ਤੋਂ ਇਕੱਠਾ ਕੀਤਾ ਗਿਆ ਸੀ। ਪੁਲਿਸ ਅਧਿਕਾਰੀ ਜੁਨੀਗਾ ਅਨੁਸਾਰ ਵੈਨ ਡਰਾਈਵਰ ਦੀ ਪਛਾਣ ਮੋਰੇਨੋ ਵੈਲੀ ਦੇ ਜਾਰਡਨ ਐਲਗਜ਼ੈਂਡਰ ਉਰਾਈਬ (29) ਵਜੋਂ ਕੀਤੀ ਗਈ ਹੈ, ਨੇ ਪੈਸੇ ਦੀ ਮਲਕੀਅਤ ਤੋਂ ਇਨਕਾਰ ਕੀਤਾ ਹੈ। ਇਸ ਡਰਾਈਵਰ ਨੂੰ ਗ੍ਰਿਫਤਾਰ ਤਾਂ ਕੀਤਾ ਗਿਆ ਸੀ ਪਰ ਕੋਵਿਡ -19 ਦੇ ਦਿਸ਼ਾ ਨਿਰਦੇਸ਼ਾਂ ਕਾਰਨ ਦਰਜ ਨਹੀਂ ਕੀਤਾ ਗਿਆ।

# ਕੈਲੀਫੋਰਨੀਆਂ "ਚ ਕੋਰੋਨਾਂ ਵਾਇਰਸ ਹੋ ਰਿਹਾ ਹੈ ਬੇਕਾਬੂ, 5 ਦਿਨਾਂ ਦੌਰਾਨ ਹੋਈਆਂ 1000 ਤੋਂ ਵੱਧ ਮੌਤਾਂ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਕੈਲੀਫੋਰਨੀਆਂ ਸੂਬੇ ਵਿੱਚ ਕੋਰੋਨਾਂ ਵਾਇਰਸ ਦੀ ਲਾਗ ਵੱਡੇ ਪੱਧਰ ਤੇ ਆਪਣੇ ਪੈਰ ਪਸਾਰ ਰਹੀ ਹੈ, ਜਿਸਦੇ ਸਿੱਟੇ ਵਜੋਂ ਮੌਤਾਂ ਦੀ ਗਿਣਤੀ ਵਿੱਚ ਵੀ ਭਾਰੀ ਵਾਧਾ ਹੋ ਰਿਹਾ ਹੈ। ਸਿਹਤ ਅਧਿਕਾਰੀਆਂ ਨੇ ਵੀਰਵਾਰ ਨੂੰ ਇੱਕ ਦਿਨ ਵਿੱਚ 379 ਮੌਤਾਂ ਅਤੇ ਦੋ ਦਿਨਾਂ ਦੌਰਾਨ ਤਕਰੀਬਨ 106,000 ਕੋਰੋਨਾਂ ਵਾਇਰਸ ਦੇ ਨਵੇਂ ਪੁਸ਼ਟੀ ਕੀਤੇ ਮਾਮਲਿਆਂ ਦੀ ਘੋਸ਼ਣਾ ਕੀਤੀ ਹੈ। ਦੇਸ਼ ਦੇ ਜ਼ਿਆਦਾ ਅਬਾਦੀ ਵਾਲੇ ਇਸ ਰਾਜ ਵਿੱਚ ਪਿਛਲੇ ਪੰਜ ਦਿਨਾਂ ਦੌਰਾਨ 1000 ਤੋਂ ਵੱਧ ਮੌਤਾਂ ਦਰਜ ਹੋਈਆਂ ਹਨ। ਇਸ ਸੂਬੇ ਦੇ ਕੁੱਲ ਕੋਰੋਨਾਂ ਕੇਸ ਹੁਣ ਲੱਗਭਗ 1.7 ਮਿਲੀਅਨ ਹਨ ਜਦਕਿ ਰਾਜ ਵਿੱਚ ਮੌਤਾਂ ਦੀ ਗਿਣਤੀ 21,860 ਹੋ ਗਈ ਹੈ। ਇਸ ਦੌਰਾਨ ਕੈਲੀਫੋਰਨੀਆਂ ਦੇ ਬਹੁਤ ਸਾਰੇ ਹਸਪਤਾਲ ਮਰੀਜ਼ਾਂ ਦਾ ਇਲਾਜ ਕਰਨ ਦੀ ਸਮਰੱਥਾ ਤੋਂ ਬਾਹਰ ਚੱਲ ਰਹੇ ਹਨ



ਅਤੇ ਇਸ ਸਥਿਤੀ ਨਾਲ ਗੈਰ-ਕੋਵਿਡ ਮਰੀਜ਼ਾਂ ਦੀ ਦੇਖਭਾਲ ਵੀ ਪ੍ਰਭਾਵਿਤ ਹੋ ਰਹੀ ਹੈ। ਲਾਗ ਦੇ ਵਧ ਰਹੇ ਕੇਸਾਂ ਦੇ ਵਿਚਕਾਰ ਲਾਸ ਏਂਜਲਸ ਦੇ ਮੇਅਰ ਐਰਿਕ ਗਰਸੇਟੀ ਨੇ ਵਾਇਰਸ ਦੀ ਫੈਲ ਰਹੀ ਲਾਗ ਦੇ ਸੰਬੰਧ ਵਿੱਚ ਇੱਕ ਚੇਤਾਵਨੀ ਜਾਰੀ ਕਰਦਿਆਂ ਕਿਹਾ ਕਿ ਕੁਝ ਦਿਨਾਂ ਦੇ ਅੰਦਰ ,ਲਾਸ ਏਂਜਲਸ ਕਾਉਂਟੀ ਸਾਰੇ ਹਸਪਤਾਲਾਂ ਵਿੱਚ ਜਗ੍ਹਾ ਅਤੇ ਸਟਾਫ ਦੀ ਘਾਟ ਕਾਰਨ ਸੰਕਟ ਦਾ ਐਲਾਨ ਕਰ ਸਕਦੀ ਹੈ। ਹਸਪਤਾਲਾਂ ਵਿੱਚ ਕੋਵਿਡ ਮਰੀਜ਼ਾਂ ਦੀ ਦੇਖਭਾਲ ਕਰਨ ਲਈ ਪਾਰਕਿੰਗ ਸਥਾਨ ਅਤੇ ਕਾਨਫਰੰਸ ਰੂਮਾਂ ਦੀ ਪਛਾਣ ਕੀਤੀ ਜਾ ਰਹੀ ਹੈ,ਤਾਂ ਜੋ ਲੋੜ ਪੈਣ ਤੇ ਇਹਨਾਂ ਦੀ ਵਰਤੋਂ ਕੀਤੀ ਜਾ ਸਕੇ। ਇੰਨਾ ਹੀ ਨਹੀ ਕੈਲੀਫੋਰਨੀਆਂ ਵਿੱਚ ਹਸਪਤਾਲਾਂ 'ਤੇ ਬੋਝ ਘੱਟ ਕਰਨ ਦੀ ਕੋਸ਼ਸ਼ਿ ਵਜੋਂ ਸੈਕਰਾਮੈਂਟੋ ਦੇ ਇੱਕ ਸਾਬਕਾ ਐਨ ਬੀ ਏ ਐਰੀਨਾਂ ਅਤੇ ਦੋ ਰਾਜ ਦੁਆਰਾ ਚਲਾਏ ਵਿਕਾਸ ਕੇਂਦਰਾਂ ਸਮੇਤ ਪੰਜ ਵਿਕਲਪਕ ਦੇਖਭਾਲ ਸਹੂਲਤਾਂ ਖੋਲ੍ਹਣ ਦੇ ਨਾਲ 1,555 ਬਿਸਤਰਿਆਂ ਦਾ ਵੀ ਪ੍ਰਬੰਧ ਵੀ ਕੀਤਾ ਗਿਆ ਹੈ।

# ਫਲੋਰਿਡਾ ਦੇ ਪੋਲਟਰੀ ਫਾਰਮ ਵਿੱਚ ਲੱਗੀ ਅੱਗ ,ਹਜ਼ਾਰਾਂ ਮੁਰਗੀਆਂ ਦੀ ਹੋਈ ਮੌਤ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਫਲੋਰਿਡਾ ਦਾ ਇੱਕ ਪੋਲਟਰੀ ਫਾਰਮ, ਜੋ ਕਿ ਦੇਸ਼ ਦੇ




ਸਭ ਤੋਂ ਵੱਡੇ ਅੰਡੇ ਉਤਪਾਦਕਾਂ ਦੁਆਰਾ ਚਲਾਇਆ ਜਾਂਦਾ ਹੈ,ਦੇ ਵਿੱਚ ਵੀਰਵਾਰ ਸਵੇਰੇ ਲੱਗੀ ਅੱਗ ਨਾਲ ਲੱਗਭਗ 240,000 ਮੁਰਗੀਆਂ ਦੀ ਮੌਤ ਹੋਣ ਦਾ ਹਾਦਸਾ ਵਾਪਰਿਆ ਹੈ।

ਪਾਸਕੋ ਕਾਉਂਟੀ ਦੇ ਫਾਇਰ ਡਿਪਾਰਟਮੈਂਟ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਿਸੀਸਿਪੀ ਦੇ ਕੈਲ ਮਾਇਨ ਦੁਆਰਾ ਚਲਾਏ ਜਾ ਰਹੇ ਪਲਾਂਟ ਵਿੱਚ ਮੁਰਗੀਆਂ ਦੇ ਤਿੰਨ ਕੋਠਿਆਂ , ਜਿਹਨਾਂ ਵਿੱਚੋਂ ਹਰ ਇੱਕ ਵਿੱਚ 80,000 ਤੱਕ ਮੁਰਗੀਆਂ ਸਨ, ਨੂੰ ਅੱਗ ਲੱਗ ਗਈ ਸੀ।

ਇਸ ਕੰਪਨੀ ਨੇ ਆਪਣੀ ਵੈੱਬਸਾਈਟ 'ਤੇ ਜਾਣਕਾਰੀ ਦਿੱਤੀ ਕਿ ਉਹ ਸੰਯੁਕਤ ਰਾਜ ਅਮਰੀਕਾ ਵਿਚ ਸ਼ੈੱਲ ਅੰਡਿਆਂ ਦੀ ਸਭ ਤੋਂ ਵੱਡੀ ਉਤਪਾਦਕ ਤੇ ਸਪਲਾਈ ਕਰਤਾ ਹੈ ਅਤੇ ਇਹ ਪੋਲਟਰੀ ਫਾਰਮ ਟਾਂਪਾ ਤੋਂ 40 ਮੀਲ ਉੱਤਰ ਵੱਲ ਸਥਿਤ ਹੈ।

ਇਸ ਕੰਪਨੀ ਕੋਲ ਕੌਮੀ ਪੱਧਰ 'ਤੇ 50 ਮਿਲੀਅਨ ਤੋਂ ਵੱਧ ਮੁਰਗੀਆਂ ਹਨ ਅਤੇ ਇਹ ਸਾਲਾਨਾ ਇੱਕ ਬਿਲੀਅਨ ਤੋਂ ਵੱਧ ਅੰਡੇ ਵੇਚਦੇ ਹਨ ਜੋ ਕਿ ਦੇਸ਼ ਦੇ ਕੁੱਲ ਅੰਡਾ ਉਤਪਾਦਨ ਦਾ ਲੱਗਭਗ 20 ਪ੍ਰਤੀਸ਼ਤ ਹੈ। ਅਧਿਕਾਰੀਆਂ ਦੁਆਰਾ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਅਮਰੀਕਾ ਦੇ ਉਪ ਰਾਸ਼ਟਰਪਤੀ ਮਾਈਕ ਪੈਂਸ ਨੇ ਪਤਨੀ ਸਮੇਤ ਲਗਵਾਇਆ ਕੋਰੋਨਾਂ ਵਾਇਰਸ ਟੀਕਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਅਮਰੀਕਾ ਦੇ ਉਪ ਰਾਸ਼ਟਰਪਤੀ ਮਾਈਕ ਪੈਂਸ ਨੇ ਦੇਸ਼ ਵਾਸੀਆਂ ਨੂੰ ਕੋਰੋਨਾਂ ਵਾਇਰਸ ਟੀਕਾਕਰਨ ਲਈ ਉਤਸ਼ਾਹਿਤ ਕਰਨ ਅਤੇ ਇਸਦੀ ਪ੍ਰਭਾਵਸ਼ੀਲਤਾ ਪ੍ਰਤੀ ਲੋਕਾਂ ਦੇ ਵਿਸ਼ਵਾਸ ਨੂੰ ਵਧਾਉਣ ਦੇ ਯਤਨ ਵਜੋਂ ਸ਼ੁੱਕਰਵਾਰ ਨੂੰ ਕੋਰੋਨਾਂ ਵਾਇਰਸ ਦਾ ਟੀਕਾ ਲਗਵਾਇਆ ਹੈ। ਇਸ ਟੀਕਾਕਰਨ ਵਿੱਚ ਪੈਂਸ ਨੇ ਆਪਣੀ ਪਤਨੀ ਕੈਰਨ ਪੈਂਸ ਅਤੇ ਸਰਜਨ ਜਨਰਲ ਜੇਰੋਮ ਐਡਮਜ਼ ਸਮੇਤ ਲਾਈਵ ਟੈਲੀਵਿਜ਼ਨ 'ਤੇ ਫਾਈਜ਼ਰ ਟੀਕੇ ਦੇ ਸ਼ਾਟ ਪ੍ਰਾਪਤ ਕੀਤੇ। ਇਹ ਟੀਕਾ ਵਾਲਟਰ ਰੀਡ ਨੈਸ਼ਨਲ ਮਿਲਟਰੀ




ਮੈਡੀਕਲ ਸੈਂਟਰ ਦੀ ਮੈਡੀਕਲ ਟੀਮ ਦੁਆਰਾ ਵ੍ਹਾਈਟ ਹਾਊਸ ਨੇੜੇ ਆਈਸਨਹਾਵਰ ਐਗਜ਼ੀਕਿਊਟਿਵ ਆਫਿਸ ਬਿਲਡਿੰਗ ਵਿੱਚ ਲਗਾਇਆ ਗਿਆ। ਟੀਕਾਕਰਨ ਦੌਰਾਨ ਪੇਂਸ ਨੇ ਆਪਣੀ ਖੱਬੀ ਬਾਂਹ ਵਿੱਚ ਟੀਕਾ ਲਗਵਾਇਆ ਅਤੇ ਕਿਹਾ ਕਿ ਉਹ ਅਮਰੀਕੀ ਲੋਕਾਂ ਨੂੰ ਭਰੋਸਾ ਦਿਵਾਉਣ ਲਈ ਇਹ ਟੀਕਾ ਲਗਵਾਉਣਾ ਚਾਹੁੰਦੇ ਸਨ। ਟੀਕਾਕਰਨ ਉਪਰੰਤ ਡਾਕਟਰਾਂ ਨੇ ਤਿੰਨੇ ਹਸਤੀਆਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਨੂੰ ਟੀਕੇ ਦੀ ਦੂਜੀ ਖੁਰਾਕ 21 ਦਿਨਾਂ ਬਾਅਦ ਦਿੱਤੀ ਜਾਵੇਗੀ। ਇਸ ਦੌਰਾਨ ਇਹ ਅਸਪ-ਸ਼ਟ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਕੋਵਿਡ -19 ਦਾ ਟੀਕਾ ਪ੍ਰਾਪਤ ਕਰਨਗੇ ਜਦਕਿ ਬਾਈਡੇਨ ਦਫਤਰ ਦੇ ਅਧਿਕਾਰੀ ਅਨੁਸਾਰ ਰਾਸ਼ਟਰਪਤੀ ਚੁਣੇ ਗਏ ਜੋਅ ਬਾਈਡੇਨ ਨੂੰ ਅਗਲੇ ਹਫਤੇ ਤੱਕ ਟੀਕਾ ਲਗਾਇਆ ਜਾ ਸਕਦਾ ਹੈ। ਉਪ ਰਾਸ਼ਟਰਪਤੀ ਪੈਂਸ ਨੂੰ ਇਹ ਟੀਕਾ ਦੇਸ਼ ਭਰ ਦੀਆਂ ਸਿਹਤ ਸਹੂਲਤਾਂ ਵਿਚ ਪਹੁੰਚਾਉਣ ਅਤੇ ਫਰੰਟਲਾਈਨ ਕਰਮਚਾਰੀਆਂ ਅਤੇ ਨਰਸਿੰਗ ਹੋਮ ਦੇ ਵਸਨੀਕਾਂ ਨੂੰ ਦਿੱਤੇ ਜਾਣ ਤੋਂ ਕੁਝ ਦਿਨਾਂ ਬਾਅਦ ਹੀ ਲਗਾਇਆ ਗਿਆ ਹੈ। ਕੋਰੋਨਾਂ ਟੀਕਾਕਰਨ ਦੇ ਸ਼ੁਰੂ ਹੋਣ ਦੇ ਨਾਲ ਵਾਇਰਸ ਦੇ ਵਧ ਰਹੇ ਮਾਮਲਿਆਂ ਨੂੰ ਰੋਕਣ ਲਈ ਇੱਕ ਆਸ ਦੀ ਕਿਰਨ ਪੈਦਾ ਹੋਈ ਹੈ। ਜਿਕਰਯੋਗ ਹੈ ਕਿ ਕੋਰੋਨਾਂ ਵਾਇਰਸ ਮਹਾਂਮਾਰੀ ਨੇ ਸਿਰਫ ਯੂ ਐਸ ਵਿੱਚ ਹੀ 300,000 ਤੋਂ ਵੱਧ ਲੋਕਾਂ ਦੀ ਜਾਨ ਲਈ ਹੈ ਅਤੇ ਲੱਗਭਗ 17 ਮਿਲੀਅਨ ਤੋਂ ਵੱਧ ਲੋਕ ਇਸਦੀ ਲਾਗ ਨਾਲ ਪੀੜਤ ਹਨ।

# ਕਿਸਾਨ ਸੰਘਰਸ਼ ਦੀ ਜਿੱਤ ਅਤੇ ਸਹੀਦ ਕਿਸਾਨਾਂ ਦੀ ਆਤਮਿਕ ਸ਼ਾਂਤੀ ਲਈ ਦਰਬਾਰ ਸਾਹਿਬ ਵਿਖੇ ਕੀਤੀ ਅਰਦਾਸ - ਬਸਪਾ

## ਬਸਪਾ ਕਿਸਾਨ ਅੰਦੋਲਨ ਲਈ ਜਨ ਸਮਰਥਨ ਵਿਚ ਲਗਾਤਾਰ ਕਰਦੀ ਰਹੇਗੀ ਜਨਸੰਪਰਕ ਪ੍ਰਚਾਰ ਮੁਹਿੰਮ - ਜਸਵੀਰ ਸਿੰਘ ਗੜ੍ਹੀ








**ਜਲੰਧਰ (ਤਰਸੇਮ ਜਲੰਧਰੀ)–** ਬਹੁਜਨ ਸਮਾਜ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਅੱਜ ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਵਿੱਚ ਕਿਸਾਨ ਸੰਘਰਸ਼ ਦੀ ਜਿੱਤ ਅਤੇ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੀ ਆਤਮਿਕ ਸ਼ਾਂਤੀ ਲਈ ਦਰਬਾਰ ਸਾਹਿਬ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਈ। ਇਸ ਮੌਕੇ ਪਾਰਟੀ ਦੇ ਵੱਡੀ ਗਿਣਤੀ ਵਿਚ ਵਰਕਰ ਸਮਰਥਕ ਹਾਜ਼ਰਿ ਹੋਏ। ਬਸਪਾ ਪੰਜਾਬ ਵਲੋਂ ਕਿਸਾਨਾਂ ਦੇ ਹਿਤ ਵਿਚ ਲਈ ਦੇਗ ਕਰਵਾਕੇ ਅਕਾਲਪੁਰਖ ਅੱਗੇ ਅਰਦਾਸ ਕੀਤੀ।

ਇਸ ਮੌਕੇ ਪੰਜਾਬ ਪ੍ਰਧਾਨ ਸ ਗੜ੍ਹੀ ਨੇ ਕਿਹਾ ਕਿ ਕਿਸਾਨ ਸੰਘਰਸ਼ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਪਿਛਲੇ 26ਦਿਨਾਂ ਤੋਂ ਰਾਜਧਾਨੀ ਦਿੱਲੀ ਵਿਖੇ ਆਪਣਾ ਪੱਖ ਰੱਖਣ ਗਏ ਹੋਏ ਹਨ। ਲੇਕਿਨ ਕੇਂਦਰ ਦੀ ਭਾਜਪਾ ਸਰਕਾਰ ਦੇ ਕੰਨਾਂ ਤੇ ਜੂੰ ਨਹੀਂ ਰੇਂਗੀ। ਸਗੋਂ ਦੇਸ਼ ਦਾ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਅਖੌਤੀ ਪ੍ਰਧਾਨ ਸੇਵਕ ਭਗਵਾਂਕਾਰੀ ਤੇ ਸਰਮਾਏਦਾਰੀ ਨੀਤੀਆਂ ਦੀ ਪਾਲਣਾ ਪੋਸ਼ਣਾ ਹਿਤ ਕਿਸਾਨ ਸੰਘਰਸ਼ ਨਾਲ ਨਿੱਤ ਨਵੀਆਂ ਝੇਡਾਂ ਕਰ ਰਿਹਾ ਹੈ। ਤਾਜ਼ਾ ਸ਼ਰਾਰਤ ਵਿਚ ਪ੍ਰਧਾਨ ਮੰਤਰੀ ਮੋਦੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਗੁਰੂਦੁਆਰਾ ਰਕਾਬ ਗੰਜ ਵਿਖੇ ਨਤਮਸਤਕ ਹੋਣ ਗਿਆ। ਬਸਪਾ ਦਾ ਮੰਨਣਾ ਹੈ ਕਿ ਗੁਰੂਆਂ ਨੂੰ ਨਤਮਸਤਕ ਹੋਣ ਗੁਰੂ ਘਰ ਕੋਈ ਵੀ ਜਾ ਸਕਦਾ ਹੈ, ਪ੍ਰੰਤੂ ਪ੍ਰਧਾਨ ਮੰਤਰੀ ਦੱਸੇ ਕਿ ਪਿਛਲੇ 8 ਸਾਲਾਂ ਦੀ ਸਰਕਾਰ ਵਿਚ ਕਿਸ ਇਤਹਾਸਿਕ ਦਿਹਾੜੇ ਮੌਕੇ ਦਿੱਲੀ ਵਿਖੇ ਨਤਮਸਤਕ ਹੋਣ ਗਏ। ਭਾਜਪਾ ਸਰਕਾਰ ਦੀ ਪਿਛਲੀ ਸ਼ਰਾਰਤ ਵਿਚ ਪ੍ਰਧਾਨ ਮੰਤਰੀ ਮੋਦੀ ਗੁਜਰਾਤ ਵਿਚ ਸਿੱਖ ਚੇਹਰਿਆਂ ਨਾਲ ਮੁਲਾਕਾਤ ਕਰਕੇ ਕਿਸਾਨ ਸੰਘਰਸ਼ ਨੂੰ ਛੋਟਾ ਕਰਨ ਦੀ ਕੋਝੀ ਹਰਕਤ ਕਰ ਰਿਹਾ ਸੀ।

ਇਸ ਲੜੀ ਵਿਚ ਕਿਸਾਨ ਅੰਦੋਲਨ ਨੂੰ ਖਾਲਿਸਤਾਨ ਨਾਲ ਜੋੜਨਾ ਜਾਂ ਵਿਦੇਸ਼ੀ ਫੰਡਿੰਗ ਵਰਗੀਆਂ ਅਫਵਾਹਾਂ ਫੈਲਾਕੇ ਕੋਝੀਆਂ ਹਰਕਤਾਂ ਦਾ ਕਲਾ ਇਤਿਹਾਸ ਭਾਜਪਾ ਸਰਕਾਰ ਲਿਖ ਰਹੀ ਹੈ।

ਜਦੋਂਕਿ ਪਿਛਲੇ ਚਾਰ ਮਹੀਨਿਆਂ ਕਿਸਾਨ ਪੰਜਾਬ ਹਰਿਆਣਾ ਅਤੇ ਅੱਜ ਪੂਰੇ ਦੇਸ਼ ਵਿਚ ਕਹਿਰ ਦੀਆ ਠੰਡੀਆਂ ਹੱਡ ਕੜਕਣ ਵਾਲੀਆਂ ਰਾਤਾਂ ਵਿੱਚ ਬਜੁਰਗਾਂ, ਔਰਤਾਂ ਤੇ ਬੱਚਿਆ ਸਮੇਤ ਸੰਘਰਸ਼ ਕਰ ਰਹੇ ਹਨ ਲੇਕਿਨ ਭਾਜਪਾ ਸਰਕਾਰ ਦੇਸ਼ਵਾਸੀਆਂ ਨੂੰ ਦੁਰਕਾਰਨ ਵਿਚ ਕੋਈ ਕਸਰ ਨਹੀਂ ਛੱਡੀ ਜਾ ਰਹੀ, ਇਸ ਬੇਗਾਨਗੀ ਵਿਚ ਸੰਘਰਸ਼ ਦੌਰਾਨ 30 ਤੋਂ ਜਿਆਦਾ ਕਿਸਾਨ ਸਹੀਦੀਆਂ ਪਾ ਚੁੱਕੇ ਹਨ, ਜਿਹਨਾਂ ਦੀ ਆਤਮਿਕ ਸ਼ਾਂਤੀ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿਚ ਅਰਦਾਸ ਕੀਤੀ ਗਈ। ਇਸ ਸੰਘਰਸ਼ ਲਈ ਬਸਪਾ ਪੰਜਾਬ ਵਿੱਚ ਕਿਸਾਨ ਅੰਦੋਲਨ ਦੇ ਜਨਸਮਰਥਨ ਲਈ ਲਗਾਤਾਰ ਜਨ ਸੰਪਰਕ ਪਰਚਾਰ ਮੁਹਿੰਮ ਜਾਰੀ ਰੱਖੇਗੀ।

ਇਸ ਮੌਕੇ ਸੂਬਾ ਜਨਰਲ ਸਕੱਤਰ ਸ਼੍ਰੀ ਭਗਵਾਨ ਸਿੰਘ ਚੌਹਾਨ ਤੇ ਸਾਬਕਾ ਪੰਜਾਬ ਪ੍ਰਧਾਨ ਸ਼੍ਰੀ ਗੁਰਲਾਲ ਸੈਲਾ ਜੀ ਨੇ ਕਿਹਾ ਕਿ ਕਿਸਾਨ ਸੰਘਰਸ਼ ਦੌਰਾਨ ਹੋਈਆਂ ਸਾਰੀਆਂ ਮੌਤਾਂ ਦਾ ਜਿੰਮੇਵਾਰ ਭਾਜਪਾ ਸਰਕਾਰ ਅਤੇ ਨਰਿੰਦਰ ਮੋਦੀ ਨੂੰ ਗਿਣਿਆ ਜਾਵੇ। ਸ਼੍ਰੀ ਮਨਜੀਤ ਸਿੰਘ ਅਟਵਾਲ, ਸ਼੍ਰੀ ਸਵਿੰਦਰ ਸਿੰਘ ਸ਼ੱਜਲਵੰਡੀ, ਗੁਰਬਖ਼ਸ਼ ਮਹੇ, ਤਾਰਾ ਚੰਦ ਭਗਤ, ਕੁਲਵਿੰਦਰ ਸਿੰਘ ਸਹੋਤਾ, ਰਾਮ ਸਿੰਘ, ਸੁਖਦੇਵ ਸਿੰਘ ਚੌਹਾਨ, ਸੁਰਜੀਤ ਸਿੰਘ ਭੈਲ, ਰਤਨ ਸਿੰਘ, ਜਤਿੰਦਰ ਸਿੰਘ, ਵਰਿਆਮ ਸਿੰਘ, ਝੰਝੋਤੀ, ਅਮਰੀਕ ਸਿੰਘ ਸਿੱਧੂ, ਪ੍ਰਿੰਸੀਪਲ ਨਰਿੰਦਰ ਸਿੰਘ, ਮੁਕੇਸ਼ ਕੁਮਾਰ, ਵੱਸਣ ਸਿੰਘ, ਹਜੂਰ ਸਿੰਘ, ਸੋਨੂੰ ਮੋਰੀਆਂ, ਅਮਰਜੀਤ ਸਿੰਘ ਆਦਿ ਹਾਜਰ ਸਨ।

# ਭਾਰਤੀ ਕਿਸਾਨ ਯੂਨੀਅਨ (ਦੋਆਬਾ) ਵਲੋਂ ਮੌਲੀ ਗੇਟ ਵਿਖੇ ਨਿਭਾਈ ਜਾ ਰਹੀ ਕਿਸਾਨਾ ਲਈ 24 ਘੰਟੇ ਲੰਗਰ ਦੀ ਸੇਵਾ



**ਫਗਵਾੜਾ (ਬੀ. ਕੇ. ਰੱਤੂ)–** ਭਾਰਤੀ ਕਿਸਾਨ ਯੂਨੀਅਨ (ਦੋਆਬਾ) ਵਲੋਂ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਦੀ ਸਮੂਹ ਸੰਗਤ ਦੇ ਸਹਿਯੋਗ ਨਾਲ ਕੇਂਦਰ ਸਰਕਾਰ ਵਲੋਂ ਬਣਾਏ ਖੇਤੀ ਕਾਨੂੰਨਾ ਨੂੰ ਰੱਦ ਕਰਾਉਣ ਲਈ ਸਿੰਘੂ ਬਾਰਡਰ ਦਿੱਲੀ ਵਿਖੇ ਲਗਾਏ ਕਿਸਾਨਾ ਦੇ ਧਰਨੇ 'ਚ ਸ਼ਾਮਲ ਹੋਣ ਲਈ ਆਉਣ-ਜਾਣ ਵਾਲੀ ਸੰਗਤ ਦੀ ਸਹੂਲਤ ਲਈ ਪਿੰਡ ਮੌਲੀ ਗੇਟ ਨਜਦੀਕ ਜਮਾਲਪੁਰ ਜੀਟੀ ਰੋਡ ਫਗਵਾੜਾ ਵਿਖੇ 24 ਘੰਟੇ ਲੰਗਰ ਦੀ ਸੇਵਾ ਵਰਤਾਈ ਜਾ ਰਹੀ ਹੈ ਅਤੇ ਨਾਲ ਹੀ ਲੋੜਵੰਦਾਂ ਲਈ ਮੈਡੀਕਲ ਕੈਂਪ ਵੀ ਲਗਾਇਆ ਗਿਆ ਹੈ। ਇਸ ਮੌਕੇ ਗਲੱਬਾਤ ਕਰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਡਾ. ਜਸਵਿੰਦਰ ਸਿੰਘ ਦੀ ਅਗਵਾਈ ਹੇਠ ਇਹ ਮੈਡੀਕਲ ਕੈਂਪ ਲਗਾਇਆ ਗਿਆ ਹੈ ਜੋ ਲਗਾਤਾਰ ਜਾਰੀ ਹੈ ਕਿਉਂਕਿ ਸਰਦੀ ਦੇ ਮੌਸਮ ਵਿਚ ਖੰਗ, ਬੁਖਾਰ, ਰੇਸ਼ਾ ਤੇ ਜੁਕਾਮ ਆਮ ਬਿਮਾਰੀਆਂ ਹਨ ਜਿਸ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਸੇਵਾ ਨਿਭਾਈ ਜਾ ਰਹੀ ਹੈ ਜਿਸ ਲਈ ਉਹ ਸਮੂਹ ਸਹਿਯੋਗੀ ਸੰਗਤਾਂ ਅਤੇ ਡਾਕਟਰ ਜਸਵਿੰਦਰ ਸਿੰਘ ਦੀ ਟੀਮ ਦੇ ਧੰਨਵਾਦੀ ਹਨ। ਉਹਨਾਂ ਦੱਸਿਆ ਕਿ ਦਿੱਲੀ ਵਿਖੇ ਧਰਨੇ ਤੇ ਬੈਠੇ ਕਿਸਾਨ ਅਤੇ ਮਜਦੂਰ ਭਰਾਵਾਂ ਦੀ ਸੁਵਿਧਾ ਲਈ ਦੇਸੀ ਗੀਜਰ, ਬਾਲਣ, ਗਰਮ ਕੰਬਲ, ਰਜਾਈਆਂ ਅਤੇ ਤਰਪਾਲਾਂ ਆਦਿ ਭੇਜੀਆਂ ਗਈਆਂ ਹਨ। ਵਾਲੀਆ ਬੱਸ ਸਰਵਿਸ ਵਲੋਂ ਰੋਜਾਨਾ ਫਰੀ ਬੱਸ ਵੀ ਸਵੇਰੇ 9 ਵਜੇ ਚਲਾਈ ਜਾ ਰਹੀ ਹੈ। ਇਸ ਮੌਕੇ ਗੁਰਪਾਲ ਸਿੰਘ ਪਾਲਾ ਮੌਲੀ, ਕੁਲਦੀਪ ਸਿੰਘ ਰਾਏਪੁਰ, ਗੁਰਦਾਵਰ ਸਿੰਘ ਭਾਖੜੀਆਣਾ, ਕਰਮਜੀਤ ਸਿੰਘ ਸੰਧੂ, ਬਲਜੀਤ ਸਿੰਘ ਹਰਦਾਸਪੁਰ, ਕੁਲਵਿੰਦਰ ਸਿੰਘ ਸਰਪੰਚ ਅਠੌਲੀ, ਸਰਬਜੀਤ ਸਿੰਘ ਲੱਖਪੁਰ, ਗੁਰਜਿੰਦਰ ਸਿੰਘ ਕੁਲਾਰ ਚੱਕ ਪ੍ਰੇਮਾ, ਗੁਰਸ਼ਰਨ ਸਿੰਘ ਚੀਮਾ ਪੰਡੋਰੀ, ਮੇਜਰ ਸਿੰਘ ਅਠੌਲੀ, ਹਰਜਿੰਦਰ ਸਿੰਘ ਚਾਚੋਕੀ ਆਦਿ ਹਾਜਰ ਸਨ।

# ਸੁਸ਼ਮਾ ਸ਼ਰਮਾ ਨੇ ਸਰਬ ਸੰਮਤੀ ਨਾਲ ਸੰਭਾਲਿਆ ਨਵ ਗਠਿਤ ਸਮਾਜ ਭਲਾਈ ਸੰਸਥਾ ਦੀ ਪ੍ਰਧਾਨਗੀ ਦਾ ਅਹੁਦਾ





**ਫਗਵਾੜਾ (ਬੀ. ਕੇ. ਰੱਤੂ)–** ਭਗਤਪੁਰਾ ਵਿਖੇ ਔਰਤਾਂ ਵਲੋਂ ਇਕ ਸਾਂਝਾ ਇਕੱਠ ਕੀਤਾ ਗਿਆ। ਜਿਸ ਵਿਚ ਸਮਾਜ ਸੇਵਾ ਦੀ ਭਾਵਨਾ ਨੂੰ ਮੁੱਖ ਰੱਖਦੇ ਹੋਏ ਸਮਾਜ ਭਲਾਈ ਸੰਸਥਾ ਦਾ ਗਠਨ ਹੋਇਆ। ਮੀਟਿੰਗ ਵਿਚ ਹਾਜਰ ਸਮੂਹ ਔਰਤਾਂ ਨੇ ਸਰਬ ਸੰਮਤੀ ਨਾਲ ਸੁਸ਼ਮਾ ਸ਼ਰਮਾ ਨੂੰ ਜੱਥੇਬੰਦੀ ਦੀ ਪ੍ਰਧਾਨਗੀ ਸੰਭਾਲਣ ਦੀ ਗੁ-ਜਾਰਿਸ਼ ਕੀਤੀ ਜਿਸ ਨੂੰ ਉਹਨਾਂ ਸਵੀਕਾਰ ਕਰ ਲਿਆ। ਜਿਕਰਯੋਗ ਹੈ ਕਿ ਸ਼੍ਰੀਮਤੀ ਸੁਸ਼ਮਾ ਸ਼ਰਮਾ ਦੇ ਪਤੀ ਡਾ. ਰਮਨ ਸ਼ਰਮਾ ਵੀ ਇਕ ਸਮਾਜ ਸੇਵਕ ਹਨ ਅਤੇ ਭਗਤਪੁਰਾ ਦੀਆਂ ਸਮੱਸਿਆਵਾਂ ਅਤੇ ਲੋਕ ਮਸਲਿਆਂ ਨੂੰ ਹਲ ਕਰਵਾਉਣ ਲਈ ਹਮੇਸ਼ਾ ਮੁਖਰ ਰਹਿੰਦੇ ਹਨ। ਮੀਟਿੰਗ ਦੌਰਾਨ ਕੁਲਵਿੰਦਰ ਕੌਰ ਜੱਸਲ ਨੂੰ ਚੇਅਰਮੈਨ, ਸਵਿੰਦਰ ਕੌਰ ਪਾਠਕ ਨੂੰ ਸੰਸਥਾ ਦੀ ਜਰਨਲ ਸਕੱਤਰ, ਪ੍ਰਮਜੀਤ ਕੌਰ ( ਪੰਮੀ ) ਨੂੰ ਸੀਨੀਅਰ ਮੀਤ ਪ੍ਰਧਾਨ, ਪੂਨਮ ਬਾਲਾ (ਬੱਬੂ), ਜਤਿੰਦਰ ਕੌਰ, ਜਸਵੀਰ ਕੌਰ ਅਤੇ ਮਨਪ੍ਰੀਤ ਕੌਰ ਨੂੰ ਮੀਤ ਪ੍ਰਧਾਨ, ਸ਼ਿਵਾਨੀ ਨੂੰ ਜੁਆਇੰਟ ਸਕੱਤਰ, ਕਮਲੇਸ਼ ਰਾਣੀ ਨੂੰ ਖਜਾਨਚੀ, ਸਰਬਜੀਤ ਕੌਰ ਨੂੰ ਪ੍ਰਚਾਰ ਸੱਕਤਰ ਜਦਕਿ ਐਡਵੋਕੇਟ ਰਜਨੀ ਬਾਲਾ ਤੇ ਧੰਨਦੀਪ ਕੋਰ ਨੂੰ ਲੀਗਲ ਅਡਵਾਈਜ਼ਰ ਚੁੱਣਿਆ ਗਿਆ। ਨਵ ਨਿਯੁਕਤ ਪ੍ਰਧਾਨ ਸੁਸ਼ਮਾ ਸ਼ਰਮਾ ਨੇ ਸਮੂਹ ਚੁਣੀ ਗਈ ਟੀਮ ਵਲੋਂ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਜੋ ਵੀ ਜ਼ਿੰਮੇਵਾਰੀ ਉਹਨਾਂ ਨੂੰ ਦਿੱਤੀ ਗਈ ਹੈ ਉਸਨੂੰ ਸਾਰੇ ਅਹੁਦੇਦਾਰ ਤਨਦੇਹੀ ਨਾਲ ਨਿਭਾਉਣਗੇ ਅਤੇ ਸਮਾਜ ਭਲਾਈ ਦੇ ਕਾਰਜਾਂ ਨੂੰ ਅੱਗੇ ਤੋਰਦੇ ਹੋਏ ਸਮਾਜ ਭਲਾਈ ਦੇ ਪ੍ਰੋਜੈਕਟਾਂ ਰਾਹੀਂ ਅੰਜਾਮ ਦਿੱਤਾ ਜਾਵੇਗਾ। ਇਸ ਮੌਕੇ ਗੁਰਪ੍ਰੀਤ ਕੌਰ, ਕੋਮਲ, ਕਮਲੇਸ਼ ਰਾਣੀ, ਅਮਰਜੀਤ ਕੌਰ, ਮਨੀਸ਼ਾ, ਗੀਤਾ ਦੇਵੀ, ਪ੍ਰਿਅੰਕਾ ਆਦਿ ਵੀ ਮੌਜੂਦ ਸਨ।

# ਸਿੱਖ

ਜਦੋਂ ਪਿਤਾ ਤੋਰਿਆ ਹੱਥੀਂ ਸੀ ਫਿਰ ਚੌਂਕ ਚਾਂਦਨੀ ਕੰਬਿਆ
ਕਦੇ ਆਰੇ ਤੇ ਕਦੇ ਦੰਦੀ ਤੇ ਕਦੇ ਸੇਜ ਵਿਛਾਈ ਕੰਡਿਆਂ
ਧਰਮ ਕੌਮ ਦੀ ਖਾਤਰ ਤੇ ਜਦੋਂ ਹੋਣਾ ਪਿਆ ਕੁਰਬਾਨ ਤਾਹੀਉਂ
ਪਰਿਵਾਰ ਵਾਰਤਾ ਸਾਰਾ ਤੇ ਸਾਨੂੰ ਸਿੱਖ ਹੋਣ ਦਾ ਮਾਣ ਤਾਹੀਉਂ।

ਪੰਡਿਤ ਸੀ ਕਸ਼ਮੀਰ ਦੀ ਪਿੱਟੇ ਘਰ ਆ ਕੇ ਤੇਗ ਬਹਾਦਰ
ਗਊ ਗਰੀਬ ਦੀ ਰਾਖੀ ਲਈ ਫਿਰ ਬਣ ਗਏ ਹਿੰਦ ਦੀ ਚਾਦਰ
ਸੀਸ ਪਿਆ ਧੜ ਵੱਖਰੀ ਹੋਇਆ ਸਾਡੇ ਲਈ ਨੁਕਸਾਨ ਤਾਹੀਉਂ
ਪਰਿਵਾਰ ਵਾਰਤਾ ਸਾਰਾ ਤੇ ਸਾਨੂੰ ਸਿੱਖ ਹੋਣ ਦਾ ਮਾਣ ਤਾਹੀਉਂ।

ਵਿਛੜ ਗਿਆ ਪਰਿਵਾ ਸਾਰਾ ਆ ਕੇ ਸਰਸਾ ਨਦੀ ਕਿਨਾਰੇ
ਦੋ ਚਮਕੌਰ ਗੜ੍ਹੀ ਵਿਚ ਤੋਰੇ ਦੋ ਸਰਹਿੰਦ ਦੇ ਬਣੇ ਸਿਤਾਰੇ
ਮਾਂ ਗੁਜ਼ਰੀ ਵੀ ਠੰਡੇ ਬੁਰਜ਼ ਵਿਚ ਬਹਿ ਗਈ ਸੀਨਾ ਤਾਣ ਤਾਹੀਉਂ
ਪਰਿਵਾਰ ਵਾਰਤਾ ਸਾਰਾ ਤੇ ਸਾਨੂੰ ਸਿੱਖ ਹੋਣ ਦਾ ਮਾਣ ਤਾਹੀਉਂ।

ਬਾਜ ਤੇ ਦੂਜਾ ਸਿਰ ਸਜਿਆ ਸਰਤਾਜ ਤੀਜਾ ਘੋੜਾ ਰਹਿ ਗਿਆ ਨੀਲਾ
ਉਸ ਮਰਦ ਅਗੰਮੜੇ ਫਿਕਰ ਨਾ ਕੀਤਾ ਹੀਲੇ ਨਾਲ ਵਸੀਲਾ
ਖਾਲਸਾ ਪੰਥ ਸਜਾਇਆ ਤੇ ਹੁੰਦਾ ਲੱਖਾਂ ਦੇ ਵਿਚੋਂ ਪਛਾਣ ਤਾਹੀਉਂ
ਪਰਿਵਾਰ ਵਾਰਤਾ ਸਾਰਾ ਤੇ ਸਾਨੂੰ ਸਿੱਖ ਹੋਣ ਦਾ ਮਾਣ ਤਾਹੀਉਂ।

ਬੱਸ ਕੌਣ ਦੇਉ ਦੱਸ ਤੇਰੇ ਤੇ ਕਿਵੇਂ ਔਖੀ ਘੜੀ ਗੁਜ਼ਰੀ
ਦੁਨੀਆਂ ਦੇ ਵਿਚ ਝੰਡੇ ਝੂਲਦੇ ਹਰ ਸਿੱਖ ਨੂੰ ਸਿੱਖੀ ਪਿਆਰੀ
ਦੱਸੇ 'ਦੇਵ ਘੋਲੀਏ' ਵਾਲਾ ਸਾਡੀ ਹੋਈ ਉੱਚੀ ਸ਼ਾਨ ਤਾਹੀਉਂ
ਪਰਿਵਾਰ ਵਾਰਤਾ ਸਾਰਾ ਤੇ ਸਾਨੂੰ ਸਿੱਖ ਹੋਣ ਦਾ ਮਾਣ ਤਾਹੀਉਂ।



– ਦੇਵ ਘੋਲੀਆ ਖੁਰਦ (ਫਰਿਜ਼ਨੋ)
559-232-7764

# ਗਣਤੰਤਰ ਦਾ ਸਮਾਜਵਾਦ ਅਤੇ ਮੋਦੀ ਦਾ ਨਿਜੀਕਰਨ- ਕੋਈ ਮੇਲ ਨਹੀਂ



ਕੇ. ਸੀ. ਸੁਲੇਖ
0172-4623503

26 ਜਨਵਰੀ ਦਾ ਦਿਨ ਭਾਰਤ ਦੇ ਇਤਿਹਾਸ ਵਿਚ 1947 ਦੇ 15 ਅਗਸਤ ਨਾਲੋਂ ਵੀ ਵੱਧ ਮਹੱਤਵਪੂਰਨ ਅਤੇ ਖਾਸ ਦਿਨ ਹੈ। 1947 ਨੂੰ ਤਾਂ ਭਾਰਤ ਦੇਸ਼ ਨੂੰ ਅੰਗਰੇਜ਼ ਰਾਜ ਤੋਂ ਕੇਵਲ ਰਾਜਨੀਤਿਕ ਆਜ਼ਾਦੀ ਮਿਲੀ ਸੀ ਲੇਕਿਨ ਦੇਸ਼ ਦੇ ਆਉਣ ਵਾਲੇ ਸ਼ਾਸਨ ਅਤੇ ਪ੍ਰਸ਼ਾਸਨ ਦਾ ਚਿਹਰਾ ਮੋਹਰਾ ਕਿਹੋ ਜਿਹਾ ਹੋਵੇ, ਦੇਸ਼ ਵਿਚ ਰਹਿਣ ਵਾਲੇ ਬਹੁਧਰਮੀ, ਬਹੁ-ਖੇਤਰੀ ਅਤੇ ਬਹੁਭਾਸ਼ਾਈ ਲੋਕਾਂ ਦਾ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਢਾਂਚੇ ਦਾ ਮਾਡਲ (ਨਮੂਨਾ) ਕਿਸ ਪ੍ਰਕਾਰ ਦਾ ਹੋਵੇ, ਇਹੀ ਜਿਹੇ ਗੁੰਝਲਦਾਰ ਸਵਾਲਾਂ ਨਾਲ ਉਲਝਿਆ ਭਾਰਤ ਅੰਗਰੇਜ਼ ਹਕੂਮਤ ਹਟਣ ਦੇ ਬਾਵਜੂਦ ਉਸ ਦੇ ਅੰਗਰੇਜ਼ ਗਵਰਨਰ ਜਨਰਲ ਦੇ ਅਧੀਨ ਡੋਮੀਨੀਅਨ (ਉਪਨਿਵੇਸ਼) ਦੇ ਰੂਪ ਵਿਚ ਬਣਿਆ ਰਿਹਾ। ਇਹ ਤਾਂ 26 ਜਨਵਰੀ 1950 ਦਾ ਹੀ ਦਿਨ ਸੀ, ਜਿਸ ਦਿਨ ਅੰਗਰੇਜ਼ ਹਕੂਮਤ ਦਾ ਜੂਲਾ ਆਖਰੀ ਅਤੇ ਮੁਕੰਮਲ ਤੌਰ 'ਤੇ ਲਾਹ ਕੇ ਉਹ ਆਪਣੇ ਆਪ ਨੂੰ ਸਰਬ ਅਧਿਕਾਰੀ ਰਾਜ ਕਹਿ ਸਕਿਆ। ਗਵਰਨਰ ਜਨਰਲ ਦੀ ਥਾਂ ਦੇਸ਼ ਦੇ ਪ੍ਰਧਾਨ ਰਾਸ਼ਟਰਪਤੀ ਨੇ ਲੈ ਲਈ। ਬ੍ਰਿਟਿਸ਼ ਗੌਰਮਿੰਟ ਆਫ ਇੰਡੀਆ ਐਕਟ ਦੀ ਥਾਂ ਆਪਣੇ ਬਣਾਏ ਸੰਵਿਧਾਨ ਦਾ ਰਾਜ ਚਾਲੂ ਹੋ ਗਿਆ। ਭਾਰਤ ਗੁਲਾਮ ਦੇਸ਼ ਤੋਂ ਬਾਅਦ ਉਪਨਿਵੇਸ਼ ਅਤੇ ਅੰਤ ਵਿਚ ਸਰਬ ਅਧਿਕਾਰੀ ਲੋਕਤੰਤਰੀ ਗਣਰਾਜ (ਸੋਵਰਨ, ਡੈਮੋਕ੍ਰੇਟਿਕ ਰਿਪਬਲਿਕ) ਬਣ ਗਿਆ। ਸੰਵਿਧਾਨ ਜਿਸ ਨੂੰ 26 ਨਵੰਬਰ 1949 ਨੂੰ ਸੰਵਿਧਾਨ ਸਭਾ ਨੇ ਪਾਸ ਕੀਤਾ ਅਤੇ 26 ਜਨਵਰੀ 1950 ਨੂੰ ਲਾਗੂ ਹੋਇਆ। ਨਾ ਅਸਮਾਨੋਂ ਉਤਰਿਆ ਖੁਦਾਈ ਫਰਮਾਨ ਸੀ ਅਤੇ ਨਾ ਕਿਸੇ ਸ਼ੈਤਾਨੀ ਦਿਮਾਗ ਦਾ ਅਟਕਲ ਪੱਚੂ ਸੀ ਬਲਕਿ ਦੇਸ਼ ਦੇ ਚੋਣਵੇਂ ਵਿਦਵਾਨ ਬੁੱਧੀਮਾਨ ਮਹਾਂਪੁਰਸ਼ਾਂ ਦੀ ਤਿੰਨ ਸਾਲ ਦੀ ਸਖਤ ਮਿਹਨਤ ਦਾ ਨਤੀਜਾ ਸੀ। ਸੰਵਿਧਾਨ ਜੋ ਹੁਣ ਤੱਕ ਸ਼ਾਂਤੀ ਅਤੇ ਜੰਗੀ ਹਾਲਾਤ ਵਿਚ ਪੂਰੀ ਤਰ੍ਹਾਂ ਸਫਲ ਸਾਬਤ ਹੋ ਕੇ ਨਿਕਲਿਆ ਹੈ ਦੁਨੀਆਂ ਦਾ ਬਿਹਤਰੀਨ ਲਿਖਤ ਸੰਵਿਧਾਨ ਮੰਨਿਆ ਗਿਆ ਹੈ।

26 ਜਨਵਰੀ ਭਾਵੇਂ ਕਾਂਗਰਸ ਦਾ ਹੀ ਚੁਣਿਆ ਮਿੱਥਿਆ ਦਿਨ ਹੈ, ਜਿਸ ਦਿਨ ਉਸ ਨੇ 1929 ਵਿਚ ਰਾਵੀ ਕੰਢੇ ਰੈਜ਼ੂਲਿਉਸ਼ਨ (ਮਤਾ) ਪਾਸ ਕਰਕੇ ਪੂਰਨ ਸਵਰਾਜ ਦਾ ਐਲਾਨ ਕੀਤਾ ਲੇਕਿਨ ਇਸ ਦੀ ਇਤਿਹਾਸਕ ਮਹੱਤਤਾ ਨੂੰ ਧਿਆਨ 'ਚ ਰੱਖਦੇ ਹੋਏ ਆਉਣ ਵਾਲੀਆਂ ਪਾਰਟੀਆਂ ਨੇ ਵੀ ਇਸੇ ਦਿਨ ਨੂੰ ਉਵੇਂ ਜਿਵੇਂ ਮਾਨਤਾ ਦਿੱਤੀ ਰੱਖੀ ਅਤੇ ਇਸ ਦਿਨ ਨੂੰ ਹਰ ਸਾਲ ਗਣਤੰਤਰ ਦਿਵਸ (ਰਿਪਬਲਿਕ ਡੇਅ) ਵਜੋਂ ਪੂਰੀ ਧੂੰਮ-ਧਾਮ ਨਾਲ ਮਨਾਇਆ ਜਾਂਦਾ ਹੈ। ਦਿੱਲੀ ਰਾਜਧਾਨੀ ਵਿਚ ਰਾਸ਼ਟਰ-ਪਤੀ ਭਵਨ ਤੋਂ ਫੌਜੀ ਟੁਕੜੀਆਂ, ਜੰਗੀ ਹਥਿਆਰਾਂ ਅਤੇ ਅੱਡ-ਅੱਡ ਪ੍ਰਦੇਸ਼ਾਂ ਦੀਆਂ ਸਭਿਆਚਾਰਕ/ ਮਨੋਰੰਜਕ ਝਾਕੀਆਂ ਦੀ ਪ੍ਰੇਡ ਕਰਵਾਈ ਜਾਂਦੀ ਹੈ। ਰਾਸ਼ਟਰਪਤੀ ਕਿਸੇ ਦੇਸ਼ ਮੁਖੀ ਨਾਲ ਮੁੱਖ ਮਹਿਮਾਨ ਨਾਲ ਪ੍ਰੇਡ ਦੀ ਸਲਾਮੀ ਲੈਂਦੇ ਹਨ ਅਤੇ ਇਸ ਤਰ੍ਹਾਂ ਦੁਨੀਆਂ ਅਤੇ ਦੇਸ਼ ਨੂੰ ਦਿਖਾਇਆ ਜਾਂਦਾ ਹੈ ਕਿ ਅਸੀਂ ਕਿੰਨੇ ਤਾਕਤਵਰ, ਵਿਕਸਤ ਅਤੇ ਖੁਸ਼ਹਾਲ ਹਾਂ। ਦੂਜੇ ਸ਼ਬਦਾਂ ਵਿਚ ਉਸ ਦਿਨ ਫੌਜੀ ਟੁਕੜੀਆਂ, ਸਭਿਆਚਾਰਕ ਝਾਕੀਆਂ ਅਤੇ ਹੋਰ ਖੇਡ ਕਰਤੱਬਾਂ ਦੀ ਪ੍ਰੇਡ ਦੇਸ਼ ਵਾਸੀਆਂ ਦੀਆਂ ਉਹਨਾਂ ਹੀ ਖੁਸ਼ੀਆਂ ਭਰੀਆਂ ਆਸਾਂ ਉਮੀਦਾਂ ਅਤੇ ਆਕਾਂਖਿਆਵਾਂ ਦਾ ਪ੍ਰਗਟਾਵਾ ਕਿਹਾ ਜਾ ਸਕਦਾ ਹੈ, ਜਿਸ ਨੂੰ ਉਹ ਗੈਰ ਮੁਲਕੀਆਂ ਦੀ ਹਜ਼ਾਰਾਂ ਸਾਲ ਗੁਲਾਮੀ ਦੌਰਾਨ ਲੋਚਦੇ ਰਹੇ, ਤਾਂਘਦੇ ਰਹੇ। ਲੋਕ ਇਸ ਗੁਲਾਮੀ ਤੋਂ ਰਿਹਾਈ ਪਾਉਣ ਲਈ ਗੈਰਾਂ ਦੇ ਜ਼ੁਲਮ ਸਿਤਮ ਸਹਿੰਦੇ ਰਹੇ। ਕੁਰਬਾਨੀਆਂ ਦਿੱਤੀਆਂ, ਜੇਲ੍ਹਾਂ ਦੀਆਂ ਯਾਤਨਾਵਾਂ ਕੱਟੀਆਂ, ਸਿਰਫ ਇਸ ਸੁਪਨੇ ਦੇ ਸਾਕਾਰ ਹੋਣ ਦੀ ਤਾਂਘ ਵਿਚ ਕਿ ਦੇਸ਼ ਆਜ਼ਾਦ ਹੋਵੇ, ਉਸ ਦੇ ਵਸਨੀਕਾਂ ਨੂੰ ਆਪਣੇ ਮਨਪਸੰਦ ਰਹਿਣ-ਸਹਿਣ, ਆਪਣੇ ਮਨ ਮੰਨੇ ਧਾਰਮਿਕ ਮੱਤਾਂ ਨੂੰ ਮੰਨਣ/ ਪੈਰਵੀ ਕਰਨ ਅਤੇ ਕੋਈ ਵੀ ਲਾਹੇਵੰਦਾ ਕਿੱਤਾ ਕਰਨ ਦੀ ਖੁੱਲ੍ਹ ਹੋਵੇ। ਜੀਵਨ ਕੁੱਲ ਮਿਲਾ ਕੇ ਖੁਸ਼ਹਾਲ ਅਤੇ ਖੁਸ਼ ਹੋਵੇ। ਪਰ ਕੀ ਇਹ ਸੁਪਨਾ ਆਜ਼ਾਦੀ ਦੇ ਮਿਲਣ ਉਪਰੰਤ ਜਾਂ 70 ਸਾਲ ਬਾਅਦ ਵੀ ਪੂਰਾ ਹੋ ਸਕਿਆ?

ਇਸ ਸੁਪਨੇ ਨੂੰ ਪੂਰਾ ਕਰਨ ਲਈ, ਕਮਜ਼ੋਰਾਂ ਨੂੰ ਸੁਰੱਖਿਆ ਅਤੇ ਧੱਕੜਸ਼ਾਹਾਂ ਨੂੰ ਅਨੁਸ਼ਾਸਨ 'ਚ ਰੱਖਣ ਲਈ ਸੰਵਿਧਾਨ ਬਣਿਆ ਜਿਸ ਵਿਚ ਦੇਸ਼ ਵਾਸੀਆਂ ਦੀ ਹਰ ਸਮੱਸਿਆ ਅਤੇ ਜ਼ਰੂਰਤ ਨੂੰ ਮੁੱਖ ਰੱਖ ਕੇ ਕਾਨੂੰਨ ਅਤੇ ਦਿਸ਼ਾ ਨਿਰਦੇਸ਼ ਦਿੱਤੇ ਗਏ। ਇਸ ਤਰ੍ਹਾਂ ਜੇ ਇਸ ਸੰਵਿਧਾਨ ਨੂੰ ਕਿਸੇ ਵੀ ਰਾਸ਼ਟਰੀ ਅਤੇ ਦੁਨੀਆਂ ਦੇ ਮਿਆਰ/ ਸਟੈਂਡਰਡ ਤੇ ਪਰਖਿਆ ਜਾਵੇ, ਇਸ ਵਿਚ ਕੋਈ ਵੀ ਕਮੀ, ਖੋਟ ਜਾਂ ਖਰਾਬੀ ਨਹੀਂ ਨਿਕਲੇਗੀ। ਪਰ ਖੁਦ ਇਸ ਦੇ ਨਿਰਮਾਤਾ ਬਾਬਾ ਸਾਹਿਬ ਅੰਬੇਡਕਰ ਦੇ ਕਹਿਣ ਅਨੁਸਾਰ ਜੇ ਉਸ ਤੇ ਕੰਮ ਕਰਨ ਵਾਲੇ ਅਤੇ ਉਸ ਦੇ ਦਿਸ਼ਾ ਨਿਰਦੇਸ਼ਾਂ ਨੂੰ ਅਮਲੀ ਰੂਪ ਦੇਣ ਵਾਲੇ ਬੰਦੇ ਹੀ ਬੇਈਮਾਨ ਅਤੇ ਦਿਲ ਦੇ ਖੋਟੇ ਹੋਣ ਉਥੇ ਚੰਗੇ ਤੋਂ ਚੰਗਾ ਸੰਵਿਧਾਨ ਵੀ ਕੀ ਕਰੇਗਾ। ਇਹੀ ਤਾਂ ਇਸ ਦੇਸ਼ ਵਿਆਪੀ ਦਿਖ ਰਹੀ ਬਦਅਮਨੀ ਅਤੇ ਬੇਚੈਨੀ ਦਾ ਕਾਰਨ ਹੈ। ਦੁੱਖ ਦੀ ਗੱਲ ਹੈ ਕਿ ਇਸ ਸਮੇਂ ਚੌਹਾਂ ਪਾਸੇ ਦੇਸ਼ ਵਿਚ ਸੁੱਖ ਸ਼ਾਂਤੀ ਦੀ ਬਜਾਏ ਡਰ, ਸਹਿਮ, ਤਣਾਅ ਦਾ ਮਾਹੌਲ ਬਣ ਗਿਆ ਹੈ। ਹਾਕਮ ਜਮਾਤ ਨੂੰ ਛੱਡ ਕੇ ਹੋਰ ਕੋਈ ਵੀ ਤਬਕਾ/ਸਮੁਦਾਏ ਸੁਰੱਖਿਅਤ ਅਤੇ ਖੁਸ਼ ਮਹਿਸੂਸ ਨਹੀਂ ਕਰ ਰਿਹਾ।

ਸਭ ਤੋਂ ਵੱਧ ਮੁਸਲਮਾਨ ਤਬਕਾ ਆਪਣੀ ਕਾਫੀ ਆਬਾਦੀ ਹੋਣ ਦੇ ਬਾਵਜੂਦ ਵੀ ਹਿੰਦੂ ਫਿਰਕੂ ਨਫਰਤ ਅਤੇ ਹਿੰਸਾ ਦਾ ਸ਼ਿਕਾਰ ਹੈ। ਸ਼ਾਸਕ ਪਾਰਟੀ ਦੇ ਸਿਖਰ ਦੇ ਨੇਤਾਵਾਂ/ ਸਾਂਸਦਾਂ/ ਮੰਤਰੀਆਂ ਨੇ ਐਲਾਨ ਕਰ ਰੱਖਿਆ ਹੈ ਕਿ 'ਕਾਂਗਰਸ ਮੁਕਤ ਭਾਰਤ' ਤੋਂ ਬਾਅਦ ਉਹਨਾਂ ਦਾ ਅਗਲਾ ਨਿਸ਼ਾਨਾ 'ਮੁਸਲਮਾਨ ਮੁਕਤ ਭਾਰਤ' ਹੈ। ਬਾਬਰੀ ਮਸਜਿਦ, ਗੁਜਰਾਤ ਕਤਲੇਆਮ, ਤਿੰਨ ਤਲਾਕ, ਨਾਗਰਿਕਤਾ ਕਾਨੂੰਨ ਅਤੇ ਧਾਰਾ 370 ਨਾਲ ਸਬੰਧਤ ਘਟਨਾਵਾਂ ਤੋਂ ਬਾਅਦ ਸ਼ੱਕ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿ ਜਾਂਦੀ ਕਿ ਸਭ ਅੱਛਾ ਨਹੀਂ ਹੈ। ਜਿੱਥੇ ਤੱਕ ਦਲਿਤ ਵਰਗ ਦਾ ਸਵਾਲ ਹੈ ਉਹ ਤਾਂ ਪਹਿਲਾਂ ਤੋਂ ਹੀ ਛੂਤ ਛਾਤ ਦੀ ਮਾਰ ਤੋਂ ਇਲਾਵਾ ਤਰ੍ਹਾਂ-ਤਰ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੈ। ਹੁਣ ਦੇ ਇਤਿਹਾਸ ਵਿਚ ਦਲਿਤ ਵਿਰੋਧੀ ਕੋਰੇਗਾਉਂ ਕਤਲ ਕਾਂਡ (1 ਜਨਵਰੀ 2018) ਨਾਸੂਰ ਦੀ ਤਰ੍ਹਾਂ ਹਮੇਸ਼ਾ ਸੀਨੇ ਵਿਚ ਰੜਕਦਾ ਰਹੇਗਾ। ਰੋਸ ਅਤੇ ਵਿਰੋਧ ਵਜੋਂ 2 ਅਪ੍ਰੈਲ 2019 ਨੂੰ ਦਲਿਤ ਸਮੂਹ ਦੇ ਮਨਾਏ ਭਾਰਤ ਬੰਦ ਨੇ ਦਲਿਤ ਵਿਰੋਧੀ ਤਾਕਤਾਂ ਦੇ ਪੈਰ ਜ਼ਰੂਰ ਹਿਲਾ ਦਿੱਤੇ ਪਰ ਹਾਥਰਸ (ਯੂ. ਪੀ.) ਵਰਗੀਆਂ ਦਿਲ ਹਿਲਾਊ ਘਟਨਾਵਾਂ ਨੂੰ ਦੇਖਦਿਆਂ ਇਹ ਯਕੀਨ ਕਰਨਾ ਮੁਸ਼ਕਿਲ ਨਜ਼ਰ ਆਉਂਦਾ ਹੈ ਤਾਂ ਹਿੰਦੂ ਉਚ ਸਮਾਜ ਦੇ ਦਿਲ ਵਿਚੋਂ ਕਦੇ ਦਲਿਤ ਨਫਰਤ ਜਾ ਸਕੇਗੀ। ਇਸ ਦਲਿਤ ਨਫਰਤ ਦਾ ਜਨਮਦਾਤਾ ਮਨੂੰ ਹਿੰਦੂਆਂ ਦਾ ਉਚ ਦਰਜੇ ਦਾ ਪੂਜਨੀਕ ਇਸ਼ਟ ਹੈ, ਜਿਸ ਦੀ ਹਲਕੀ ਜਿਹੀ ਆਲੋਚਨਾਤਮਕ ਟਿੱਪਣੀ ਕੋਈ ਵੀ ਹਿੰਦੂ ਸਹਿਣ ਨਹੀਂ ਕਰ ਸਕਦਾ, ਜਿਹਾ ਕਿ ਹੁਣੇ ਹੁਣੇ 'ਕੌਣ ਬਨੇਗਾ ਕਰੋੜਪਤੀ (ਕੇ. ਬੀ. ਸੀ.)' ਪ੍ਰੋਗਰਾਮ ਵਿਚ ਮਨੂੰ ਸਿਮ੍ਰਿਤੀ ਜਲਾਏ ਜਾਣ ਬਾਰੇ ਪੁੱਛੇ ਗਏ ਸਵਾਲ ਤੇ ਦੇਖਣ 'ਚ ਆਇਆ ਕਿ ਸਵਾਲ ਦਾ ਸਹੀ ਜਵਾਬ ਮਿਲਣ ਤੇ ਕਿਸ ਤਰ੍ਹਾਂ ਮਨੂੰਵਾਦੀਆਂ ਦੇ ਖੇਮੇ ਵਿਚ ਅੱਗ ਲੱਗ ਗਈ। ਭੋਪਾਲ ਤੋਂ ਆਈ ਇਕ ਖਬਰ (ਇੰਡੀਅਨ ਐਕਸਪ੍ਰੈਸ 14 ਦਸੰਬਰ) ਦੇ ਮੁਤਾਬਕ ਮੈਂਬਰ ਪਾਰਲੀਮੈਂਟ ਮਾਲੇਗਾਂਵ ਬੰਬ ਧਮਾਕੇ ਦੀ ਮੁੱਖ ਮੁਲਜ਼ਮ ਸਾਧਵੀ ਪ੍ਰਗਿਆ ਠਾਕੁਰ ਨੇ ਕਸ਼ੱਤਰੀ ਮਹਾਂਸਭਾ ਦੇ ਸੰਮੇਲਨ ਵਿਚ ਬੋਲਦੇ ਹੋਏ ਕਿਹਾ: ਜੇ ਬ੍ਰਾਹਮਣ ਨੂੰ ਬ੍ਰਾਹਮਣ ਕਿਹਾ ਜਾਵੇ ਉਹ ਬੁਰਾ ਨਹੀਂ ਮਨਾਉਂਦਾ, ਜੇ ਕਸ਼ੱਤਰੀ ਨੂੰ ਕਸ਼ੱਤਰੀ ਅਤੇ ਵੈਸ਼ ਨੂੰ ਵੈਸ਼ ਕਹਿ ਕੇ ਬੁਲਾਇਆ ਜਾਵੇ ਤਾਂ ਉਹ ਵੀ ਬੁਰਾ ਨਹੀਂ ਮਨਾਉਂਦਾ ਪਰ ਜੇ ਸ਼ੂਦਰ ਨੂੰ ਸ਼ੂਦਰ ਕਿਹਾ ਜਾਵੇ ਤਾਂ ਉਹ ਕਿਉਂ ਗੁੱਸਾ ਕਰਦਾ ਹੈ?

ਵੈਸੇ ਤਾਂ ਸਾਧਵੀ ਦੇ ਇਸ ਸਵਾਲ ਵਿਚ ਹੀ ਉਸ ਦਾ ਜਵਾਬ ਮੌਜੂਦ ਹੈ ਪਰ ਇਸ ਤੋਂ ਇਕ ਗੱਲ ਤਾਂ ਜ਼ਰੂਰ ਸਪਸ਼ਟ ਹੋ ਜਾਂਦੀ ਹੈ ਕਿ ਹਿੰਦੂ ਸਭਾਵਾਂ (ਆਰ. ਐਸ. ਐਸ., ਹਿੰਦੂ ਵਿਸ਼ਵ ਪ੍ਰੀਸ਼ਦ, ਬਜਰੰਗ ਦਲ) ਸਣੇ ਬੀਜੇਪੀ ਦੇ ਉਚ ਪਦਾਂ ਤੇ ਬੈਠੇ ਨੇਤਾਵਾਂ, ਮੰਤਰੀਆਂ ਅਤੇ ਸੰਤਰੀਆਂ ਦੀ ਵਰਨ ਵਿਵਸਥਾ ਬਾਰੇ ਕਿਹੋ ਜਿਹਾ ਵਿਚਾਰ, ਕਿਹੋ ਜਿਹੀ ਸੋਚ ਅਤੇ ਕਿਹੋ ਜਿਹੀ ਯੋਜਨਾ ਹੈ। ਇਸ ਪ੍ਰਕਾਰ ਦੀ ਸੋਚ ਸੰਵਿਧਾਨ ਦੀ ਆਤਮਾ ਧਾਰਾ 13, 14 ਅਤੇ 17 ਦੀ ਘੋਰ ਉਲੰਘਣਾ ਹੈ। ਹੈ ਕੋਈ ਸੁਣਨ ਵਾਲਾ?

ਐਹੋ ਜਿਹੀ ਸ਼ਰਮਨਾਕ ਸਥਿਤੀ ਹੁੰਦਿਆਂ ਵੀ ਪਤਾ ਨਹੀਂ ਕਿ ਦਲਿਤ ਘਰਾਂ ਵਿਚ ਪੈਦਾ ਹੋਏ, ਦਲਿਤ ਵਿਹੜਿਆਂ ਵਿਚ ਪਲੇ ਵਧੇ ਕੁਝ ਵਿਅਕਤੀਆਂ ਨੂੰ ਆਰ. ਐਸ. ਐਸ. ਭਾਜਪਾ ਵਿਚ ਕੀ ਦਿਸਣ ਲੱਗ ਪਿਆ ਹੈ ਕਿ ਉਸ ਦੀ ਗੋਦ ਵਿਚ ਜਾਣ ਤੇ ਉਹਨਾਂ ਨੂੰ ਆਪਣੀ ਜ਼ਮੀਰ ਦੀ ਚੋਭ ਕਿਉਂ ਨਹੀਂ ਮਹਿਸੂਸ ਹੁੰਦੀ।

ਹੈਦਰਾਬਾਦ ਯੂਨੀਵਰਸਿਟੀ ਦੇ ਸੋਧ ਵਿਦਿਆਰਥੀ ਰੋਹਿਤ ਵੇਮੁਲਾ ਦੀ ਸਰਕਾਰ ਦੀ ਦਲਿਤ ਵਿਰੋਧੀ ਵਿਦਿਅਕ ਨੀਤੀ ਕਾਰਨ ਹੋਈ ਰਹੱਸਮਈ ਮੌਤ ਤੇ ਮਿੱਟੀ ਪਾਉਣ ਲਈ ਉਸ ਵੇਲੇ ਦੀ ਸਿੱਖਿਆ ਮੰਤਰੀ ਸਮ੍ਰਿਤੀ ਇਰਾਨੀ ਪ੍ਰੈਸ ਕਾਨਫਰੰਸ ਕਰ ਰਹੀ ਸੀ ਤਾਂ ਕੇਂਦਰ ਦੇ ਦੋ ਦਲਿਤ ਹੀਰੋ ਮੰਤਰੀ ਖੁਸ਼ ਹੋ ਕੇ ਤਾਲੀਆਂ ਵਜਾ ਰਹੇ ਸਨ। ਹਾਥਰਸ (ਯੂ. ਪੀ.) ਦੀ ਦਲਿਤ ਲੜਕੀ ਮਨੀਸ਼ਾ ਦੇ ਗੈਂਗਰੇਪ ਅਤੇ ਕਤਲ ਦੇ ਮੰਦਭਾਗੇ ਕਾਂਡ ਤੇ ਸਾਰਾ ਦਲਿਤ ਸਮਾਜ ਸੋਗ ਮਨਾ ਰਿਹਾ ਸੀ, ਗੁੱਸੇ ਅਤੇ ਰੋਸ ਦੇ ਮਾਹੌਲ ਵਿਚ ਹਾਹਾਕਾਰ ਮੱਚੀ ਹੋਈ ਸੀ ਪਰ ਇਹਨਾਂ ਮੋਦੀ ਬਾਲਕਿਆਂ ਮੰਤਰੀਆਂ, ਵਿਧਾਇਕਾਂ ਦੇ ਮੂੰਹ ਤੇ ਜਿਵੇਂ ਤਾਲੇ ਲੱਗ ਗਏ। ਕਿਸੇ ਦੇ ਮੂੰਹ ਤੋਂ ਹਾਅ ਦਾ ਬੋਲ ਨਹੀਂ ਨਿਕਲਿਆ ਬਲਕਿ ਮੋਦੀ ਜੀ ਦੀ ਪ੍ਰਧਾਨ ਮੰਤਰੀ ਆਯੁਸ਼ਮਾਨ ਯੋਜਨਾ ਦੇ ਢੋਲੇ ਗਾਉਂਦੇ ਰਹੇ।

ਮੋਦੀ ਸਰਕਾਰ ਦੀਆਂ 'ਬਰਕਤਾਂ' ਨੋਟਬੰਦੀ ਜੀ. ਐਸ. ਟੀ. ਅਤੇ ਤਾਲਾਬੰਦੀ ਤੋਂ ਬਾਅਦ ਹੁਣ ਕਿਸਾਨਾਂ ਦੇ ਖੇਤ ਖਲਿਆਣਾਂ ਤੱਕ ਜਾ ਪਹੁੰਚੀਆਂ ਹਨ। ਨੋਟਬੰਦੀ, ਜੀ. ਐਸ. ਟੀ. ਅਤੇ ਤਾਲਾਬੰਦੀ ਦੇ ਕਿੱਲ ਠੋਕਣ ਤੋਂ ਬਾਅਦ ਜੇ ਦੇਸ਼ ਦੀ ਸਮੁੱਚੀ ਆਰਥਿਕਤਾ ਨੂੰ ਜਾਨ ਲੇਵਾ ਸੱਟ ਮਾਰਨ ਵਿਚ ਕੋਈ ਕਸਰ ਰਹਿ ਗਈ ਸੀ, ਉਹ ਫੌਰੀ ਕਾਨੂੰਨ ਯਾਨਿ ਆਰਡੀਨੈਂਸ ਅਤੇ ਬਾਅਦ ਵਿਚ ਪਾਰਲੀਮੈਂਟ ਤੋਂ ਬਿਨਾਂ ਬਹਿਸ ਬਿਲ ਪਾਸ ਕਰਵਾ ਕੇ ਕਿਸਾਨਾਂ ਦੀ ਉਪਜ ਨਾਲ ਸਬੰਧਤ ਕਾਰੋਬਾਰ ਬਾਰੇ ਅਜਿਹੇ ਕਾਨੂੰਨ ਲਾਗੂ ਕਰ ਦਿੱਤੇ, ਜਿਹਨਾਂ ਨੂੰ ਉਹਨਾਂ ਨੇ ਕਾਲੇ ਕਾਨੂੰਨ ਕਹਿ ਕੇ ਪਹਿਲੀ ਨਜ਼ਰ ਵਿਚ ਹੀ ਨਾ ਮਨਜ਼ੂਰ ਕਰ ਦਿੱਤਾ, ਨਕਾਰ ਦਿੱਤਾ ਅਤੇ ਕਿਸਾਨ ਸਮੂਹ ਦੀ ਅਸਹਿਮਤੀ ਅਤੇ ਪ੍ਰੋਟੈਸਟ ਦੇ ਬਾਵਜੂਦ ਵੀ ਸਰਕਾਰ ਨੇ ਉਹਨਾਂ ਦੇ ਪੱਖ ਨੂੰ ਹਮਦਰਦੀ ਸਹਿਤ ਸੁਣਨ ਅਤੇ ਮੰਨਣ ਦੀ ਬਜਾਏ ਆਪਣੇ ਪਹਿਲਾਂ ਹੀ ਧਾਰੇ ਹੋਏ ਮਨਸੂਬਿਆਂ ਅਨੁਸਾਰ ਇਹਨਾਂ ਵਿਵਾਦਪੂਰਨ ਕਾਨੂੰਨਾਂ ਨੂੰ ਪੂਰੀ ਸਖਤੀ ਨਾਲ ਲਾਗੂ ਕਰਨ ਦਾ ਹੱਠ ਜਾਰੀ ਰੱਖਿਆ। ਸਰਕਾਰ ਦੇ ਕਠੋਰ ਹਠ ਦਾ ਨਤੀਜਾ ਸਾਹਮਣੇ ਹੈ ਜਿਸ ਦੇ ਕਾਰਨ ਦੇਸ਼ ਦਾ ਇਕ ਤਬਕਾ ਹੀ ਪ੍ਰਭਾਵਿਤ ਨਹੀਂ ਹੋਇਆ, ਇਸ ਦਾ ਸੇਕ ਸਮੁੱਚੀ ਆਰਥਿਕਤਾ ਤੱਕ ਹੀ ਜਾ ਪਹੁੰਚਿਆ ਹੈ।

ਅੜਿੱਕਾ ਜੋ ਵੀ ਕੋਈ ਹੈ ਜਿਸ ਵੀ ਧਿਰ ਵੱਲ ਹੈ ਖਤਮ ਹੋਣਾ ਚਾਹੀਦਾ ਹੈ। ਜਿਹਾ ਕਿ ਆਮ ਹੁੰਦਾ ਹੈ, ਇਸ ਐਜੀਟੇਸ਼ਨ ਨੂੰ ਤੋੜਨ ਲਈ ਹੁਕਮਰਾਨ ਪਾਰਟੀ ਵੱਲੋਂ ਕਈ ਤਰ੍ਹਾਂ ਦੇ ਦਾਅ ਪੇਚ ਖੇਡੇ ਗਏ, ਜਿਹਨਾਂ ਵਿਚੋਂ ਸਭ ਤੋਂ ਮਾੜਾ ਇਲਜ਼ਾਮ ਇਹ ਸੀ ਕਿ ਇਸ ਪ੍ਰੋਟੈਸਟ ਅੰਦੋਲਨ ਪਿਛੇ ਖਾਲਿਸਤਾਨੀ ਅਤੇ ਅੱਤਵਾਦੀ ਜਾਂ ਮਾਓਵਾਦੀਆਂ ਦਾ ਹੱਥ ਹੈ ਜਾਂ ਸਾਜਿਸ਼ ਹੈ। ਇਹ ਬਹੁਤ ਹੀ ਗੈਰ ਜ਼ਿੰਮੇਵਾਰ ਅਤੇ ਮੂਰਖਤਾ ਪੂਰਨ ਸਮਝ ਦਾ ਵਿਖਾਵਾ ਕਿਹਾ ਜਾ ਸਕਦਾ ਹੈ, ਜਿਸ ਦਾ ਪ੍ਰਦਰਸ਼ਨਕਾਰੀ ਕਿਸਾਨ ਜਥੇਬੰਦੀਆਂ ਨੇ ਵੀ ਪੂਰੇ ਜ਼ੋਰ ਨਾਲ ਖੰਡਨ ਕੀਤਾ। ਕਿਉਂ ਬੋਤਲ 'ਚ ਬੰਦ ਪਏ ਅੱਤਵਾਦੀ ਜਿੰਨ ਨੂੰ ਬਾਹਰ ਆਉਣ ਲਈ ਉਕਸਾਇਆ ਜਾ ਰਿਹਾ ਹੈ? ਕੁਝ ਤਾਂ ਸੋਚ ਕਰੋ!

ਦਲਿਤ ਜਾਤੀਆਂ ਭਾਵੇਂ ਸਮੂਹਿਕ ਤੌਰ 'ਤੇ ਜ਼ਮੀਨਾਂ ਦੇ ਮਾਲਕ ਨਾ ਹੋਣ ਕਰਕੇ ਕਿਸਾਨੀ ਕਾਨੂੰਨਾਂ ਨਾਲ ਸਿੱਧੇ ਤੌਰ 'ਤੇ ਸਬੰਧਤ ਨਹੀਂ ਹਨ ਲੇਕਿਨ ਇਹਨਾਂ ਦੀ ਬਹੁਤੀ ਗਿਣਤੀ ਦਾ ਸਬੰਧ ਜ਼ਿਮੀਂਦਾਰ ਲੋਕਾਂ ਨਾਲ ਖੇਤ ਮਜ਼ਦੂਰ ਜਾਂ ਸੀਰੀ ਦੇ ਰੂਪ ਵਿਚ ਹੋਣ ਕਰਕੇ ਇਹਨਾਂ ਦੀ ਵੀ ਰੁਜ਼ਗਾਰ ਜਾਂ ਸੁਰੱਖੀ ਕਿਸਾਨੀ ਦੀ ਸਮੂਹਿਕ ਖੁਸ਼ਹਾਲੀ ਨਾਲ ਨਹੁੰ ਮਾਸ ਦੇ ਰਿਸ਼ਤੇ ਵਾਂਗ ਜੁੜੀ ਹੋਈ ਹੈ। ਹਿਮਾਇਤ ਸੁਭਾਵਿਕ ਹੈ।

ਕਿਸਾਨ ਸੰਗਠਨਾਂ ਅਤੇ ਉਹਨਾਂ ਦੀ ਹਮਾਇਤ ਵਿਚ ਖੜ੍ਹੀਆਂ ਦੇਸ਼ ਦੀਆਂ ਕਰੀਬ ਕਰੀਬ ਸਭ ਵਿਰੋਧੀ ਪਾਰਟੀਆਂ ਦੀ ਜ਼ੋਰਦਾਰ ਵਿਰੋਧਤਾ ਅਤੇ ਇੱਕਜੁਟ ਮੰਗ ਦਾ ਲਿਹਾਜ਼ ਕਰਦੇ ਹੋਏ ਲੋਕਤੰਤਰੀ ਮਰਿਆਦਾ ਅਤੇ ਸੰਵਿਧਾਨਕ ਨੈਤਿਕਤਾ ਦਾ ਤਕਾਜ਼ਾ ਸੀ ਕਿ ਸਰਕਾਰ ਵਿਵਾਦਪੂਰਨ ਕਾਨੂੰਨ ਵਾਪਸ ਲੈਂਦੀ ਅਤੇ ਅੱਗੇ ਨੂੰ ਜੇ ਜ਼ਰੂਰਤ ਹੁੰਦੀ ਤਾਂ ਸਭ ਸਬੰਧਤ ਧਿਰਾਂ ਦੀ ਸਹਿਮਤੀ ਨਾਲ ਨਵੇਂ ਕਾਨੂੰਨ ਪੇਸ਼ ਕਰਦੀ ਪਰ ਅਜਿਹਾ ਕਿਉਂ ਨਹੀਂ ਹੋਇਆ ਜਾਂ ਸਰਕਾਰ ਖੁਦ ਕਿਉਂ ਨਹੀਂ ਕਰਨਾ ਚਾਹੁੰਦੀ? ਇਸਦੇ ਵੀ ਸਪਸ਼ਟ ਕਾਰਨ ਹਨ ਜੋ ਸਰਬ ਵਿਦਿਤ ਹਨ ਅਤੇ ਕੁਝ ਲੁਕਾਏ ਵੀ ਜਾ ਰਹੇ ਹਨ, ਉਹ ਹੈ ਉਹਨਾਂ ਦੀ ਆਪਣੀ ਗਿਣੀ-ਮਿਥੀ ਯੋਜਨਾ ਅਨੁਸਾਰ ਨਿੱਜੀਕਰਨ ਨੀਤੀ ਨਾਲ ਪ੍ਰਤੀਬੱਧਤਾ। ਇਕ ਅਪੁਸ਼ਟ ਪ੍ਰਚੱਲਿਤ ਚਰਚਾ ਦੇ ਮੁਤਾਬਕ ਸਰਕਾਰ ਦੇ ਸੁਲਤਾਨਾਂ ਦਾ ਕਹਿਣਾ ਹੈ ਕਿ ਜੇ ਅੱਜ ਅਸੀਂ ਕਿਸਾਨਾਂ ਦੀਆਂ ਮੰਗਾਂ ਮੰਨ ਕੇ ਗੋਡੇ ਟੇਕ ਦਿੰਦੇ ਹਾਂ ਤਾਂ ਅਸੀਂ ਅਡਾਨੀ ਅੰਬਾਨੀ ਨੂੰ ਕਿਹੜਾ ਮੂੰਹ ਦਿਖਾਵਾਂਗੇ। ਜਿਹਨਾਂ ਦੀ ਮਦਦ ਨਾਲ ਅਸੀਂ ਸੱਤਾ ਵਿਚ ਆਏ ਹਾਂ ਅਤੇ ਜਿਹਨਾਂ ਦੀ ਸਹਾਇਤਾ ਨਾਲ ਦੇਸ਼ ਦੀ ਪੂਰੀ ਆਰਥਿਕਤਾ ਨੂੰ ਪ੍ਰਾਈਵੇਟ ਕਾਰਪੋਰੇਟ ਕੰਪਨੀਆਂ ਦੇ ਹੱਥਾਂ ਵਿਚ ਦੇਣ ਦਾ ਬੀੜਾ ਚੁੱਕਿਆ ਹੈ। ਇਹ ਵਿਅੰਗਆਤਮਕ ਉਕਤੀ ਭਾਵੇਂ ਕਿਸੇ ਰਿਕਾਰਡ ਤੇ ਨਾ ਵੀ ਹੋਵੇ ਪਰ ਇਸ ਵਿਚ ਕੁਝ ਗਲਤ ਵੀ ਨਹੀਂ ਹੈ। ਇਹ ਪਾਰਟੀ ਵਿਚਾਰਧਾਰਕ ਤੌਰ 'ਤੇ ਹੀ ਸੈਕੂਲਰਵਾਦ ਦੇ ਨਾਲ ਨਾਲ ਸਮਾਜਵਾਦ ਦੇ ਸਿਧਾਂਤ ਨੂੰ ਹੀ ਨਹੀਂ ਮੰਨਦੀ ਜੋ ਸੰਵਿਧਾਨ ਦੇ ਬੁਨਿਆਦੀ ਢਾਂਚੇ ਉਦੇਸ਼ਿਕਾ ਦਾ ਮਹੱਤਵਪੂਰਨ ਹਿੱਸਾ ਹੈ। ਪ੍ਰਸ਼ਾਸਨਿਕ, ਵਿਦਿਅਕ, ਉਦਯੋਗਿਕ ਆਦਿ ਅਦਾਰਿਆਂ/ ਸੈਕਟਰਾਂ ਤੋਂ ਬਾਅਦ ਕਿਸਾਨੀ ਜਾਂ ਖੇਤੀਬਾੜੀ ਦਾ ਕਾਰੋਬਾਰ ਨਿੱਜੀਕਰਨ ਦੀ ਆਰੀ ਤੋਂ ਕਿਵੇਂ ਬਚ ਰਹਿੰਦਾ?

ਗਣਤੰਤਰ ਦਿਵਸ ਸੰਵਿਧਾਨ ਦੇ ਲਾਗੂ ਹੋਣ ਦੀ ਖੁਸ਼ੀ ਦਾ ਦਿਨ ਹੈ। ਦੇਸ਼ ਵਸਨੀਕਾਂ ਦੀ ਸੁਤੰਤਰਤਾ, ਸਮਾਨਤਾ, ਭਰਾਤਰੀ ਭਾਵ ਅਤੇ ਸਮਾਜਿਕ ਨਿਆਂ ਦੇ ਸੰਕਲਪ ਦੀ ਸਹੁੰ ਖਾ ਕੇ ਉਸ ਨੂੰ ਪੂਰਾ ਕਰਨ ਦਾ ਦਿਨ ਹੈ, ਨਾ ਕਿ ਸੰਵਿਧਾਨ ਦੀ ਆਤਮਾ ਨੂੰ ਮਾਰ ਕੇ ਉਸ ਦੀ ਲਾਸ਼ ਤੇ ਜਸ਼ਨ ਮਨਾਉਣ ਦਾ ਦਿਨ।

# ਫਿਲਾਡਲਫੀਆ ਵਿਚ ਕਾਰ ਰੈਲੀ ਕਿਸਾਨਾਂ ਦੇ ਹੱਕ ਵਿਚ ਆਯੋਜਿਤ ਕੀਤੀ





ਬੀਤੀ 19 ਦਸੰਬਰ 2020 ਨੂੰ ਫਿਲਾਡਲਫੀਆ ਵਿਚ ਕਾਰ ਰੈਲੀ, ਜਿਸ ਵਿਚ ਹਰਮੇਸ਼ ਭਾਰ ਸਿੰਘ ਪੁਰੀ ਬਸਪਾ ਆਗੂ ਸ਼ਾਮਲ ਹੋਏ ਅਤੇ ਕਿਸਾਨ ਮਜ਼ਦੂਰ ਏਕਤਾ ਦੇ ਸਮਰਥਨ ਵਿਚ ਹੋਈ, ਇਸ ਰੈਲੀ ਨੂੰ ਸੰਬੋਧਨ ਕੀਤਾ। ਇਸ ਮੌਕੇ ਤੇ ਦੋਵੇਂ ਗੁਰੂ ਘਰਾਂ ਦੇ ਪ੍ਰਬੰਧਕ ਅਤੇ ਸ੍ਰੀ ਸੁਰਜੀਤ ਸਿੰਘ ਬਡੇਸਰੋਂ ਬਸਪਾ ਆਗੂ, ਬਲਰਾਜ ਮੋਮੀ, ਜਗਜੀਵਨ ਸਿੰਘ, ਰੇਸ਼ਮ ਕੌਰ ਅਤੇ ਰਣਦੀਪ ਮੋਮੀ ਵੀ ਮੌਜੂਦ ਸਨ। ਇਸ ਮੌਕੇ 'ਤੇ ਭਾਰ ਸਿੰਘ ਪੁਰੀ ਨੇ ਕਿਹਾ ਕਿ ਦਿੱਲੀ ਦੇ ਬਾਰਡਰਾਂ ਉਤੇ ਚੱਲ ਰਹੇ ਮੋਰਚੇ ਜੋ ਕਿ ਸ਼ਾਂਤੀਪੂਰਨ ਹਨ, ਇਸ ਵਿਚ ਮੋਦੀ ਭਗਤ, ਆਰ. ਐਸ. ਐਸ. ਅਤੇ ਗੋਦੀ ਮੀਡੀਆ ਲਗਾਤਾਰ ਤਾਰਪੀਡੋ ਕਰਨ ਵਿਚ ਲੱਗੇ ਹੋਏ ਹਨ ਪਰ ਕਿਸਾਨ ਮਜ਼ਦੂਰ ਮੋਰਚੇ ਦੇ ਪ੍ਰਬੰਧਕ ਇਹਨਾਂ ਦੀ ਹਰ ਇਕ ਕੋਸ਼ਿਸ਼ ਨੂੰ ਨਾਕਾਮ ਕਰੀ ਜਾਂਦੇ ਹਨ। ਕਿਸਾਨ ਮਜ਼ਦੂਰ ਏਕਤਾ ਕਿਸਾਨ ਮਜ਼ਦੂਰ ਸੰਯੁਕਤ ਮੋਰਚੇ ਦੇ ਆਗੂਆਂ ਦੀ ਯੋਗ ਅਗਵਾਈ ਸਦਕਾ ਬੀਜੇਪੀ ਸਰਕਾਰ ਦੇ ਨੱਕ ਵਿਚ ਦਮ ਕੀਤਾ ਹੋਇਆ ਹੈ। ਬੀਜੇਪੀ ਸਰਕਾਰ ਦੇ ਮੰਤਰੀ ਅਤੇ ਆਗੂ ਲਗਾਤਾਰ ਪਿੰਡਾਂ ਵਿਚ ਜਾ ਕੇ ਅਤੇ ਜ਼ੂਮ ਮੀਟਿੰਗਾਂ ਰਾਹੀਂ ਬੀਜੇਪੀ ਅਤੇ ਆਰ. ਐਸ. ਐਸ. ਦੇ ਵਰਕਰਾਂ ਨੂੰ ਇਕੱਠੇ ਕਰਕੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਪਰ ਇਹਨਾਂ ਦਾ ਹਰ ਜਗ੍ਹਾ ਤੇ ਵਿਰੋਧ ਅਤੇ ਬਾਈਕਾਟ ਕੀਤਾ ਜਾ ਰਿਹਾ ਹੈ। ਪਰ ਮੈਂ ਸਮਝਦਾ ਹਾਂ ਕਿ ਜਿਵੇਂ ਦਿੱਲੀ ਦੇ ਹਰ ਰੋਡ ਤੇ ਮੋਰਚਾਬੰਦੀ ਕੀਤੀ ਹੈ। ਸਰਕਾਰ ਦੇ ਨੱਕ ਵਿਚ ਦਮ ਆਇਆ ਹੋਇਆ ਹੈ, ਲੱਗਦਾ ਹੈ ਕਿ ਜਿਵੇਂ ਫਨੀਅਰ ਸੱਪ ਮਰਿਆ ਵਿਸ਼ ਘੋਲਦਾ ਹੈ। ਇਸੇ ਤਰ੍ਹਾਂ ਸਰਕਾਰ ਦੇ ਆਗੂ ਕਰ ਰਹੇ ਹਨ। ਅੱਗੇ ਕਿਹਾ ਕਿ ਸਾਹਿਬ ਸ੍ਰੀ ਕਾਂਸ਼ੀ ਰਾਮ ਕਿਹਾ ਕਰਦੇ ਸੀ। ਕਾਂਗਰਸ ਘਾਹ ਵਿਚ ਲੁਕਿਆ ਸੱਪ ਹੈ, ਬੀਜੇਪੀ ਫਨੀਅਰ ਸੱਪ ਹੈ। ਇਸ ਅੰਦੋਲਨ ਨੇ ਇਸ ਤਰ੍ਹਾ ਬੀਜੇਪੀ ਸਰਕਾਰ ਨੂੰ ਮਧੋਲਣਾ ਸ਼ੁਰੂ ਕੀਤਾ ਹੈ, ਜਿਵੇਂ ਇਕ ਨਿਚਲਾ ਸੱਪ ਨੂੰ ਮਧੋਲਦਾ ਹੈ। ਅੱਗੇ ਕਿਹਾ ਕਿ ਮੈਨੂੰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਦਿੱਲੀ ਦੇ ਬਾਰਡਰਾਂ ਤੇ ਕਿਸਾਨ ਅਤੇ ਮਜ਼ਦੂਰ ਲਗਾਤਾਰ ਸ਼ਹੀਦ ਹੋ ਰਹੇ ਹਨ ਪਰ ਦਿੱਲੀ ਦੇ ਗੁਰੂ ਘਰਾਂ ਵਿਚੋਂ ਸਰਕਾਰ ਦੇ ਮੁਖੀ ਨੂੰ ਸਿਰੋਪਾ ਭੇਂਟ ਕੀਤਾ ਜਾ ਰਿਹਾ ਹੈ ਜੋ ਕਿ ਗੁਜਰਾਤ ਵਿਚ ਹਜ਼ਾਰਾਂ ਮੁਸਲਮਾਨਾਂ ਦਾ ਵੀ ਕਾਤਲ ਹੈ। ਕੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਸਿਰੋਪਾ ਦੇਣ ਵਾਲੇ ਨੂੰ ਤਲਬ ਕਰਨਗੇ। ਅਖੀਰ ਵਿਚ ਇਸ ਅੰਦੋਲਨ ਵਿਚ ਸ਼ਹੀਦ ਹੋਣ ਵਾਲਿਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।

ਪੁਸਤਕ ਚਰਚਾ
ਪ੍ਰਮਿੰਦਰ ਸਿੰਘ ਪ੍ਰਵਾਨਾ

# "ਕਾਵਿ ਜਗਤ, ਚੌਦਵਾਂ ਚਾਨਣ"







ਕਮਲ ਬੰਗਾ ਅਤੇ ਜੀਵਨ ਸਾਥਣ ਪਲਵਿੰਦਰ

**ਪੁਸਤਕ ਚਰਚਾ**
**ਪ੍ਰਮਿੰਦਰ ਸਿੰਘ ਪ੍ਰਵਾਨਾ**

ਪੰਜਾਬੀ ਸੰਸਸਾਰ ਦੇ ਬਹੁਤ ਸਾਰੇ ਦੇਸ਼ਾਂ ਵਿਚ ਜਾ ਵੱਸੇ ਹਨ। ਭਾਵੇਂ ਕਿਸੇ ਤਰ੍ਹਾਂ ਵੀ ਉਹਨਾਂ ਨੇ ਹਰ ਖੇਤਰ ਵਿਚ ਆਪਣੀ ਪਛਾਣ ਬਣਾਈ ਹੈ। ਜਿਸ 'ਤੇ ਹਮੇਸ਼ਾ ਮਾਣ ਰਹੇਗਾ। ਵਿਦੇਸ਼ਾਂ ਦੀਆਂ ਤੰਗੀਆਂ-ਤੁਰਸ਼ੀਆਂ ਜਰਦੇ ਹੋਏ ਵੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਤਨੋਂ, ਮਨੋਂ ਨਹੀਂ ਵਿਸਾਰਿਆ। ਸਾਹਿਤਕ, ਸਭਿਆਚਾਰਕ ਅਤੇ ਸਮਾਜਿਕ ਸੰਸਥਾਵਾਂ ਵੀ ਬਣਾਈਆਂ। ਸਿੱਖ ਵਿਰਸੇ ਦੇ ਪ੍ਰਚਾਰ ਤੇ ਪਸਾਰ ਲਈ ਗੁਰਦੁਆਰਿਆਂ ਵਿਚ ਸਿੱਖ ਮਰਿਆਦਾ ਦੀ ਪਛਾਣ ਵੀ ਬਣਾਈ। ਪੰਜਾਬੀ ਸਾਹਿਤ ਵਿਚ ਪੁਸਤਕਾਂ ਲਿਖ ਕੇ ਨਾਮਣਾ ਖੱਟਿਆ ਹੈ।

ਆਪਣੇ ਵਿਰਸੇ ਵਿਰਾਸਤ, ਸਭਿਆਚਾਰ ਅਤੇ ਜ਼ਮੀਨ ਨਾਲ ਜੁੜੇ ਰਹਿਣਾ ਇਕ ਵੱਡੇ ਜ਼ੇਰੇ ਦਾ ਕੰਮ ਹੈ ਕਿ ਮਾਨਵੀ ਕਦਰਾਂ-ਕੀਮਤਾਂ ਨੂੰ ਸੰਭਾਲਣਾ। ਇਸੇ ਜਾਗਰਤੀ ਵਿਚ ਇਕ ਨਾਂ ਉਭਰ ਕੇ ਆਉਂਦਾ ਹੈ ਕਮਲ ਬੰਗਾ ਸੈਕਰਾਮੈਂਟੋ (ਅਮਰੀਕਾ) ਜਿਸਨੇ ਪੰਜਾਬੀ ਸਾਹਿਤ ਦੀਆਂ 14 ਪੁਸਤਕਾਂ ਲਿਖ ਕੇ ਪੰਜਾਬੀ ਮਾਂ ਬੋਲੀ ਨਾਲ ਸਾਂਝ, ਸਨੇਹ ਅਤੇ ਪਿਆਰ ਬਣਾਈ ਰੱਖਿਆ ਹੈ। ਇਸਦੇ ਨਾਲ ਹੀ ਪੰਜਾਬੀ ਅਖਬਾਰਾਂ ਤੇ ਰੇਡੀਓ ਜਿਹੇ ਮਾਧਿਅਮਾਂ ਰਾਹੀਂ ਵੀ ਪੰਜਾਬੀ ਮਾਂ ਬੋਲੀ ਦੇ ਪਿਆਰ ਦਾ ਪੁਖਤਾ ਸਬੂਤ ਦਿੱਤਾ ਹੈ।

'ਚੌਦਵਾਂ ਚਾਨਣ' ਦਾ ਕਾਵਿ-ਜਗਤ ਅਨੁਭਵ ਪ੍ਰੰਪਰਾ ਤੋਂ ਪ੍ਰਯੋਗ, ਚੇਤਨ ਤੋਂ ਚਿੰਤਨ ਅਤੇ ਅਨੁਭਵ ਤੋਂ ਅਨੁਭਵੀ ਤੱਕ ਫੈਲਿਆ ਹੋਇਆ ਹੈ। 'ਕਮਲ' ਹਰ ਸਾਲ ਇਕ ਪੁਸਤਕ ਵਿਚ ਵਾਧਾ ਕਰਦਾ ਆ ਰਿਹਾ ਹੈ। ਜਿਸ ਨਾਲ ਉਹ ਅਨੁਭਵੀ ਬਣਦਾ ਜਾ ਰਿਹਾ ਹੈ। ਉਸਦੀ ਚੇਤਨਾ ਚਿੰਤਨ ਬਣਦੀ ਗਈ। ਸਮੇਂ ਤੇ ਸਥਾਨ ਦੇ ਸੰਕਲਪ ਦੀ ਚੇਤਨ ਪੇਸ਼ਕਾਰੀ ਹੈ। ਜੋ ਢੁਕਵੀਂ ਕਾਵਿ ਸ਼ੈਲੀ ਅਤੇ ਬਿੰਬਾਂ ਵਿਚ ਪੇਸ਼ ਹੋਈ ਹੈ। ਡੂੰਘੀ ਝਾਤ ਮਾਰਿਆਂ ਉਸਨੇ ਜੋ ਵਿਸ਼ੇ ਛੂਹੇ ਹਨ, ਉਹ ਕੁੱਲ ਆਲਮ ਦੀ ਬਾਤ ਪਾਉਂਦੇ ਹਨ। ਬਾਤ ਸਮਝ ਆਉਂਦੀ ਹੈ ਅਤੇ ਭਾਵ ਜਗਤ ਵਿਚ ਸੋਚਣ ਲਈ ਮਜਬੂਰ ਕਰਦੀ ਹੈ।

ਉਸਦੇ ਕਾਵਿ ਜਗਤ ਵਿਚ ਦੇਸ਼-ਵਿਦੇਸ਼ ਦੀ ਜ਼ਿੰਦਗੀ ਦੀ ਨਕਸ਼ਾਕਸ਼ੀ ਨਿਰੰਤਰ ਝਲਕਦੀ ਹੈ, ਜੋ ਸਪਸ਼ਟ ਹੁੰਦੀ ਹੈ। ਹੰਢਾਏ ਪਲਾਂ ਦੀ ਪੀੜ ਅਤੇ ਮਾਨਵੀ ਦੁੱਖਾਂ ਦੀ ਚੀਸ ਵਿਚ ਸਮਾਜਿਕ ਸਰੋਕਾਰਾਂ ਦਾ ਫਿਕਰ ਹੈ। ਉਸਨੇ ਵਿਸ਼ਵ ਵਿਆਪੀ ਦੁੱਖ-ਸੁੱਖ ਅਤੇ ਘਟਨਾਵਾਂ ਨੂੰ ਇਕ ਕਲਾਵੇ ਵਿਚ ਲੈਣ ਦੀ ਸਫਲ ਕੋਸ਼ਿਸ਼ ਕੀਤੀ ਹੈ। ਉਸਨੇ ਸਖਸ਼ੀਅਤਾਂ ਬਾਰੇ ਲਿਖ ਕੇ ਸ਼ਰਧਾਂਜਲੀ ਸਾਹਿਤ ਅਤੇ ਕਾਵਿ ਚਿੱਤਰ ਦੀ ਪ੍ਰੰਪਰਾ ਤੋਰੀ ਹੈ। ਕਾਵਿ-ਵੰਨਗੀਆਂ ਦਾ ਵੇਰਵਾ ਹੈ ਕਿ:-

ਕਵੀ ਨੇ ਨਿੱਜੀ ਜ਼ਿੰਦਗੀ ਹਿੰਮਤ, ਆਜ਼ਾਦੀ ਅਤੇ ਸਾਦਗੀ ਵਿਚ ਬਿਤਾਈ ਹੈ, ਉਸ ਗੁਣ ਤੋਂ ਉਹ ਮੂੰਹ ਨਹੀਂ ਮੋੜ ਸਕਦਾ।
ਸਾਰੀ ਉਮਰ, ਹਿੰਮਤ ਤੇ ਆਜ਼ਾਦੀ 'ਚ ਕੱਟੀ ਹੈ 'ਕਮਲ'
ਇਸਦੇ ਆਲੇ-ਦੁਆਲੇ ਮੈਂ ਕਰ ਕਿਵੇਂ ਵਾੜ ਦਿਆਂ। ਸਫਾ 50

ਕਵੀ ਨੇ ਇਹ ਸੁਨੇਹਾ ਦਿੱਤਾ ਹੈ ਕਿ ਕੋਈ ਵੀ ਕਾਮਯਾਬੀ ਨਿੱਜੀ ਨਹੀਂ ਹੁੰਦੀ। ਉਸਦੇ ਪਿੱਛੇ ਸਭ ਤੋਂ ਪਹਿਲਾਂ ਟੱਬਰ ਅਤੇ ਬਾਅਦ ਵਿਚ ਸਮਕਾਲੀਆਂ ਦਾ ਸਾਥ ਵੀ ਹੁੰਦਾ ਹੈ।
ਮੈਂ ਕਲਾ ਨਈ, ਮੇਰੇ ਨਾਲ ਟੱਬਰ ਦਾ ਸਾਥ ਰੱਜ ਕੇ,
ਨਾਲ ਨਾਲ ਸਾਹਿਤਕਾਰਾਂ ਦਾ ਸਾਥ ਆਜ਼ਾਦ ਹੈ। ਸਫਾ 97

ਮਾਵਾਂ ਠੰਡੀਆਂ ਛਾਵਾਂ, ਰੁੱਖਾਂ ਅਤੇ ਮਾਵਾਂ ਦੀ ਗੱਲ ਤੁਰਦੀ ਰਹੇਗੀ। ਇਹ ਅਟੱਲ ਸਚਾਈ ਹੈ।
ਗੱਲ ਮੁਕਣੀ ਨਹੀਂ, ਦੁੱਖਾਂ-ਸੁੱਖਾਂ ਤੇ ਮਾਵਾਂ ਦੀ।
ਨਾਹੀ ਗੱਲ ਮੁਕਣੀ ਏ ਰੁੱਖਾਂ ਤੇ ਛਾਵਾਂ ਦੀ।
- ਸਫਾ 69

ਆਪਣੇ ਨਗਰ 'ਬੰਗਾ' ਦੀ ਯਾਦ ਵਿਚ ਨਾਲ ਵੱਗਦੀ ਨਹਿਰ ਦੇ ਕੁਦਰਤੀ ਨਜ਼ਾਰੇ ਦੀ ਵੀ ਗੱਲ ਕਰ ਜਾਂਦਾ ਹੈ।
ਬੰਗੇ ਦੇ ਨਾਲ ਦੀ ਨਹਿਰ ਲੰਘਦੀ, ਸਦੀ ਪੁਰਾਣੀ 'ਕਮਲ'
ਸਾਰੇ ਹੀ ਜਾਣਦੇ ਕਿ ਵੱਖਰਾ ਹੁੰਦਾ ਏ ਨਜ਼ਾਂਰਾ ਨਹਿਰਾਂ ਦਾ। - ਸਫਾ 142

ਆਪਣੇ ਪੰਜਾਬ ਰਾਜ ਦੀ ਅਧੋਗਤੀ ਲਈ ਚਿੰਤਾਤੁਰ ਹੁੰਦਾ ਕਹਿ ਉਠਦਾ ਹੈ ਕਿ ਗੁਲਾਬ ਵਾਂਗ ਖਿੜਿਆ ਪੰਜਾਬ ਫਿੱਕਾ ਪੈ ਰਿਹਾ ਹੈ।
ਜਦ ਵੀ ਗੱਲ ਕਰਾਂ ਉਦਾਸੇ ਗੁਲਾਬ ਦੀ,
ਸੂਰਤ ਸਾਹਮਣੇ ਆ ਜਾਂਦੀ ਏ ਪੰਜਾਬ ਦੀ। ਸਫਾ 22


ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਪੰਜਾਬ ਦੀਆਂ ਸਮਾਜਿਕ ਬੁਰਾਈਆਂ ਦੇ ਦੋ ਸ਼ੇਅਰ ਦਰਜ ਹਨ। ਨਸ਼ੇ ਦੀ ਭੈੜੀ ਅਲਾਮਤ ਨੇ, ਨੌਜਵਾਨ ਕੁਰਾਹੇ ਪਾ ਦਿੱਤੇ ਅਤੇ ਟੱਬਰ ਬਰਬਾਦ ਹੋ ਗਏ। ਨਮੋਸ਼ੀ ਦਾ ਆਲਮ ਹੈ। ਵਾਚੋ ਕਾਵਿ ਸੱਤਰਾਂ :
(ੳ) ਜਿਸ ਘਰ ਵਰਤਦੇ ਨੇ ਚਿੱਟਾ ਸੱਜਣੋ,
ਉਸ ਘਰ ਦੀਆਂ ਦੀਵਾਰਾਂ ਸੰਗਦੀਆਂ ਨੇ। - ਸਫਾ 38

ਇਕ ਹੋਰ ਗੰਭੀਰ ਸਮਾਜਿਕ ਬੁਰਾਈ ਹੈ ਕਿ ਲੋਕ ਧੀਆਂ ਨੂੰ ਕੁੱਖਾਂ ਵਿਚ ਮਾਰ ਦਿੰਦੇ ਹਨ। ਮੁੰਡਾ ਕੁੜੀ ਦੇ ਫਰਕ ਨੂੰ ਬੜਾਵਾ ਦਿੰਦੇ ਹਨ। ਜਿਵੇਂ ਹੋਰ ਹੇਰਾਫੇਰੀਆਂ ਕਰਦੇ ਹਨ। ਪਰ ਇਹ ਇਕ ਸੰਗੀਨ ਜ਼ੁਰਮ ਹੈ:
(ਅ) ਮੰਨਦਾ ਕਿ ਲੋਕ ਮਨਮਰਜ਼ੀ ਤੇ ਹੇਰਾਫੇਰੀ ਕਰਦੇ ਨੇ,
ਤਾਹੀਉਂ ਕੁੱਖਾਂ 'ਚ ਸੰਘੀ ਘੁੱਟ ਦਿੰਦੇ ਨੇ ਸਾਹਵਾਂ ਦੀ।
- ਸਫਾ 69

ਜਿਹੜੇ ਲੋਕ ਆਪਣੀ ਜ਼ਮੀਨ ਅਤੇ ਮਾਂ ਬੋਲੀ ਨਾਲ ਦੇਸ਼-ਵਿਦੇਸ਼ ਜੁੜੇ ਹਨ। ਉਹ ਧੰਨਤਾ ਦੇ ਯੋਗ ਹਨ। ਕਵੀ ਆਪਣੇ ਪ੍ਰਤੀ ਇਸਦੀ ਪ੍ਰੋੜ੍ਹਤਾ ਕਰਦਾ ਹੈ। ਮਾਂ ਬੋਲੀ ਪੰਜਾਬੀ ਦੇ ਪਿਆਰ ਦੀ।
ਬੇਸ਼ੱਕ ਅਮਰੀਕਾ 'ਚ ਉਮਰ ਬੀਤ ਚੱਲੀ ਹੈ 'ਕਮਲ'
ਫਿਰ ਵੀ ਪੰਜਾਬੀ ਭਾਸ਼ਾ ਨੂੰ ਮਲਾਲ ਕਰਦਾ ਹਾਂ। - ਸਫਾ 218

ਜਿਹੜੇ ਲੋਕ ਵਿਦੇਸ਼ਾਂ ਵਿਚ ਜਾ ਕੇ ਆਪਣਿਆਂ ਨੂੰ ਭੁੱਲ ਜਾਂਦੇ ਹਨ ਤੇ ਵਿਅੰਗ ਹੈ:
ਜਦ ਪੰਜ-ਦਾਸ ਸਾਲ, ਬੀਤ ਜਾਂਦੇ ਨਵੀਂ ਧਰਤੀ ਤੇ 'ਕਮਲ'
ਫਿਰ ਹੌਲੀ ਹੌਲੀ ਬੰਦਾ, ਭੁੱਲ ਪੁਰਾਣੇ ਇਕਰਾਰ ਜਾਂਦਾ ਹੈ।
- ਸਫਾ 214

ਪੁਰਾਤਨ ਅਤੇ ਅਜੋਕੀ ਮੁਹੱਬਤ ਦੀ ਤੁਲਨਾ ਵਿਚ ਵਿਚਾਰ ਹੈ।
ਜੇ ਸੱਚੀ ਮੁਹੱਬਤ ਦੀ ਗੱਲ ਵੀ ਕਰੀਏ ਤਾਂ,
ਇਕ ਮੁਖੜਾ ਰੋਸ਼ਨ ਹੋਇਆ, ਝੰਗ ਸਿਆਲ ਦਾ ਮਿੱਤਰੋ।
ਸਫਾ 154

ਧਰਮ ਅਤੇ ਰਾਜਨੀਤੀ ਸਮਾਜ ਨੂੰ ਗੁੰਮਰਾਹ ਕਰਦੇ ਹਨ। ਇਹ ਜ਼ਮਾਨੇ ਦੀ ਰੀਤ ਹੈ ਬਿਆਨ ਕੀਤਾ ਹੈ।
ਅੱਜ ਰਾਜਨੀਤੀ ਬਨਾਮ ਧਰਮ, ਅੱਖਾਂ 'ਚ ਘੱਟਾ ਪਾਉਂਦੇ,
ਉਂਝ ਵੀ ਇਹੋ ਹੀ ਬਣ ਜਾਂਦੀ ਏ, ਜ਼ਮਾਨੇ ਦੀ ਗੱਲ। - ਸਫਾ 68

ਸਮਾਜ ਸੁਧਾਰਕ ਸਮਾਜ ਨੂੰ ਹਮੇਸ਼ਾ ਸੁਚੇਤ ਕਰਦੇ ਆ ਰਹੇ ਹਨ। ਲੋਕ ਕਿੰਨਾ ਕੁ ਧਿਆਨ ਦਿੰਦੇ ਹਨ ਜਾਂ ਸੁਧਰਦੇ ਹੀ ਨਹੀਂ, ਲਈ ਨਸੀਹਤ ਹੈ।
ਵਿਗਾੜਿਆ ਇਹ ਸਮਾਜ, ਦੱਸੋ ਸੁਧਰੇਗਾ ਕਦੋਂ,
ਸੁਧਾਰਕ ਮਰ ਜਾਂਦੇ ਨੇ ਸੁਧਾਰ ਕਰਦੇ ਕਰਦੇ।
- ਸਫਾ 19

ਦੂਸਰੇ ਪਾਸੇ ਸਮਾਜ ਲਈ ਆਜ਼ਾਦੀ ਦੇ ਸ਼ਹੀਦੀ ਪ੍ਰਵਾਨਿਆਂ ਨੂੰ ਯਾਦ ਕੀਤਾ ਹੈ ਕਿ:
ਆਜ਼ਾਦੀ ਦੇ ਸ਼ਹੀਦਾਂ ਦੀ ਗੱਲ ਕਰੀਏ ਤਾਂ,
ਫਾਂਸੀ ਦੇ ਫੰਦੇ 'ਚ ਵੀ, ਉਹ ਗੜਕਦੇ ਨੇ।
ਸਫਾ- 162

ਵਿਸ਼ਵ ਵਿਆਪੀ ਘਟਨਾਵਾਂ ਤੇ ਝਾਤ ਮਾਰਦਿਆਂ ਇਕ ਦਿਲਚਸਪ ਘਟਨਾ ਹੈ ਕਿ:
2005 'ਚ ਟੋਕੀਓ 'ਚ ਡਾਇਮੰਡ ਕੇਕ 'ਤੇ 120 ਹੀਰੇ ਵੀ ਸਜਾਏ ਗਏ,
ਇਹ ਕੇਸ ਦਾ ਸੁਆਦ ਤੇ ਮੁੱਲ, 17 ਲੱਖ ਡਾਲਰ ਪੈ ਗਿਆ। - ਸਫਾ 113

ਅੱਜਕਲ੍ਹ ਸੰਸਾਰ ਭਰ ਜੋ ਮਹਾਂਮ-ਾਰੀ ਚੱਲ ਰਹੀ ਹੈ। ਉਸਦੇ ਤਹਿਲਕੇ ਵਿਚ ਦੁਨੀਆਂ ਹੈ ਤਾਂ ਅਰਦਾਸ ਹੈ ਸਰਬੱਤ ਦੇ ਭਲੇ ਲਈ।
ਮਹਾਂਮਾਰੀ ਤੋਂ ਰੱਬ ਖੈਰ ਕਰੇ, ਲੋਕ ਅਰਜ਼ੋਈ ਕਰਦੇ 'ਕਮਲ'
ਇਕ ਵਾਰ ਤਾਂ ਕਰੋਨੇ ਨੇ, ਦੁਨੀਆਂ 'ਤੇ ਤਹਿਲਕਾ ਮਚਾ ਦਿੱਤਾ। - ਸਫਾ 229

ਕਵੀ ਨੇ ਅਜਿਹੇ ਢੇਰ ਸਾਰੇ ਵਿਸ਼ਿਆਂ ਵਿਚ ਕੁੱਲ ਆਲਮ ਦੀ ਗੱਲ ਕੀਤੀ ਹੈ। ਕਦੇ ਨਸੀਹਤ ਵਿਚ ਕਦੇ ਵਿਅੰਗ ਅਤੇ ਚਿੰਤਾ ਵਿਚ:
ਨਾ ਤੇਰੇ ਨਾ ਮੇਰੇ ਵਿਹੜੇ ਦੀ ਗੱਲ।
ਮੇਰੀ ਕਵਿਤਾ 'ਚ ਸਾਰੇ ਆਲਮ ਦੀ ਗੱਲ। - ਸਫਾ 188

ਕਲਮਾਂ ਨਿਰੰਤਰ ਇਤਿਹਾਸ ਰਚਦੀਆਂਆਈਆਂ ਹਨ। ਜਿਹਨਾਂ ਨੇ ਮੁਰਦਾ ਰੂਹਾਂ ਵਿਚ ਵੀ ਜਾਨ ਪਾ ਦਿੱਤੀ, ਦੀ ਮਿਸਾਲ ਹੈ:
ਹਰਇਕ ਦੇਸ਼ ਜਾਂ ਕੌਮ ਦਾ ਇਤਿਹਾਸ ਦੇਖੋ:
ਨਾ ਕਲਮ ਤੇ ਨਾ ਹੀ ਇਸਦੀ ਸਿਆਹੀ ਮਿਟਦੀ ਹੈ।
- ਸਫਾ 108

ਕਵੀ ਦੀ ਸ਼ਖਸੀਅਤ ਬਾਰੇ ਮੇਰੇ ਨਿੱਜੀ ਵਿਚਾਰ ਹਨ। ਕਮਲ ਬੰਗਾ ਕੋਈ ਚਾਰ ਦਹਾਕਿਆਂ ਤੋਂ ਵੱਧ ਸਮੇਂ ਤੋਂ ਅਮਰੀਕਾ ਰਹਿ ਰਿਹਾ ਹੈ। ਉਸਨੇ ਬਹੁਤ ਸਾਰੇ ਮੁਲਕ ਘੁੰਮੇ ਹਨ। ਕਈਆਂ ਖੂਹਾਂ ਦਾ ਪਾਣੀ ਪੀਤਾ ਹੈ। ਉਸਨੇ ਖੂਹਾਂ ਅਤੇ ਜੂਹਾਂ ਨੂੰ ਯਾਦ ਰੱਖਿਆ ਹੈ। ਇਸੇ ਸੋਚੀ ਨੇ ਉਸਨੂੰ ਲਿਖਣ ਦਾ ਸਬੱਬ ਦਿੱਤਾ ਹੈ। ਸੈਕਰਾਮੈਂਟੋ ਰਹਿੰਦਿਆਂ ਉਸਨੇ ਸੈਕਰਾਮਂਟੋ ਨੂੰ ਵਿਸ਼ਵ ਵਿਆਪੀ ਸਾਹਿਤ ਦਾ ਕੇਂਦਰ ਬਣਾ ਦਿੱਤਾ ਹੈ। ਉਹ ਆਪਣੇ ਨਗਰ 'ਬੰਗਾ' ਦੀ ਨਹਿਰ ਨਹੀਂ ਭੁੱਲਿਆ। ਜਿਹਨਾਂ ਵਿਹੜਿਆਂ ਗਲੀਆਂ ਵਿਚ ਪਲਿਆਂ ਵੀ ਨਹੀਂ ਭੁੱਲਿਆ, ਉਹ ਜ਼ਮੀਨ ਨਾਲ ਜੁੜਿਆ ਸਾਦਾ ਇਨਸਾਨ ਹੈ।


ਗੁਰੂ ਨਾਨਕ ਕਾਲਜ ਬੰਗਾ ਵਿਖੇ ਡਾ. ਸ਼ਵਿੰਦਰ ਸਿੰਘ ਛੀਨਾ, ਡਾ. ਰਜਨੀਸ਼ ਬਹਾਦਰ ਸਿੰਘ, ਬਲਬੀਰ ਪਰਵਾਨਾ, ਜਸ ਮੰਡ, ਡਾ. ਸੁਰਜੀਤ ਪਾਤਰ, ਕਮਲ ਬੰਗਾ ਤੇ ਜਸਵੰਤ ਜ਼ਫਰ


ਸਨਮਾਨ ਭੇਂਟ ਕਰਦੇ ਸਮੇਂ ਡਾ. ਮੋਹਨ ਤਿਆਗੀ, ਡਾ. ਗੁਰਨਾਇਬ ਸਿੰਘ, ਕਮਲ ਬੰਗਾ, ਡਾ. ਅੰਮ੍ਰਿਤਪਾਲ ਕੌਰ ਤੇ ਡਾ. ਪ੍ਰਮੀਤ ਕੌਰ ਪਟਿਆਲਾ।


ਗੁਰੂ ਨਾਨਕ ਕਾਲਜ ਫਾਰ ਵੋਮੈਨ ਬੰਗਾ ਵਿਖੇ ਕਮਲ ਬੰਗਾ ਅਤੇ ਪ੍ਰਿੰਸੀਪਲ ਕੰਵਲਜੀਤ ਕੌਰ

'ਕਮਲ' ਵਿਅਕਤੀ ਤੌਰ ਤੇ ਦਰਮਿਆਨਾ ਕੱਦ, ਦਰਮਿਆਨਾ ਜੁੱਸਾ, ਤੇਜ਼ ਨਜ਼ਰ ਤੇ ਪਹਿਰਾਵੇ ਵਿਚ ਜਚਦਾ ਹੈ। ਉਸਨੇ ਜ਼ਿੰਦਗੀ ਵਿਚ ਜੋ ਵੀ ਕੰਮ ਕੀਤਾ, ਦ੍ਰਿੜ੍ਹਤਾ ਨਾਲ ਡਟ ਕੇ, ਸਾਬਤ ਕਦਮੀ ਬਜਿੱਦ ਹੋ ਕੇ ਕੀਤਾ ਹੈ। ਇਸੇ ਕਰਕੇ ਉਹ ਲੰਮੇ ਸਮੇਂ ਤੋਂ ਸੰਮੇਲਨਾਂ ਅਤੇ ਮਾਧਿਅਮਾਂ ਨਾਲ ਜੁੜਿਆ ਰਿਹਾ ਹੈ। ਉਸਨੂੰ ਆਪਣੇ ਟੱਬਰ ਦਾ ਭਰਪੂਰ ਸਾਥ ਮਿਲਿਆ ਹੈ। ਪੁਸਤਕ ਵਿਚ ਜੀਵਨ ਸਾਥਣ ਦੀ ਤਸਵੀਰ ਸਫਲ ਖੁਸ਼ਹਾਲ ਪਰਿਵਾਰ ਦੀ ਗਵਾਹੀ ਭਰਦੀ ਹੈ। ਗੁਆਂਢੀਆਂ ਦੇ ਘਰ ਮੋਰ ਦੀ ਤਸਵੀਰ ਬੇਟੀ ਸੋਨੀਆ ਦਾ ਯੋਗਦਾਨ ਹੈ। ਹੋਰ ਯਾਦਗਾਰੀ ਤਸਵੀਰਾਂ ਨੇ ਪੁਸਤਕ ਨੂੰ ਹੋਰ ਵੀ ਸ਼ਿੰਗਾਰਿਆ ਹੈ। ਅਸਮਾਨ ਵਿਚ ਘੁਲੇ ਸਾਹਿਤਕ ਰੰਗਾਂ ਦੀ ਸਤਰੰਗੀ ਪੀਂਘ ਹੈ- 'ਚੌਦਵਾਂ ਚਾਨਣ'। ਜੋ ਕਵੀ ਦੇ ਵਿਸ਼ਾਲ ਤਜਰਬੇ ਦਾ ਕਾਵਿ ਜਗਤ ਹੈ। ਸਮਕਾਲੀ ਵਿਚਾਰਕਾਂ ਦੇ ਨਾਂ ਦੇ ਕੇ ਆਪਣੇ ਸਾਹਿਤਕ ਭਾਈਚਾਰੇ ਦੀ ਲੰਮੀ ਸੂਚੀ ਦਾ ਸਬੂਤ ਦਿੱਤਾ ਹੈ।

ਇਹਨਾਂ ਸ਼ਬਦਾਂ ਦੇ ਲੰਗਰ ਲਈ ਪਰਿਵਾਰ ਸਮੇਤ ਵਧਾਈ ਦਾ ਪਾਤਰ ਹੈ।

# ਅੰਬੇਡਕਰਾਈਟ ਲੀਗਲ ਫੋਰਮ ਜਲੰਧਰ ਦੇ ਮੈਂਬਰਾਂ ਵੱਲੋਂ ਕੇਂਦਰ ਸਰਕਾਰ ਦੀ ਤਰਫੋਂ ਪਾਰਲੀਮੈਂਟ ਦੀ ਨਵੀਂ ਇਮਾਰਤ ਉਸਾਰਨ ਦੇ ਫੈਸਲੇ ਨੂੰ ਉਲਟਾਉਣ ਦੀ ਮੰਗ

**ਜਲੰਧਰ (ਜਨਸੰਗਰਾਮ/ ਚੁੰਬਰ–** ਅੰਬੇਡਕਰਿਟ ਕਾਨੂੰਨੀ ਫੋਰਮ ਜਲੰਧਰ ਦੇ ਮੈਂਬਰਾਂ ਦਾ ਵਫ਼ਦ ਐਡਵੋਕੇਟ ਪ੍ਰਿਤਪਾਲ ਸਿੰਘ ਦੀ ਪ੍ਰਧਾਨਗੀ ਹੇਠ ਜਲੰਧਰ ਦੇ ਡਿਪਟੀ ਕਮਿਸ਼ਨਰ ਰਾਹੀਂ ਅੱਜ 17.12.2020 ਨੂੰ ਭਾਰਤ ਦੇ ਰਾਸ਼ਟਰਪਤੀ ਮੰਗ ਨੂੰ ਪੇਸ਼ ਪੱਤਰ ਕੀਤਾ ਗਿਆ। ਫੋਰਮ ਦੇ ਮੈਂਬਰਾਂ ਨੇ ਮਾਨਯੋਗ ਰਾਸ਼ਟਰਪਤੀ ਨੂੰ ਦੱਸਿਆ ਕਿ ਇਸ ਕੋਰੋਨਾ ਕਾਲ ਦੌਰਾਨ ਕੇਂਦਰ ਸਰਕਾਰ ਨੇ ਸੰਸਦ ਭਵਨ ਲਈ ਨਵੀਂ ਇਮਾਰਤ ਬਣਾਉਣ ਦਾ ਫੈਸਲਾ ਕੀਤਾ, ਜਿਸ ਤੇ ਲਗਭਗ 1000 ਕਰੋੜ ਰੁਪਏ ਖਰਚ ਆਉਣਗੇ, ਇਹ ਪੂਰੀ ਤਰ੍ਹਾਂ ਗਲਤ ਹੈ ਅਤੇ ਇਹ ਬੇਤੁਕਾ ਹੈ, ਜਦੋਂਕਿ ਭਾਰਤ ਸਰਕਾਰ ਲੋਕ ਭਲਾਈ 'ਤੇ ਖਰਚ ਨਹੀਂ ਕਰ ਰਹੀ ਹੈ ਅਤੇ ਇਹ ਯੋਜਨਾਵਾਂ ਲਗਭਗ ਰੁਕੀਆਂ ਹਨ ਅਤੇ ਇਹ ਫੈਸਲਾ ਸਰਕਾਰ ਦੀ ਗੰਭੀਰ ਭੁੱਲ ਹੈ। ਅਜਿਹੇ ਸਮੇਂ ਜਦੋਂ ਸਮੁੱਚੀ ਭਾਰਤੀ ਆਰਥਿਕਤਾ ਆਪਣੇ ਹੇਠਲੇ ਪੱਧਰ 'ਤੇ ਹੈ, ਅਜਿਹੀ ਬਰਬਾਦੀ ਦੀ ਜ਼ਰੂਰਤ ਨਹੀਂ ਹੈ. ਇਨ੍ਹਾਂ ਤੋਂ ਇਲਾਵਾ, ਬਹੁਤ ਮਹੱਤਵਪੂਰਨ ਖਰਚੇ ਹਨ ਜੋ ਕਿ ਸਰਕਾਰ ਦੀ ਜ਼ੰਿਮੇਵਾਰੀ ਹਨ, ਉਨ੍ਹਾਂ ਨੂੰ ਪੂਰਾ ਕਰਨ ਦੀ ਬਜਾਏ, ਇਨ੍ਹਾਂ ਖਰਚਿਆਂ ਦਾ ਭਾਰ ਆਮ ਆਦਮੀ 'ਤੇ ਪਏਗਾ. ਭਾਰਤ ਇਸ ਸਮੇਂ ਆਰਥਿਕ ਮੰਦੀ ਦਾ ਕਰ ਰਿਹਾ ਹੈ। ਭਾਰਤ ਵਿਚ ਸੰਸਦ ਮੈਂ-ਬਰਾਂ ਦੀ ਗਿਣਤੀ ਵਿਚ ਕੋਈ ਵਾਧਾ ਨਹੀਂ ਹੋਇਆ ਹੈ ਅਤੇ ਨਾ ਹੀ ਪੁਰਾਤੱਤਵ ਵਿਭਾਗ ਦੁਆਰਾ ਪੁਰਾਣੀ ਇਮਾਰਤ ਦੇ ਡਿਗ ਜਾਣ ਦੇ ਖ਼ਤਰੇ ਬਾਰੇ ਕੋਈ ਅਜਿਹੀ ਰਿਪੋਰਟ ਦੱਸੀ ਗਈ ਹੈ। ਪੁਰਾਣੀ ਸੰਸਦ ਦੀ ਇਮਾਰਤ ਸਿਰਫ 93 ਸਾਲ ਪੁਰਾਣੀ ਹੈ ਅਤੇ ਸਹੀ ਸਥਿਤੀ ਵਿਚ ਹੈ. ਦੁਨੀਆ ਵਿਚ ਬਹੁਤ ਸਾਰੇ ਦੇਸ਼ ਹਨ ਜਿਨ੍ਹਾਂ ਦੀਆਂ ਸੰਸਦ ਦੀਆਂ ਇਮਾਰਤਾਂ ਭਾਰਤ ਨਾਲੋਂ ਪੁਰਾਣੀਆਂ ਹਨ ਅਤੇ ਚੰਗੀ ਸਥਿਤੀ ਵਿਚ ਹਨ. ਇਸ ਲਈ ਸੰਸਦ ਦੀ ਨਵੀਂ ਇਮਾਰਤ ਬਾਰੇ ਕੇਂਦਰ ਸਰਕਾਰ ਦਾ ਫੈਸਲਾ ਤਰਕਹੀਣ ਹੈ। ਇਸ ਸਮੇਂ ਦੇਸ਼ ਕੋਵਿਡ -19 ਮਹਾਂਮਾਰੀ ਦੀ ਪਕੜ ਵਿਚ ਹੈ, ਜਿਸ ਲਈ ਆਧੁਨਿਕ ਟੈਕਨਾਲੌਜੀ ਮਸ਼ੀਨਾਂ, ਦਵਾਈਆਂ ਅਤੇ ਹਸਪਤਾਲਾਂ ਦੀ ਜ਼ਰੂਰਤ ਹੈ, ਇਸ 'ਤੇ ਹਜ਼ਾਰਾਂ ਕਰੋੜ ਰੁਪਏ ਖਰਚ ਆਉਣ ਦੀ ਸੰਭਾਵਨਾ ਹੈ, ਇਸ ਲਈ ਸਰਕਾਰ ਦੀ ਤਰਜੀਹ ਲੋਕਾਂ ਨੂੰ ਸਿਹਤ ਅਤੇ ਮੁਫਤ ਕੋਰੋਨਾ ਟੀਕਾ ਮੁਹੱਈਆ ਕਰਵਾਉਣਾ ਹੈ। ਹੋਣਾ ਚਾਹੀਦਾ ਹੈ ਇਸ ਫੈਸਲੇ ਦਾ ਫੋਰਮ ਨੇ ਵਿਰੋਧ ਕੀਤਾ ਅਤੇ ਮੰਗ ਪੱਤਰ ਰਾਹੀਂ ਭਾਰਤ ਦੇ ਰਾਸ਼ਟਰਪਤੀ ਤੋਂ ਤੁਰੰਤ ਦਖਲ ਦੇਣ ਅਤੇ ਇਸ ਫੈਸਲੇ ਨੂੰ ਤੁਰੰਤ ਉਲਟਾਉਣ ਦੀ ਮੰਗ ਕੀਤੀ।

ਇਸ ਸਮੇਂ ਹੇਠ ਲਿਖਿਆਂ ਬਹੁਤ ਸਾਰੇ ਵਕੀਲ ਹਾਜ਼ਰ ਸਨ।



ਐਡਵੋਕੇਟ ਪ੍ਰਿਤਪਾਲ ਸਿੰਘ (ਪ੍ਰਧਾਨ), ਐਡਵੋਕੇਟ ਰਾਜੂ ਆਬੇਦਕਰ (ਸੈਕਟਰੀ), ਐਡਵੋਕੇਟ ਰਾਜਕੁਮਾਰ ਮਹਿਮੀ, ਐਡਵੋਕੇਟ ਦਰਸ਼ਨ ਸਿੰਘ, ਐਡਵੋਕੇਟ ਸਤਪਾਲ ਵਿਰਦੀ, ਐਡ-ਵੋਕੇਟ ਹਰਭਜਨ ਦਾਸ ਸਾਂਪਲਾ, ਸ਼ਹਿਦ ਰਚਨਾ ਦੀ ਵਕਾਲਤ ਕਰੋ ਐਡਵੋਕੇਟ ਹਰਪ੍ਰੀਤ ਸਿੰਘ, ਐਡਵੋਕੇਟ ਜਗਜੀਵਨ ਰਾਮ, ਐਡ-ਵੋਕੇਟ ਰਾਜਕੁਮਾਰ ਬੈਂਸ, ਐਡਵੋਕੇਟ ਨਵਜੋਤ ਵਿਰਦੀ, ਐਡਵੋਕੇਟ ਸਤਨਾਮ ਸੁਮਨ, ਐਡਵੋਕੇਟ ਸੰਨੀ ਕੌਲ, ਐਡਵੋਕੇਟ ਕੁਲਦੀਪ ਭੱਟੀ ਅੰਬੇਡਕਰਾਇਟ ਲੀਗਲ ਫੋਰਮ ਨੇ ਡੀ.ਸੀ. ਜਲੰਧਰ ਰਾਹੀਂ ਰਾਸ਼ਟਰਪਤੀ ਨੂੰ ਭੇਜਿਆ ਮੰਗ ਪੱਤਰ ਮਹਿੰਦਰ ਰਾਮ ਫੁੱਗਲਾਣਾ

ਜਲੰਧਰ ਅੰਬੇਡਕਰਾਇਟ ਲੀਗਲ ਫੋਰਮ ਜਲੰਧਰ ਦੇ ਮੈਂਬਰਾਂ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਐਡਵੋਕੇਟ ਪ੍ਰਿਤ ਪਾਲ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਤੋਂ ਬਾਅਦ ਡੀ ਸੀ ਜਲੰਧਰ ਦੇ ਰਾਹੀਂ ਭਾਰਤ ਦੇ ਰਾਸ਼ਟਰਪਤੀ ਨੂੰ ਇਕ ਮੰਗ ਪੱਤਰ ਭੇਜਿਆ। ਇਸ ਮੰਗ ਪੱਤਰ ਵਿੱਚ ਮੰਗ ਕੀਤੀ ਗਈ ਕਿ ਪਾਰਲੀਮੈਂਟ ਦੀ ਨਵੀਂ ਇਮਾਰਤ ਉਸਾਰਨ ਦੇ ਫੈਸਲੇ ਨੂੰ ਉਲਟਾਇਆ ਜਾਵੇ। ਮੰਗ ਪੱਤਰ ਵਿੱਚ ਮੰਗ ਕੀਤੀ ਕਿ ਕੇਂਦਰ ਸਰਕਾਰ ਵੱਲੋਂ ਇਸ ਕਰੋਨਾ ਕਾਲ ਦੇ ਸਮੇਂ ਜੋ ਸੰਸਦ ਭਵਨ ਦੀ ਨਵੀਂ ਇਮਾਰਤ ਬਨਾਉਣ ਦਾ ਫੈਸਲਾ ਲਿਆ ਗਿਆ ਹੈ, ਜਿਸ ਤੇ ਲੱਗ-ਭੱਗ 1000 ਕਰੋੜ ਰੁਪਏ ਦਾ ਖਰਚ ਆਵੇਗਾ, ਇਹ ਬਿਲਕੁਲ ਬੇਲੋੜਾ ਹੈ ਤੇ ਬੇਸਮਝੀ ਵਾਲਾ ਹੈ। ਜਦਕਿ ਭਾਰਤ ਸਰਕਾਰ ਵੱਲੋਂ ਲੋਕ ਭਲਾਈ ਕਰਨ ਵਾਲਾ ਖਰਚਾ ਨਹੀ ਕੀਤਾ ਜਾ ਰਿਹਾ। ਲੋਕ ਭਲਾਈ ਦੀਆਂ ਇਹਨਾ ਸਕੀਮਾਂ ਨੂੰ ਲਗਭਗ ਬੰਦ ਕੀਤਾ ਜਾ ਰਿਹਾ ਹੈ।ਇਹ ਪੈਸਾ ਫਜੂਲ ਦੇ ਕੰਮਾਂ ਉਪੱਰ ਖਰਚ ਕਰਨਾ ਸਰਕਾਰ ਦੀ ਬਹੁਤ ਭਾਰੀ ਗਲਤੀ ਹੈ । ਅੱਜ ਜਦੋਂ ਕਿ ਪੂਰੇ ਭਾਰਤ ਦੀ ਅਰਥ ਵਿਵਸਥਾ ਸਭ ਤੋਂ ਹੇਠਲੇ ਪੱਧਰ ਤੇ ਗੁਜਰ ਰਹੀ ਹੈ। ਇਸ ਸਮੇਂ ਇਸ ਤਰ੍ਹਾਂ ਦੇ ਫਜੂਲ ਖਰਚੀ ਕਰਨ ਦੀ ਕੋਈ ਲੋੜ ਨਹੀ ਹੈ। ਇਹਨਾ ਤੋਂ ਇਲਾਵਾ ਬਹੁਤ ਸਾਰੇ ਜਰੂਰੀ ਖਰਚੇ ਹਨ ਜੋ ਕਿ ਸਰਕਾਰ ਦੀ ਜਿੰਮੇਵਾਰੀ ਹੈ, ਉਹਨਾ ਨੂੰ ਪੂਰਾ ਕਰਨ ਦੀ।ਇਸ ਖਰਚੇ ਦਾ ਇੱਕ ਹੋਰ ਬੋਝ ਆਮ ਲੋਕਾਂ ਉਪੱਰ ਪਵੇਗਾ। ਭਾਰਤ ਦੇ ਸਾਂਸਦਾ ਦੀ ਗਿਣਤੀ ਵਿੱਚ ਕੋਈ ਵਾਧਾ ਨਹੀ ਹੋਇਆ ਹੈ ਅਤੇ ਨਾ ਹੀ ਪੁਰਾਣੀ ਇਮਾਰਤ ਨੂੰ ਕਿਸੇ ਤਰ੍ਹਾਂ ਦੇ ਡਿੱਗਣ ਦੇ ਖਤਰੇ ਬਾਰੇ ਪੁਰਾਤੱਤਵ ਵਿਭਾਗ ਵੱਲੋਂ ਕੋਈ ਅਜਿਹੀ ਰਿਪੋਰਟ ਦਾ ਜਿਕਰ ਹੈ।ਪੁਰਾਣੀ ਇਮਾਰਤ ਨੂੰ ਬਣੇ ਹੋਏ ਅਜੇ ਸਿਰਫ 93 ਸਾਲ ਹੀ ਹੋਏ ਹਨ ਤੇ ਇਹ ਪੂਰੀ ਤਰ੍ਹਾਂ ਨਾਲ ਮਜਬੂਤ ਹਾਲਤ ਵਿੱਚ ਹੈ । ਪੂਰੇ ਵਿਸ਼ਵ ਵਿੱਚ ਅਜਿਹੇ ਬਹੁਤ ਸਾਰੇ ਦੇਸ਼ ਹਨ ਜਿਹਨਾ ਦੀਆਂ ਸੰਸਦ ਦੀਆਂ ਇਮਾਰਤਾ 13ਵੀਂ ਸਦੀ ਚ ਬਣੀਆਂ ਹਨ ਜੋ ਭਾਰਤ ਨਾਲੋਂ ਵੀ ਕਈ ਸਾਲ ਪੁਰਾਣੀਆਂ ਹਨ ਅਤੇ ਸਹੀ ਹਾਲਤ ਵਿੱਚ ਹਨ। ਇਸ ਸਮੇਂ ਭਾਰਤ ਨੂੰ ਆਰਥਿਕ ਮੰਦੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਸ ਕਰਕੇ ਇਸ ਸਮੇਂ ਕੇਂਦਰ ਸਰਕਾਰ ਦਾ ਇਸ ਤਰ੍ਹਾਂ ਦਾ ਫੈਸਲਾ ਬਹੁਤ ਗਲਤ ਹੈ। ਰਾਸ਼ਟਰਪਤੀ ਤੋਂ ਮੰਗ ਕੀਤੀ ਗਈ ਕਿ ਇਹ ਫੈਸਲਾ ਰੱਦ ਕੀਤਾ ਜਾਵੇ। ਮੰਗ ਪੱਤਰ ਦੇਣ ਮੌਕੇ ਐਡਵੋਕੇਟ ਪ੍ਰਿਤ ਪਾਲ ਸਿੰਘ (ਪ੍ਰਧਾਨ) ਐਡਵੋਕੇਟ ਮਧੂ ਰਚਨਾ,ਐਡਵੋਕੇਟ ਰਾਜੂ ਅੰਬੇਡਕਰ (ਜਨਰਲ ਸਕੱਤਰ) ਸਤਨਾਮ ਸੁਮਨ, ਕੁਲਦੀਪ ਭੱਟੀ ਸੰਨੀ ਕੌਲ, ਹਰਭਜਨ ਸਾਂਪਲਾ, ਜਗਜੀਵਨ ਰਾਮ,ਰਜਿੰਦਰ ਆਜਾਦ, ਪਵਨ ਵਿਰਦੀ, ਰਾਜ ਕੁਮਾਰ ਬੈਂਸ , ਦਰਸ਼ਨ ਸਿੰਘ, ਸਤਪਾਲ ਵਿਰਦੀ, ਸੋਨਮ ਮਹੇ, ਰਜਿੰਦਰ ਪਾਲ ਬੋਪਾਰਾਏ ਹਾਜ਼ਰ ਸਨ।





ਗੁੜਗਾਉਂ ਵਿਖੇ ਬਹੁਜਨ ਦ੍ਰਵਿੜ ਪਾਰਟੀ ਦੇ ਸੰਸਥਾਪਕ ਅਤੇ ਕੌਮੀ ਪ੍ਰਧਾਨ ਕਾਂਸ਼ੀਰਾਮ ਟਾਈਮਜ਼ ਦੇ ਮੁੱਖ ਸੰਪਾਦਕ ਮਾ. ਜੀਵਨ ਕੁਮਾਰ ਮੱਲਾ, ਕੌਮੀ ਸੰਯੋਜਕ ਮਾ. ਜਤਿੰਦਰ ਕਰਦਮ ਅਤੇ ਰਾਸ਼ਟਰ ਬੁਲਾਰੇ ਮਾ. ਅਸ਼ੋਕ ਕੁਮਾਰ ਸਾਕੇਤ, ਉਤਰ ਪ੍ਰਦੇਸ਼ ਦੇ ਪ੍ਰਮੁੱਖ ਬਹੁਜਨ ਮਿਸ਼ਨਰੀ ਸਾਥੀ ਮਾ. ਦਿਨੇਸ਼ ਗੌਤਮ ਅਤੇ ਉਹਨਾਂ ਦੇ ਸਹਿਯੋਗੀਆਂ ਨੇ ਮੁਲਾਕਾਤ ਕਰਕੇ ਉਤਰ ਪ੍ਰਦੇਸ਼ ਵਿਚ ਬਹੁਜਨ ਦ੍ਰਵਿੜ ਪਾਰਟੀ ਦੇ ਵਿਸਥਾਰ ਅਤੇ ਆਗਾਮੀ ਵਿਧਾਨ ਸਭਾ ਚੋਣਾਂ 2022 ਨੂੰ ਲੈ ਕੇ ਮਹੱਤਵਪੂਰਨ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਫੈਸਲਾ ਕੀਤਾ ਕਿ 3 ਜਨਵਰੀ 2021 ਨੂੰ ਉਤਰ ਪ੍ਰਦੇਸ਼ ਦੇ ਆਗਰਾ ਜਿਲ੍ਹੇ ਵਿਚ ਇਕ ਮਹੱਤਵਪੂਰਨ ਸਭਾ ਕੀਤੀ ਜਾਵੇਗੀ।

# ਖੇਤੀ ਆਰਡੀਨੈਂਸਾਂ ਦਾ ਰੌਲਾ

**ਪੇਸ਼ਕਸ਼– ਹਰਭਜਨ ਸਾਂਪਲਾ**

ਤਿੰਨ ਆਰਡੀਨੈਂਸ ਜੋ ਪਾਸ ਹੋਏ ਹਨ ਉਨ੍ਹਾਂ ਬਾਰੇ ਅਕਸਰ ਪੱਤਰਕਾਰ ਕਿਸਾਨਾਂ ਤੋਂ ਧਰਨਿਆਂ ਵਿਚ ਪੁੱਛ ਲੈਂਦੇ ਹਨ ਕੇ ਉਹ ਕੀ ਹਨ ਉਨ੍ਹਾਂ ਵਿਚ ਕੀ ਲਿਖਿਆ ਜੋ ਤੁਸੀਂ ਵਿਰੋਧ ਕਰ ਰਹੇ ਹੋ ਤਾਂ ਉਨ੍ਹਾਂ ਵਿਚਾਰੇ ਭੋਲੇ ਕਿਸਾਨਾਂ ਨੂੰ ਨਹੀਂ ਪਤਾ ਹੁੰਦਾ ਤਾਂ ਉਹ ਕੀ ਜਵਾਬ ਦੇਣ ਆਓ ਸੰਖੇਪ ਵਿੱਚ ਜਾਣੀਏ ਇਹ ਕਨੂੰਨ ਕੀ ਕਹਿੰਦੇ ਹਨ:

**ਪਹਿਲਾਂ ਆਰਡੀਨੈਂਸ "ਸ਼ੈਸਨ ਕੌਮਾਡਿਟੀ"**
**ਦੂਸਰਾ ਆਰਡੀਨੈਂਸ "ਕੰਟਰੈਕਟ ਫਾਰਮਿੰਗ"**
**ਤੀਸਰਾ ਆਰਡੀਨੈਂਸ " ਏ ਪੀ ਐਮ ਸੀ"**

ਤਿੰਨੇ ਆਰਡੀਨੈਂਸ ਵਾਰੀ ਵਾਰੀ ਕਿਸਾਨਾਂ ਦੀਆਂ ਜਮੀਨਾਂ ਲੀਜ ਤੇ ਲੈਣ ਦੀ ਫੁੱਲ ਤਿਆਰੀ ਵਜੋ ਹਨ * ਇਨ੍ਹਾਂ ਵਿਚ ਲਿਖਿਆ ਕੇ ਕਿਸਾਨ ਦਾ ਜੇ ਕੋਈ ਰੇਟ ਪਿੱਛੇ ਜਾਂ ਤੋਲ ਪਿੱਛੇ ਜਾਂ ਪੇਮੈਂਟ ਪਿੱਛੇ ਕਿਸੇ ਨਾਲ ਰੌਲਾ ਹੈ ਤਾਂ ਉਹ ਸਿਰਫ ਐਸਡੀਐਮ ਤਕ ਪਹੁੰਚ ਕਰ ਸਕਦਾ ਹੈ ਅਦਾਲਤ ਨਹੀਂ ਜਾ ਸਕਦਾ *ਕਿਸਾਨ ਨੂੰ ਮੰਡੀ ਵਿਚ ਫਸਲ ਲਿਜਾਣ ਤੇ 8 % ਟੈਕਸ ਲੱਗੇਗਾ ਬਾਹਰ ਪ੍ਰਾਈਵੇਟ ਨੂੰ ਫਸਲ ਵੇਚਣ ਤੇ 1 % ਟੈਕਸ ਲੱਗੇਗਾ ਜਦੋਂ ਕਿਸਾਨ 7% ਬਚਾਉਣ ਦੇ ਚੱਕਰ ਵਿਚ ਆਪਣੀ ਫਸਲ ਮੰਡੀਆਂ ਵਿਚ ਨਾ ਲੈ ਕੇ ਗਿਆ ਤਾਂ ਸਰਕਾਰ ਮੰਡੀ ਬੋਰਡ ਨੂੰ ਮੰਡੀਆਂ ਵਾਲਾ ਸਾਰਾ ਰਕਬਾ ਵੇਚਣ ਲਈ ਆਖੇਗੀ "ਇੰਝ ਮੰਡੀਆਂ ਖਤਮ ਹੋਣਗੀਆਂ" ਫੇਰ ਹੋਵੇਗੀ ਕਿਸਾਨ ਦੀ ਪ੍ਰਾਈਵੇਟ ਕੰਪਨੀਆਂ ਹੱਥੋ ਲੁੱਟ ਸ਼ੁਰੂ "ਜਦੋਂ ਕਿਸਾਨ ਨੂੰ ਲੱਗਿਆ ਫਸਲ ਲਾਹੇਵੰਦ ਧੰਦਾ ਨਹੀਂ ਰਹੀ ਫੇਰ ਕੰਪਨੀ ਕਿਸਾਨ ਤੋਂ ਜਮੀਨ ਲੀਜ ਤੇ ਮੰਗੇਗੀ ਕੰਟਰੇਕਟ ਫਾਰਮਿੰਗ ਸ਼ੁਰੂ ਹੋਵੇਗੀ ਕਿਸਾਨ ਸਿਰਫ ਮੁਜਾਰੇਦਾਰ ਹੋਵੇਗਾ ਹਜਾਰ ਹਜਾਰ ਕਿੱਲੇ ਦੇ ਫਾਰਮ ਬਣਨਗੇ।

ਇਸ ਵਿਚ ਇਹ ਵੀ ਹੈ ਕੇ ਕਿਸਾਨ ਫਸਲ ਸਟੋਰ ਨਹੀਂ ਕਰ ਸਕਦਾ ਪ੍ਰਾਈਵੇਟ ਕੰਪਨੀ ਜਿੰਨੇ ਸਾਲ ਮਰਜੀ ਫਸਲ ਸਟੋਰ ਕਰ ਸਕਦੀ ਹੈ *ਕਿਸਾਨਾਂ ਦੀਆਂ ਲਿਮਟਾ ਖਤਮ ਹੋਣਗੀਆਂ *ਠੇਕੇ ਤੇ ਜਮੀਨ ਦੇਣ ਵਾਲੇ ਨੂੰ 18 % ਜੀ ਐਸ ਟੀ ਦੇਣੀ ਹੋਵੇਗੀ ਯਾਨੀ ਜਿਸ ਕਿਸਾਨ ਨੇ 60 ਹਜਾਰ ਨੂੰ ਇਕ ਕਿਲਾ ਠੇਕੇ ਤੇ ਦਿਤਾ ਹੈ ਉਸ ਨੂੰ 10 ਹਜਾਰ 8 ਸੌ ਰੁਪਏ ਜੀ ਐਸ ਟੀ ਗੌਰਮਿੰਟ ਨੂੰ ਦੇਣੀ ਪਵੇ ਜਿਹੜੇ ਭਾਜਪਾ ਵਾਲੇ ਬਿਨਾਂ ਬਿੱਲ ਪੜਿਆ ਕਹਿੰਦੇ ਹਨ ਬਿੱਲ ਕਿਸਾਨਾਂ ਦੇ ਹੱਕ ਵਿਚ ਹੈ ਉਨ੍ਹਾਂ ਨੂੰ ਉਪਰੋਕਤ ਗੱਲਾਂ ਬਾਰੇ ਜਵਾਬ ਮੰਗੋ ਕਿਸਾਨ ਭਰਾਵੋ ਇਹ ਪੋਸਟ ਸ਼ੇਅਰ ਕਰੋ ਤਾਂ ਕੇ ਸਾਡੇ ਕਿਸਾਨਾਂ ਨੂੰ ਇਨ੍ਹਾਂ ਕਿਸਾਨ ਮਾਰੂ ਬਿਲਾਂ ਬਾਰੇ ਪਤਾ ਲੱਗ ਸਕੇ ਪੋਸਟ ਲੰਬੀ ਨਾ ਹੋਵੇ ਤੁਹਾਨੂੰ ਸੰਖੇਪ ਵਿੱਚ ਜਾਣਕਾਰੀ ਦਿੱਤੀ ਹੈ ਜੀ ਧੰਨਵਾਦ।

ਦੇਸ਼ ਦੇ ਹਾਲਾਤ ਤਾਂ ਪਹਿਲਾਂ ਹੀ ਨਾਜ਼ੁਕ ਸਨ ਪਰ ਕਰੋਨਾ ਦੀ ਆਮਦ ਨੇ ਮਾਰ ਖਾ ਰਹੀਆਂ ਸਰਕਾਰਾਂ ਲਈ ਵਿਰੋਧਾਂ ਨੂੰ ਦਬਾਉਣ ਲਈ ਰਸਤੇ ਖੋਲ੍ਹ ਦਿੱਤੇ।

ਐੱਨਆਰਸੀ ਅਤੇ ਸੀਏਏ ਵਿਰੋਧੀ ਅੰਦੋਲਨ ਜੋ ਉਸ ਸਮੇਂ ਆਪਣੇ ਜੋਬਨ ਉੱਤੇ ਸੀ, ਕਰੋਨਾ ਦੀ ਆੜ ਹੇਠ ਖਿੰਡਾਅ ਦਿੱਤਾ ਗਿਆ ਅਤੇ ਨਾਲ ਹੀ ਕੇਂਦਰ ਸਰਕਾਰ ਨੇ ਕਾਨੂੰਨੀ ਤੌਰ ਤੇ ਜਨਤਕ ਥਾਵਾਂ ਤੇ ਲੋਕਾਂ ਦੇ ਇਕੱਠੇ ਹੋਣ ਤੇ ਪਾਬੰਦੀ ਲਗਵਾ ਦਿੱਤੀ। ਚੁਫੇਰੇ ਪਸਰ ਚੁੱਕੇ ਬਿਮਾਰੀ ਦੇ ਭੈਅ ਕਾਰਨ ਕੇਂਦਰ ਸਰਕਾਰ ਨੂੰ ਇਹ ਲੱਗਿਆ ਕਿ ਉਹ ਹੁਣ ਜਿਹੜਾ ਮਰਜ਼ੀ ਕਾਨੂੰਨ ਲਿਆਵੇ, ਲੋਕ ਸੰਗਠਤ ਰੂਪ ਵਿਚ ਉਸ ਦਾ ਵਿਰੋਧ ਨਹੀਂ ਕਰ ਸਕਣਗੇ। ਇਸ ਲਈ ਸਰਕਾਰ ਨੂੰ ਆਪਣੇ ਆਰਡੀਨੈਂਸ ਜਾਰੀ ਕਰਨ ਲਈ ਹਾਲਾਤ ਢੁਕਵੇਂ ਤੇ ਸਾਜ਼ਗਾਰ ਲੱਗੇ ਅਤੇ ਉਸ ਨੇ ਬਿਨਾਂ ਕਿਸੇ ਦੇਰੀ ਤੋਂ ਅਸੈਂ-ਸੀਅਲ ਕਮੌਡਿਟੀ ਐਕਟ-1955, ਫਾਰਮਿੰਗ ਪ੍ਰੋਡਿਊਸ ਟਰੇਡ ਐਂਡ ਕਮਰਸ (ਪ੍ਰੋਮੋਸ਼ਨ ਐਂਡ ਫਸੀਲੀਟੇਸ਼ਨ) ਆਰਡੀਨੈਂਸ-2020, ਅਤੇ ਫਾਰਮਰਜ਼ (ਪ੍ਰੋਮੋਸ਼ਨ ਐਂਡ ਪ੍ਰੋਟੈਕਸ਼ਨ) ਐਗਰੀਮੈਂਟ ਔਨ ਪਰਾਈਸ ਅਸ਼ੋਰੈਂਸ ਐਂਡ ਫਾਰਮ ਸਰਵਿਸ ਆਰਡੀਨੈਂਸ-2020, ਤਿੰਨ ਆਰਡੀਨੈਂਸ ਪਾਸ ਕਰਵਾ ਲਏ ਜੋ ਮਗਰੋਂ ਕਾਨੂੰਨ ਬਣਾ ਦਿੱਤੇ ਗਏ ਜਿਨ੍ਹਾਂ ਰਾਹੀਂ ਕਾਰਪੋਰੇਟਾਂ ਨੂੰ ਸਰਕਾਰੀ ਮੰਡੀਆਂ ਤੋਂ ਬਾਹਰ ਖਰੀਦ ਕਰਨ ਦੀ ਖੁੱਲ੍ਹ ਦੇ ਕੇ ਹਰ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਕਰਦਿਆਂ ਟੈਕਸਾਂ ਤੋਂ ਰਹਿਤ ਖਰੀਦ ਕਰ ਕੇ ਮਨਮਰਜ਼ੀ ਸਟਾਕ ਜਮ੍ਹਾਂ ਕਰਨ ਦੀ ਖੁੱਲ੍ਹੀ ਛੋਟ ਦੇ ਦਿੱਤੀ।

ਇਨ੍ਹਾਂ ਰਾਹੀਂ ਕੇਂਦਰ ਸਰਕਾਰ ਨੇ ਜਿੱਥੇ ਘੱਟੋ-ਘੱਟ ਸਮਰਥਨ ਮੁੱਲ ਤੇ ਸਵਾਲੀਆ ਨਿਸ਼ਾਨ ਲਾ ਦਿੱਤਾ, ਉਥੇ ਉਸ ਦੇ ਹੀ ਨਿਆਂਇਕ ਪ੍ਰਣਾਲੀ ਦੇ ਹੱਕ ਨੂੰ ਖੋਂਹਦਿਆਂ ਖੇਤੀ ਸੈਕਟਰ ਨੂੰ ਰਾਜਾਂ ਦੇ ਅਧਿਕਾਰ ਖੇਤਰ ਤੋਂ ਵੀ ਬਾਹਰ ਕਰ ਦਿੱਤਾ। ਭਾਰਤ ਦੀਆਂ ਕਿਸਾਨ ਜਥੇਬੰਦੀਆਂ ਨੇ ਆਮ ਕਰ ਕੇ ਅਤੇ ਪੰਜਾਬ ਦੀਆਂ ਸਾਰੀਆਂ ਕਿਸਾਨ ਜੱਥੇਬੰਦੀਆਂ ਨੇ ਖਾਸ ਕਰ ਕੇ ਇਸ ਦਾ ਗੰਭੀਰ ਨੋਟਿਸ ਲਿਆ। ਪੰਜਾਬ ਵਿਚ ਜੂਨ ਮਹੀਨੇ ਤੋਂ ਹੀ ਜਾਗਰੂਕਤਾ ਮੁਹਿੰਮ ਸ਼ੁਰੂ ਹੋ ਗਈ ਜੋ 24 ਸਤੰਬਰ ਤੋਂ ਜਨਤਕ ਰੈਲੀਆਂ ਦਾ ਰੂਪ ਧਾਰਨ ਕਰਦੀ ਹੋਈ ਇੰਨਾ ਜ਼ਬਰਦਸਤ ਜਥੇਬੰਦ ਹੋਈ ਜਿਸ ਦਾ ਕਿਸੇ ਨੂੰ ਕੋਈ ਅੰਦਾਜ਼ਾ ਵੀ ਨਹੀਂ ਸੀ। ਕਿਸਾਨੀ ਦਾ ਸਾਂਝਾ ਮਸਲਾ ਹੋਣ ਕਰ ਕੇ ਸਾਰੀਆਂ ਜਥੇਬੰਦੀਆਂ ਵਿਚ ਕਮਾਲ ਦਾ ਤਾਲਮੇਲ ਸਾਹਮਣੇ ਆਇਆ। ਵੱਖ ਵੱਖ ਪੜਾਵਾਂ ਵਿਚੀਂ ਗੁਜ਼ਰਦੀ ਇਹ ਮੁਹਿੰਮ 'ਦਿੱਲੀ ਚਲੋ' ਦੇ ਨਾਅਰੇ।

ਯੂਐੱਨਓ ਨੇ 27 ਸਤੰਬਰ 2018 ਨੂੰ ਜਨਰਲ ਅਸੈਂਬਲੀ ਵਿਚ ਕਿਸਾਨਾਂ ਦੇ ਪੱਖ ਵਿਚ 28 ਆਰਟੀਕਲਜ਼ ਤੇ ਆਧਾਰਿਤ ਮਤਾ ਪਾਸ ਕੀਤਾ ਸੀ ਜੋ ਦੁਨੀਆ ਭਰ ਵਿਚ ਕਿਸਾਨੀ ਦੀ ਹਾਲਤ ਸੁਧਾਰਨ ਲਈ ਸਰਕਾਰਾਂ ਵੱਲੋਂ ਉਠਾਏ ਜਾਣ ਵਾਲੇ ਜ਼ਰੂਰੀ ਕਦਮਾਂ ਦੀ ਨਿਸ਼ਾਨਦੇਹੀ ਕਰਦਾ ਹੈ।

ਮਤਾ ਕਿਸਾਨੀ ਸਮੇਤ ਪੇਂਡੂ ਖੇਤਰ ਦੀ ਕਾਮਾ ਸ਼ਕਤੀ ਦੀ ਮੰਦੀ ਹਾਲਤ, ਕਿਸਾਨੀ ਖੁਦਕੁਸ਼ੀਆਂ ਤੇ ਹੋਰ ਕਿਸਾਨੀ ਸਮੱਸਿਆਵਾਂ ਤੇ ਚਿੰਤਾ ਜ਼ਾਹਿਰ ਕਰਦਿਆਂ ਇਸ ਦੇ ਹੱਲ ਲਈ ਕੋਸ਼ਿਸ਼ਾਂ ਦੀ ਗੱਲ ਕਰਦਾ ਹੈ।

ਯੂਐੱਨਓ ਦੇ ਕਿਸਾਨੀ ਬਾਰੇ ਪਾਸ ਮਤੇ ਦੇ ਆਰਟੀਕਲ 3(2) ਅਨੁਸਾਰ ਖੇਤੀ ਬਾਰੇ ਕੋਈ ਨੀਤੀ ਬਣਾਉਣ ਲਈ ਕਿਸਾਨੀ ਦੀ ਸਹਿਮਤੀ ਤੇ ਉਸ ਨਾਲ ਚਰਚਾ ਕਰਨੀ ਚਾਹੀਦੀ ਹੈ। ਖੇਤੀਬਾੜੀ ਮੰਤਰੀ ਨਰਿੰਦਰ ਤੋਮਰ ਸਾਡੇ ਨਾਲ ਗੱਲਬਾਤ ਦੌਰਾਨ ਕਹਿੰਦੇ ਨੇ ਕਿ ਇਨ੍ਹਾਂ ਕਾਨੂੰਨਾਂ ਪਿਛੇ 15 ਸਾਲ ਦੀ ਮਿਹਨਤ, ਚਰਚਾ, ਵਿਦਵਾਨਾਂ ਦੀਆਂ ਸਲਾਹਾਂ ਸ਼ਾਮਿਲ ਨੇ ਪਰ ਜਦੋਂ ਸਵਾਲ ਕੀਤਾ ਕਿ ਇਸ ਅਰਸੇ ਦੌਰਾਨ ਤੁਸੀਂ ਕਿਸਾਨ ਤੇ ਕਿਸਾਨ ਨੁਮਾਇੰਦਿਆਂ ਨਾਲ ਇੱਕ ਵਾਰ ਵੀ ਚਰਚਾ ਕੀਤੀ, ਤਾਂ ਉਹ ਲਾਜਵਾਬ ਸਨ।

ਯੂਐੱਨਓ ਦਾ ਮਤਾ ਇਹ ਵੀ ਨੋਟ ਕਰਦਾ ਹੈ ਕਿ ਖੁਰਾਕੀ ਪਦਾਰਥਾਂ ਦੀ ਜਮ੍ਹਾਂਖੋਰੀ ਅਤੇ ਵੰਡ ਵਿਚ ਵਿਤਕਰਾ ਮਨੁੱਖੀ ਹੱਕਾਂ ਦੇ ਰਾਹ ਵਿਚ ਅੜਿੱਕਾ ਹੈ ਪਰ ਕੇਂਦਰ ਸਰਕਾਰ ਨੇ ਇਸ ਤੋਂ ਉਲਟ ਰੁਖ਼ ਜਾਂਦਿਆਂ ਜ਼ਰੂਰੀ ਵਸਤਾਂ ਸੋਧ ਕਾਨੂੰਨ ਤਹਿਤ ਕਾਲਾ ਬਾਜ਼ਾਰੀ ਨੂੰ ਕਾਨੂੰਨੀ ਮਾਨਤਾ ਦੇ ਕੇ ਕਰੋੜਾਂ ਲੋਕਾਂ ਤੋਂ ਜ਼ਰੂਰੀ ਵਸਤਾਂ ਦੂਰ ਕਰਨ ਦਾ ਕਾਨੂੰਨੀ ਰਾਹ ਬਣਾ ਦਿੱਤਾ ਹੈ ਪਰ ਪੰਜਾਬ ਨੇ ਇਸ ਨੂੰ ਕਾਨੂੰਨਾਂ ਦੀ ਨਹੀਂ, ਹੋਂਦ ਦੀ ਲੜਾਈ ਵਜੋਂ ਚਿਤਵਿਆ ਅਤੇ ਉਸੇ ਤਿਆਰੀ ਨਾਲ ਹੀ ਦਿੱਲੀ ਵੱਲ ਚੜ੍ਹਾਈ ਕੀਤੀ ਹੈ। ਫਿਰ ਕਾਨੂੰਨਾਂ ਦੀ ਸੋਧ ਦੀ ਗੱਲ ਕਿਵੇਂ ਮਨਜ਼ੂਰ ਕੀਤੀ ਜਾ ਸਕਦੀ ਹੈ?

# ਕ੍ਰਿਸਮਸ: ਈਸਾ ਦਾ ਜਨਮ ਦਿਨ ਜਾਂ ਮੌਸਮੀ ਮੇਲਾ

**ਮੁਹਿੰਦਰ ਸਿੰਘ ਘੱਗ ਦਾ ਇਕ ਪੁਰਾਣਾ ਲੇਖ**

ਕ੍ਰਿਸਮਸ ਸੰਸਾਰ ਵਿਚ ਸਭ ਨਾਲੋਂ ਮਹਿੰਗਾ ਅਤੇ ਸਭ ਨਾਲੋਂ ਵੱਡੇ ਪੱਧਰ ਤੇ ਮਨਾਏ ਜਾਣ ਵਾਲਾ ਮੇਲਾ ਹੋਣ ਦੇ ਨਾਲ ਨਾਲ ਕਈ ਦਫਾ ਵਿਵਾਦਾਂ ਦੇ ਘੇਰੇ ਵਿਚ ਵੀ ਆ ਜਾਂਦਾ ਹੈ। ਸੰਨ 2005 ਵਿਚ ਬਹੁਤ ਸਾਰੇ ਲੋਕਾਂ ਦੇ ਦਬਾਅ ਥੱਲੇ ਵਾਲਮਾਰਟ ਅਤੇ ਹੋਰ ਸਟੋਰਾਂ ਨੇ ਆਪਣੇ ਸਟੋਰਾਂ ਤੇ ਕ੍ਰਿਸਮਸ ਦਾ ਬੈਨਰ ਲਾਉਣ ਦੀ ਬਜਾਏ ਹੈਪੀ ਹੋਲੀਡੇ ਦੇ ਬੈਨਰ ਲਟਕਾਏ ਤਾਂ ਕ੍ਰਿਸਚੀਅਨ ਭਾਈਚਾਰੇ ਨੇ ਰੋਸ ਵਜੋਂ ਸਟੋਰਾਂ ਨੂੰ ਪੱਤਰ ਲਿਖੇ। ਅਖਬਾਰਾਂ ਰਾਹੀਂ ਰੋਸ ਪ੍ਰਗਟ ਕੀਤਾ। ਸਟੋਰਾਂ ਦਾ ਬਾਈਕਾਟ ਕੀਤਾ, ਜਿਸ ਨਾਲ ਸਟੋਰਾਂ ਦੀ ਸੇਲ ਨੂੰ ਫਰਕ ਪਿਆ।

ਵਿਉਪਾਰੀ ਤਬਕਾ ਤਾਂ 'ਸੇਲ ਬੋਟ' ਦੀ ਨਿਆਈਂ ਹੁੰਦਾ ਹੈ। ਆਪਣੀ ਜੇਬ ਖਾਤਰ ਉਹ ਹਵਾ ਦੇ ਬਦਲਦੇ ਰੁਖ ਨਾਲ ਆਪਣੀ ਦਿਸ਼ਾ ਬਦਲ ਲੈਂਦਾ ਹੈ। ਵਕਤ ਦੀ ਨਜ਼ਾਕਤ ਨੂੰ ਸਮਝਦਿਆਂ ਸੰਨ 2006 ਤੋਂ ਹੀ ਹੋਲੀਡੇਜ਼ ਦੇ ਬੈਨਰ ਮੈਰੀ ਕ੍ਰਿਸਮਸ ਵਿਚ ਬਦਲ ਗਏ ਅਤੇ ਸਟੋਰ ਦੇ ਅੰਦਰ ਜਾਂਦਿਆਂ ਹੀ 'ਜਿੰਗਲ ਬੈਲ, ਜਿੰਗਲ ਬੈਲ' ਦੀਆਂ ਧੁਨਾਂ ਗਾਹਕਾਂ ਦਾ ਸਵਾਗਤ ਕਰਨ ਲੱਗ ਪਈਆਂ।

### ਕ੍ਰਿਸਮਸ ਇਕ ਮੌਸਮੀ ਮੇਲਾ

ਕ੍ਰਿਸਮਿਸ ਇਕ ਮੌਸਮੀ ਮੇਲਾ ਹੈ ਇਸ ਦਾ ਸਬੰਧ ਸੂਰਜ ਨਾਲ ਹੈ। ਜਦ ਬਾਕੀ ਮੇਲਿਆਂ ਵਾਂਗ ਇਸ 'ਤੇ ਵੀ ਧਰਮ ਨੇ ਚਾਦਰ ਪਾ ਲਈ ਤਾਂ ਕ੍ਰਿਸਚੀਅਨ ਭਾਈਚਾਰਾ ਇਸ ਮੌਸਮੀ ਮੇਲੇ ਨੂੰ ਈਸਾ ਦੇ ਜਨਮ ਦਿਨ ਵਜੋਂ ਮਨਾਉਣ ਲੱਗਾ। ਹੌਲੀ ਹੌਲੀ ਕ੍ਰਿਸਚੀਅਨ ਭਾਈਚਾਰਾ ਇੱਡਾ ਹਾਵੀ ਹੋ ਗਿਆ ਕਿ ਇਸ ਮੇਲੇ ਦੀ ਅਸਲ ਹੋਂਦ ਧੁੰਦਲੀ ਹੋ ਗਈ। ਇਤਿਹਾਸ ਗਵਾਹ ਹੈ ਕਿ ਤਾਕਤਵਰ ਹਮੇਸ਼ਾ ਹੀ ਇਤਿਹਾਸ ਨੂੰ ਆਪਣੀ ਮਰਜ਼ੀ ਮੁਤਾਬਕ ਢਾਲਦਾ ਆਇਆ ਹੈ। ਭਾਰਤ ਵਿਚ ਇਸਦੀ ਤਾਜ਼ਾ ਮਿਸਾਲ ਭਾਰਤੀ ਜਨਤਾ ਪਾਰਟੀ (ਬੀਜੇਪੀ) ਅਤੇ ਰਾਸ਼ਟਰੀ ਸੋਇਮ ਸੇਵਕ ਸੰਘ ਦੀ ਹੈ ਜੋ ਇਤਿਹਾਸ ਨੂੰ ਗੇਰੂਆ ਕਰਨ ਦੇ ਯਤਨ ਕਰ ਰਹੇ ਹਨ।

ਪੁਰਾਤਨ ਮਨੁੱਖ ਧਰਤੀ ਨੂੰ ਧੁਰਾ ਮਨ ਕੇ ਚੰਦ ਸੂਰਜ ਨੂੰ ਧਰਤੀ ਦੁਆਲੇ ਘੁੰਮਦਾ ਮੰਨਦਾ ਸੀ। ਵਧਦੇ ਘਟਦੇ ਚੰਦਰਮਾ ਨੂੰ ਤੱਕ ਕੇ ਉਸ ਨੇ ਸਮੇਂ ਦੇ ਮਾਪ ਤੋਲ ਲਈ ਕੈਲੰਡਰ ਬਣਾ ਲਿਆ। ਕੁਝ ਮੇਲੇ ਉਸਨੇ ਚੰਦਰਮਾ ਦੇ ਵਧਣ ਘਟਣ ਨਾਲ ਅਤੇ ਕੁਝ ਚੰਦਰਮਾ ਨੂੰ ਕੈਲੰਡਰ ਮੰਨ ਕੇ ਵਾਪਰੀਆਂ ਘਟਨਾਵਾਂ ਦੇ ਆਧਾਰ ਤੇ ਨੀਅਤ ਕਰ ਲਏ। ਜਿਵੇਂ ਮੱਸਿਆ, ਪੁੰਨਿਆਂ, ਦੀਪਾਵਲੀ, ਈਦ ਮੁਬਾਰਕ, ਰਖੜ ਪੁੰਨਿਆਂ, ਕਰਵਾ ਚੌਥ ਅਤੇ ਦੁਸਹਿਰਾ ਵਗੈਰਾ।

ਕੁਝ ਮੇਲੇ ਸੂਰਜ ਨਾਲ ਜੁੜੇ ਹੋਏ ਹਨ। ਅੱਜ ਅਸੀਂ ਸਿਰਫ ਇਕ ਮੇਲੇ ਦੀ ਗੱਲ ਕਰਾਂਗੇ, ਜਿਸ ਨੂੰ ਕ੍ਰਿਸਮਸ ਵਜੋਂ ਮਨਾਇਆ ਜਾਂਦਾ ਹੈ। ਸੂਰਜ ਆਕਾਰ ਵਿਚ ਤਾਂ ਇਕੋ ਸਮਾਨ ਰਹਿੰਦਾ ਹੈ ਪਰ ਇਸ ਦੀ ਹਾਜ਼ਰੀ ਦਾ ਸਮਾਂ ਬਦਲਣ ਨਾਲ ਕਦੇ ਅੰਤਾਂ ਦੀ ਗਰਮੀ ਅਤੇ ਕਦੇ ਠੁਰ ਠੁਰ ਕਰਦਾ ਪਾਲਾ। ਭਰ ਜਵਾਨ ਸੂਰਜ ਦੀ ਗਰਮੀ ਤੋਂ ਬਚਣ ਲਈ ਮਨੁੱਖ ਕੁੱਲੀਆਂ ਬਣਾ ਸਕਦਾ ਸੀ। ਉਸ ਪਾਸ ਛਾਂ ਲਈ ਦਰਖਤ ਸਨ। ਦਰਿਆਵਾਂ, ਟੋਭਿਆਂ ਵਿਚ ਵੀ ਚੁੱਭੀਆਂ ਲਾ ਸਕਦਾ ਸੀ। ਸੂਰਜ ਦੇਵਤੇ ਨੂੰ ਸ਼ਾਂਤ ਕਰਨ ਲਈ ਮਨੁੱਖ ਨੇ ਸਵੇਰੇ ਉੱਠ ਕੇ ਸੂਰਜ ਨੂੰ ਪਾਣੀ ਅਰਪਨ ਕਰਨਾ ਸ਼ੁਰੂ ਕੀਤਾ। (ਸ਼ਿਵਲਿੰਗ ਤੇ ਪਾਣੀ ਜਾਂ ਦੁੱਧ ਪਾਉਣਾ ਵੀ ਕਾਮਦੇਵ ਨੂੰ ਸ਼ਾਂਤ ਰੱਖਣ ਲਈ ਹੀ ਹੈ)। ਸੂਰਜ ਅਲੋਪ ਹੁੰਦਿਆਂ ਹੀ ਠਰੂੰ ਠਰੂੰ ਕਰਦੀ ਸਰਦੀ ਜਦ ਆ ਡੇਰਾ ਜਮਾਉਂਦੀ ਤਾਂ ਠੰਡ ਤੋਂ ਬਚਣ ਲਈ ਮਨੁੱਖ ਪਾਸ ਸਿਰਫ ਅੱਗ ਦਾ ਸਹਾਰਾ ਸੀ। ਉਹ ਵੀ ਤਾਂ ਅੱਗ ਵਾਲੇ ਪਾਸੇ ਨਿੱਘ ਹੁੰਦਾ, ਬਾਕੀ ਸਾਰਾ ਜਿਸਮ ਤਾਂ ਨਿੱਘ ਵਿਚ ਨਹੀਂ ਲਪੇਟਿਆ ਜਾ ਸਕਦਾ ਸੀ। ਜਦ ਕਦੀ ਧੁੰਦ ਕਾਰਨ ਸੂਰਜ ਭਗਵਾਨ ਦੇ ਕਈ ਦਿਨ ਦਰਸ਼ਣ ਹੀ ਨਾ ਹੁੰਦੇ ਤਾਂ ਮਨੁੱਖ ਨੂੰ ਘਬਰਾਹਟ ਹੋਣੀ ਸੁਭਾਵਕ ਹੀ ਸੀ। ਉੱਪਰੋਂ ਪੁਜਾਰੀ ਤਬਕਾ ਦੱਸਦਾ ਕਿ ਸੂਰਜ ਦੇਵਤਾ ਤਾਂ ਧੁੰਦ ਦੇ ਦੈਂਤ ਨਾਲ ਜੰਗ ਵਿਚ ਰੁੱਝਾ ਹੋਇਆ ਹੈ। ਉਹ ਦਿਨੋਂ ਦਿਨ ਕਮਜ਼ੋਰ ਹੋ ਰਿਹਾ ਹੈ। ਸਾਨੂੰ ਉਸਦੀ ਮਦਦ ਲਈ ਪੂਜਾ ਪਾਠ ਕਰਨਾ ਚਾਹੀਦਾ ਹੈ। ਕੋਈ ਕੁਰਬਾਨੀ ਦੇਣੀ ਚਾਹੀਦੀ ਹੈ।

ਸਾਡੇ ਪੂਰਵਜਾਂ ਪਾਸ ਵਿਗਿਆਨਕ ਖੋਜ ਤਾਂ ਹੈ ਨਹੀਂ ਸੀ, ਉਹਨਾਂ ਦਾ ਜੀਵਨ ਤਾਂ ਮਿਥਿਹਾਸ ਸਹਾਰੇ ਚੱਲ ਰਿਹਾ ਸੀ। ਕਮਜ਼ੋਰ ਹੋਏ ਸੂਰਜ ਨੂੰ ਮਦਦ ਦੇਣ ਦੀ ਪਰਥਾ ਕੋਈ ਚਾਰ ਹਜ਼ਾਰ ਸਾਲ ਪੁਰਾਣੀ ਹੈ। ਮੈਸੋਪਟੇਮੀਆਂ ਫਰਾਤ ਅਤੇ ਟਾਈਗਰਸ ਦਰਿਆਵਾਂ ਦੇ ਵਿਚਾਲੇ ਦੇ ਇਲਾਕੇ (ਟਾਈਗਰਸ ਦਰਿਆ ਇਰਾਕ ਵਿਚ ਹੈ ਅਤੇ ਫਰਾਤ ਈਰਾਨ ਵਿਚ) ਦੇ ਇਤਿਹਾਸ ਵਿੱਚੋਂ ਕੋਈ ਚਾਰ ਹਜ਼ਾਰ ਸਾਲ ਤੋਂ ਸੂਰਜ ਦੀ ਮਦਦ ਲਈ ਕੀਤੇ ਉਪਰਾਲੇ ਦੀ ਜਾਣਕਾਰੀ ਮਿਲਦੀ ਹੈ। ਜਦ ਸੂਰਜ ਘੱਟ ਤੋਂ ਘੱਟ ਸਮੇਂ ਲਈ ਹਾਜ਼ਰੀ ਭਰਨ ਲੱਗਾ ਤਾਂ ਉਸਦੀ ਸਹਾਇਤਾ ਲਈ ਮੈਸੋਪਟੇਮੀਆਂ ਦਾ ਰਾਜਾ ਆਪਣੇ ਸਭ ਤੋਂ ਤਾਕਤਵਰ ਦੇਵਤੇ ਮਰਡੂਕ ਦੀ ਪੂਜਾ ਕਰਨ ਉਸ ਦੇ ਮੰਦਰ ਜਾਂਦਾ। ਪੂਜਾ ਤੋਂ ਉਪਰੰਤ ਰਾਜੇ ਦੀ ਕੁਰਬਾਨੀ ਦੇਣੀ ਹੁੰਦੀ ਸੀ ਤਾਂ ਕਿ ਉਹ ਮਰਡੂਕ ਦੇਵਤੇ ਨਾਲ ਰਲ ਕੇ ਸੂਰਜ ਨੂੰ ਧੁੰਦ ਦੇ ਦੈਂਤ ਤੋਂ ਛੁਡਵਾ ਲਵੇ। ਰਾਜੇ ਦੀ ਜਾਨ ਬਚਾਉਣ ਲਈ ਰਾਜੇ ਦੀ ਥਾਂ ਕਿਸੇ ਅਪਰਾਧੀ ਦੀ ਚੋਣ ਹੁੰਦੀ। ਉਸ ਨੂੰ ਰਾਜੇ ਵਰਗੇ ਬਸਤਰ ਪੁਆਏ ਜਾਂਦੇ। ਰਾਜੇ ਵਰਗੀਆਂ ਸਭ ਸੁਵਿਧਾਵਾਂ ਹੁੰਦੀਆਂ। ਰਾਜੇ ਜਿੰਨੀ ਇਜ਼ਤ ਹੁੰਦੀ। ਪੂਜਾ ਤੋਂ ਬਾਅਦ ਰਾਜੇ ਵਾਲੀ ਪੁਸ਼ਾਕ ਉਤਾਰ ਕੇ ਉਸ ਅਪਰਾਧੀ ਦੀ ਕੁਰਬਾਨੀ ਦੇ ਦਿੱਤੀ ਜਾਂਦੀ। ਇਹ ਸਾਰੀ ਪ੍ਰਕਿਰਿਆ ਬਾਰਾਂ ਦਸੰਬਰ ਤੋਂ ਸ਼ੁਰੂ ਹੁੰਦੀ ਅਤੇ ਬਾਰਾਂ ਦਿਨ ਚਲਦੀ।

ਇਸੇ ਤਰ੍ਹਾਂ ਹੀ ਪਰਸ਼ੀਅਨ ਅਤੇ ਬਿਬਲੋਨੀਅਨ ਲੋਕ ਇਹੋ ਜਿਹੇ ਉਪਰਾਲੇ ਕਰਦੇ। ਫਰਕ ਸਿਰਫ ਇੰਨਾ ਹੁੰਦਾ ਕਿ ਓਨੇ ਦਿਨ ਮਾਲਕ ਗੁਲਾਮ ਹੁੰਦੇ ਅਤੇ ਗੁਲਾਮ ਮਾਲਕ। ਮਾਲਕਾਂ ਨੂੰ ਗੁਲਾਮਾਂ ਦੀ ਤਾਬਿਦਾਰੀ ਕਰਨੀ ਪੈਂਦੀ। ਇਸ ਮੇਲੇ ਦੀ ਪੂਜਾ ਪਾਠ ਨੂੰ ਉਹ ਸਾਕਿਹੀਆ ਆਖਦੇ।

ਸਕੈਂਡੇਨੇਵੀਆ ਵਿਚ ਸੂਰਜ ਕੋਈ ਪੈਂਤੀ ਦਿਨ ਨਜ਼ਰ ਹੀ ਨਹੀਂ ਆਉਂਦਾ। ਤੀਹ ਕੁ ਦਿਨ ਬੀਤਣ ਬਾਅਦ ਕੁਝ ਲੋਕ ਪਹਾੜ ਦੀ ਚੋਟੀ ਤੇ ਚੜ੍ਹ ਕੇ ਦੇਖਦੇ। ਜਿਸ ਦਿਨ ਉਹਨਾਂ ਨੂੰ ਸੂਰਜ ਦੀ ਲੋ ਦਿਸਦੀ ਤਾਂ ਉਹ ਹੇਠਾਂ ਉੱਤਰ ਕੇ ਉਸਦੀ ਖਬਰ ਦਿੰਦੇ। ਲੋਕੀਂ ਵੱਡੇ ਵੱਡੇ ਲੱਕੜਾਂ ਦੇ ਮੁੱਢ ਰੱਖ ਕੇ ਧੂਣੀ ਬਾਲਦੇ। ਉਸ ਦੁਆਲੇ ਨੱਚਦੇ ਗਾਉਂਦੇ ਅਤੇ ਇਕੱਠੇ ਖਾਂਦੇ ਪੀਂਦੇ। ਇਸੇ ਤਰ੍ਹਾਂ ਗਰੀਕ, ਜਰਮਨ ਅਤੇ ਹੋਰ ਬਹੁਤ ਸਾਰੇ ਲੋਕ ਸੂਰਜ ਨੂੰ ਮੁੜ ਸੁਰਜੀਤ ਕਰਨ ਲਈ ਆਪੋ ਆਪਣੇ ਢੰਗ ਵਰਤਦੇ।

ਸੂਰਜ ਨੂੰ ਮੁੜ ਸੁਰਜੀਤ ਹੋਇਆ ਦੇਖ ਕੇ ਖੁਸ਼ੀਆਂ ਮਨਾਈਆਂ ਜਾਂਦੀਆਂ। ਸੂਰਜ ਦੇਵਤੇ ਦਾ ਨਵਾਂ ਜਨਮ ਗਿਣਿਆ ਜਾਂਦਾ। ਲੋਕ ਇਹਨਾਂ ਦਿਨਾਂ ਵਿਚ ਘਰਾਂ ਨੂੰ ਸ਼ਿੰਗਾਰਦੇ ਅਤੇ ਗਰਮੀਆਂ ਵਿਚ ਪੈਦਾ ਹੋਏ ਅੰਗੂਰਾਂ ਦੀ ਫਸਲ ਤੋਂ ਤਿਆਰ ਕੀਤੀ ਵਾਈਨ ਦੀ ਖੁੱਲ੍ਹ ਕੇ ਵਰਤੋਂ ਹੁੰਦੀ। ਸਿਆਲ ਰੁੱਤੇ ਜਦ ਸਾਰੀ ਬਨਸਪਤੀ ਸੁੱਕ ਜਾਂਦੀ ਤਾਂ ਬਹੁਤ ਸਾਰੇ ਜਾਨਵਰ ਵੀ ਬੁੱਚੜ ਕਰ ਲਏ ਜਾਂਦੇ; ਇਸ ਲਈ ਮਾਸ ਦੀ ਵੀ ਕਾਫੀ ਵਰਤੋਂ ਹੁੰਦੀ। ਲੋਕ ਸੂਰਜ ਦੇ ਨਵੇਂ ਜਨਮ ਦੀ ਖੁਸ਼ੀ ਵਿਚ ਚੰਗਾ ਚੋਖਾ ਖਾਂਦੇ; ਨਚਦੇ, ਗਾਉਂਦੇ। ਇਹ ਇਸ ਮੇਲੇ ਦਾ ਇਤਿਹਾਸਕ ਪੱਖ ਹੈ।

### ਕ੍ਰਿਸਮਸ ਕ੍ਰਾਈਸਟ ਦਾ ਜਨਮ ਦਿਨ

ਈਸਾ ਮਸੀਹ ਨੂੰ ਕ੍ਰਾਈਸਟ ਵੀ ਕਿਹਾ ਜਾਂਦਾ ਹੈ। ਉਸ ਦੇ ਪੈਰੋਕਾਰਾਂ ਨੂੰ ਕ੍ਰਿਸਚੀਅਨ ਅਤੇ ਉਸ ਦੇ ਜਨਮ ਦਿਨ ਤੇ ਮਨਾਏ ਗਏ ਜਸ਼ਨ ਨੂੰ ਕ੍ਰਿਸਮਸ। ਈਸਾ ਮਸੀਹ ਦਾ ਜਨਮ ਕਦੋਂ ਹੋਇਆ, ਇਸ ਦਾ ਕੋਈ ਵੀ ਸਬੂਤ ਨਹੀਂ ਮਿਲਦਾ। ਈਸਾ ਮਸੀਹ ਦੀ ਸ਼ਹਾਦਤ ਤੋਂ ਬਾਅਦ ਉਸਦੇ ਸੇਵਕਾਂ ਨੂੰ ਬੇਹਦ ਕੁਰਬਾਨੀਆਂ ਦੇਣੀਆਂ ਪਈਆਂ। ਜਨਮ ਦਿਨ ਮਨਾਉਣਾ ਤਾਂ ਇਕ ਪਾਸੇ, ਉਹ ਤਾਂ ਇਕੱਠੇ ਵੀ ਚੋਰੀ ਛਿੱਪੇ ਹੁੰਦੇ ਸਨ।

ਪਾਲ ਯਹੂਦੀ ਸੀ। ਰੋਮ ਦਾ ਜੰਮਪਲ ਹੋਣ ਕਾਰਨ ਰੋਮਨ ਸੀ। ਉਸ ਨੇ ਖੁਦ ਕ੍ਰਾਈਸਟ ਨੂੰ ਦੇਖਿਆ ਤਕ ਨਹੀਂ ਸੀ। ਬਾਕੀ ਯਹੂਦੀਆਂ ਵਾਂਗ ਉਹ ਇਸ ਨਵੇਂ ਧਰਮ ਨਾਲ ਬੇਹਦ ਨਫਰਤ ਕਰਦਾ ਸੀ। ਉਸ ਨੇ ਇਸ ਨਵੇਂ ਧਰਮ ਨੂੰ ਖਤਮ ਕਰਨ ਲਈ ਬਹੁਤ ਸਾਰੇ ਕ੍ਰਿਸਚੀਅਨ ਨੂੰ ਫੜਾਇਆ, ਜਿਹਨਾਂ ਨੂੰ ਬੜੇ ਅਣਮਨੁੱਖੀ ਤਸੀਹੇ ਦਿੱਤੇ ਗਏ। ਬਾਅਦ ਵਿਚ ਉਸ ਨੇ ਖੁਦ ਕ੍ਰਿਸਚੀਅਨ ਧਰਮ ਅਪਨਾ ਲਿਆ। ਹੁਸ਼ਿਆਰ ਸੀ, ਕਾਫੀ ਪੜ੍ਹਿਆ ਹੋਇਆ ਸੀ। ਝਟ ਹੀ ਉਹ ਕ੍ਰਿਸਚੀਅਨਾਂ ਦਾ ਆਗੂ ਬਣ ਗਿਆ। ਉਸਨੇ ਕ੍ਰਿਸਚੀਐਨਿਟੀ ਨੂੰ ਦੂਰ ਦੁਰਾਡੇ ਪ੍ਰਚਾਰਨ ਦਾ ਪਰੋਗਰਾਮ ਉਲੀਕਿਆ। ਇਸ ਨੂੰ ਪਾਲ ਦੀ ਕ੍ਰਿਸਚੀਐਨਿਟੀ ਕਹਿਣਾ ਨਾਵਾਜਬ ਨਹੀਂ ਹੋਵੇਗਾ। ਉਸ ਨੇ ਪੈਜਨਸ ਕੌਮਾਂ ਵਿਚ (ਦੇਵੀ ਦੇਵਤਿਆਂ ਵਿਚ ਵਿਸ਼ਵਾਸ ਰਖਣ ਵਾਲੀਆਂ ਕੌਮਾਂ) ਕ੍ਰਿਸਚੀਐਨਿਟੀ ਦਾ ਪਰਚਾਰ ਕੀਤਾ। ਹਰ ਰੋਜ਼ ਜਨ ਸਾਧਾਰਨ ਉਹਨਾਂ ਨਾਲ ਜੁੜਨ ਲੱਗਾ।

ਫਿਰ ਇਕ ਸਮਾਂ ਅਜਿਹਾ ਵੀ ਆਇਆ ਕਿ ਰੋਮ ਬਾਦਸ਼ਾਹ ਕੋਨਸਟੇਟੀਨ ਇਕ ਲੜਾਈ ਵਿਚ ਹਾਰ ਗਿਆ। ਉਸ ਨੇ ਸੋਚਿਆ ਕਿ ਉਹਨਾਂ ਦੇ ਪੁਰਖਿਆਂ ਦਾ ਰੱਬ ਕਮਜ਼ੋਰ ਹੋ ਚੁੱਕਾ ਹੈ। ਅਗਰ ਉਸਨੂੰ ਅਗਲੀ ਲੜਾਈ ਵਿਚ ਜਿੱਤ ਪਰਾਪਤ ਹੋਈ ਤਾਂ ਉਹ ਇਸ ਨਵੇਂ ਉੱਭਰ ਰਹੇ ਧਰਮ ਨੂੰ ਅਪਨਾ ਲਵੇਗਾ। ਕੁਦਰਤਨ ਉਸ ਦੀ ਜਿੱਤ ਹੋਈ ਅਤੇ ਉਹ ਵੀ ਕ੍ਰਿਸਚੀਅਨ ਬਣ ਗਿਆ। ਰੋਮ ਵਿਚ ਕ੍ਰਿਸਚੀਅਨ ਚਰਚ ਤੋਂ ਪਾਬੰਦੀ ਹਟਾ ਲਈ ਗਈ। ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ (ਰਾਜ ਬਿਨਾਂ ਨਹੀਂ ਧਰਮ ਚਲੇ ਹੈ) ਕੰਮ ਕਰਨ ਲੱਗਾ।

ਕ੍ਰਿਸਚਿਐਨਿਟੀ ਦਾ ਫੈਲਾ ਸ਼ੁਰੂ ਹੋ ਗਿਆ। ਨਵੇਂ ਬਣੇ ਕ੍ਰਿਸਚੀਅਨ ਪੁਰਾਣੇ ਢੰਗ ਨਾਲ ਹੀ ਸੂਰਜ ਦੇ ਆਗਮਨ ਦਾ ਮੇਲਾ ਮੰਨਾਉਣ, ਕ੍ਰਿਸਚੀਅਨ ਰਹਿਬਰਾਂ ਨੂੰ ਇਹ ਮਨਜ਼ੂਰ ਨਹੀਂ ਸੀ। ਕ੍ਰਿਸਚੀਅਨ ਆਗੂਆਂ ਨੇ ਪੈਰੋਕਾਰਾਂ ਨੂੰ ਆਦੇਸ਼ ਦਿੱਤਾ ਕਿ ਇਹ ਮੇਲਾ ਪੈਜਨਸ ਲੋਕਾਂ ਦਾ ਹੈ, ਸਾਨੂੰ ਨਹੀਂ ਮਨਾਉਣਾ ਚਾਹੀਦਾ। ਕੁਝ ਸਫਲਤਾ ਤਾਂ ਹੋਈ ਪਰ ਉਹ ਇਸ ਮੇਲੇ ਨੂੰ ਪੂਰੀ ਤਰ੍ਹਾਂ ਨਾ ਰੋਕ ਸਕੇ। ਕ੍ਰਾਈਸਟ ਦੀ ਸ਼ਹਾਦਤ ਤੋਂ 98 ਸਾਲ ਬਾਅਦ ਫੇਰ ਆਗੂਆਂ ਨੇ ਇਕ ਹੋਰ ਪੈਂਤੜਾ ਅਪਣਾਇਆ ਕਿ ਇਹ ਮੇਲਾ ਚਰਚ ਅੰਦਰ ਬੈਠ ਕੇ ਪੂਜਾ ਪਾਠ ਨਾਲ ਮਨਾਇਆ ਜਾਵੇਗਾ। ਦੂਸਰੀ ਤਬਦੀਲੀ ਕ੍ਰਾਈਸਟ ਦੀ ਸ਼ਹਾਦਤ ਤੋਂ 137 ਸਾਲ ਬਾਅਦ ਰੋਮ ਦੇ ਬਿਸ਼ਪ ਨੇ ਆਪਣੇ ਸੇਵਕਾਂ ਨੂੰ ਪੂਜਾ ਪਾਠ ਦੇ ਨਾਲ ਨਾਲ ਇਕ ਦਾਅਵਤ ਕਰਨ ਲਈ ਵੀ ਆਦੇਸ਼ ਦਿੱਤੇ। ਕ੍ਰਾਈਸਟ ਦੀ ਸ਼ਹਾਦਤ ਤੋਂ ਕੋਈ 350 ਸਾਲ ਬਾਅਦ ਰੋਮ ਦੇ ਬਿਸ਼ਪ ਜੂਲੀਅਸ-1 ਨੇ 25 ਦਸੰਬਰ ਕ੍ਰਾਈਸਟ ਦਾ ਜਨਮ ਦਿਨ ਘੋਸ਼ਤ ਕਰ ਦਿੱਤਾ। ਉਸ ਵਕਤ ਤੋਂ ਕ੍ਰਿਸਮਸ ਕ੍ਰਾਈਸਟ ਦੇ ਜਨਮ ਦਿਨ ਵਜੋਂ ਮਨਾਈ ਜਾਣ ਲੱਗੀ। ਧਰਮ ਦਾ ਰੰਗ ਇੱਡਾ ਗੂੜ੍ਹਾ ਚੜ੍ਹਿਆ ਕਿ ਉਸ ਨੇ ਸਾਰੇ ਪੁਰਾਣੇ ਰੰਗ ਲਕੋ ਲਏ। ਕਈ ਇਤਿਹਾਸਕਾਰਾਂ ਦਾ ਖਿਆਲ ਹੈ ਕਿ ਕ੍ਰਾਈਸਟ ਦੇ ਜਨਮ ਦੀ ਤਾਰੀਖ 25 ਦਸੰਬਰ ਇਸ ਲਈ ਚੁਣੀ ਗਈ ਕਿ ਉਹ ਨਵੇਂ ਬਣੇ ਕ੍ਰਿਸਚੀਅਨਾਂ ਨੂੰ ਪੈਜਨਸ ਮੇਲੇ ਦਾ ਬਦਲ ਦੇ ਸਕਣ। ਉਹ ਮੌਸਮੀ ਮੇਲਾ ਅੱਜ ਸਿਰਫ ਕ੍ਰਿਸਚੀਅਨ ਮੇਲਾ ਬਣ ਕੇ ਰਹਿ ਗਿਆ ਹੈ।

### ਕ੍ਰਿਸਮਿਸ ਦੇ ਬਦਲਦੇ ਰੰਗ

ਕ੍ਰਾਈਸਟ ਸਾਦਗੀ ਪਸੰਦ ਸੀ। ਜ਼ਿਆਦਾ ਤਰ ਉਸ ਦੇ ਪੈਰੋਕਾਰ ਆਰਥਕ ਪੱਖੋਂ ਕਮਜ਼ੋਰ ਸਨ। 25 ਦਸੰਬਰ ਨੂੰ ਉਹ ਕ੍ਰਾਈਸਟ ਦੇ ਜਨਮ ਤੇ ਚਰਚ ਵਿਚ ਇਕੱਠੇ ਹੋ ਕੇ ਖੁਸ਼ੀ ਮਨਾਉਂਦੇ। ਸਮਾਂ ਕਦੇ ਖਲੋਤਾ ਨਹੀਂ ਅਤੇ ਨਾ ਹੀ ਰਸਮੋ ਰਿਵਾਜ। ਇਹ ਵੀ ਸਮੇਂ ਨਾਲ ਬਦਲਦੇ ਰਹਿੰਦੇ ਹਨ। ਯੇਰੋਸ਼ਲਮ ਦੇ ਚੁਗਿਰਦੇ 'ਚੋਂ ਨਿਕਲ ਕ੍ਰਿਸਚਿਐਨੇਟੀ ਜਦ ਦੂਰ ਯੂਰਪ ਅਤੇ ਅਫਰੀਕਾ ਤਕ ਫੈਲੀ ਤਾਂ ਉਹਨਾਂ ਦੇ ਰਸਮੋ ਰਿਵਾਜ ਦਾ ਪਰਛਾਵਾਂ ਵੀ ਕ੍ਰਿਸਮਸ ਤੇ ਪੈਣ ਲੱਗਾ।




### ਕ੍ਰਿਸਮਸ ਟਰੀ ਦੀ ਵਰਤੋਂ

ਅੱਜ ਘਰਾਂ ਵਿਚ ਕ੍ਰਿਸਮਸ ਸੀਜ਼ਨ ਦੀ ਸ਼ੁਰੂਆਤ ਕ੍ਰਿਸਮਸ ਟਰੀ ਨਾਲ ਹੁੰਦੀ ਹੈ। ਵੱਖੋ ਵੱਖਰੇ ਢੰਗਾਂ ਨਾਲ ਸ਼ੰਗਾਰ ਕੇ ਸਿਖਰ ਇਕ ਤਾਰਾ ਟੰਗਿਆ ਜਾਂਦਾ ਹੈ। ਸਭ ਤੋਂ ਪਹਿਲਾਂ ਜਰਮਨ ਵਾਲਿਆਂ ਨੇ ਕੋਈ ਸੋਲ੍ਹਵੀਂ ਸਦੀ ਵਿਚ ਘਰਾਂ ਵਿਚ ਸ਼ੰਗਾਰਿਆ ਕ੍ਰਿਸਮਸ ਟਰੀ ਰੱਖ ਕੇ ਕ੍ਰਿਸਮਸ ਮਨਾਈ। ਉਸ ਦੇ ਹਾਰ ਸ਼ਿੰਗਾਰ ਲਈ ਸੇਬ, ਨਾਸ਼ਪਾਤੀਆਂ ਅਤੇ ਹੋਰ ਫਲ ਵਗੈਰਾ ਦੀ ਵਰਤੋਂ ਕੀਤੀ ਗਈ। ਬਾਅਦ ਵਿਚ ਹੋਰ ਕਈ ਕਿਸਮ ਦਾ ਚਮਕਦਾ ਦਮਕਦਾ ਹਾਰ ਸ਼ਿੰਗਾਰ ਬਾਜ਼ਾਰਾਂ ਵਿਚ ਆ ਗਿਆ। ਕਹਿੰਦੇ ਨੇ ਲੂਥਰ ਨਾਮ ਦਾ ਇਕ ਪਰੋਟੈਸਟੈਂਟ ਜਰਮਨ ਪਾਦਰੀ ਨੂੰ ਇਕ ਰਾਤ ਇਕ ਸਦਾਬਹਾਰ ਰਹਿਣ ਵਾਲੇ ਬੂਟੇ ਦੀਆਂ ਪਤਿਆਂ ਵਿਚ ਦੀ ਟਿਮਟਿਮਾਉਂਦੇ ਅਸਮਾਨੀ ਤਾਰੇ ਬੇਹਦ ਪਸੰਦ ਆਏ ਤਾਂ ਘਰ ਆ ਕੇ ਉਸ ਨੇ ਤਾਰਾਂ ਨਾਲ ਕ੍ਰਿਸਮਸ ਟਰੀ ਦੀਆਂ ਟਾਹਣਾਂ ਵਿਚ ਜਲਦੀਆਂ ਮੋਮਬਤੀਆਂ ਬੰਨੀਆਂ। ਅੱਜ ਬਿਜਲੀ ਦੇ ਰੰਗ ਬਰੰਗੇ ਬਲਬ ਸ਼ਿੰਗਾਰ ਦਾ ਇਕ ਜ਼ਰੂਰੀ ਹਿੱਸਾ ਬਣ ਗਏ ਹਨ।

ਅਠਾਰਾਂ ਸੌ ਛਤਾਲੀ ਦੇ ਕ੍ਰਿਸਮਸ ਸੀਜ਼ਨ ਦੌਰਾਨ ਜਦ ਬ੍ਰਿਟਿਸ਼ ਲੋਕਾਂ ਨੇ ਆਪਣੀ ਹਰਦਿਲ ਅਜ਼ੀਜ਼ ਮਲਕਾ ਵਿਕਟੋਰੀਆ ਅਤੇ ਪ੍ਰਿੰਸ ਐਲਬਰਟ ਨੂੰ ਆਪਣੇ ਬੱਚਿਆਂ ਸਮੇਤ ਸ਼ਿੰਗਾਰੇ ਹੋਏ ਕ੍ਰਿਸਮਸ ਟਰੀ ਪਾਸ ਲੰਡਨ ਨਿਊਜ਼ ਵਿਚ ਛਪੀ ਤਸਵੀਰ ਵਿਚ ਦੇਖਿਆ ਤਾਂ ਸਾਰੇ ਇੰਗਲੈਂਡ ਵਿਚ ਕ੍ਰਿਸਮਸ ਟਰੀ ਕ੍ਰਿਸਮਸ ਦਾ ਜ਼ਰੂਰੀ ਅੰਗ ਬਣ ਗਿਆ। ਜਰਮਨ ਪਿਛੋਕੜ ਵਾਲੇ ਅਮਰੀਕਨ ਵਾਸੀਆਂ ਨੇ ਅਮਰੀਕਾ ਦੀ ਧਰਤੀ ਤੇ ਕੋਈ ਸਤਾਰਾਂ ਸੌ ਸੰਨਤਾਲੀ ਵਿਚ ਹੀ ਕ੍ਰਿਸਮਸ ਟਰੀ ਨੂੰ ਕ੍ਰਿਸਮਸ ਦਾ ਅੰਗ ਬਣਾ ਲਿਆ ਸੀ ਪਰ ਨਿਊ ਇੰਗਲੈਂਡ ਸਟੇਟ ਦੇ ਪਿਊਰੀਟਨ ਕ੍ਰਿਸਚੀਅਨ (ਕੈਥੋਲਿਕ, ਪਰੋਟੈਸਟੈਂਟ, ਪਿਉਰਟਨ, ਲੂਥਰਨ; ਕ੍ਰਿਸਚਿਐਨੇਟੀ ਦੇ ਵੱਖ ਵੱਖ ਫਿਰਕੇ) ਕ੍ਰਿਸਮਸ ਟਰੀ ਅਤੇ ਗਲੀਆਂ ਵਿਚ ਗੀਤ ਗਾਉਣ ਅਤੇ ਹੋਰ ਸਾਰੇ ਧੂਮ ਧੜੱਕੇ ਨੂੰ ਪੇਜਨ ਧਰਮ ਦਾ ਹਿੱਸਾ ਸਮਝਦੇ ਸਨ। ਇਹ ਸਭ ਰਸਮਾਂ ਕ੍ਰਾਈਸਟ ਤੋਂ ਪਹਿਲਾਂ ਜਰਮਨ ਵਾਲੇ ਸਰਦ ਰੁੱਤੇ ਜਦੋਂ ਹਰ ਪਾਸੇ ਸੋਕਾ ਹੀ ਸੋਕਾ ਨਜ਼ਰ ਆਉਂਦਾ ਸੀ, ਦਾਨਵਾਂ ਤੋਂ ਆਪਣੇ ਘਰਾਂ ਨੂੰ ਬਚਾਉਣ ਲਈ ਆਪਣੇ ਘਰਾਂ ਅੱਗੇ ਸਦਾ ਬਹਾਰ ਦੀਆਂ ਟਾਹਣਾਂ ਟੰਗਦੇ ਸਨ। ਇਸੇ ਤਰ੍ਹਾਂ ਦੇ ਕੁਝ ਰਿਵਾਜ ਰੋਮ ਵਾਲਿਆਂ ਅਤੇ ਮਿਸਰ ਵਾਲਿਆਂ ਵਿਚ ਵੀ ਪ੍ਰਚਲਤ ਸਨ। ਰੋਮ ਵਾਲੇ ਤਾਂ ਸਾਡੀ ਲੋਹੜੀ ਦੇ ਤਿਉਹਾਰ ਵਾਂਗ ਗਲੀਆਂ ਵਿਚ ਗਾਉਂਦੇ ਫਿਰਦੇ ਹੁੰਦੇ ਸਨ। ਨਿਊ ਇੰਗਲੈਂਡ ਸਟੇਟ ਦੇ ਗਵਰਨਰ ਨੇ ਇਹਨਾਂ ਪੈਜਨ ਰਿਵਾਜ਼ਾਂ 'ਤੇ ਪਾਬੰਦੀ ਲਗਾ ਦਿੱਤੀ। ਹੋਰ ਜਰਮਨ ਆਉਣ ਨਾਲ ਹੌਲੀ ਹੌਲੀ ਕੋਈ ਉਨੀਵੀਂ ਸਦੀ ਵਿਚ ਕ੍ਰਿਸਮਸ ਦੌਰਾਨ ਕ੍ਰਿਸਮਸ ਟਰੀ ਦੀ ਆਮ ਵਰਤੋਂ ਹੋਣ ਲੱਗੀ। ਅੱਜ ਅਮਰੀਕਾ ਇਕ ਧਰਮ ਨਿਰਪੱਖ ਦੇਸ ਹੋਣ ਦੇ ਬਾਵਜੂਦ ਕ੍ਰਿਸਮਸ ਮੌਕੇ ਸਰਕਾਰੀ ਤੌਰ 'ਤੇ ਵਾਸ਼ਿੰਗਟਨ ਵਿਚ ਕੋਈ ਅੱਸੀ ਫੁੱਟ ਉੱਚਾ ਕ੍ਰਿਸਮਸ ਟਰੀ ਲਗਾਉਂਦਾ ਹੈ ਅਤੇ ਅਮਰੀਕਾ ਦਾ ਪਰਧਾਨ ਉਸ 'ਤੇ ਲੱਗੀਆਂ ਬਤੀਆਂ ਜਗਾਉਣ ਲਈ ਸਵਿੱਚ ਆਨ ਕਰਦਾ ਹੈ।

### ਸੈਂਟਾ ਕਲਾਸ ਦੀ ਆਮਦ

ਕ੍ਰਿਸਮਸ ਵਿਚ ਸੈਂਟਾ ਕਲਾਸ ਲਿਆਉਣ ਦਾ ਸੂਪਨਾ ਨਿਊਯਾਰਕ ਦੇ ਇਕ ਲੇਖਕ ਕਲਮੀਨਟ ਕਲਾਰਕ ਮੂਰ ਨੇ ਸੰਨ 1823 ਵਿਚ ਲਿਆ। ਕਾਰਟੂਨਿਸਟ ਥੌਮਸ ਨਾਸਟ ਨੇ ਉਸ ਦੀ ਰੂਪ ਰੇਖਾ ਉਲੀਕੀ। ਲਾਲ ਕੋਟ ਵਿਚ ਲਪੇਟਿਆ ਹੋਇਆ ਢਿੱਲਾ ਜਿਹਾ ਵੱਡਾ ਸਾਰਾ ਢਿੱਡ, ਢਿੱਲੀ ਜਿਹੀ ਲਾਲ ਪੈਂਟ, ਸਫੇਦ ਲੰਮੀ ਦਾਹੜੀ, ਸਿਰ ਉੱਤੇ ਲਾਲ ਟੋਪੀ ਪਹਿਨ ਕੇ ਜਦੋਂ ਸੈਂਟਾ ਕਲਾਸ ਸਾਹਮਣੇ ਆਇਆ ਤਾਂ ਉਸਦੇ ਚੀਚ ਵਹੁਟੀ (ਬਰਸਾਤ ਰੁੱਤੇ ਨਿਕਲਣ ਵਾਲੀ ਮਖ਼ਮਲੀ ਲਾਲ ਰੰਗ ਦੀ ਭੂੰਡੀ) ਦੇ ਰੂਪ ਨੇ ਸਭਨਾਂ ਦਾ, ਖਾਸ ਕਰ ਬੱਚਿਆਂ ਦਾ ਮਨ ਮੋਹ ਲਿਆ। ਇਸਦਾ ਪਿਛੋਕੜ ਸੇਂਟ ਨਿਕਲਸ ਜਾਂ ਸੇਂਟ ਲੂਸੀ ਨਾਲ ਜੋੜਿਆ ਜਾਂਦਾ ਹੈ, ਜੋ ਪਰਉਪਕਾਰੀ ਸਨ ਅਤੇ ਬੱਚਿਆਂ ਨਾਲ ਬਹੁਤ ਪਿਆਰ ਕਰਦੇ ਸਨ। ਸੈਂਟਾ ਕਲਾਸ ਦੇ ਆਉਣ ਨਾਲ ਗਿਫਟ ਲੈਣ ਦੇਣ ਦੀ ਅਮਰੀਕਨ, ਡੱਚ ਅਤੇ ਇੰਗਲਿਸ਼ ਰਵਾਇਤ ਨੂੰ ਬੜਾ ਬੜ੍ਹਾਵਾ ਮਿਲਿਆ।

ਸੈਂਟਾ ਕਲਾਸ ਦੇ ਆਉਣ ਤੋਂ ਪਹਿਲਾਂ ਬੱਚਿਆਂ ਦਾ ਕ੍ਰਿਸਮਸ ਨਾਲ ਕੋਈ ਸਬੰਧ ਨਹੀਂ ਸੀ। ਇਸਦੇ ਆਉਂਦਿਆਂ ਸਾਰ ਹੀ ਇਹ ਵਿਉਪਾਰੀਆਂ ਦਾ ਤਾਂ ਮਸੀਹਾ ਬਣ ਗਿਆ। ਮਾਪੇ ਆਪਣੇ ਬੱਚਿਆਂ ਨੂੰ ਸੈਂਟਾ ਕਲਾਸ ਦੀ ਗੋਦੀ ਵਿਚ ਬਿਠਾ ਕੇ ਤਸਵੀਰਾਂ ਖਿਚਵਾਉਂਦੇ ਹਨ। ਸਟੋਰ ਆਇਆ ਬੱਚਾ ਕੁਝ ਨਾ ਕੁਝ ਖਰੀਦਣ ਲਈ ਮਾਂ ਬਾਪ ਨੂੰ ਮਜਬੂਰ ਕਰ ਹੀ ਦਿੰਦਾ ਹੈ। ਵਿਉਪਾਰੀ ਤਬਕੇ ਵਲੋਂ ਗਿਫਟ ਦੀ ਅਖਬਾਰਾਂ ਰਾਹੀਂ ਗਿਫਟ ਲਿਸਟ ਅਠਾਰਵੀਂ ਸਦੀ ਵਿਚ ਸ਼ੁਰੂ ਹੋਈ, ਜੋ ਅੱਜ ਸਿਖਰਾਂ 'ਤੇ ਹੈ। ਅਜਕਲ ਤਾਂ ਅਕਤੂਬਰ ਲੰਘਦਿਆਂ ਹੀ ਕ੍ਰਿਸਮਿਸ ... ਕ੍ਰਿਸਮਿਸ ... ਦੀ ਪੁੱਠੀ ਗਿਣਤੀ ਸ਼ੁਰੂ ਹੋ ਜਾਂਦੀ ਹੈ। ਖਿਡੌਣੇ ਅਤੇ ਹੋਰ ਘਰ ਵਿਚ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਨਾਲ ਸਾਰੇ ਸਟੋਰ ਨੱਕੋ ਨੱਕ ਭਰ ਦਿੱਤੇ ਜਾਂਦੇ ਹਨ। ਸਟੋਰਾਂ ਦਾ ਹਾਰ ਸ਼ਿੰਗਾਰ ਲੋਕਾਈ ਲਈ ਖਿੱਚ ਦਾ ਕਾਰਨ ਬਣਦਾ ਹੈ।

ਕਈ ਲੋਕ ਤਾਂ 'ਸਰਦਾ ਭਲਾ' ਦੀ ਨੀਤੀ ਤੇ ਪਹਿਰਾ ਦਿੰਦੇ ਹੋਏ ਖਰਚਣ ਤੋਂ ਪਹਿਲਾਂ ਹੀ ਆਪਣੀ ਜੇਬ ਦਾ ਅੰਦਾਜ਼ਾ ਲਾ ਲੈਂਦੇ ਹਨ ਪਰ ਬਹੁਤ ਸਾਰੇ ਜੇਬ ਵਿਚ ਹੀ ਬਾਣੀਏ ਦਾ 'ਬਹੀ ਖਾਤਾ' ਕਰੈਡਿਟ ਕਾਰਡ ਦੇ ਰੂਪ ਵਿਚ ਲਈ ਫਿਰਦੇ ਹਨ। ਬਸ 'ਸੋਹੰਦਾ ਭਲਾ' ਦੇ ਲੜ ਲੱਗ ਕੇ ਕਈ ਇੰਨੇ ਵਿਤੋਂ ਬਾਹਰੇ ਹੋ ਵਗਦੇ ਹਨ ਕਿ ਉਹਨਾਂ ਨੂੰ ਕਰੈਡਟ ਕਾਰਡ ਦੇ ਕਰਜ਼ੇ ਥੱਲਿਓਂ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ। ਜਿਸ ਪਾਸ ਕੋਈ ਗਿਫਟ ਦਾ ਬਕਸ ਖੋਲ੍ਹਣ ਨੂੰ ਨਹੀਂ, ਉਹ ਉਦਾਸ ਹੋ ਜਾਂਦਾ ਹੈ। ਆਰਥਕ ਪੱਖੋਂ ਕਮਜ਼ੋਰ ਬੱਚਿਆਂ ਲਈ ਕਈ ਸੰਸਥਾਵਾਂ ਗਿਫਟ ਜੁਟਾ ਦੇਂਦੀਆਂ ਹਨ। ਕ੍ਰਿਸਮਸ ਡਿਨਰ ਵੀ ਵਰਤਾਏ ਜਾਂਦੇ ਹਨ। ਹਰ ਕੋਈ ਇਕ ਦੂਸਰੇ ਦੀ ਖੁਸ਼ੀ ਵਿਚ ਸ਼ਾਮਲ ਹੋਣਾ ਚਾਹੁੰਦਾ ਹੈ।

ਮੇਲੇ ਤਿਓਹਾਰ ਖੁਸ਼ੀਆਂ ਖੇੜਿਆਂ ਲਈ ਹੁੰਦੇ ਹਨ, ਚਾਹੇ ਉਹ ਕਿਸੇ ਫਿਰਕੇ ਜਾਂ ਕਿਸੇ ਵੀ ਧਰਮ ਨਾਲ ਸਬੰਧ ਕਿਉਂ ਨਾ ਰੱਖਦੇ ਹੋਣ। ਪਰ ਜਦ ਇਹੋ ਜਿਹੇ ਖੁਸ਼ੀ ਦੇ ਅਵਸਰ ਨੂੰ ਵੀ ਜੰਗਬਾਜ਼ ਆਪਣੀ ਹੈਂਕੜ ਪੁਗਾਉਣ ਲਈ ਬਾਰੂਦ ਦੇ ਧੂਏਂ ਨਾਲ ਧੁੰਦਲਾ ਕਰ ਦਿੰਦੇ ਹਨ ਤਾਂ ਅਪਾਹਜਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਹੈ। ਮਾਤਮ ਦੀਆਂ ਸਫਾਂ ਵਿਛ ਜਾਂਦੀਆਂ ਹਨ। ਧਰਮਾਂ ਅਤੇ ਸੱਭਿਅਤਾਵਾਂ ਦੇ ਵਧ ਰਹੇ ਵਿਰੋਧ ਕਾਰਨ ਕ੍ਰਿਸਮਸ ਹੀ ਨਹੀਂ, ਸੰਸਾਰ ਦਾ ਹਰ ਮੇਲਾ ਅੱਜ ਬੰਦੂਕਾਂ ਦੀ ਛਾਂ ਥੱਲੇ ਮਨਾਇਆ ਜਾ ਰਿਹਾ ਹੈ। ਮੇਲਿਆਂ ਦੀ ਖੁਸ਼ੀ ਪਵਿੱਤਰਤਾ ਨੂੰ ਸੋਗ ਵਿਚ ਬਦਲਣ ਤੋਂ ਬਚਾਉਣ ਲਈ ਕਿਤੇ ਕੋਈ ਮੋੜ ਪੈਂਦਾ ਨਜ਼ਰ ਨਹੀਂ ਆ ਰਿਹਾ।

# ਭਾਰਤ ਸਰਕਾਰ ਦੇ ਤਿੰਨ ਕਿਸਾਨ ਬਿਲਾਂ ਦੇ ਵਿਰੋਧ ਵਿਚ ਸੈਕਰਾਮੈਂਟੋ ਵਿਖੇ ਵਿਰੋਧ ਪ੍ਰਦਰਸ਼ਨਾਂ ਦੀਆਂ ਦੇਸ਼ ਦੁਆਬਾ ਵੱਲੋਂ ਲਈਆਂ ਕੁਝ ਝਲਕੀਆਂ












































# ਭਾਰਤ ਸਰਕਾਰ ਦੇ ਤਿੰਨ ਕਿਸਾਨ ਬਿਲਾਂ ਦੇ ਵਿਰੋਧ ਵਿਚ ਸੈਕਰਾਮੈਂਟੋ ਵਿਖੇ ਵਿਰੋਧ ਪ੍ਰਦਰਸ਼ਨਾਂ ਦੀਆਂ ਦੇਸ਼ ਦੁਆਬਾ ਵੱਲੋਂ ਲਈਆਂ ਕੁਝ ਝਲਕੀਆਂ





































# ਭਾਰਤ ਸਰਕਾਰ ਦੇ ਤਿੰਨ ਕਿਸਾਨ ਬਿਲਾਂ ਦੇ ਵਿਰੋਧ ਵਿਚ ਸੈਕਰਾਮੈਂਟੋ ਵਿਖੇ ਵਿਰੋਧ ਪ੍ਰਦਰਸ਼ਨਾਂ ਦੀਆਂ ਦੇਸ਼ ਦੁਆਬਾ ਵੱਲੋਂ ਲਈਆਂ ਕੁਝ ਝਲਕੀਆਂ








































# ਸਿੱਖ ਕੌਮ ਦਾ ਲਹੂ ਵੀਟਵਾਂ ਮਹੀਨਾ "ਦਸੰਬਰ" ਅਤੇ ਕੜਕਵੀਂ ਸਰਦੀ ਵਿਚਲਾ ਕਿਸਾਨੀ ਸੰਘਰਸ਼



ਜੰਗ ਸਿੰਘ
91-94170-95965

ਸਿੱਖ ਧਰਮ ਸੰਸਾਰ ਦਾ ਸਭ ਤੋਂ ਨਵੀਨਤਮ ਤੇ ਵਿਗਿਆਨਕ ਧਰਮ ਜਾਣਿਆ ਜਾਂਦਾ ਹੈ। ਇਸ ਧਰਮ ਦੇ ਬਾਨੀ ਬਾਬੇ ਨਾਨਕ ਨੇ ਨਾ ਬ੍ਰਾਹਮਣੀ ਵਹਿਮਾਂ ਭਰਮਾਂ ਨੂੰ ਮੰਨਿਆ, ਨਾ ਹੀ ਜਾਤਾਂ ਪਾਤਾਂ, ਨਾ ਹੀ ਊਚ ਨੀਚ ਨੂੰ ਕੋਈ ਥਾਂ ਦਿੱਤੀ ਹੈ। ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਨੂੰ ਇਹ ਆਦੇਸ਼ ਵੀ ਦਿੱਤਾ ਹੈ ਕਿ ਉਹ ਇਸਤਰੀ ਜਾਤੀ ਦਾ ਸਤਿਕਾਰ ਕਰਨ ਦੇ ਨਾਲ ਉਨ੍ਹਾਂ ਨੂੰ ਮਰਦਾਂ ਦੇ ਬਰਾਬਰ ਸਥਾਨ ਦੇਣ। ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਨੂੰ ਕਿਰਤ ਕਰੋ , ਨਾਮ ਜਪੋ ਅਤੇ ਵੰਡ ਕੇ ਛਕੋ ਦਾ ਸੰਦੇਸ਼ਾ ਦਿੱਤਾ ।ਇਸੇ ਬਾਬੇ ਨਾਨਕ ਨੇ ਜਾਲਮ ਰਾਜਿਆਂ ਨੂੰ ਬਿਨਾ ਡਰ ਖ਼ੌਫ ਇਹ ਆਖਿਆ ਸੀ ਕਿ "ਰਾਜੇ ਸ਼ੀਂਹ ਮੁਕੱਦਮ ਕੁੱਤੇ , ਜਾਇ ਜਗਾਵਣ ਬੈਠੇ ਸੁੱਤੇ"। ਉਨ੍ਹਾਂ ਨੇ ਜਾਬਰ ਬਾਦਸ਼ਾਹ ਬਾਬਰ ਦੀ ਜੇਲ ਵਿੱਚ ਚੱਕੀਆਂ ਪੀਹਣ ਨੂੰ ਤਰਜੀਹ ਦਿੱਤੀ ਪਰ ਲੋਕਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਰੱਖੀ । ਇਸੇ ਸਿਧਾਂਤ ਉੱਤੇ ਸਿੱਖ ਧਰਮ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਤਕ ਸਾਰੇ ਗੁਰੂ ਸਾਹਿਬਾਨਾਂ ਨੇ ਪਹਿਰਾ ਦਿੱਤਾ। ਜਿਸ ਕਰਕੇ ਇਸ ਦਾ ਸਾਰਾ ਇਤਿਹਾਸ ਹੀ ਲਹੂ ਰੰਗਾ ਹੈ। ਇਸ ਧਰਮ ਨੇ ਉਹ ਇਤਿਹਾਸ ਸਿਰਜਿਆ ਹੈ ਜਿਸ ਦਾ ਹੁਣ ਤਕ ਨਾ ਤਾਂ ਕੋਈ ਸਾਨੀ ਹੋ ਸਕਿਆ ਤੇ ਸ਼ਾਇਦ ਇਹ ਮਾਣ ਅਤੇ ਸਤਿਕਾਰ ਕਿਸੇ ਹੋਰ ਧਰਮ ਦੇ ਕਦੇ ਹਿੱਸੇ ਵਿੱਚ ਵੀ ਨਾ ਆਏ ।ਇਸ ਸਮੇਂ ਜਿਸ ਮਹੀਨੇ ਵਿੱਚੋਂ ਅਸੀਂ ਲੰਘ ਰਹੇ ਹਾਂ ਇਹ 'ਦਸੰਬਰ' ਦਾ ਮਹੀਨਾ ਹੈ ਇਸ ਨੂੰ ਸਿੱਖ ਧਰਮ ਦਾ ਲਹੂ ਰੰਗਿਆ ਮਹੀਨਾ ਕਰਕੇ ਵੀ ਜਾਣਿਆ ਜਾਂਦਾ ਹੈ। ਜਿਸ ਨੂੰ ਜਾਣ ਕੇ ਹਰੇਕ ਪੀੜੇ ਤੋਂ ਪੀੜੇ ਮਨੁੱਖ ਦੀਆ ਅੱਖਾਂ ਜਿਥੇ ਨਮ ਹੋ ਜਾਂਦੀਆਂ ਹਨ, ਉੱਤੇ ਮਾਣ ਨਾਲ ਉਸ ਦਾ ਸਿਰ ਉੱਚਾ ਹੁੰਦਾ ਹੈ। ਇਸੇ ਬਹਾਦਰੀ ਵਿੱਚੋਂ ਉਪਜੇ ਹੌਂਸਲੇ ਨੇ ਸਿੱਖਾਂ ਲਈ ਇਕ ਉਹ ਸਮਾਂ ਲਿਆਂਦਾ ਜਦੋਂ ਇਸੇ ਧਰਮ ਦੇ ਲੋਕਾਂ ਨੇ ਜ਼ੁਲਮੀ ਰਾਜ ਦੀ ਇੱਟ ਨਾਲ ਇੱਟ ਖੜਕਾ ਕੇ ਉਸ ਰਾਜ ਦਾ ਸਦਾ ਸਦਾ ਲਈ ਭੋਗ ਪਾ ਕੇ ਆਪਣਾ ਰਾਜ ਸਥਾਪਤ ਕਰ ਲਿਆ। ਇਸ ਦੀ ਗਾਥਾ ਬੜੀ ਲੰਮੀ ਹੈ ।ਇਸ ਲਈ ਮੈਂ ਉਸ ਨੂੰ ਅੱਗੋਂ ਹੋਰ ਨਾ ਛੋਂਹਦਾ ਹੋਇਆ ਲੇਖ ਦੇ ਵਿਸ਼ੇ "ਦਸੰਬਰ" ਮਹੀਨੇ ਵਲ ਹੀ ਆਉਂਦਾ ਹਾਂ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਲ੍ਹਾ ਅਨੰਦਗੜ੍ਹ ਸਾਹਿਬ ਵਿਖੇ ਪਿਛਲੇ ਕਈ ਮਹੀਨਿਆਂ ਤੋਂ ਚਾਰੇ ਪਾਸਿਉਂ ਔਰੰਗਜ਼ੇਬ ਦੀਆਂ ਮੁਗਲੀ ਫੌਜਾਂ ਤੇ ਬਾਈਧਾਰ ਦੇ ਪਹਾੜੀ ਹਿੰਦੂ ਰਾਜਿਆਂ ਦੀਆਂ ਫੌਜਾਂ ਰਾਹੀਂ ਘਿਰੇ ਹੋਏ ਸਨ।ਕਿਲ੍ਹੇ ਅੰਦਰ ਖਾਣ ਪੀਣ ਦਾ ਸਾਰਾ ਸਮਾਨ ਮੁੱਕ ਚੁੱਕਾ ਸੀ। ਸਿੰਘਾਂ ਨੂੰ ਦਰਖਤਾਂ ਦੇ ਪੱਤੇ ਖਾਣੇ ਪਏ ਇਥੋਂ ਤਕ ਘੋੜਿਆਂ ਤਕ ਦਾ ਮਾਸ ਖਾ ਕੇ ਵੀ ਗੁਜਾਰਾ ਕਰਨਾ ਪਿਆ ।ਪਰ ਸਭ ਕੁਝ ਖਤਮ ਹੋਣ ਦੇ ਬਾਵਜੂਦ ਗੁਰੂ ਸਾਹਿਬ ਤੇ ਉਨ੍ਹਾਂ ਦੇ ਸਿਦਕੀ ਸਿੰਘ ਕਿਲ੍ਹੇ ਨੂੰ ਛੱਡ ਨਹੀਂ ਰਹੇ ਸਨ। ਇਥੇ ਹੀ ਭਾਈ ਮਹਾਂ ਸਿੰਘ ਨਾਲ 40 ਸਿੰਘ ਗੁਰੂ ਸਾਹਿਬ ਨੂੰ ਬੇਦਾਵਾ ਲਿਖ ਕੇ ਆਪਣੇ ਘਰਾਂ ਨੂੰ ਪਰਤ ਗਏ ਸਨ ।ਜਦੋਂ ਇਸ ਸਭ ਕੁਝ ਦਾ ਮਾਈ ਭਾਗੋ ਵਰਗੀਆਂ ਕਈ ਹੋਰ ਵੀਰਾਂਗਣਾ ਨੂੰ ਪਤਾ ਲਗਾ ਤਾਂ ਉਨ੍ਹਾਂ ਨੇ ਮੈਦਾਨੇ ਜੰਗ ਨੂੰ ਛੱਡ ਕੇ ਆਉਣ ਵਾਲੇ ਸਿੰਘਾਂ ਨੂੰ ਚੂੜੀਆਂ ਪੇਸ਼ ਕੀਤੀਆਂ ਤੇ ਕਿਹਾ ਤੁਸੀਂ ਘਰ ਬੈਠੋ। ਅਸੀਂ ਗੁਰੂ ਸਾਹਿਬ ਦੇ ਨਾਲ ਮੈਦਾਨੇ ਜੰਗ ਵਿੱਚ ਜਾ ਕੇ ਲੜਾਂਗੀਆਂ। ਦਸਮ ਪਾਤਸ਼ਾਹ ਤੇ ਕਿਲ੍ਹੇ ਵਿੱਚ ਘਿਰੇ ਹੋਰ ਸਿੰਘ ਕਿਲ੍ਹਾ ਨਹੀਂ ਸੀ ਛੱਡ ਰਹੇ। ਮੁਗਲਾਂ ਅਤੇ ਬਾਈਧਾਰ ਦੇ ਰਾਜਿਆਂ ਨੇ ਇਕ ਹਾਥੀ ਨੂੰ ਸ਼ਰਾਬ ਨਾਲ ਮਦਮਸਤ ਕਰਕੇ ਕਿਲ੍ਹੇ ਵਿੱਚ ਭੇਜਣ ਦੀ ਯੋਜਨਾ ਬਣਾਈ ਤਾਂ ਕਿ ਕਿਲ੍ਹੇ ਦਾ ਦਰਵਾਜਾ ਤੋੜ ਕੇ ਉਸ ਨੂੰ ਸਰ ਕੀਤਾ ਜਾ ਸਕੇ।ਇਸ ਹਾਥੀ ਦਾ ਮੁਕਾਬਲਾ ਕਰਨ ਲਈ ਗੁਰੂ ਸਾਹਿਬ ਨੇ ਇਕ ਛੋਹਲੇ ਜਿਹੇ ਸਰੀਰ ਵਾਲੇ ਬਹਾਦਰ ਯੋਧੇ ਭਾਈ ਬਚਿੱਤਰ ਸਿੰਘ ਨੂੰ ਚੁਣਿਆ ਤੇ 'ਨਾਗਨੀ ਬਰਛੇ' ਨਾਲ ਉਸ ਹਾਥੀ ਦਾ ਮੁਕਾਬਲਾ ਕਰਨ ਲਈ ਭੇਜਿਆ। ਉਸ ਘੋੜੇ ਤੇ ਸਵਾਰ ਯੋਧੇ ਨੇ ਆਪਣੀ ਨਾਗਨੀ ਬਰਛੇ ਨਾਲ ਮਦਮਸਤ ਹਾਥੀ ਦੇ ਮੱਥੇ ਉੱਤੇ ਅਜਿਹਾ ਜ਼ੋਰਦਾਰ ਵਾਰ ਕੀਤਾ ਕਿ ਉਹ ਚਾਂਗਰਾਂ ਮਾਰਦਾ ਪਿਛੇ ਮੂੰਹ ਕਰਕੇ ਮੁਗਲਾਂ ਦੀਆਂ ਫੌਜਾਂ ਜੋ ਲੱਖਾਂ ਵਿੱਚ ਚੜ੍ਹ ਕੇ ਆਈਆਂ ਸੀ ਨੂੰ ਮਿੱਧਦਾ, ਲਿਤਾੜਦਾ ਹੋਇਆ ਮੈਦਾਨੋ ਭੱਜ ਕੇ ਮੁਗਲਾਂ ਸਮੇਤ ਬਾਈ ਧਾਰ ਦੇ ਪਹਾੜੀ ਰਾਜਿਆਂ ਨੂੰ ਕਰਾਰੀ ਹਾਰ ਦੇ ਗਿਆ।ਇਨ੍ਹਾਂ ਪਹਾੜੀ ਰਾਜਿਆਂ ਅਤੇ ਮੁਗਲਾਂ ਨੂੰ ਜਦੋਂ ਪੱਕਾ ਯਕੀਨ ਹੋ ਗਿਆ ਕਿ ਗੁਰੂ ਸਾਹਿਬ ਤੇ ਸਿੰਘ ਕਿਲ੍ਹਾ ਛੱਡਣ ਵਾਲੇ ਨਹੀਂ। ਫਿਰ ਪਹਾੜੀ ਰਾਜਿਆਂ ਨੇ ਇਕ ਹੋਰ ਤਰਕੀਬ ਬਣਾਈ ਕਿ ਉਹਨਾਂ ਨੇ ਆਟੇ ਦੀਆਂ ਗਊਆਂ ਬਣਾ ਕੇ ਉਨ੍ਹਾਂ ਦੀਆਂ ਸਹੁੰਆਂ ਖਾ ਕੇ ਗੁਰੂ ਸਾਹਿਬ ਅੱਗੇ ਫਰਿਆਦ ਕਰਨ ਲਗੇ ਕਿ ਉਹ ਕਿਲ੍ਹੇ ਵਿੱਚੋਂ ਚਲੇ ਜਾਣ। ਉਹ ਉਨ੍ਹਾਂ ਨਾਲ ਕੋਈ ਯੁੱਧ ਨਹੀਂ ਕਰਨਗੇ। ਗੁਰੂ ਸਾਹਿਬ ਨੇ ਪੰਜ ਸਿੰਘਾਂ ਦੇ ਹੁਕਮਾਂ ਅਨੁਸਾਰ ਪੋਹ ਸੁਦੀ ਸੱਤਵੀ ਬਿਕਰਮੀ ਸੰਮਤ 1761 ਈ ਨੂੰ ਕਿਲ੍ਹਾ ਛੱਡਣ ਦਾ ਫੈਸਲਾ ਕੀਤਾ। ਗੁਰੂ ਸਾਹਿਬ ਨੇ ਕਿੱਲਾ ਛੱਡਣ ਸਮੇਂ ਸਿੰਘਾਂ ਨੂੰ ਦੁਸ਼ਮਣਾਂ ਪੱਖੋਂ ਚੌਕਸ ਰਹਿਣ ਦਾ ਹੁਕਮ ਵੀ ਦਿੱਤਾ।

ਇਤਿਹਾਸ ਦੱਸਦਾ ਹੈ ਕਿ ਗੁਰੂ ਸਾਹਿਬ ਹਾਲੇ ਕੁਝ ਹੀ ਦੂਰੀ ਤੇ ਗਏ ਸਨ ਕਿ ਪਹਾੜੀ ਰਾਜਿਆਂ ਨੇ ਗਊਆਂ ਦੀਆ ਚੁੱਕੀਆਂ ਕਸਮਾਂ ਨੂੰ ਤੋੜਦਿਆਂ ਗੁਰੂ ਸਾਹਿਬ ਤੇ ਸਿੰਘਾਂ ਤੇ ਹਮਲਾ ਕਰ ਦਿੱਤਾ।ਸਰਸਾ ਨਦੀ ਤੇ ਪਹੁੰਚਣ ਤਕ ਰਸਤੇ ਵਿੱਚ ਕਈ ਲੜਾਈਆਂ ਸਿੰਘਾਂ ਨੂੰ ਬਾਈਧਾਰ ਦੇ ਰਾਜਿਆਂ ਦੀਆਂ ਫੌਜਾਂ ਨਾਲ ਲੜਨੀਆਂ ਪਈਆਂ। ਭਾਰੀ ਮੀਂਹ ਪੈਣ ਕਾਰਨ ਸਰਸਾ ਨਦੀ ਵਿੱਚ ਪੂਰੀ ਤਰਾਂ ਹੜ੍ਹ ਆਇਆ ਹੋਇਆ ਸੀ। ਸਰਸਾ ਨਦੀ ਦੇ ਪਿਛਿਓਂ ਬਾਈ ਧਾਰ ਦੇ ਰਾਜਿਆਂ ਦੀਆਂ ਫੌਜਾਂ ਪਿੱਛਾ ਕਰ ਰਹੀਆਂ ਸਨ ਤੇ ਅੱਗੋਂ ਮੁਗਲਾਂ ਦੀਆਂ ਫੌਜਾਂ ਸਿੰਘਾਂ ਨਾਲ ਲੜਾਈ ਕਰਨ ਲਈ ਅੱਗੇ ਵਲ ਵੱਧ ਰਹੀਆਂ ਸਨ। ਇਸ ਨਾਜੁਕ ਸਥਿਤੀ ਵਿੱਚ ਸਿੰਘਾਂ ਨੇ ਆਪਣੇ ਘੋੜੇ ਨਦੀ ਵਿੱਚ ਠੇਲ੍ਹ ਦਿੱਤੇ। ਇਥੇ ਸਿੰਘਾਂ, ਧੰਨ ਮਾਲ ਤੇ ਸਾਹਿਤ ਦਾ ਬੜਾ ਵੱਡਾ ਨੁਕਸਾਨ ਹੋਇਆ।ਇਥੇ ਗੁਰੂ ਸਾਹਿਬ ਦਾ ਸਾਰਾ ਪ੍ਰੀਵਾਰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ।ਇਸ ਥਾਂ ਤੇ ਅੱਜ ਕਲ ਗੁ ਪ੍ਰੀਵਾਰ ਵਿਛੋੜਾ ਸਥਾਪਤ ਹੈ।ਗੁਰੂ ਸਾਹਿਬ ਤੇ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ (18 ਸਾਲ ) ਬਾਬਾ ਜੁਝਾਰ ਸਿੰਘ (14 ਸਾਲ) ਤੇ ਕੁਝ ਸਿੰਘਾਂ ਨਾਲ ਚਮਕੌਰ ਸਾਹਿਬ ਵੱਲ, ਮਾਤਾ ਗੁਜਰੀ ਜੀ, ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ (9 ਸਾਲ) ਤੇ ਬਾਬਾ ਫਤਹਿ ਸਿੰਘ (6 ਸਾਲ), ਰਸੋਈਏ ਗੰਗੂ ਬ੍ਰਾਹਮਣ ਨਾਲ ਪਿੰਡ ਸਹੇੜੀ ਵੱਲ ਤੇ ਕੁਝ ਸਿੰਘਾਂ ਨਾਲ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਦਿੱਲੀ ਵਾਲੇ ਪਾਸੇ ਚਲੇ ਗਏ । ਗੁਰੂ ਸਾਹਿਬ ਨੇ ਚਮਕੌਰ ਸਾਹਿਬ ਵਿਖੇ ਕੱਚੀ ਗੜੀ ਨੂੰ ਲੱਖਾਂ ਦੀ ਗਿਣਤੀ ਵਿੱਚ ਘੇਰਿਆ ਹੋਇਆ ਸੀ ਪਰ ਗੁਰੂ ਸਾਹਿਬ ਆਪਣੀ ਦੂਰ ਅੰਦੇਸ਼ੀ ਨਾਲ ਗੜ੍ਹੀ ਵਿੱਚੋਂ 5-5 ਸਿੰਘਾਂ ਦਾ ਜੱਥਾ ਭੇਜਦੇ ਜੋ ਮੁਗਲੀ ਫੌਜਾਂ ਦਾ ਘਾਣ ਕਰਦੇ ਕਰਦੇ ਸ਼ਹੀਦੀਆਂ ਪ੍ਰਾਪਤ ਕਰਦੇ ਜਾਂਦੇ।ਇਸ ਤਰਾਂ ਗਿਣਤੀ ਦੇ ਸਿੰਘਾਂ ਨਾਲ ਲੱਖਾਂ ਦੀ ਗਿਣਤੀ ਵਿੱਚ ਮੁਗਲੀਆ ਫੌਜਾਂ ਨਾਲ ਟਾਕਰਾ ਕਰਾ ਕੇ "ਸਵਾ ਲਾਖ ਸੇ ਏਕ ਲੜਾਊਂ" ਦੀ ਮਿਸਾਲੀ ਉਦਾਹਰਣ ਸਿਰਜੀ। ਗੁਰੂ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ (18 ਸਾਲ ) ਅਤੇ ਬਾਬਾ ਜੁਝਾਰ ਸਿੰਘ (14 ਸਾਲ ) ਮੁਗਲੀ ਫੌਜਾਂ ਦੇ ਛੱਕੇ ਛੁਡਾਉਂਦੇ ਹੋਏ ਚਮਕੌਰ ਸਾਹਿਬ ਦੀ ਲੜਾਈ ਵਿੱਚ ਸ਼ਹੀਦੀਆਂ ਪ੍ਰਾਪਤ ਕਰ ਗਏ। ਇਸੇ ਮੈਦਾਨੇਂ ਜੰਗ ਵਿੱਚ ਗੁਰੂ ਸਾਹਿਬ ਦੇ ਹਮ ਉਮਰ ਤੇ ਹਮ ਸ਼ਕਲ ਬਾਬਾ ਸੰਗਤ ਸਿੰਘ ਵੀ ਕਈ ਹੋਰ ਸਿੰਘਾਂ ਨਾਲ ਸ਼ਹੀਦ ਹੋਏ ਸਨ।ਫਿਰ ਪੰਜ ਪਿਆਰਿਆਂ ਦੇ ਹੁਕਮਾਂ ਤੇ ਗੁਰੂ ਸਾਹਿਬ 'ਉੱਚ ਦੇ ਪੀਰ' ਬਣ ਕੇ ਚਮਕੌਰ ਸਾਹਿਬ ਦੀ ਗੜ੍ਹੀ ਨੂੰ ਛੱਡ ਕੇ ਗਏ ਸਨ।ਦੂਸਰੇ ਪਾਸੇ ਗੰਗੂ ਬ੍ਰਾਹਮਣ ਨੇ ਲਾਲਚ ਵੱਸ ਹੋ ਕੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਨੂੰ ਨਵਾਬ ਸਰਹਿੰਦ ਕੋਲ ਫੜਾ ਦਿੱਤਾ ਜਿਥੇ ਉਨ੍ਹਾਂ ਨੂੰ ਕਈ ਦਿਨ ਪੋਹ ਮਹੀਨੇ ਦੀਆਂ ਕਕਰੀਲੀਆਂ ਰਾਤਾਂ ਵਿਚ ਠੰਢੇ ਬੁਰਜ ਵਿੱਚ ਭੁੱਖਣ ਭਾਣੇ ਰਖਿਆ ਗਿਆ। ਇਥੇ ਮੋਤੀ ਮਹਿਰਾ ਨੇ ਲੱਖ ਯਤਨ ਕਰਕੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਨੂੰ ਗਰਮ ਗਰਮ ਦੁੱਧ ਛਕਾਇਆ ਸੀ ।

ਜਿਸ ਦੇ ਇਵਜ਼ ਵਿੱਚ ਸੂਬਾ ਸਰਹਿੰਦ ਵਜੀਦ ਖਾਂ ਨੇ ਮੋਤੀ ਮਹਿਰਾ ਤੇ ਉਸ ਦੇ ਸਾਰੇ ਪ੍ਰੀਵਾਰ ਜਿਸ ਵਿੱਚ ਕਈ ਮਾਸੂਮ ਬੱਚੇ ਵੀ ਸ਼ਾਮਲ ਸਨ ਸਭ ਨੂੰ ਜੀਊਂਦੇ ਹੀ ਕੋਹਲੂ ਵਿੱਚ ਨਪੀੜ ਦਿੱਤਾ ਗਿਆ ਸੀ।ਸਰਹਿੰਦ ਦੇ ਨਵਾਬ ਨੇ ਕਚਹਿਰੀ ਲਗਾ ਕੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ (9 ਸਾਲ) ਤੇ ਬਾਬਾ ਫਤਹਿ ਸਿੰਘ (6 ਸਾਲ) ਨੂੰ ਜੀਊਂਦੇ ਹੀ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤਾ। ਇਸ ਸਾਰੀ ਦਾਸਤਾਂ ਨੂੰ ਉਨ੍ਹਾਂ ਦੀ ਦਾਦੀ ਮਾਤਾ ਗੁਜਰੀ ਠੰਢੇ ਬੁਰਜ ਵਿਚੋਂ ਵੇਖ ਰਹੀ ਸੀ। ਉਨ੍ਹਾਂ ਨੇ ਵੀ ਉੱਤੇ ਹੀ ਆਪਣੇ ਪਰਾਣ ਤਿਆਗ ਦਿੱਤੇ। ਜਿਹੜੀ ਥਾਂ ਤੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦਾ ਸਸਕਾਰ ਕੀਤਾ ਗਿਆ ਸੀ। ਇਹ ਇਤਿਹਾਸ ਦੀ ਸਭ ਤੋਂ ਮਹਿੰਗੀ ਥਾਂ ਕਹੀ ਜਾਂਦੀ ਹੈ ਜਿਸ ਨੂੰ ਸਰਹਿੰਦ ਦੇ ਲਾਲਾ ਟੋਡਰ ਮੱਲ ਨੇ ਉਸ ਥਾਂ ਤੇ ਮੋਹਰਾਂ ਨੂੰ ਖੜ੍ਹੀਆਂ ਕਰਕੇ ਅਤਿ ਕੀਮਤੀ ਧੰਨ ਦੇ ਕੇ ਖਰੀਦਿਆ ਸੀ।ਇਥੋਂ ਚਲ ਕੇ ਗੁਰੂ ਸਾਹਿਬ ਮੁਗਲਾਂ ਨਾਲ ਟਾਕਰਾ ਕਰਦੇ ਹੋਏ "ਖਿਦਰਾਣੇ ਦੀ ਢਾਬ"ਜਿਸ ਨੂੰ ਅੱਜ ਕਲ ਮੁਕਤਸਰ ਕਿਹਾ ਜਾਂਦਾ ਹੈ ਵਿਖੇ ਭਿਅੰਕਰ ਲੜਾਈ ਹੋਈ । ਜਿਸ ਵਿੱਚ ਦੋਹੇ ਪਾਸੇ ਵੱਡਾ ਨੁਕਸਾਨ ਹੋਇਆ ਇਸੇ ਥਾਂ ਤੇ ਸ੍ਰੀ ਅਨੰਦਗੜ੍ਹ ਸਾਹਿਬ ਦੇ ਕਿਲ੍ਹੇ ਵਿਚੋਂ ਬੇਦਾਵਾ ਦੇ ਕੇ ਆਏ 40 ਸਿੰਘ ਮੁਗਲਾਂ ਦਾ ਮੁਕਾਬਲਾ ਕਰਦੇ ਹੋਏ ਸ਼ਹੀਦ ਹੋ ਗਏ।ਇਸ ਯੁੱਧ ਵਿੱਚ ਗੁਰੂ ਸਾਹਿਬ ਨੇ ਭਾਈ ਮਹਾਂ ਸਿੰਘ ਨੂੰ ਗੰਭੀਰ ਹਾਲਤ ਵਿੱਚ ਜ਼ਖਮੀ ਦੇਖਿਆ ਜੋ ਆਖਰੀ ਸਾਹਾਂ ਤੇ ਸੀ ਉਸ ਦਾ ਸਿਰ ਆਪਣੀ ਗੋਦੀ ਵਿੱਚ ਲਿਆ ਤਾਂ ਮਹਾਂ ਸਿੰਘ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਉਨ੍ਹਾਂ ਵਲੋਂ ਲਿਖੇ ਬੇਦਾਵਾ ਨੂੰ ਪਾੜ ਦਿੱਤਾ ਜਾਵੇ। ਇਤਿਹਾਸ ਦੱਸਦਾ ਹੈ ਕਿ ਜਿਉਂ ਹੀ ਗੁਰੂ ਸਾਹਿਬ ਨੇ ਬੇਦਾਵਾ ਪਾੜਿਆ ਤਾਂ ਉਸ ਸਮੇਂ ਭਾਈ ਮਹਾਂ ਸਿੰਘ ਨੇ ਗੁਰੂ ਸਾਹਿਬ ਦੀ ਗੋਦ ਵਿੱਚ ਹੀ ਆਪਣੇ ਪ੍ਰਾਣ ਤਿਆਗ ਦਿੱਤੇ। ਇਸ ਤਰਾਂ ਉਹ ਆਪਣਾ ਨਾਂ 40 ਮੁਕਤਿਆਂ ਵਿੱਚ ਦਰਜ ਕਰਾ ਕੇ ਸਿੱਖ ਇਤਿਹਾਸ ਦਾ ਸੁਨਹਿਰੀ ਪੰਨਾ ਬਣ ਗਏ।ਇਸ ਦਸੰਬਰ ਦੇ ਮਹੀਨੇ ਸਿੰਘਾਂ ਦੀਆਂ ਇੰਨੀਆਂ ਸ਼ਹਾਦਤਾਂ ਹੋਈਆਂ ਕਿ ਇਹ ਮਹੀਨਾ ਸਿੱਖ ਇਤਿਹਾਸ ਦਾ ਲਹੂ ਰੰਗਾ ਮਹੀਨਾ ਦੇ ਨਾਲ ਅਮੀਰ ਵਿਰਸਾ ਵੀ ਬਣ ਗਿਆ ਹੈ ।ਇਹ ਮਹੀਨਾ ਕੌਮ ਨੂੰ ਬੁਲੰਦੀਆਂ ਤੇ ਪਹੁੰਚਾਉਣ ਦੇ ਨਾਲ ਉਸ ਦਾ ਰਾਹ ਦਿਸੇਰਾ ਵੀ ਬਣਿਆ ਹੋਇਆ ਹੈ।

ਅੱਜ ਕਲ ਵੀ ਭਾਰਤ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਲਮ ਔਰੰਗਜ਼ੇਬ ਦਾ ਰੂਪ ਧਾਰ ਕੇ ਸਿੱਖ ਕੌਮ ਦੇ ਪਹਿਲੇ ਬਾਦਸ਼ਾਹ ਬਾਬਾ ਬੰਦਾ ਬਹਾਦਰ ਵਲੋਂ ਕਿਸਾਨਾਂ ਨੂੰ ਜ਼ਮੀਨਾਂ ਦੇ ਦਿੱਤੇ ਮਾਲਕੀ ਹੱਕਾਂ ਨੂੰ ਖੋਹਣ ਲਈ ਤਿੰਨ ਕਾਲੇ ਕਿਸਾਨ ਵਿਰੋਧੀ ਕਾਨੂੰਨ ਲਿਆ ਕੇ ਮੁੜ ਮੁਜ਼ਾਰੇ ਬਣਾਉਣ ਲਈ ਉਲੱਰਿਆ ਹੋਇਆ ਹੈ। ਦੇਸ਼ ਦੇ ਕਿਸਾਨ ਸਤੰਬਰ 2020 ਤੋਂ ਜਿੰਦਗੀ ਮੌਤ ਦੀ ਲੜਾਈ ਸਮਝ ਕੇ ਜ਼ਮੀਨਾਂ ਨੂੰ ਬਚਾਉਣ ਦਾ ਸੰਘਰਸ਼ ਕਰਦੇ ਆ ਰਹੇ ਹਨ। ਇੰਝ ਲਗ ਰਿਹਾ ਹੈ ਕਿ ਇਤਿਹਾਸ ਜਿਵੇਂ ਕੁਝ ਸਮੇਂ ਬਾਅਦ ਆਪਣੇ ਆਪ ਨੂੰ ਮੁੜ ਦੁਹਰਾਉਂਦਾ ਹੋਵੇ। ਅੱਜ ਫਿਰ 2020 ਦੇ ਦਸੰਬਰ ਮਹੀਨੇ ਚੜ੍ਹਨ ਤੋਂ ਮਹਿਜ ਇਕ ਹਫਤਾ ਪਹਿਲਾਂ ਕਿਸਾਨਾਂ ਨੇ ਦਿੱਲੀ ਨੂੰ ਚਾਰੇ ਪਾਸੇ ਤੋਂ ਘੇਰਿਆ ਹੋਇਆ ਹੈ। ਕਿਸਾਨ ਪਿਛਲੇ 23-24 ਦਿਨਾਂ ਦਿੱਲੀ ਦੇ ਬਾਰਡਰਾਂ ਨੂੰ ਘੇਰ ਕੇ ਦੇਸ਼ ਦੀ ਹਾਕਮ ਸਰਕਾਰ ਨੂੰ ਦਸ ਰਹੇ ਹਨ ਕਿ ਉਨ੍ਹਾਂ ਦੀਆਂ ਜ਼ਮੀਨਾਂ ਖੋਹਣ ਤੋਂ ਪਹਿਲਾਂ ਇਸ ਕੌਮ ਦੇ ਇਤਿਹਾਸ ਨੂੰ ਪੜ੍ਹ ਲੈਣਾ ਚਾਹੀਦਾ ਹੈ। ਦਸੰਬਰ ਮਹੀਨੇ ਦੀ ਕੜਕਵੀਂ ਸਰਦੀ ਵਿੱਚ ਹੁਣ ਤਕ ਲਗ ਭਗ ਦੋ ਦਰਜਨ ਕਿਸਾਨ ਜਿਨ੍ਹਾਂ ਵਿੱਚ ਵਡੇਰੀ ਉਮਰ ਦੇ ਬਜ਼ੁਰਗ ਕੜਕਵੀਂ ਸਰਦੀ ਨਾਲ ਤੇ ਇਨ੍ਹਾਂ ਤੋਂ ਬਿਨਾ ਕਈ ਬਹੁਤ ਹੀ ਛੋਟੀ ਉਮਰ ਦੇ ਭਰ ਨੌਜਵਾਨ ਦਿੱਲੀ ਆਉਂਦੇ ਜਾਂ ਜਾਂਦੇ ਸਮੇਂ ਰਸਤਿਆਂ ਵਿੱਚ ਹਾਦਸਿਆਂ ਦਾ ਸ਼ਿਕਾਰ ਹੋ ਕੇ ਆਪਣਾ ਨਾਂ ਕਿਸਾਨੀ ਅੰਦੋਲਨ ਦੇ ਸ਼ਹੀਦਾਂ ਵਿੱਚ ਦਰਜ ਕਰਵਾ ਕੇ ਮੋਦੀ ਸਰਕਾਰ ਨੂੰ ਸ਼ਰਮਸਾਰ ਕਰ ਚੁੱਕੇ ਹਨ । ਇਥੇ ਹੀ ਬਸ ਨਹੀਂ ਕਿ ਸੰਤ ਬਾਬਾ ਰਾਮ ਸਿੰਘ ਸੀਂਗੜ੍ਹੇ ਵਾਲਿਆਂ ਨੇ ਕਿਸਾਨਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਦੇ ਹੋਏ ਸ਼ਹੀਦ ਹੋ ਗਏ ਹਨ।ਉਨ੍ਹਾਂ ਦੀ ਡਾਇਰੀ ਵਿਚੋਂ ਜਿਹੜਾ ਪੱਤਰ ਮਿਲਿਆ ਹੈ ਉਹ ਸੱਚ ਮੁੱਚ ਸਿੱਖ ਕੌਮ ਨੂੰ ਚੁਕੰਨੇ ਕਰਨ ਵਾਲਾ ਹੈ । ਉਸ ਵਿੱਚ ਜਿਥੇ ਕਿਸਾਨਾਂ ਨਾਲ ਜੋ ਸਰਕਾਰ ਧੱਕਾ ਕਰ ਰਹੀ ਹੈ ਉਸ ਪ੍ਰਤੀ ਸਖ਼ਤ ਰੋਸ ਤਾਂ ਕੀਤਾ ਹੀ ਹੋਇਆ ਹੈ ਪਰ ਸਿੱਖ ਕੌਮ ਦੀ ਲੀਡਰਸ਼ਿਪ ਚਾਹੇ ਉਹ ਅਕਾਲੀ ਦਲ ਵਿੱਚ ਹੈ ਜਾਂ ਫਿਰ ਧਾਰਮਿਕ ਸੰਸਥਾ ਸ਼੍ਰੋਮਣੀ ਕਮੇਟੀ ਦੀ ਜਿਨ੍ਹਾਂ ਦਾ ਉਨ੍ਹਾਂ ਨੇ ਨਾਂ ਭਾਵੇਂ ਨਹੀਂ ਲਿਆ ਪਰ ਹਰ ਇਨਸਾਨ ਉਨ੍ਹਾਂ ਨਾਵਾਂ ਬਾਰੇ ਸਮਝ ਜਰੂਰ ਰਿਹਾ ਹੈ ਕਿਵੇਂ ਉਹ ਲਾਲਚੀ ਤੇ ਗੱਦੀਆਂ ਦੇ ਭੁੱਖੇ ਧਰਮ ਦੇ ਨਾਲ ਕਿਸਾਨਾਂ ਦਾ ਵੀ ਨੁਕਸਾਨ ਕਰ ਰਹੇ ਹਨ। ਉਨ੍ਹਾਂ ਨੇ ਸਿੱਖ ਕੌਮ ਨੂੰ ਖਤਮ ਕਰਨ ਦੀ ਜੋ ਰ ਸ ਸ ਤੇ ਭਾਜਪਾ ਦੀ ਗੰਦੀ ਸੋਚ ਹੈ ਉਸ ਤੋਂ ਵੀ ਸਿੱਖ ਕੌਮ ਨੂੰ ਆਪਣੇ ਪੱਤਰ ਵਿੱਚ ਸੁਚੇਤ ਕੀਤਾ ਹੈ।ਪੰਜਾਬ ਤੋਂ ਕਿਸਾਨੀ ਹੱਕਾਂ ਲਈ ਬੁਲੰਦ ਹੋਈ ਅਵਾਜ਼ ਇਹ ਹੁਣ ਇਕੱਲੇ ਪੰਜਾਬ ਦੀ ਨਹੀਂ ਰਹੀ ਬਲਕਿ ਭਾਰਤ ਦੇ ਨਾਲ ਕੌਮਾਂਤਰੀ ਪੱਧਰ ਤੇ ਕਿਸਾਨਾਂ ਦੀ ਲੜਾਈ ਬਣ ਚੁੱਕੀ ਹੈ। ਜਿਸ ਤਰਾਂ ਦੀ ਕਿਸਾਨ ਜਥੇਬੰਦੀਆਂ ਨੇ ਇਕ ਜੁੱਟ ਹੋ ਕੇ ਮੁਹਿੰਮ ਚਲਾਈ ਹੋਈ ਹੈ ਉਹ ਸੱਚ ਮੱਚ ਪ੍ਰਸੰਸਾ ਕਰਨ ਵਾਲੀ ਹੈ।ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਉਨ੍ਹਾਂ ਦਾ ਇਹ ਉਪਰਾਲਾ ਆਈ ਟੀ ਸੈੱਲ ਬਣਾਉਣਾ ਤੇ "ਟਰਾਲੀ ਟਾਈਮਜ" ਕਿਸਾਨਾਂ ਦਾ ਅਖ਼ਬਾਰ ਪੰਜਾਬੀ ਤੇ ਹਿੰਦੀ ਭਾਸ਼ਾ ਵਿੱਚ ਚਲਾਉਣਾ ਸ਼ੁਰੂ ਕਰ ਕੇ ਜਿਥੇ ਗੋਦੀ ਮੀਡੀਏ ਦੇ ਮੂੰਹ ਤੇ ਚਪੇੜ ਮਾਰੀ ਹੈ ਉੱਤੇ ਪ੍ਰਧਾਨ ਮੰਤਰੀ ਮੋਦੀ ਨੂੰ ਵੀ ਦੱਸ ਦਿੱਤਾ ਹੈ ਕਿ ਕਿਸਾਨਾਂ ਵਿਚ ਪੂਰੀ ਸਮਰੱਥਾ ਹੈ ਕਿ ਇਸ ਝੂਠੇ ਭਾਜਪਾ ਆਗੂ ਵਲੋਂ ਚਲਾਈਆਂ ਜਾ ਰਹੀਆਂ ਹਰ ਕੋਹਝੀਆਂ ਚਾਲਾਂ ਦਾ ਮੂੰਹ ਤੋੜਨ ਦੇ ਵੀ ਸਮਰੱਥ ਹਨ। ਵਿਸ਼ਵ ਦੇ ਲੋਕ ਹੈਰਾਨ ਹਨ ਕਿ ਭਾਰਤ ਦੇਸ਼ ਦਾ ਪ੍ਰਬੰਧ ਕਿੰਨਾ ਅਕਲ ਰਹਿਤ ਸਿਆਸਤਦਾਨਾਂ ਦੇ ਹੱਥ ਆ ਗਿਆ ਹੈ ਜਿਨ੍ਹਾਂ ਨੂੰ ਇੰਨੀ ਵੀ ਪ੍ਰਵਾਹ ਨਹੀਂ ਕਿ ਦੇਸ਼ ਦੀ ਸਰਬ ਉੱਚ ਅਦਾਲਤ ਜਿਸ ਵਿੱਚ ਉਸ ਨੇ ਆਪਣੀ ਮਰਜ਼ੀ ਨਾਲ ਜੱਜ ਲਗਾਏ ਹੋਏ ਹਨ ਨੂੰ ਕਿਸਾਨਾਂ ਦੇ ਮਸਲੇ ਤੇ ਕੇਂਦਰ ਦੀ ਮੋਦੀ ਸਰਕਾਰ ਨੂੰ ਵੱਡੀ ਝਾੜ ਪਾਉਣੀ ਪਈ ਹੈ। ਲੋਕਾਂ ਵਿੱਚ ਚਰਚਾ ਹੋ ਰਹੀ ਹੈ ਕਿ ਸਰਕਾਰ ਵਲੋਂ ਆਪਣੇ ਹਿੱਤਾਂ ਲਈ ਵਰਤਣ ਵਾਸਤੇ ਜਿਹੜੀ ਰਿੱਟ ਕਿਸੇ ਮਨੁੱਖ ਵਲੋਂ ਪੁਆਈ ਸੀ, ਹੁਣ ਉਸ ਤੇ ਹੀ ਭਾਰੀ ਪੈ ਰਹੀ ਹੈ। ਉਸ ਨੇ ਕਿਸਾਨਾਂ ਨੂੰ ਇਸ ਅੰਦੋਲਨ ਵਿੱਚ ਕਿਸੇ ਪ੍ਰਕਾਰ ਦਾ ਦੋਸ਼ੀ ਮੰਨਣ ਦੀ ਥਾਂ ਤੇ ਉਲਟਾ ਕੇਂਦਰ ਸਰਕਾਰ ਨੂੰ ਹੀ ਦੋਸ਼ੀ ਦੱਸ ਦਿੱਤਾ ਹੈ ਕਿ ਕਿਸਾਨ ਤਾਂ ਅਮਨ ਸ਼ਾਂਤੀ ਨਾਲ ਸੰਘਰਸ਼ ਕਰਦੇ ਆ ਰਹੇ ਹਨ ਜੋ ਉਨ੍ਹਾਂ ਦਾ ਅਧਿਕਾਰ ਵੀ ਹੈ ਪਰ ਸਰਕਾਰ ਨੇ ਉਨ੍ਹਾਂ ਨੂੰ ਮਜਬੂਰ ਕੀਤਾ ਹੈ ਕਿ ਉਹ ਇਸ ਤਰਾਂ ਆਪਣੇ ਰੋਸ ਦਾ ਪ੍ਰਗਟਾਵਾ ਕਰਨ। ਸਰਬ ਉੱਚ ਅਦਾਲਤ ਨੇ ਤਾਂ ਸਰਕਾਰ ਨੂੰ ਇਥੋਂ ਤਕ ਕਹਿ ਦਿੱਤਾ ਹੈ ਕਿ ਕਿਸਾਨ ਬਿੱਲਾਂ ਨੂੰ ਲਾਗੂ ਕਰਨ ਤੋਂ ਹਾਲ ਦੀ ਘੜੀ ਰੋਕ ਲਿਆ ਜਾਵੇ ਜਿਨ੍ਹਾਂ ਚਿਰ ਸਰਕਾਰ ਤੇ ਕਿਸਾਨਾਂ ਵਿਚਕਾਰ ਕਮੇਟੀ ਬਣਾ ਕੇ ਆਪਸੀ ਕੋਈ ਸਮਝੌਤਾ ਨਹੀਂ ਹੋ ਜਾਂਦਾ।

ਇਸ ਦੇ ਬਾਵਜੂਦ ਭਾਰਤ ਦੀ ਇਸ ਗੂੰਗੀ ਬੋਲੀ ਸਰਕਾਰ ਦੀ ਸਾਰੇ ਸੰਸਾਰ ਵਿੱਚ ਥੂ ਥੂ ਹੋ ਰਹੀ ਹੈ। ਉਹ ਹੁਣ ਕਿਸਾਨਾਂ ਤੋਂ ਇੰਨੀ ਘਬਰਾ ਗਈ ਹੈ ਕਿ ਉਸ ਨੂੰ ਲੋਕ ਸਭਾ ਦਾ 'ਸਰਦ ਰੁੱਤ 'ਇਜਲਾਸ ਰੱਦ ਕਰਨ ਲਈ ਮਜਬੂਰ ਹੋਣਾ ਪਿਆ ਹੈ ਕਿਉਂਕਿ ਉਨ੍ਹਾਂ ਵਿੱਚ ਜੁਅਰੱਤ ਨਹੀਂ ਰਹੀ ਕਿ ਉਹ ਲੋਕ ਸਭਾ ਤੇ ਖਾਸ ਕਰਕੇ ਰਾਜ ਸਭਾ ਵਿੱਚ ਹੋਣ ਵਾਲੀ ਆਪਣੀ ਭੰਡੀ ਨੂੰ ਬਰਦਾਸ਼ਤ ਕਰ ਸਕਣ? ਅਜਿਹੀ ਸਥਿਤੀ ਵਿੱਚ ਉਸ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕਿਸਾਨ ਸ਼ਹੀਦੀਆ ਤਾਂ ਪਾ ਸਕਦੇ ਹਨ ਪਰ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਵਿਰਸੇ ਵਿੱਚ ਮਿਲੀਆਂ ਜ਼ਮੀਨਾਂ ਨੂੰ ਕਦੇ ਵੀ ਖੁੱਸਣ ਨਹੀਂ ਦੇਣਗੇ।ਮੋਦੀ ਸਾਹਿਬ ਨੇ ਜਿਸ ਕਿਸਾਨ ਸ਼੍ਰੇਣੀ ਨਾਲ ਆਡਾ ਲਿਆ ਹੈ। ਉਹ ਤਾਂ ਆਪਣੇ ਦੁਸ਼ਮਣਾਂ ਨੂੰ ਪਤਾਲ ਵਿੱਚੋ ਕੱਢ ਕੇ ਮਜਾ ਚਖਾਉਣ ਵਾਲੇ ਹਨ।ਇਸ ਲਈ ਸਰਕਾਰ ਹਕੀਕਤ ਤੋਂ ਅੱਖਾਂ ਮੀਟਦਿਆਂ ਹੋਇਆਂ ਕੋਈ ਅਜਿਹੀ ਗੱਲ ਨਾ ਕਰੇ ਕਿ ਕਿਸਾਨਾਂ ਦਾ ਅੰਦੋਲਨ ਭਾਜਪਾ ਸਰਕਾਰ ਲਈ ਵਾਟਰਲੂ ਦੀ ਲੜਾਈ ਹੋ ਨਿਬੜੇ। ਇਹ ਲਹੂ ਡੋਲਵਾਂ ਦਸੰਬਰ ਦਾ ਮਹੀਨਾ ਕੇਂਦਰ ਦੀ ਭਾਜਪਾ ਸਰਕਾਰ ਨੂੰ ਅਗਾਊਂ ਹੀ ਚੁਕੰਨੇ ਕਰ ਰਿਹਾ ਹੈ। ਸਿਆਣਾ ਸਿਆਸਤਦਾਨ ਉਹ ਹੁੰਦਾ ਜੋ ਹਕੀਕਤ ਨੂੰ ਸਮਝਦਾ ਹੋਵੇ।

ਪਰ ਹਾਲੇ ਤਾਂ ਪ੍ਰਤੱਖ ਨਜਰ ਆ ਰਿਹਾ ਹੈ ਕਿ ਦੇਸ਼ ਦੇ ਆਗੂ ਦੀ ਬੁੱਧੀ ਮਾਰੀ ਜਾਣ ਦੇ ਨਾਲ ਪੂਰੀ ਤਰਾਂ ਹੰਕਾਰੀ ਵੀ ਹੋ ਚੁੱਕੀ ਹੈ। ਕਿਧਰੇ ਇਹ ਨਾ ਹੋਵੇ ਕਿ ਇਸ ਤਾਨਾਸ਼ਾਹੀ ਸਰਕਾਰ ਨਾਲ ਇੰਝ ਹੋ ਜਾਵੇ ਕਿ ਮੋਦੀ ਭਗਤ ਅੱਖਾਂ ਵਿੱਚ ਘਸੁੰਨ ਦੇ ਕੇ ਰੋਂਦੇ ਆਖਦੇ ਫਿਰਨ ਕਿ "ਅੱਬ ਪਛਤਾਏ ਕਿਹਾ ਹੂਆ ਜਬ ਚਿੱੜੀਆ ਚੁੱਗ ਗਈ ਖੇਤ"।

## ਬੁੱਧ ਵਿਹਾਰ ਟਰੱਸਟ ਵੱਲੋਂ ਡਾ.ਅੰਬੇਡਕਰ ਦਾ 65ਵਾਂ ਪ੍ਰੀਨਿਰਵਾਣ ਦਿਵਸ ਮਨਾਇਆ

**ਜਲੰਧਰ-** ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਵੱਲੋਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ 65ਵਾਂ ਪ੍ਰੀਨਿਰਵਾਣ ਦਿਵਸ ਬਹੁਤ ਸ਼ਰਧਾ ਨਾਲ ਮਨਾਇਆ ਗਿਆ। ਬੁੱਧ ਵਿਹਾਰ ਟਰੱਸਟ ਦੇ ਅਹੁਦੇਦਾਰ ਅਤੇ ਮੈਂਬਰ ਡਾ. ਅੰਬੇਡਕਰ ਚੌਂਕ ਜਲੰਧਰ ਵਿਖੇ ਪਹੁੰਚੇ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਬੁੱਤ ਨੂੰ ਫੁੱਲ ਮਾਲਾਵਾਂ ਪਹਿਨਾ ਕੇ ਸ਼ਰਧਾਂਜਲੀਆਂ ਭੇਂਟ ਕੀਤੀਆਂ। ਇਸ ਮੌਕੇ 'ਤੇ ਸ੍ਰੀ ਸੋਢੀ ਰਾਮ ਬੋਧੀ ਮੁੱਖ ਟਰੱਸਟੀ, ਸ੍ਰੀ ਹਰਭਜਨ ਸਾਂਪਲਾ ਸਕੱਤਰ, ਬੁੱਧ ਵਿਹਾਰ ਟਰੱਸਟੀ, ਸ੍ਰੀ ਚਮਨ ਸਾਂਪਲਾ, ਮਾਸਟਰ ਰਾਮ ਲਾਲ, ਸ੍ਰੀ ਲੈਂਬਰ ਬੰਗੜ, ਲਾਲ ਚੰਦ ਸਾਂਪਲਾ, ਹੁਸਨ ਲਾਲ ਪ੍ਰਧਾਨ ਭਾਰਤੀਯ ਬੋਧ ਮਹਾਂ ਸਭਾ ਪੰਜਾਬ, ਰੂਪ ਲਾਲ ਨੰਬਰਦਾਰ ਤੇ ਪ੍ਰਧਾਨ ਬੁੱਧ ਵਿਹਹਾਰ ਟਰੱਸਟ, ਪਰਮਜੀਤ ਜੱਸਲ



ਪ੍ਰਿੰਸੀਪਲ, ਬਲਵਿੰਦਰ ਪ੍ਰਵਾਰ, ਮਾਨਵੀ ਯੋਤੀ, ਦਿਸਾਂਤ ਕੁਮਾਰ ਤੇ ਸ੍ਰੀਮਤੀ ਬਲਵਿੰਦਰ ਕੌਰ, ਮਥਰਾ ਦਾਸ, ਗੁਰਦਿਆਲ ਜੱਸਲ ਅਤੇ ਸ੍ਰੀ ਪ੍ਰਕਾਸ਼ ਜੱਸਲ ਨੇ ਡਾ. ਅੰਬੇਡਕਰ ਜੀ ਦੇ ਬੁੱਧ ਨੂੰ ਹਾਰ ਪਾ ਕੇ ਸ਼ਰਧਾਂਜਲੀਆਂ ਭੇਂਟ ਕੀਤੀਆਂ। ਸਭ ਤੋਂ ਪਹਿਲਾਂ ਬੁੱਧ ਵੰਦਨਾ, ਤਰੀਸ਼ਰਣ ਅਤੇ ਪੰਚਸ਼ੀਲ ਦੇ ਪਾਠ ਕੀਤੇ ਗਏ। ਐਡਵੋਕੇਟ ਹਰਭਜਨ ਸਾਂਪਲਾ ਸਕੱਤਰ ਬੁੱਧ ਵਿਹਾਰ ਟਰੱਸਟ ਨੇ ਕਿਹਾ ਕਿ ਡਾ. ਅੰਬੇਡਕਰ ਜੋ ਨਾਰੀ ਜਾਤੀ ਦੇ ਮੁਕਤੀਦਾਤਾ, ਦਲਿਤਾਂ ਦੇ ਅਧਿਕਾਰਾਂ ਦੇ ਰਾਖੇ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਹਨ, ਸਾਨੂੰ ਉਹਨਾਂ ਦੇ ਮਿਸ਼ਨ ਉਪਰ ਤਨ, ਮਨ, ਧਨ ਨਾਲ ਪਹਿਰਾ ਦੇਣਾ ਚਾਹੀਦਾ ਹੈ। ਸਰਕਾਰ ਨੂੰ ਹਦਾਇਤ ਕੀਤੀ ਗਈ ਕਿ ਸੰਵਿਧਾਨ ਨਾਲ ਛੇੜਛਾੜ ਨਾ ਕਰੇ। ਉਹਨਾਂ ਕਿਸਾਨ ਮਜ਼ਦੂਰ ਅੰਦੋਲਨ ਦੀ ਵੀ ਹਮਾਇਤ ਕੀਤੀ।

## ਨੇਪਾਲ ਵਿਚ ਪ੍ਰਚੰਡ ਧੜੇ ਨੇ ਓਲੀ ਨੂੰ ਪਾਰਟੀ ਚੇਅਰਮੈਨ ਦੇ ਅਹੁਦੇ ਤੋਂ ਬਰਖਾਸਤ ਕੀਤਾ

**ਕਾਠਮੰਡ-** ਨੇਪਾਲ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ ਦੇ ਪੁਸ਼ਪ ਕਮਲ ਦਾਹਲ 'ਪ੍ਰਚੰਡ' ਦੀ ਅਗਵਾਈ ਵਾਲੇ ਧੜੇ ਨੇ ਪ੍ਰਧਾਨ ਮੰਤਰੀ ਕੇ.ਪੀ. ਸ਼ਰਮਾ ਓਲੀ ਨੂੰ ਪਾਰਟੀ ਦੇ ਚੇਅਰਮੈਨ ਦੇ ਅਹੁਦੇ ਤੋਂ ਹਟਾ ਦਿੱਤਾ ਹੈ। ਇਹ ਫ਼ੈਸਲਾ 'ਪ੍ਰਚੰਡ' ਦੀ ਅਗਵਾਈ ਵਾਲੇ ਸੀਪੀਐਨ ਦੇ ਧੜੇ ਦੀ ਕੇਂਦਰੀ ਕਮੇਟੀ ਦੀ ਮੀਟਿੰਗ ਵਿਚ ਲਿਆ ਗਿਆ ਹੈ। ਦੱਸਣਯੋਗ ਹੈ ਕਿ ਕੁਝ ਘੰਟੇ ਪਹਿਲਾਂ ਹੀ ਓਲੀ ਨੇ ਪਾਰਟੀ ਦੀ ਜਨਰਲ ਕਨਵੈਨਸ਼ਨ ਕਰਵਾਉਣ ਲਈ 1199 ਮੈਂਬਰੀ ਕਮੇਟੀ ਦਾ ਐਲਾਨ ਕੀਤਾ ਸੀ। ਇਸ ਦਾ ਮੰਤਵ ਪਾਰਟੀ ਉਤੇ ਪਕੜ ਮਜ਼ਬੂਤ ਕਰਨਾ ਸੀ। ਪ੍ਰਚੰਡ ਦੇ ਧੜੇ ਨੇ ਸਰਬਸੰਮਤੀ ਨਾਲ ਸੀਨੀਅਰ ਆਗੂ ਮਾਧਵ ਕੁਮਾਰ ਨੇਪਾਲ ਨੂੰ ਪਾਰਟੀ ਦਾ ਦੂਜਾ ਚੇਅਰਮੈਨ ਚੁਣ ਲਿਆ ਹੈ। ਪ੍ਰਚੰਡ ਖ਼ੁਦ ਪਾਰਟੀ ਦੇ ਪਹਿਲੇ ਚੇਅਰਮੈਨ ਹਨ। ਕੇਂਦਰੀ ਕਮੇਟੀ ਦੀ ਮੈਂਬਰ ਰੇਖਾ ਸ਼ਰਮਾ ਨੇ ਕਿਹਾ ਕਿ ਹੁਣ ਦਾਹਲ ਤੇ ਮਾਧਵ ਬੈਠਕਾਂ ਦੀ ਅਗਵਾਈ ਕਰਨਗੇ। ਸ਼ਰਮਾ ਨੇ ਕਿਹਾ ਕਿ ਓਲੀ ਨੂੰ ਪਾਰਟੀ ਖ਼ਿਲਾਫ਼ ਜਾਣ ਕਾਰਨ ਚੇਅਰਮੈਨ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਦੱਸਣਯੋਗ ਹੈ ਕਿ ਦੋਵਾਂ ਧੜਿਆਂ ਨੇ ਆਪੋ-ਆਪਣੀਆਂ ਕੇਂਦਰੀ ਕਮੇਟੀ ਦੀਆਂ ਬੈਠਕਾਂ ਰੱਖੀਆਂ ਸਨ।

# ਸ਼ਾਂਤੀਪੂਰਵਕ ਅੰਦੋਲਨ ਹੋਣੇ ਜਰੂਰੀ



ਹਰਦੀਪ ਸਿੰਘ ਚੁੰਬਰ
91-94636-01616

ਅੰਗਰੇਜੀ ਸਰਕਾਰ ਤੋਂ 1947 ਵਿੱਚ ਭਾਰਤ ਦੇ ਰਾਜਨੀਤਿਕ ਲੋਕਾਂ ਦੇ ਹੱਥਾਂ ਵਿੱਚ ਸੱਤਾ ਆਈ, ਜਿਸ ਨੂੰ ਭਾਰਤ ਦੇ ਲੋਕਾਂ ਨੇ ਅਜਾਦੀ ਕਿਹਾ। ਹੁਣ ਜੋ ਸੱਤਾ ਵਿੱਚ ਬੈਠ ਕੇ ਅੰਗਰੇਜ ਫੈਸ਼ਲੇ ਕਰਦੇ ਸਨ ਉਹ ਸਾਰੇ ਫੈਸ਼ਲੇ ਬਿਨਾ ਕਿਸੇ ਦਖਲ ਅੰਦਾਜੀ ਦੇ ਭਾਰਤੀ ਨੇਤਾ ਲੈਣ ਯੋਗ ਹੋ ਗਏ ਸਨ। ਜਿੱਥੇ ਸਾਰੀਆਂ ਸ਼ਕਤੀਆਂ ਭਾਰਤੀ ਨੇਤਾਵਾਂ ਨੂੰ ਦੇ ਹੱਥ ਆ ਗਈਆਂ ਸਨ। ਬਹੁਤ ਸਾਰੀਆਂ ਜਿੰਮੇਵਾਰੀਆਂ ਵੀ ਆਣ ਪਈਆਂ ਸਨ। ਮਨ ਲਿਆ ਗਿਆ ਸੀ ਕਿ ਹੁਣ ਸ਼ਾਸਨ ਬਾਰਤੀਆਂ ਦੇ ਹੱਥ ਹੈ, ਕਿਸੇ ਅੰਦੋਲਨ ਕਰਨ ਦੀ ਲੋੜ ਨਹੀ ਹੋਵੇਗੀ।

ਸ਼ਾਸਨ ਦੇ ਲਈ ਪ੍ਰਸ਼ਾਸਨ ਦਾ ਢਾਂਚਾ ਬਣਿਆ ਹੋਇਆ ਪਹਿਲਾਂ ਤੋਂ ਚੱਲ ਹੀ ਰਿਹਾ ਸੀ। ਪਹਿਲਾਂ ਉਹ ਅੰਗਰੇਜ਼ ਸ਼ਾਸਕ ਦੀਆਂ ਹਦਾਇਤਾ ਅਨੂਸਾਰ ਕੰਮ ਕਰਦਾ ਸੀ, ਹੁਣ ਉਸ ਨੂੰ ਨਵੇਂ ਆਕਾ ਦਾ ਹੁਕਮ ਮੰਨਣਾ ਸੀ। 15 ਅਗਸਤ 1947 ਤੋਂ ਲੈਕੇ 26 ਜਨਵਰੀ 1950 ਤਕ ਤਕਰੀਬਨ ਢਾਈ ਸਾਲ ਸੰਵਿਧਾਨ ਬਣਨ ਤਕ ਭਾਰਤ ਦੇ ਸੱਚਾਧਾਰੀ ਨੇਤਾ ਸ਼ਾਸਨ ਨੂੰ ਰਾਜਾਸ਼ਾਹੀ ਤਰਾਂ ਹੀ ਚਲਾਂਉਦੇ ਰਹੇ ਬੇਸ਼ਕ ਪ੍ਰਸ਼ਾਸਨ ਦੇ ਸਾਰੇ ਅਮਲੇ ਮੌਜੂਦ ਸਨ। ਸੱਤਾ ਦੇ ਵਿਰੋਧੀ ਦਲ ਕਈ ਦਹਾਕਿਆਂ ਤਕ ਕੁੱਝ ਵੀ ਕਰਨ ਦੇ ਲਾਇਕ ਹੀ ਨਹੀਂ ਸੀ। ਹੋਲੀ ਹੋਲ਼ੀ ਸੱਤਾ ਦੇ ਕੀਤੇ ਫੈਸ਼ਲਿਆਂ ਨੂੰ ਰਾਜਾਂ ਦੇ ਛੋਟੇ ਦਲ ਚਣੌਤੀ ਦੇ ਕੇ ਆਪਣੀਆਂ ਸਰਕਾਰਾਂ ਬਨਾਉਣ ਲਗੇ, ਇੰਦਰਾ ਨੇ ਐਮਰਜੈਂਸੀ ਲਾਈ, ਵਿਰੋਧ ਵਿੱਚ ਅੰਦੋਲਨ ਹੋਏ, ਜੰਤਾ ਪਾਰਟੀ ਦੀ ਸਰਕਾਰ ਬਣੀ। ਬਾਅਦ ਵਿੱਚ ਗੱਠਜੇੜ ਨਾਲ ਕੇਂਦਰ ਵਿੱਚ ਵੀ ਕਮਜੋਰ ਸਰਕਾਰਾਂ ਬਣਨ ਲਗੀਆਂ।








ਸਮਾਂ ਬਦਲਿਆ ਮੋਦੀ ਨੇ ਨੇਤਰਿਤਵ ਵਿੱਚ 2014 ਵਿੱਚ ਭਾਜਪਾ ਦੀ ਅਟਲ ਬਿਹਾਰੀ ਦੀ ਸਰਕਾਰ ਤੋਂ ਬਾਅਦ ਬਣੀ ਜੋ 2019 ਵਿੱਚ ਮਜਬੂਤ ਸਰਕਾਰ ਦੁਬਾਰਾ ਬਣਨ ਵਿੱਚ ਕਾਮਯਾਬ ਹੋਈ। ਮਜਬੂਤ ਸਰਕਾਰ ਦੇ ਮਜਬੂਤੀ ਨਾਲ ਲਏ ਕਈ ਫੈਸ਼ਲੇ ਸੰਵਿਧਾਨ ਦੀ ਪ੍ਰਸਤਾਵਾਨ ਤੋਂ ਵੀ ਬਾਹਰ ਹੋਏ, ਕੋਰਟਾਂ ਨੇ ਵੀ ਦਬਾ ਵਿੱਚ ਫੈਸ਼ਲੇ ਦਿਤੇ, ਫੈਸ਼ਲਾ ਕਰਤਾਵਾਂ ਨੂੰ ਰਾਜਸਭਾ ਦੀਆਂ ਸੀਟਾਂ ਦੇ ਸਨਮਾਨ ਵੀ ਕੀਤਾ।ਅਜਿਹੀ ਮਾਨਸਿਕਤਾ ਸਰਵਧਰਮ ਵਾਲੇ ਦੇਸ਼ ਵਿੱਚ ਇਨਸਾਫ ਕਰਨ ਲਾਇਕ ਨਹੀਂ ਹੋ ਸਕਦੀ। ਬਹੁਤ ਸਾਰੇ ਪੂੰਜੀਪਤੀਆਂ ਦੀ ਦੋਸ਼ਤੀ ਨਿਭਾਉਂਦੇ ਸਰਕਾਰ ਨੇ ਉਹਨਾ ਦੇ ਹੱਕ ਵਿੱਚ ਫੈਸ਼ਲੇ ਲਏ, ਕਰਜੇ ਮੁਆਫ ਕੀਤੇ, ਬਹੁਤ ਸਾਰੇ ਸਰਕਾਰੀ ਅਦਾਰੇ ਉਹਨਾਂ ਨੂੰ ਦਿਤੇ। ਵਿਰੋਧ ਹੋਣਾ ਲਾਜ਼ਮੀ ਸੀ। ਸੋ ਕਿਸਾਨ ਅੰਦੋਲਨ ਹੋਂਦ ਵਿੱਚ ਆਇਆ।

ਭਾਰਤ ਨੇ ਅੰਗਰੇਜਾਂ ਕੋਲੋਂ ਆਜਾਦੀ ਬਹੁਤ ਸਾਰੇ ਅੰਦੋਲਨ ਧਰਨੇ ਪ੍ਰਦਰਸ਼ਨ ਕਰਨ ਤੋਂ ਬਾਅਦ ਲਈ ਹੈ। ਉਸ ਸਮੇਂ ਦੀਆਂ ਰਾਜਨੀਤਿਕ ਪਾਰਟੀਆਂ ਚੋਣਾਂ ਵਿੱਚ ਹਿੱਸਾ ਲੈਦੀਆਂ ਸਨ, ਜਿੱਤਦੀਆਂ ਸਨ ਹਾਰਦੀਆਂ ਸਨ। ਉਹ ਪਾਰਟੀ ਕਾਂਗਰਸ ਦੀ ਹੋਵੇ, ਮੁਸਲਮਲੀਗ, ਅਕਾਲੀਦਲ, ਅਨੂਸੂਚਿਤ ਵਰਗ ਹੋਰ ਕਿਸਾਨ ਦਲ ਜਾਂ ਅਜਾਦੀ ਉਮੀਦਵਾਰ ਹੋਣ ਸਾਰੇ ਭਾਰਤੀਆਂ ਨੂੰ ਹੱਕ ਸੀ ਰਾਜਨੀਤੀ ਕਰਨ ਦਾ ਅਤੇ ਅੰਦੋਲਨ ਕਰਨ ਦੇ ਹੱਕ ਸਨ। ਉਹ ਚੋਣਾ ਜਿੱਤ ਜਾਣ ਬਾਅਦ ਸਰਕਾਰ ਜਾ ਸਰਕਾਰ ਚਲਾਉਣ ਵਿੱਚ ਸਹਿਯੋਗ ਵੀ ਕਰਦੀਆਂ ਸਨ ਅਤੇ ਵਿਰੋਧ ਵੀ ਕਰਦੀਆਂ ਸਨ। ਇਸ ਤਰਾਂ ਕਹਿ ਲਈਏ ਕਿ ਉਹ ਪਾਰਟੀਆਂ ਅਜਾਦੀ ਲਈ ਸ਼ਾਤੀ ਪੂਰਵਕ ਅੰਦੋਲਨ ਵੀ ਚਲਾ ਰਹੀਆਂ ਸਨ। ਦੂਜੇ ਤਰਾਂ ਪਲਟਕੇ ਕਹਿ ਲਈਏ ਭਾਰਤੀ ਰਾਜਨੀਤਿਕ ਲੋਕ ਹੀ ਅੰਦੋਲਨਕਾਰੀ ਸਨ ਅਤੇ ਭਾਰਤੀ ਅਦੋਲਨਕਾਰੀ ਹੀ ਰਾਜਨੀ-ਤਿਕ ਲੋਕ ਅੰਗਰੇਜ ਸਰਕਾਰ ਦੇ ਸ਼ਾਸਨ ਪ੍ਰਸ਼ਾਸਨ ਦੇ ਸਹਿਯੋਗੀ ਸਨ।

ਭਾਰਤ ਦੀ ਅਜਾਦੀ ਲੈਣ ਦੀ ਮੋਹਰੀ ਇੰਡੀਅਨ ਨੈਸ਼ਨਲ ਕਾਂਗਰਸ ਦੇ ਸੰਸਥਾਪਕਾਂ ਵਿਚੋਂ ਪ੍ਰਮੁੱਖ ਸੰਸਥਾਪਕ ਇੱਕ ਅੰਗਰੇਜ਼ ਐਲਨ ਓਕਟਾਵੀਅਨ ਹੁਮੈ ਸਨ। ਉਹਨਾ ਦੇ ਸਹਿਯੋਗ ਨਾਲ ਵੋਮਸ਼ ਚੰਦਰ ਬੋਨਰਜੀਇੰਡੀਅਨ ਨੈਸ਼ਨਲ ਕਾਂਗਰਸ ਦੇ ਪਹਿਲੇ ਪ੍ਰਧਾਨ ਬਣੇ ਸਨ। ਇਹ ਇਸ ਲਈ ਜਿਕਰ ਕੀਤਾ ਗਿਆ ਹੈ ਕਿ ਅੰਗਰੇਜ ਕਰਕਾਰ ਨੂੰ ਕੋਈ ਗੁਰੇਜ਼ ਨਹੀਂ ਸੀ ਕਿ ਭਾਰਤੀ ਆਮ ਲੋਕ ਅਤੇ ਅੰਦੋਲਨਕਾਰੀ ਲੋਕ ਰਾਜਨੀਤੀ ਕਰਨ ਜਾ ਭਾਰਤੀ ਰਾਜਨੀਜਿਕ ਲੋਕ ਅੰਦੇਲਨ ਕਰਨ। ਇਹ ਖਾਸੀਅਤ ਸੀ ਅੰਗਰੇਜਾਂ ਦੀ ਅਤੇ ਅੰਗਰੇਜ ਸਰਕਾਰ ਦੀ। ਅੰਦੋਲਨਕਾਰੀ ਰਾਜ ਅਤੇ ਰਾਜਨੀਤੀ ਪ੍ਰਬੰਧਨ ਦੇ ਫੈਸ਼ਲਿਆਂ ਦੇ ਸਤਾਏ ਹੋਏ ਲੋਕ ਹੀ ਤਾਂ ਹੁੰਦੇ ਹਨ। ਉਹ ਚਾਹੁੰਦੇ ਹੁੰਦੇ ਹਨ ਕਿ ਜੋ ਜੰਤਾ ਦੇ ਹੱਕ ਦੇ ਖਿਲਾਫ ਫੈਸ਼ਲੇ ਹੁੰਦੇ ਹਨ ਉਹਨਾ ਨੂੰ ਬਦਲ ਲੋਕ ਹਿੱਤ ਵਾਲੇ ਬਣਾਇਆ ਜਾਵੇ, ਅਤੇ ਜੋ ਅਜਿਹੇ ਗਲਤ ਫੈਸ਼ਲੇ ਕਰਦੇ ਹਨ ਉਹਨਾ ਨੂੰ ਸੁਧਾਰਿਆ ਜਾਵੇ ਜਾ ਬਦਲਿਆ ਜਾਵੇ। ਉਸ ਦੇ ਬਦਲ ਵਿੱਚ ਉਸ ਸੱਤਾ ਦੀ ਕੁਰਸੀ ਉਤੇ ਕੋਈ ਵੀ ਹੋਰ ਨੇਤਾ ਜਾ ਕੋਈ ਅੰਦੋਲਨ ਕਾਰੀਆਂ ਵਿਚੋਂ ਜਿੱਤ ਕੇ ਆਇਆ ਯੋਗ ਨੇਤਾ ਵੀ ਬੈਠ ਸਕਦਾ ਸੀ। ਪ੍ਰਮੁੱਖ ਸੱਤਾ ਦੀਆਂ ਔਹਦੇਦਾਰੀਆਂ ਦੀਆਂ ਕੁਰਸੀਆਂ ਨੂੰ ਛੱਡਕੇ ਅੰਗਰੇਜ਼ ਸਰਕਾਰ ਨੂੰ ਭਾਰਤੀ ਰਾਜਨੀਤਿਕ ਲੋਕਾਂ ਨਾਲ ਸਹਿਯੋਗ ਕਰਦੇ ਰਹੇ ਹਨ।

ਅਜਾਦੀ ਦੇ ਬਾਅਦ ਭਾਰਤ ਦੇ ਰਾਜਨੇਤਾ ਹਮੇਸ਼ਾ ਹੀ ਅੰਦੋਲਨਕਾਰੀਆਂ ਉਤੇ ਦੋਸ਼ ਲਗਾਉਦੇ ਰਹਿੰਦੇ ਹਨ ਕਿ ਅੰਦੋਲਨਕਾਰੀ ਰਾਜਨੀਤੀ ਕਰ ਰਹੇ ਹਨ ਜਾ ਰਾਜਨੀਤੀ ਵਾਲੇ ਅੰਦੋਲਨ ਵਿੱਚ ਸ਼ਾਮਿਲ ਹਨ। ਕੀ ਅੰਦੋਲਨਕਾਰੀ ਅਜਿਹੇ ਹੀ ਹੋਣੇ ਚਾਹੀਦੇ ਹਨ ਜਿਹਨਾ ਨੂੰ ਰਾਜਨੀਤੀ ਨਾਂ ਆਉਂਦੀ ਹੋਵੇ ਜਾ ਉਹਨਾ ਮੁਤਾਬਿਕ ਰਾਜਨੀਤੀਕ ਲੋਕ ਅੰਦੋਲਨਕਾਰੀ ਹੋਣ ਦਾ ਹੱਕ ਗੁਆ ਚੁੱਕੇ ਹੁੰਦੇ ਹਨ। ਇਸ ਵਿੱਚ ਭਾਰਤੀ ਲੋਕਾਂ ਦੀ ਬੇਇਮਾਨੀ ਝਲਕਦੀ ਦਿਖਾਈ ਦਿੰਦੀ ਹੈ।

ਕੀ ਇਹ ਰਾਜਨੀਤਿਕ ਲੋਕਾਂ ਦੀ ਵੱਖਰੀ ਜਮਾਤ ਬਣ ਗਈ ਹੈ ਜੋ ਆਮ ਲੋਕਾਂ ਦੇ ਨਾਲੋਂ ਵੱਖਰੀ ਹੁੰਦੀ ਹੈ, ਕਿ ਉਹ ਕੇਵਲ ਰਾਜਨੀਤੀ ਕਰਨ ਲਈ ਹੀ ਪੈਦਾ ਹੋਏ ਹੁੰਦੇ ਹਨ। ਜਾ ਅੰਦੋਲਨਕਾਰੀ ਰਾਜਨੀਤੀ ਲਈ ਅਸ਼ੂਤ ਮੰਨੇ ਗਏ ਹੁੰਦੇ ਹਨ। ਉਹਨਾ ਲਈ ਰਾਜ਼ਨੀਤੀ ਕਰਨਾ ਵਰਜਿਤ ਮੰਨ ਲਿਆ ਗਿਆ ਹੈ।

ਅਸ਼ੂਤ ਦੇ ਜਿਕਰ ਤੋਂ ਦਿਮਾਗ ਵਿੱਚ ਉਸ ਸਮਾਜ ਦਾ ਨਕਸ਼ਾ ਆ ਦਾਂਦਾ ਹੈ ਜੋ ਹਜਾਰਾਂ ਸਾਲਾ ਤੋਂ ਭਾਰਤ ਵਿੱਚ ਮਾਨਵੀ ਹੱਕਾਂ ਤੋਂ ਵਾਂਝੇ ਕਰਕੇ ਰਖਿਆ ਗਿਆ ਸੀ। ਉਹਨਾਂ ਨੂੰ ਜਲ, ਜੰਗਲ, ਜਮੀਨ, ਧਨ, ਬਲ, ਸਿੱਖਿਆ ਅਤੇ ਹੋਰ ਬਹੁਤ ਸਾਰੀਆਂ ਪਾਬੰਦੀਆਂ ਲਗਾ ਵਰਜਿਤ ਕਰ ਕੇ ਰਖਿਆ ਗਿਆ ਸੀ। ਉਹਨਾ ਨੂੰ ਕੇਵਲ ਸੇਵਾ ਕਰਨ ਦਾ ਅਧਿਕਾਰ ਹੁੰਦਾ ਸੀ, ਜਿਸ ਮੂੰ ਬਗਾਰ ਕਿਹਾ ਜਾਂਦਾ ਹੈ। ਉਹਨਾਂ ਨੂੰ ਮਿਹਨਤ ਬਦਲੇ ਮਿਹਨਤਾਨਾ ਮੰਗਣ ਦਾ ਹੱਕ ਵੀ ਨਹੀਂ ਸੀ।ਰਾਜ ਅਤੇ ਰਾਜਨੀਤੀ ਦੀ ਗੱਲ ਬਹੁਤ ਦੂਰ ਦੀ ਹੈ।

ਭਾਰਤ ਨੂੰ ਅਜਾਦੀ ਮਿਲੀ, ਸੰਵਿਧਾਨ ਬਣਿਆ। ਸੰਵਿਧਾਨ ਸਾਰੇ ਨਾਗਰਿਕਾਂ ਨੂੰ ਬਰਾਬਰ ਦੇ ਹੱਕ ਦਿੰਦਾ ਹੈ। ਉਹ ਭਾਰਤ ਦੇ ਕਿਸੇ ਵੀ ਕੋਨੇ ਵਿੱਚ ਰਹਿ ਸਕਦੇ ਹਨ, ਕੋਈ ਵੀ ਕੰਮ ਕਰ ਸਕਦੇ ਹਨ, ਮਜਦੂਰ ਤੋਂ ਲੈਕੇ ਰਾਸ਼ਟਰਪਤੀ ਦੇ ਔਹਦੇ ਤਕ ਤਰੱਕੀ ਕਰਨ ਦਾ ਹੱਕ ਹੁੰਦਾ ਹੈ। ਇਸ ਦੇ ਨਾਲ ਹੀ ਭਾਰਤੀ ਸੰਵਿਧਾਨ ਹਰ ਨਾਗਰਿਕ ਨੂੰ ਆਪਣੇ ਹੱਕ ਹਕੂਕ ਲੈਣ ਲਈ ਸ਼ਾਤੀ ਪੂਰਵਕ ਧਰਨਾ, ਪਰ੍ਹਦਸ਼ਨ ਅਤੇ ਅੰਦੋਲਨ ਕਰਨ ਦਾ ਅਧਿਕਾਰ ਦਿੰਦਾ ਹੈ।

ਤਰੱਕੀ ਦੀ ਪ੍ਰਤੀਯੋਗਤਾ ਦੀ ਦੌੜ ਵਿੱਚ ਲੋਕਾਂ ਦੇ ਬਹੁਤ ਵੱਡੇ ਗਰੁੱਪ ਨੂੰ ਅਸ਼ੂਤ ਬਣਾ ਦੌੜ ਤੋਂ ਬਾਹਰ ਰਖਣ ਦਾ ਮਤਲਵ ਮਨੁੱਖਤਾ ਦੇ ਇੱਕ ਵਰਗ ਤਰੱਕੀ ਕਰਨ ਅਤੇ ਤਰੱਕੀ ਦੇ ਨਾਲ ਹੋਣ ਵਾਲੀਆਂ ਸੁੱਖ ਸਵਿਧਾਵਾਂ ਤੋਂ ਵਾਂਝੇ ਰਖਣ ਲਈ ਉਸ ਵਰਗ ਦਾ ਦਾਖਲਾ ਹੀ ਬੰਦ ਕਰ ਦੇਣਾ ਬਹੁਤ ਵੱਡੀ ਚਾਲ ਰਹੀ ਹੈ। ਦੂਜੇ ਪਾਸੇ ਤਰੱਕੀ ਦੇ ਨਾਲ ਹੋਣ ਵਾਲੀਆਂ ਸੁੱਖ ਸਵਿਧਾਵਾਂ ਦਾ ਹਮੇਸ਼ਾ ਲਈ ਅਤੇ ਆਪਣਾ ਜ਼ੱਦੀ ਪੁਸ਼ੱਤੀ ਹੱਕ ਬਣਾ ਕੇ ਮਾਲਕ ਬਣਕੇ ਰਹਿਣਾ ਰਿਹਾ ਹੈ।

ਭਾਰਤ ਵਿੱਚ ਧਰਨਾ, ਪ੍ਰਦਰਸ਼ਨ ਅਤੇ ਅੰਦੋਲਨ ਕਿਸੇ ਨਾ ਕਿਸੇ ਰਾਜ ਅਤੇ ਕੇਂਦਰ ਦਦੇ ਫੈਸ਼ਲਿਆਂ ਖਿਲਾਫ ਅੰਦੋਲਨ ਹੁੰਦੇ ਰਹਿੰਦੇ ਹਨ। ਅੰਦੋਲਨਕਾਰੀਆਂ ਦਾ ਮੰਨਣਾ ਹੁੰਦਾ ਹੈ ਉਹਨਾ ਦੀ ਲੜਾਈ ਜਾਇਜ਼ ਹੈ ਕਿ ਉਹ ਆਪਣੇ ਹੱਕਾਂ ਲਈ ਲੜ ਰਹੇ ਹਨ। ਸਰਕਾਰ ਦਾ ਇਸ ਦੇ ਉਲਟ ਪੱਖ ਹੁੰਦਾ ਹੈ ਕਿ ਫੈਸ਼ਲਾ ਸਹੀ ਲਿਆ ਗਿਆ ਹੈ ਜੰਤਾ ਦੇ ਹੱਕ ਵਿੱਚ ਹੈ। ਬਹੁਤੀ ਵਾਰੀ ਸਰਕਾਰੀ ਪੱਖ ਤੋਂ ਅੰਦੇਲਨਕਾਰੀਆਂ ਉਤੇ ਰਾਜਨੀਤੀ ਕਰਨ ਦੇ ਦੋਸ਼ ਵੀ ਲਾਏ ਜਾਂਦੇ ਹਨ। ਇੱਕ ਤਰਫ ਅੰਗਰੇਜ਼ ਸਰਕਾਰ ਵੱਤ ਦੇਖਦੇ ਹਾਂ ਜੋ ਅੰਦੋਲਨਕਾਰੀਆਂ ਅਤਾ ਰਾਜਨੀਤੀ ਕਰਨ ਵਾਲਿਆਂ ਵਿੱਚ ਬਹੁਤਾ ਅੰਤਰ ਨਹੀਂ ਕਰਨ ਦੇ ਹੱਕ ਵਿੱਚ ਸੀ। ਦੂਜੇ ਪਾਸੇ ਅੰਦੋਲਨ ਅਤੇ ਰਾਜਨੀਤੀ ਵਿੱਚੋ ਨਿਕਲੀ ਰਟੀ ਦੇ ਰਾਜਸੀ ਨੇਤਾ ਭਾਰਤੀ ਲੋਕਾਂ ਉਤੇ ਰਾਜਨੀਤੀ ਦੂਰ ਰਹਿਣ ਨੂੰ ਸਖਤੀ ਨਾਲ ਕਹਿੰਦੇ ਦਿਖਾਈ ਦਿੰਦੇ ਹਨ। ਜਿਸ ਤਰਾਂ ਰਾਜਨੀਤੀ ਕਰਨ ਦਾ ਕੇਵਲ ਉਹਨਾ ਦਾ ਹੀ ਜਨਮ ਸਿੱਧ ਅਧਿਕਾਰ ਹੋਵੇ।

ਇਸ ਵਿੱਚ ਬੇਇਮਾਨੀ ਦੀ ਝਲਕ ਨਜ਼ਰ ਆਉਂਦੀ ਹੈ ਇਹ ਬਿਲਕੁਲ ਉਸੇ ਤਰਾਂ ਲਗਦਾ ਹੈ ਜਿਸ ਤਰਾ ਸ਼ੂਦਰਾਂ ਨੂੰ ਸਿੱਖਿਆ ਤੋਂ ਦੂਰ ਰਖਿਆ ਗਿਆ ਸੀ। ਹਜਾਰਾਂ ਸਾਲਾ ਕਰ ਸ਼ੂਦਰ ਸਿੱਖਿਆ ਤੋਂ ਦੂਰ ਰਖੇ ਗਏ। ਉਹਨਾ ਨੂੰ ਪੜਨ ਦਾ ਹੱਕ ਨਹੀਂ ਸੀ। ਕੰਮ ਕਰਨਾ ਅਤੇ ਹੁਕਮ ਮੰਨਣਾ। ਸਿੱਖਿਆ ਇੱਕ ਅਜਿਹੀ ਪੌੜੀ ਹੈ ਜਿਸ ਉਤੇ ਚੜਕੇ ਮਨੁੱਖ ਤਰੱਕੀ ਦੇ ਸਿਖਰ ਉਤੇ ਪਹੁੰਚ ਸਕਦਾ ਹੈ। ਇਸੇ ਤਰਾਂ ਰਾਜਨੀਤੀ ਕਰਨ ਵਾਲਾ ਵੀ ਰਾਜਨੀਤੀ ਸੀ ਸਿਖਰ ਰਾਸ਼ਟਰਪਤੀ ਦੇ ਔਹਦੇ ਤਕ ਪਹੁੰਚ ਸਕਦਾ ਹੈ।ਜਦੋਂ ਅੰਦੋਲਨਕਾਰੀਆਂ ਨੂੰ ਪੁਰਾਣੇ ਨੇਤਾ ਰਾਜ ਨੀਤੀ ਨਾ ਕਰਨ ਦੀ ਸਨਾਹ ਦਿੰਦੇ ਹਨ, ਦੋਲਨਕਾਰੀ ਰਾਜਨੀਤੀ ਵਿੱਚ ਅਸ਼ੂਤ ਹੋਣ ਦੇ ਬਰਾਬਰ ਆ ਖੜਦੇ ਹਨ ਇਹ ਬਹੁਤ ਗਲਤ ਹੈ, ਬੇਇਮਾਨੀ ਹੈ। ਜੇ ਕਰ ਅੰਗਰੇਜ ਸਰਕਾਰ ਦੇ ਸਮੇ ਅੰ-ਦੋਲਨਕਾਰੀ ਰਾਜਨੀਤਿਕ ਅਤੇ ਰਾਜਨੀਤਿਕ ਅੰਦੋਲਨਕਾਰੀ ਹੋ ਸਕਦੇ ਸਨ ਤਾ ਹੁਣ ਕਿਉਂ ਨਹੀਂ।

ਭਾਰਤ ਵਿੱਚ ਪ੍ਰਪਰਾਗਤ ਰਾਜਨੀਤਿਕ ਦਲਾਂ ਦੀ ਰਾਜਨੀਤੀ ਖਾਨਦਾਨੀ ਧੰਦਾ ਹੈ ਗਈ ਹੈ। ਕਈਆਂ ਸਧਾਰਨ ਪ੍ਰਵਾਰਾ ਦੇ ਨਾਲਪੁਰਾਣੇ ਰਜਵਾੜੇ ਧਨ ਸ਼ਕਤੀ ਦੇ ਕਾਰਨ ਸੱਤਾ ਵਿੱਚ ਬਣੇ ਹੋਏ ਹਨ। ਉਹਨਾ ਦਾ ਜੰਤਕ ਅੰਦੋਲਨ ਨਾਲ ਦੂਰ ਦਾ ਵੀ ਵਾਸਤਾ ਨਹੀਂ ਰਿਹਾ ਸਗੋਂ ਅੰਗਰੇਜਾਂ ਦੇ ਲਈ ਕੰਮ ਕਰਦੇ ਰਹੇ ਹਨ। ਹੁਣ ਬਹੁਤ ਸਾਰੇ ਉਹਨਾ ਦੀਆਂ ਦੂਜੀਆਂ ਤੀਜੀਆਂ ਪੀਹੜੀਆਂ ਦੇ ਲੋਕ ਸੱਤਾ ਵਿੱਚ ਬਣੇ ਹੋਏ ਹਨ। ਇਸ ਤਰਾਂ ਨਾਲ ਭਾਰਤ ਦੀ ਸੱਤ ਇਕ ਤਰਾਂ ਨਾਲ ਅੰਗਰੇਜ ਸਰਕਾਰ ਦੀ ਤਰਾਂ ਹੀ ਕੰਮ ਕਰਨ ਲਗ ਪਈ ਹੈ। ਇਸ ਖਿਲਾਫ ਅੰਦੋਲਨ ਹੋਣ ਲਗੇ ਹਨ। ਅੰਦੋਲਨਾਂ ਵਿਚੋਂ ਹੀ ਜੰਤਾ ਦੀ ਨਬਜ਼ ਅਤੇ ਜੰਤਾ ਦੇ ਪਰਖੇ ਹੋਏ ਕਰਾਂਤੀਕਾਰੀ ਨੇਤਾਵਾਂ ਦੇ ਸੱਤਾ ਵਿੱਚ ਆਉਂਣ ਦੇ ਰਾਹ ਖਲਦੇ ਹਨ। ਇਸ ਲਈ ਸੱਤਾਧਾਰੀਆਂ ਵਿੱਚ ਸੁੱਧਤਾ ਬਣੇ ਰਹਿਣ ਲਈ ਜਰੂਰੀ ਹੈ ਰਾਜਨੀਤੀ ਦੀ ਦਸ਼ਾ-ਦਿਸ਼ਾ ਨੂੰ ਲੋਕਾਂ ਦੀ ਪਸੰਦ ਅਨੂਸਾਰ ਸੰਵਿਧਾਨ ਦੇ ਦਾਇਰੇ ਵਿੱਚ ਅਦੋਲਨ ਹੁੰਦੇ ਰਹਿਣ, ਆਮ ਜੰਤਾ ਨੂੰ ਪ੍ਰੇਸ਼ਾਨੀ ਦਾ ਧਿਆਨ ਰਖਦੇ ਹੋਏ।

# ਖ਼ੂਬਸੂਰਤ ਸਾਹਿਤਕ ਉਡਾਣਾਂ ਭਰ ਰਹੀ ਮੁਟਿਆਰ : ਰਾਜਨਦੀਪ ਕੌਰ ਮਾਨ



ਪ੍ਰੀਤਮ ਲੁਧਿਆਣਵੀ
9876428641

ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸੱਚੀ-ਸੁੱਚੀ ਸਪੁੱਤਰੀ ਰਾਜਨਦੀਪ ਕੌਰ ਮਾਨ ਅਜੇ ਤੱਕ ਬੇਸ਼ੱਕ ਮੌਲਿਕ ਪੁਸਤਕ ਦਾ ਉਪਰਾਲਾ ਤਾਂ ਭਾਂਵੇਂ ਨਹੀਂ ਕਰ ਸਕੀ, ਪਰ ਫਿਰ ਵੀ ਉਸ ਦਾ ਨਾਓਂ ਪੰਜਾਬੀ ਸਾਹਿਤ ਦੀ ਸਿਰਜਣਾ ਕਰਨ ਵਾਲੀਆਂ ਮਿਆਰੀ ਕਲਮਾਂ ਵਿਚ ਸ਼ੁਮਾਰ ਹੈ। ਜਿਲ੍ਹਾ ਫਰੀਦਕੋਟ ਦੇ ਪਿੰਡ ਮਚਾਕੀ ਮੱਲ ਸਿੰਘ ਵਿਖੇ ਸ੍ਰੀਮਤੀ ਗੁਰਮੇਲ ਕੌਰ (ਮਾਤਾ) ਦੀ ਪਾਕਿ ਕੁੱਖੋਂ ਸ੍ਰ ਗੁਰਦੌਰ ਸਿੰਘ ਸੇਖੋਂ (ਪਿਤਾ) ਦੇ ਗ੍ਰਹਿ ਨੂੰ ਰੁਸ਼ਨਾਉਣ ਵਾਲੀ ਰਾਜਨਦੀਪ ਦੱਸਦੀ ਹੈ ਕਿ ਉਸ ਦੇ ਪਾਪਾ ਨੇ ਰੂਸ ਤੋਂ ਟਰੈਕਟਰ ਮੰਗਵਾਇਆ ਸੀ ਤਾਂ ਰੂਸ ਦੀਆਂ ਸਾਹਿਤਕ ਕਿਤਾਬਾਂ ਜੋ ਕਿ ਪੰਜਾਬੀ ਰੂਪਾਂਤਰਿਤ ਸਨ, ਵੀ ਓਹਨਾ ਨੇ ਤੋਹਫੇ ਵਜੋਂ ਨਾਲ ਭੇਜੀਆਂ ਸਨ, ਜਿਨ੍ਹਾਂ ਨੂੰ ਕਿ ਛੋਟੇ ਹੁੰਦਿਆਂ ਉਸਨੇ ਵੀ ਪੜ੍ਹਿਆ। ਫਿਰ ਸ਼ਿਵ ਕੁਮਾਰ ਬਟਾਲਵੀ ਜੀ ਦੀਆਂ ਕਵਿਤਾਵਾਂ ਉਸਨੂੰ ਪੜ੍ਹਨ ਨੂੰ ਮਿਲੀਆ, ਜਿਹੜੀਆਂ ਕਿ ਉਸਦੇ ਮਨ ਤੇ ਹੀ ਉਕਰ ਗਈਆਂ। ਸਕੂਲ ਸਮੇਂ ਦੀ ਲਿਖੀ ਕਵਿਤਾ, 'ਰੱਬਾ ਮੈਂ ਜੁਗਨੂੰ ਹੋ ਜਾਵਾਂ' ਜੋ ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ ਦੇ ਮੈਗਜੀਨ, 'ਪ੍ਰਾਇਮਰੀ ਸਿੱਖਿਆ' ਵਿੱਚ ਪ੍ਰਕਾਸ਼ਿਤ ਹੋਈ, ਤੋਂ ਬਾਅਦ ਉਸ ਦਾ ਲਿਖਿਆ ਕਾਲਜ ਵਿਚ ਹਰ ਸਾਲ ਕੁਝ ਨਾ ਕੁਝ ਛਪਦਾ ਹੀ ਰਿਹਾ। ਬ੍ਰਿਜਿੰਦਰਾ ਕਾਲਜ ਫਰੀਦਕੋਟ ਵਿਚ ਪੜ੍ਹਾਈ ਦੌਰਾਨ ਕਾਲਜ ਵੱਲੋਂ ਉਸਨੂੰ, ''ਅੱਛਾ ਸੰਪਾਦਿਕ'' ਦਾ ਸਨਮਾਨ ਸਰਟੀਫਿਕੇਟ ਵੀ ਮਿਲਿਆ। ਫਰੀਦਕੋਟ ਵਿੱਚ ਸਾਹਿਤਕ ਮਾਸਿਕ ਮੈਗਜੀਨ, 'ਸੁਜਾਤਾ' ਵਿੱਚ ਵੀ ਉਸ ਦੀਆਂ ਕਵਿਤਾਵਾਂ ਛਪੀਆਂ।



ਫਿਰ ਵਿਆਹ ਤੋਂ ਬਾਅਦ ਕੁਝ ਸਾਲ ਜਿੰਮੇਵਾਰੀਆਂ ਦੇ ਕਾਰਣ ਉਹ ਕੁਝ ਲਿਖ ਨਾ ਸਕੀ। ਪਰ, ਹੁਣ ਫਿਰ ਜਦ ਤੋਂ ਉਸਨੇ ਸਰਗਰਮ ਹੋ ਕੇ ਲਿਖਣਾ ਸ਼ੁਰੂ ਕੀਤਾ ਹੈ ਤਾਂ ਦੇਸ਼-ਵਿਦੇਸ਼ ਦੇ ਲਗਭਗ ਹਰ ਪੰਜਾਬੀ ਅਖਬਾਰ ਵਿਚ ਛਪਣ ਦਾ ਸੁਪਨਾ ਪੂਰਾ ਕੀਤਾ ਹੈ, ਉਸ ਨੇ। ਜਿਨ੍ਹਾਂ ਵਿਚ ਪੰਜਾਬੀ ਟ੍ਰਿਬਿਊਨ, ਨਵਾਂ ਜਮਾਨਾ, ਅੱਜ ਦੀ ਅਵਾਜ਼, ਸਪੋਕਸਮੈਨ, ਵਿਰਾਸਤ, ਜਾਗਰਣ, ਸਾਂਝ, ਪਹਿਰੇਦਾਰ, ਦਾ ਟਾਈਮਜ਼ ਆਫ ਪੰਜਾਬ, ਲੋਕ ਭਲਾਈ ਦਾ ਸੁਨੇਹਾ, ਦੁਆਬਾ ਐਕ-ਸਪ੍ਰੈਸ, ਸੂਰਜ, ਕੌਮੀ ਪੱਤ੍ਰਿਕਾ, ਸੂਰਜ ਮੇਲ, ਦੇਸ ਪ੍ਰਦੇਸ, ਮਹਾ ਪੰਜਾਬ, ਸੱਚ ਦੀ ਪਟਾਰੀ, ਪੰਜਾਬ ਟਾਈਮਜ, ਪੰਜਾਬ ਨੈੱਟਵਰਕ, ਸਾਡੇ ਲੋਕ (ਯੂ. ਐਸ. ਏ.), ਕਾਵਿ ਸਾਂਝਾਂ, ਸੰਗਰਾਮੀ ਲਹਿਰ, ਵੰਗਾਰ, ਕਾਫਲਾ, ਪੰਜਾਬ ਹੈਰੀਟੇਜ ਕੈਨੇਡਾ, ਦਾ ਪੰਜਾਬ ਟਾਈਮਜ (ਯੂ. ਕੇ.), ਪੰਜਾਬੀ ਪੱਤ੍ਰਿਕਾ, ਪੰਜਾਬ ਮੇਲ (ਯੂ. ਐਸ. ਏ.), ਪੰਜਾਬੀ ਇੰਨ ਹਾਲੈਂਡ, ਪੰਜਾਬੀ ਸਕਰੀਨ, ਹਰਫ਼ਨਾਮਾ, ਪੰਜਾਬ ਗਾਰਡੀਅਨ, ਦਾ ਇੰਡੋ ਅਮੈਰਕਿਨ ਟਾਈਮਜ (ਯੂ. ਐਸ. ਏ.) , ਦਾ ਹਮਦਰਦ, ਅਜੀਤ ਵੀਕਲੀ, ਪੰਜਾਬੀ ਇੰਨ ਨਿਊਜ਼ੀਲੈਂਡ, ਸਕਾਈ ਹਾਕ ਟਾਈਮਜ, ਲਿਸ਼ਕਾਰਾ ਟਾਈਮਜ, ਵਰਲਡ ਪੰਜਾਬੀ ਟਾਈਮਜ ਵੈਨਕੂਵਰ, ਦਾ ਕੈਨੇਡੀਅਨ ਪੰਜਾਬ ਟਾਈਮਜ, ਦਾ ਰਾਵੀ, ਜੁਝਾਰ ਟਾਈਮਜ, ਸੁਖਨ ਸਾਂਝ ਹ-ਰਆਣਾ ਤੇ ਮੁਕਦਸ ਮਰਕਜ (ਪਾਕਿਸਤਾਨ) ਆਦਿ ਸਮੇਤ ਅਖਬਾਰਾਂ ਤੇ ਮੈਗਜ਼ੀਨਾਂ ਦੀ ਇਕ ਲੰਬੀ ਲਿਸਟ ਹੈ।

ਮਾਨ ਨੇ ਹਰ ਵਿਸ਼ੇ ਉਪਰ ਸਰਾਹੁਣ ਯੋਗ ਕਲਮ- ਅਜਮਾਈ ਕੀਤੀ ਹੈ, ਜਿਨ੍ਹਾਂ ਵਿਚ ਉਸ ਦੀ ਕਿਸਾਨ ਅੰਦੋਲਨ ਦੇ ਹੱਕ ਵਿਚ ਲਿਖੀ ਕਵੀਸ਼ਰੀ ਨੇ ਤਾਂ ਹੋਰ ਵੀ ਧੁੰਮਾਂ ਪਾ ਕੇ ਰੱਖ ਦਿੱਤੀਆਂ ਹਨ। ਲਿਖਣ ਤੋਂ ਇਲਾਵਾ ਇਸ ਮੁਟਿਆਰ ਨੂੰ ਗਿੱਧੇ -ਭੰਗੜੇ ਦਾ ਵੀ ਬਹੁਤ ਸ਼ੌਂਕ ਹੈ। ਇੱਥੇ ਹੀ ਬਸ ਨਹੀ, ਪੰਜਾਬੀ ਸੱਭਿਆਚਾਰ ਦੀ ਸੇਵਾ ਲਈ ਰੇਡੀਓ ਸਟੇਸ਼ਨ ਤੋਂ ਵੀ ਉਹ ਪੰਜਾਬੀ ਸੱਭਿਆਚਾਰ ਬਾਰੇ ਪ੍ਰੋਗਰਾਮ ਅਕਸਰ ਪੇਸ਼ ਕਰਦੀ ਹੀ ਰਹਿੰਦੀ ਹੈ।

ਪੰਜਾਬੀ ਬੋਲੀ ਦੀ ਵੱਧ ਤੋਂ ਵੱਧ ਸੇਵਾ ਕਰਨ ਦਾ ਜਨੂੰਨ ਪਾਲ ਰਹੀ ਮਾਨ ਦੀਆਂ ਜਿੱਥੇ ਕਈ ਸਾਂਝੀਆਂ ਪ੍ਰਕਾਸ਼ਨਾਵਾਂ ਵਿਚ ਰਚਨਾਵਾਂ ਛਪਣ ਵਾਲੀਆਂ ਹਨ, ਉਥੇ ਉਹ ਆਪਣਾ ਖੁਦ ਦਾ ਮੌਲਿਕ ਸੰਗ੍ਰਹਿ ਛਪਵਾਉਣ ਦੀ ਵੀ ਹੁਣ ਤਿਆਰੀ ਵਿਚ ਹੈ। ਕਾਗਜਾਂ ਦੇ ਫੁੱਲਾਂ ਵਿਚੋਂ ਮਹਿਕਾਂ ਤੇ ਖ਼ੁਸ਼ਬੂਆਂ ਵਿਖੇਰਨ ਦਾ ਦਮ ਰੱਖਦੀ ਇਸ ਕਲਮ ਲਈ ਉਹ ਦਿਨ ਦੂਰ ਨਹੀਂ, ਜਦੋਂ ਉਹ ਸਾਹਿਤ ਤੇ ਸੱਭਿਆਚਾਰ ਦੇ ਹੋਰ ਵੀ ਉਚੇ ਅੰਬਰੀਂ ਉਡਾਣਾ ਭਰਦੀ ਨਜ਼ਰੀ ਆਵੇਗੀ। ਰੱਬ ਕਰੇ!

# ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਦਾ ਇਤਿਹਾਸ




## ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ

ਰਵਨਜੋਤ ਕੌਰ ਸਿੱਧੂ
ਜੱਬੋਵਾਲ, ਸ਼ਹੀਦ ਭਗਤ ਸਿੰਘ ਨਗਰ

ਸਾਹਿਬਜਾਦਾ ਅਜੀਤ ਸਿੰਘ ਜੀ, ਦਸਮੇਸ਼ ਪਿਤਾ "ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ" ਦੇ ਸਭ ਤੋਂ ਵੱਡੇ ਸਪੁੱਤਰ ਸਨ ! ਆਪ ਜੀ ਦਾ ਜਨਮ ਸੰਨ 1687 ਨੂੰ ਪਾਉਂਟਾ ਸਾਹਿਬ ਵਿਖੇ ਮਾਤਾ ਸੁੰਦਰੀ ਜੀ ਦੀ ਕੁੱਖ ਤੋਂ ਹੋਇਆ। ਬਚਪਨ ਤੋਂ ਸ਼ਸਤਰ ਵਿਦਿਆ ਦੀ ਸਿਖਲਾਈ ਅਤੇ ਪੜ੍ਹਾਈ ਗੁਰੂ ਸਾਹਿਬ ਜੀ ਦੀ ਨਿਗਰਾਨੀ ਵਿੱਚ ਹੋਈ। ਘੋੜ ਸਵਾਰੀ, ਸ਼ਸਤਰ ਵਿਦਿਆ, ਤੀਰ ਅੰਦਾਜੀ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਜੀ ਬਹੁਤ ਨਿਪੁੰਨ ਸਨ। ਸਾਹਿਬਜ਼ਾਦਾ ਜੀ ਆਪਣੇ ਜੀਵਨ ਕਾਲ ਦੇ ਆਰੰਭ ਤੋਂ ਹੀ ਸਿਖੀ-ਸਿਦਕ ਵਿੱਚ ਨਿਪੁੰਨ "ਸ੍ਰੀ ਗੁਰੂ ਅਰਜਨ ਸਾਹਿਬ ਜੀ" ਅਤੇ "ਗੁਰੂ ਤੇਗ ਬਹਾਦੁਰ ਸਾਹਿਬ ਜੀ" ਦੇ ਜੀਵਨ ਕਿੱਸੇ ਸੁਣ-ਸੁਣ ਕੇ ਵੱਡੇ ਹੋਏ ਸਨ ਸੋ ਆਪ ਜੀ ਨੇ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਕਈ ਜੰਗਾਂ ਵਿੱਚ ਵੱਧ-ਚੜ੍ਹ ਕੇ ਯੋਗਦਾਨ ਪਾਇਆ !

ਇਸ ਵਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਦੀਵਾਨ ਸਜਿਆ ਹੋਇਆ ਸੀ ਕਿ ਇੱਕ ਬ੍ਰਾਹਮਨ ਜਿਸ ਦਾ ਨਾਂਅ ਦੇਵਦਾਸ ਸੀ, ਰੋਂਦਾ ਕੁਰਲਾਂਦਾ ਦੀਵਾਨ ਵਿੱਚ ਪੁੱਜਿਆ। ਇਹ ਸ਼ਿਆਰਪੁਰ ਦੇ ਨੇੜੇ ਦੇ ਇੱਕ ਪਿੰਡ ਦਾ ਰਹਿਣ ਵਾਲਾ ਸੀ। ਗੁਰੂ ਜੀ ਨੇ ਬ੍ਰਾਹਮਣ ਨੂੰ ਚੁੱਪ ਕਰਾ ਕੇ ਰੋਣ ਦਾ ਕਾਰਨ ਪੁੱਛਿਆ। ਬ੍ਰਾਹਮਣ ਕਹਿਣ ਲੱਗਾ ਮੈਂ ਮੁਕਲਾਵਾ ਲੈ ਕੇ ਆ ਰਿਹਾ ਸੀ ਕਿ ਮੇਰੀ ਘਰ ਵਾਲੀ ਬ੍ਰਾਹਮਣੀ ਪਠਾਣਾਂ ਨੇ ਖੋਹ ਲਈ ਹੈ। ਮੈਂ ਬਹੁਤ ਚੀਕ-ਪੁਕਾਰ ਕੀਤੀ ਪਰ ਮੇਰੀ ਕਿਸੇ ਨੇ ਨਾ ਸੁਣੀ। ਇਨ੍ਹਾਂ ਮੈਨੂੰ ਫੜ ਕੇ ਬਹੁਤ ਮਾਰਿਆ ਤੇ ਮੇਰੀ ਘਰਵਾਲੀ ਖੋਹ ਕੇ ਚਲਦੇ ਬਣੇ। ਹੁਣ ਮੈਂ ਆਪ ਜੀ ਦੀ ਸ਼ਰਨ ਆਇਆ ਹਾਂ। ਮੇਰੀ ਸਹਾਇਤਾ ਕਰੋ ਤੇ ਮੇਰੀ ਇਸਤਰੀ ਮੈਨੂੰ ਵਾਪਸ ਦਿਵਾਉ। ਗੁਰੂ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਹੁਕਮ ਦਿੱਤਾ ਕਿ ਬਸੀ ਦੇ ਪਠਾਣ ਜਾਬਰ ਖਾਂ ਨੇ ਇਸ ਬ੍ਰਾਹਮਣ ਦੀ ਘਰਵਾਲੀ ਖੋਹ ਲਈ ਹੈ। ਤੁਸੀਂ ਸਿੰਘਾਂ ਨੂੰ ਲੈ ਕੇ ਜਾਉ ਤੇ ਬਿਜਲੀ ਦੀ ਫੁਰਤੀ ਵਾਂਗੂ ਬ੍ਰਾਹਮਣੀ ਨੂੰ ਛੁਡਾ ਕੇ ਇਸ ਦੇ ਹਵਾਲੇ ਕਰੋ। ਜਾਬਰ ਖਾਂ ਨੂੰ ਉਸ ਦੇ ਕੀਤੇ ਦੀ ਕਰੜੀ ਸਜ਼ਾ ਦਿਉ। ਸਾਹਿਬਜਾਦਾ ਅਜੀਤ ਸਿੰਘ ਨੇ 100 ਸਿੰਘਾਂ ਨੂੰ ਨਾਲ ਲਿਆ ਤੇ ਬ੍ਰਾਹਮਣ ਨੂੰ ਆਪਣੇ ਘੋੜੇ ਤੇ ਬਿਠਾ ਲਿਆ। ਅਜੇ ਦਿਨ ਨਹੀਂ ਸੀ ਚੜ੍ਹਿਆ ਕਿ ਬਸੀ ਪਠਾਣਾਂ ਤੇ ਜਾ ਪੇ। ਹਵੇਲੀ ਦਾ ਬੂਹਾ ਤੋੜ ਕੇ ਅੰਦਰ ਲੰਘ ਗਏ। ਪਠਾਣਾਂ ਨੇ ਸਿੱਖਾਂ ਨੂੰ ਅੰਦਰ ਆਉਂਦਿਆਂ ਵੇਖ ਸਿੱਖ ਆ ਗਏ ਸਿੱਖ ਆ ਗਏ। ਦਾ ਰੌਲਾ ਪਾ ਦਿੱਤਾ। ਕਿਸੇ ਪਠਾਣ ਦਾ ਹੌਂਸਲਾ ਨਹੀਂ ਸੀ ਕਿ ਸਿੱਖਾਂ ਨਾਲ ਟਾਕਰਾ ਲੈ ਸਕੇ। ਜਾਬਰ ਖਾਂ ਅੰਦਰਲੇ ਕਮਰੇ ਵਿੱਚ ਲੁਕਿਆ ਹੋਇਆ ਸੀ। ਸਿੱਖਾਂ ਨੇ ਘਬਰਾਏ ਹੋਏ ਜਾਬਰ ਖਾਂ ਨੂੰ ਜਾ ਪਕੜਿਆਂ ਬ੍ਰਾਹਮਣ ਨੇ ਦੋਸ਼ੀ ਜਾਬਰ ਖਾਂ ਨੂੰ ਪਛਾਣ ਲਿਆ ਸੀ। ਬ੍ਰਾਹਮਣੀ ਨੂੰ ਵੀ ਅੰਦਰੋਂ ਲੱਭ ਕੇ ਬ੍ਰਾਹਮਣ ਦੇ ਹਵਾਲੇ ਕੀਤਾ। ਹੋਰ ਕਿਸੇ ਚੀਜ ਨੂੰ ਹੱਥ ਨਹੀਂ ਲਾਇਆ। ਜਾਬਰ ਖਾਂ ਪਠਾਣ ਨੂੰ ਬੰਨ੍ਹ ਕੇ ਘੋੜੇ ਤੇ ਬਿਠਾ ਕੇ ਬ੍ਰਾਹਮਣੀ ਸਮੇਤ ਅਨੰਦਪੁਰ ਸਾਹਿਬ ਪਹੁੰਚੇ। ਬ੍ਰਾਹਮਣੀ ਨੂੰ ਬ੍ਰਾਹਮਣ ਦੇ ਹਵਾਲੇ ਕੀਤਾ। ਗੁਰੂ ਸਾਹਿਬ ਜੀ ਇਸ ਗੱਲ ਤੋਂ ਬਹੁਤ ਖੁਸ਼ ਹੋਏ ਅਤੇ ਸਾਹਿਬਜ਼ਾਦੇ ਤੇ ਸਿੰਘਾਂ ਨੂੰ, ਸ਼ਾਬਾਸ਼ ਦਿੱਤੀ।

ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ, ਦੁਆਰਾ ਲੜੀਆਂ ਗਈਆਂ ਜੰਗਾਂ ਦਾ ਕੁਝ ਇਸ ਪ੍ਰਕਾਰ ਹਨ ਪਹਿਲੀ ਜੰਗ ਨੂਹ ਰੰਘੜ ਦੀ ਜੰਗ ਹੈ ਖਾਲਸਾ ਪੰਥ ਦੀ ਸਾਜਨਾ ਤੋਂ ਬਾਅਦ, ਸੰਗਤ ਦੇ ਇੱਕ ਟੋਲੇ ਨੂੰ ਪੋਠੋਹਾਰ ਵਿੱਖੇ, ਨੂਹ ਰੰਘੜ ਨੇ ਆਣ ਲੁੱਟਿਆ ! ਜਦ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਪਤਾ ਲੱਗਾ ਤਾਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਉਸ ਕੂਕਰ ਦਾ ਮੁਕਾਬਲਾ ਕਰਨ ਲਈ ਭੇਜਿਆ ਗਿਆ ! ਸਾਹਿਬਜ਼ਾਦਾ ਅਜੀਤ ਸਿੰਘ ਜੀ ਉਸ ਸਮੇਂ 12 ਸਾਲ ਦੀ ਉਮਰ ਵਿੱਚ ਸੀ ਸਾਹਿਬਜ਼ਾਦਾ ਅਜੀਤ ਸਿੰਘ ਜੀ ਸਿੰਘਾਂ ਦੇ ਜੱਥੇ ਸਮੇਤ ਰਵਾਨਾ ਹੋਏ ਅਤੇ ਜਿੱਤ ਹਾਸਿਲ ਕਰ ਕੇ ਪਰਤੇ !

ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ&; ਤਾਰਾਗੜ, ਨਿਰਮੋਹਗੜ ਦੀ ਦੂਜੀ ਜੰਗ ਸੀ ਆਨੰਦਪੁਰ ਸਾਹਿਬ ਦੇ ਹਮਲੇ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਤਾਰਾਗੜ ਅਤੇ ਨਿਰਮੋਹਗੜ ਦੇ ਕਿਲੇ ਦੀ ਜ਼ੁੰਮੇਦਾਰੀ ਸੌਂਪੀ ਗਈ ! ਆਪ ਜੀ ਨੇ ਸੂਰਬੀਰਤਾ ਨਾਲ ਮੁਕਾਬਲਾ ਕਰਦੇ ਹੋਏ ਜਿੱਤ ਹਾਸਿਲ ਕੀਤੀ ਅਤੇ ਮੁਘਲਾਂ ਦੀਆਂ ਫੌਜਾਂ ਨੂੰ ਮਾਰ ਭਜਾਇਆ !

ਜਦੋਂ ਪਹਾੜੀ ਰਾਜਿਆਂ ਅਤੇ ਮੁਗਲ ਫੌਜਾਂ ਨੇ ਅਨੰਦਪੁਰ ਸਾਹਿਬ ਨੂੰ, ਸੱਤ ਮਹੀਨੇ ਤੋਂ ਘੇਰੀ ਰਖਿਆ ਤਾਂ ਕਿਸੇ ਚੰਗੇ ਟਿਕਾਣੇ ਤੇ ਜਾ ਕੇ ਵੈਰੀਆਂ ਦਾ ਮੁਕਾਬਲਾ ਕਰਨ ਲਈ 6-7 ਪੋਹ, ਸੰਮਤ 1761 (ਸੰਨ 1704) ਦੀ ਵਿਚਲੀ ਰਾਤ ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਛੱਡਣ ਦਾ ਫੈਸਲਾ ਕੀਤਾ। ਗੁਰੂ ਜੀ ਪਰਿਵਾਰ ਤੇ ਸਿੱਖਾਂ ਸਮੇਤ ਹਜੇ ਸਰਸਾ ਨਦੀ ਤੇ ਹੀ ਰੱਜੇ ਸੀ ਮੁਗਲ ਫੌਜਾਂ ਨੇ ਹੱਲਾ ਬੋਲ ਦਿੱਤਾ। ਸਰਸਾ ਨਦੀ ਦੇ ਕੰਢੇ ਭਾਰੀ ਲੜਾਈ ਹੋਈ, ਜਿਸ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਅਗਵਾਈ ਕੀਤੀ ਜਦੋਂ ਬਾਕੀ ਸਿੰਘ ਸਰਸਾ ਨਦੀ ਪਾਰ ਕਰ ਗਏ ਪਿੱਛੋਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਵੀ ਸਰਸਾ ਪਾਰ ਕੀਤੀ। ਇਥੇ ਹੀ ਪਰਿਵਾਰ ਵਿਛੋੜਾ ਪੈ ਗਿਆ ਅਤੇ ਛੋਟੇ ਸਾਹਿਬਜ਼ਾਦੇ ( ਸਾਹਿਬਜ਼ਾਦਾ ਜੋਰਾਵਰ ਸਿੰਘ ਜੀ, ਸਾਹਿਬਜ਼ਾਦਾ ਫਤਿਹ ਸਿੰਘ ਜੀ) ਅਤੇ ਮਾਤਾ ਗੁਜਰ ਕੌਰ ਜੀ ਵੱਖ ਹੋ ਗਏ !

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਸਰਸਾ ਨਦੀ ਪਾਰ ਕਰਕੇ ਚਮਕੌਰ ਸਾਹਿਬ ਪਹੁੰਚੇ। ਇਥੇ ਚੌਧਰੀ ਬੁਧੀ ਚੰਦ ਦੀ ਇੱਕ ਗੜ੍ਹੀ ਸੀ ਜਿਸ ਵਿੱਚ ਗੁਰੂ ਜੀ ਦੋ ਵੱਡੇ ਸਾਹਿਬਜ਼ਾਦਿਆਂ ਅਤੇ 40 ਸਿੰਘਾਂ ਨੇ 10 ਲੱਖ ਦੀ ਫੌਜ ਦਾ ਡੱਟ ਕੇ ਸਾਹਮਣਾ ਕੀਤਾ। ਜਦੋਂ ਕੁੱਝ ਸਿੰਘ ਸ਼ਹੀਦ ਹੋ ਗਏ ਤਾਂ ਬਾਕੀ ਸਿੰਘਾਂ ਨੇ ਬੇਨਤੀ ਕੀਤੀ ਗੁਰੂ ਜੀ ਤੁਸੀਂ ਸਾਹਿਬਜਾਦਿਆਂ ਨੂੰ ਨਾਲ ਲੈ ਕੇ ਗੜ੍ਹੀ ਤੋਂ ਬਾਹਰ ਨਿਕਲ ਜਾਓ। ਗੁਰੂ ਜੀ ਨੇ ਕਿਹਾ ਤੁਸੀਂ ਕਿਹੜੇ ਸਾਹਿਬਜਾਦਿਆਂ ਦੀ ਗੱਲ ਕਰਦੇ ਹੋ। ਤੁਸੀਂ ਸਾਰੇ ਹੀ ਮੇਰੇ ਸਾਹਿਬਜ਼ਾਦੇ ਹੋ। ਫਿਰ ਗੁਰੂ ਸਾਹਿਬ ਜੀ ਨੇ ਬਾਬਾ ਅਜੀਤ ਸਿੰਘ ਜੀ ਨੂੰ ਤਿਆਰ ਕੀਤਾ। ਸ਼ਸਤਰ ਦਿੱਤੇ। ਪੰਜ ਸਿੰਘ ਨਾਲ ਦੇ ਕੇ ਜੰਗ ਦੇ ਮੈਦਾਨ ਵੱਲ ਤੋਰਿਆ। ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਜਦੋਂ ਤੀਰ ਚਲਾਏ ਤਾਂ ਮੁਗਲ ਫੌਜ ਅੱਲਾ ਅੱਲਾ ਪੁਕਾਰਨ ਲੱਗੀ। ਤੀਰਾਂ ਤੋਂ ਬਾਅਦ ਆਪ ਜੀ ਨੇ ਤਲਵਾਰ ਦੇ ਐਸੇ ਜੌਹਰ ਦਿਖਾਏ ਕਿ ਵੈਰੀ ਦਲ ਹੈਰਾਨ ਰਹਿ ਗਿਆ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਇੱਕ ਮੁਗਲ ਸਰਦਾਰ ਨੂੰ ਅਜਿਹਾ ਨੇਜਾ ਮਾਰਿਆ ਕਿ ਜਦੋਂ ਵਾਪਸ ਖਿੱਚਣ ਲੱਗੇ ਤਾਂ ਨੇਜ਼ਾ ਵਿਚੇ ਹੀ ਟੁੱਟ ਗਿਆ। ਜਦੋਂ ਆਪ ਜੀ ਦਾ ਘੋੜਾ ਜਖਮੀ ਹੋ ਗਿਆ ਤਾਂ ਆਪ ਜੀ ਪੈਦਲ ਹੋ ਕੇ ਵੈਰੀਆਂ ਦੇ ਆਹੂ ਲਾਹੁਣ ਲੱਗੇ। ਗੁਰੂ ਸਾਹਿਬ ਜੀ ਸਾਹਿਬਜ਼ਾਦੇ ਦੀ ਬਹਾਦਰਤਾ ਗੜ੍ਹੀ ਵਿੱਚੋਂ ਖੁਸ਼ੀ ਨਾਲ ਵੇਖ ਰਹੇ ਸਨ। ਅੰਤ ਸਾਹਿਬਜ਼ਾਦਾ ਅਜੀਤ ਸਿੰਘ ਬਾਕੀ ਸਿੰਗਾਂ ਸਮੇਤ ਵੈਰੀਆਂ ਨਾਲ ਸ਼ੇਰਾਂ ਵਾਗ ਜੂਝਦਿਆਂ ਸ਼ਹੀਦੀ ਪਾ ਗਏ। ਜਿੱਥੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਸਰੀਰ ਡਿਗਿਆ ਉਹਦੇ ਚੌਬਾ ਪਾਸੀ ਵੈਰੀਆਂ ਦੀਆਂ ਲਾਟਾਂ ਦੇ ਢੇਰ ਸਨ।

ਸਾਹਿਬਜਾਂਦਾ ਜੁਝਾਰ ਸਿੰਘ ਜੀ,,,,,

ਸਾਹਿਬਜਾਂਦਾ ਜੁਝਾਰ ਸਿੰਘ ਜੀ ਗੁਰੂ ਗੋਬਿੰਦ ਸਿੰਘ ਦਾ ਦੂਜਾ ਪੁੱਤਰ ਸੀ। ਸਾਹਿਬਜਾਂਦਾ ਜੁਝਾਰ ਸਿੰਘ ਜੀ ਦਾ ਜਨਮ ਅਨੰਦਪੁਰ ਸਾਹਿਬ ਵਿਖੇ ਸੰਨ 14 ਮਾਰਚ 1690ਨੂੰ ਮਾਤਾ ਜੀਤੋ ਜੀ ਦੀ ਕੁੱਖ ਤੋਂ ਹੋਇਆ। ਸਾਹਿਬਜਾਂਦਾ ਜੁਝਾਰ ਸਿੰਘ ਜੀ ਦੀ ਵੀ ਸਿਖਲਾਈ ਪੜ੍ਹਾਈ ਗੁਰੂ ਸਾਹਿਬ ਜੀ ਦੀ ਨਿਗਰਾਨੀ ਵਿੱਚ ਹੋਈ। ਘੋੜ ਸਵਾਰੀ, ਸ਼ਸਤ੍ਰ ਵਿਦਿਆ, ਤੀਰ ਅੰਦਾਜੀ ਵਿੱਚ ਸਾਹਿਬਜ਼ਾਦਿਆਂ ਨੂੰ ਨਿਪੁੰਨ ਕਰ ਦਿੱਤਾ ਗਿਆ।

ਸਾਹਿਬਜਾਂਦਾ ਜੁਝਾਰ ਸਿੰਘ ਜੀ ਨੇ ਆਪਣੇ ਵੱਡੇ ਵੀਰ ਨੂੰ ਦੁਸ਼ਮਣ ਦਲ ਨਾਲ ਲੋਹਾ ਲੈਂਦਿਆਂ ਕੜੀ ਵਿੱਚੋਂ ਵੇਖ ਰਹੇ ਸਨ। ਵੱਡੇ ਵੀਰੇ ਨੂੰ ਦੁਸ਼ਮਣਾਂ ਨਾਲ ਲੋਹਾ ਲੈਂਦੇ ਦੇਖ ਕੇ ਸਾਹਿਬਜਾਂਦਾ ਜੁਝਾਰ ਸਿੰਘ ਜੀ ਚੜ੍ਹਦੀ ਕਲਾ ਵਿੱਚ ਆਉਂਦੇ ਗਏ ਤੇ ਬੀਸ ਰਸ ਨਾਲ ਭਰਪੂਰ ਹੁੰਦੇ ਗਏ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਸ਼ਹੀਦੀ ਤੋਂ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਆਪਣੇ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਗਏ ਤੇ ਜੰਗ ਵਿੱਚ ਜਾਣ ਦੀ ਆਗਿਆ ਲੈ ਲੱਗ ਪਏ। ਪਿਤਾ ਜੀ! ਮੈਂ ਵੱਡੇ ਵੀਰ ਤੋਂ ਉਮਰ ਵਿੱਚ ਛੋਟਾ ਜ਼ਰੂਰ ਹਾਂ ਪਰ ਵੇਖਣਾ ਮੈਂ ਦੁਸ਼ਮਣਾਂ ਦੀਆਂ ਫੌਜਾਂ ਨਾਲ ਕਿਵੇਂ ਜੂਝਦਾ ਹਾਂ ਪਿਤਾ ਜੀ ਮੈਨੂੰ ਛੇਤੀ ਜਾਣ ਦੀ ਆਗਿਆ ਬਖਸ਼ੋ, ਗੁਰੂ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੀਆਂ ਬਹਾਦਰੀ ਭਰੀਆਂ ਗੱਲਾਂ ਸੁਣ ਕੇ ਮੁਗਧ ਹੋ ਗਏ ਤੇ ਸਜਾਉਣ ਲੱਗ ਗਏ ਹੱਥੀ ਸ਼ਸਤਰ ਸਾਹਿਬਜ਼ਾਦੇ ਦੇ ਤਨ ਉੱਤੇ , ਪੰਜ ਸਿੱਖਾ ਸਮੇਤ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੂੰ ਗੜ੍ਹੀ ਤੋਂ ਮੈਦਾਨੇ ਜੰਗ ਨੂੰ ਜਾਣ ਦੀ ਆਗਿਆ ਬਖਸ਼ੋ ਦਿੱਤੀ।

ਸਾਹਿਬਜ਼ਾਦਾ ਜੁਝਾਰ ਸਿੰਘ ਜੀ ਜੈਕਾਰੇ ਗਜਾਉਂਦੇ ਹੋਏ ਗੜ੍ਹੀ ਤੋਂ ਬਾਹਰ ਨਿਕਲੇ ਤੇ ਸਿੰਘਾਂ ਸਮੇਤ ਟੁੱਟ ਪਏ ਵੈਰੀਆਂ ਉੱਤੇ । ਜਿਵੇਂ ਹੀ ਸਾਹਿਬਜ਼ਾਦਾ ਮੈਦਾਨੇ ਜੰਗ ਵਿੱਚ ਆਇਆ। ਬੱਚੇ ਜਿਹੇ ਨੂੰ ਵੇਖ ਕੇ ਸਾਰੀ ਮੁਗਲ ਫੌਜ ਇੱਕੋ ਵਾਰ ਟੁੱਟ ਪਈ। ਗੁਰੂ ਜੀ ਨੇ ਇਹ ਵੇਖਦਿਆ ਹੀ ਗੜ੍ਹੀ ਵਿੱਚੋਂ ਤੀਰਾਂ ਦਾ ਬਾਰਸ਼ ਆਰੰਭ ਕਰ ਦਿੱਤੀ। ਤੀਰਾਂ ਦੀ ਛਾਵੇਂ ਬਾਬਾ ਜੁਝਾਰ ਸਿੰਘ ਜੀ ਅੱਗੇ ਵੱਧਦੇ ਹੋਏ ਵੈਰੀਆਂ ਦੇ ਆਹੂ ਲਾਹੁਣ ਲੱਗੇ। ਬੜੇ ਘਮਸਾਨ ਦਾ ਯੁੱਧ ਹੋਇਆ।

ਵੈਰੀ ਇੱਕੋਂ ਸਮੇਂ ਬਹੁਤ ਗਿਣਤੀ ਵਿੱਚ ਇੱਕਠੇ ਹੀ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਵੱਲ ਲੱਗੇ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਸ਼੍ਰੀ ਸਾਹਿਬ ਧੂਹ ਲਈ ਤੇ ਵੈਰੀਆਂ ਦੇ ਲੱਗੇ ਡੱਕਰੇ ਕਰਨ। ਗੁਰੂ ਜੀ ਦੇ ਵੇਖਦਿਆਂ -ਵੇਖਦਿਆਂ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਵੀ ਵੈਰੀਆਂ ਨਾਲ ਜੂਝਦੇ ਹੋਏ ਧਰਤੀ ਤੇ ਡਿਗ ਤੇ ਸ਼ਹੀਦੀ ਪਾ ਗਏ। ਸ਼ਹੀਦੀ ਦੇ ਸਮੇਂ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਦੀ ਸਰੀਰਕ ਉਮਰ 15-17 ਸਾਲਾਂ ਦੀ ਸੀ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ -ਪੁਰਖ ਦਾ ਸ਼ੁਕਰਾਨਾ ਕਰਨ ਲੱਗੇ ਪਏ ਕਿ ਤੇਰੀ ਕਿਰਪਾ ਸਦਕਾ ਦੋਵੇਂ ਬੱਚੇ ਸਿੱਖੀ ਸਿਦਕ ਵਿੱਚ ਪੂਰੇ ਉਤਰੇ।

ਵਾਹਿਗੁਰੂ ਜੀ ਕਾ ਖਾਲਸਾ !! ਵਾਹਿਗੁਰੂ ਜੀ ਕੀ ਫਤਹਿ ਜੀ !!

# ਸੈਕਰਾਮੈਂਟੋ ਸਟੇਟ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਗੂੰਜਾਏ 'ਕਿਸਾਨ ਮਜ਼ਦੂਰ ਏਕਤਾ ਦੇ ਨਾਅਰੇ'



ਗੁਰਦੀਪ ਕੌਰ
916-695-0035

ਭਾਰਤ ਵਿਚ ਚੱਲ ਰਹੇ ਕਿਸਾਨ ਅੰਦੋਲਨ ਦੇ ਹੱਕ ਵਿਚ ਅਤੇ ਭਾਰਤ ਸਰਕਾਰ ਵੱਲੋਂ ਪਾਸ ਕੀਤੇ ਗਏ ਕਿਸਾਨ ਮਾਰੂ ਬਿਲਾਂ ਦੇ ਵਿਰੋਧ ਵਿਚ ਦੁਨੀਆਂ ਦੇ ਹਰ ਕੋਨੇ ਵਿਚ, ਜਿੱਥੇ ਕਿਤੇ ਵੀ ਭਾਰਤੀ ਕਿਸਾਨ ਪਰਿਵਾਰ ਵਸੇ ਹੋਏ ਹਨ, ਉਹਨਾਂ ਨੇ ਪਿਛਲੇ ਕੁਝ ਸਮੇਂ ਵਿਚ ਜਿੱਥੇ ਕਿਤੇ ਵੀ ਵੱਸੇ ਬੈਠੇ ਹਨ, ਉਥੇ ਹੀ ਕਿਸਾਨਾਂ ਦੇ ਹੱਕਾਂ ਵਿਚ ਆਵਾਜ਼ ਉਠਾਉਣ ਦੀ ਪ੍ਰਕਿਰਿਆ ਆਰੰਭੀ ਹੋਈ ਹੈ। ਪਿਛਲੇ ਦੋ ਹਫਤਿਆਂ ਵਿਚ ਅਮਰੀਕਾ ਦੇ ਖੇਤੀ ਪ੍ਰਧਾਨ ਰਾਜ ਕੈਲੇਫੋਰਨੀਆ ਵਿਚ ਅੱਜ ਤੀਜਾ ਸਮਾਰੋਹ ਹੋਇਆ। ਕੁਝ ਦਿਨ ਪਹਿਲਾਂ ਸਾਨਫਰਾਂਸਿਸਕੋ ਵਿਚ ਭਾਰਤੀ ਦੂਤਾਵਾਸ ਅੱਗੇ ਰੋਸ ਮੁਜ਼ਾਹਰਾ ਹੋਇਆ, ਫਿਰ ਫੇਸਬੁੱਕ ਦੇ ਦਫਤਰ ਅੱਗੇ ਸੋਸ਼ਲ ਮੀਡੀਆ ਦੀ ਆਜ਼ਾਦੀ ਤੇ ਆਪਣੀ ਆਵਾਜ਼ ਉਠਾਉਣ ਸਬੰਧੀ ਰੋਸ ਮੁਜ਼ਾਹਰਾ ਹੋਇਆ ਤੇ ਅੱਜ ਸ਼ਨੀਵਾਰ 19 ਦਸੰਬਰ ਨੂੰ ਇਹ ਰੋਸ ਮੁਜ਼ਾਹਰਾ ਕੈਲੇਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਚ ਸਟੇਟ ਕੈਪੀਟਲ ਦੀ ਬਿਲਡਿੰਗ ਸਾਹਮਣੇ ਕੀਤਾ ਗਿਆ। ਸੈਕਰਾਮੈਂਟੋ ਸਟੇਟ ਯੂਨੀਵਰਸਿਟੀ ਦੇ ਕੁਝ ਆਗੂ ਤੇ ਮੋਹਰੀ ਵਿਦਿਆਰਥੀਆਂ ਨੇ ਆਪਣੀ ਸਮਝ ਸੂਝ-ਬੂਝ ਤੇ ਸਿਆਣਪ ਨਾਲ ਇਹ ਪ੍ਰੋਗਰਾਮ ਉਲੀਕਿਆ, ਸਭਨਾਂ ਨੂੰ ਪਹੁੰਚਣ ਦਾ ਸੱਦਾ ਦਿੱਤਾ ਤੇ ਪ੍ਰੋਗਰਾਮ ਨੂੰ ਨੇਪਰੇ ਚੜ੍ਹਾਇਆ।

ਕੜਕਦੀ ਠੰਡ ਤੇ ਚਮਕਦੀ ਧੁੱਪ ਵਾਲੇ ਦਿਨ ਵਿਚ 10 ਵਜੇ ਦੇ ਕਰੀਬ ਤੱਕ ਸਟੇਟ ਯੂਨੀਵਰਸਿਟੀ ਦੀ ਪਾਰਕਿੰਗ ਵਿਚ ਇਕੱਠ ਹੋਣਾ ਸ਼ੁਰੂ ਹੋ ਗਿਆ। ਪਹੁੰਚੇ ਹੋਏ ਲੋਕਾਂ ਦੇ ਚਿਹਰੇ ਕਰੋਨਾ ਦੀ ਲਾਕਡਾਊਨ ਦੇ ਵਿਚ ਘਰ ਦੇ ਅੰਦਰ ਕੈਦ ਹੋਣ ਕਾਰਨ ਭਾਵੇਂ ਮੁਰਝਾਏ ਹੋਏ ਸਨ, ਪਰ ਉਥੇ ਪਹੁੰਚਣ ਸਾਰ ਹੀ ਇਕ ਅਨੋਖੇ ਜੋਸ਼ ਵਿਚ ਚਿਹਰੇ ਚਮਕ ਰਹੇ ਹਨ। ਕੰਵਲ ਗਰੇਵਾਲ ਦੇ ਕਹਿਣਾ ਮੁਤਾਬਕ ਸੱਚਮੁਚ ਹੀ ਇੰਝ ਲੱਗ ਰਿਹਾ ਸੀ, ਜਿਵੇਂ ਮਾਮੇ ਦੇ ਮੁੰਡੇ ਦੇ ਵਿਆਹ ਆਏ ਹੋਈਏ।ਕਾਰਾਂ, ਟਰੱਕਾਂ, ਜੀਪਾਂ, ਮੋਟਰ ਸਾਈਕਲ ਆਦਿ ਸਾਰੇ ਸਾਧਨ ਕਿਸਾਨਾਂ ਦੇ ਹੱਕ ਵਿਚ ਲਿਖੇ ਗਏ ਪੋਸਟਰਾਂ ਬੈਨਰਾਂ ਨਾਲ ਭਰੇ ਪਏ ਸਨ ਤੇ ਹਰ ਕੋਈ ਪਹੁੰਚਣ ਵਾਲਾ ਸਖਸ਼ ਆਪਣੇ ਅਕੀਦੇ ਤੇ ਤਰੀਕੇ ਮੁਤਾਬਕ ਆਪਣੇ ਕਾਰਡ, ਪੋਸਟਰ, ਬੈਨਰ ਬਣਾ ਕੇ ਲਿਆਏ ਹੋਏ ਸਨ। ਸੋਹਣਾ ਸ਼ਬਦਾਂ, ਤਿੱਖੇ ਬੋਲਾਂ ਤੇ ਗੁੱਝੇ ਭੇਦ ਦਰਸਾਉਂਦੇ ਪੋਸਟਰ, ਬੈਨਰ ਤੇ ਕਲਾਕ੍ਰਿਤੀਆਂ ਪੜ੍ਹਨ ਵਾਲਿਆਂ ਵਿਚ ਜੋਸ਼ ਖੁਮਾਰ ਉਠਾ ਰਹੀਆਂ ਸਨ। ਇਹ ਉਹੀ ਢੰਗ ਸੀ, ਜੋ ਗੁੱਡੇ ਤਰੀਕੇ ਨਾਲ ਸਾਨੂੰ ਆਪਣੇ ਦੇਸ਼ ਨਾਲ ਜੋੜਦਾ ਹੈ ਤੇ ਜਿਸ ਮਕਸਦ ਨਾਲ ਇਹ ਸਭ ਕੁਝ ਉਸਾਰਿਆ ਗਿਆ ਸੀ, ਉਸਦਾ ਸਿੱਧਾ ਭਾਵ ਤੇ ਖਾਸ ਸੁਨੇਹਾ ਉਹਨਾਂ ਸਭ ਲੱਖਾਂ-ਕਰੋੜਾਂ ਰੂਹਾਂ ਲਈ ਹੈ ਤੇ ਸੀ ਕਿ ਅਸੀਂ ਭਾਵੇਂ ਪੈਰਾਂ ਤੋਂ ਦੂਰ ਤੇ ਅੱਖਾਂ ਤੋਂ ਦੂਰ ਬੈਠੇ ਹਾਂ, ਪਰ ਸਾਡਾ ਦਿਲ-ਦਿਮਾਗ ਖਿਆਲ ਤੇ ਜਜ਼ਬਾਤ ਭਾਰਤ ਵਿਚ ਸਿੰਘੂ ਅਤੇ ਟਿਕਰੀ ਬਾਰਡਰ ਤੇ ਤੁਹਾਡੇ ਨਾਲ ਬੈਠੇ ਹਨ ਤੇ ਜਾਂ ਫਿਰ ਭਾਵੇਂ ਅਸੀਂ ਇੱਥੇ ਬੈਠੇ ਹਾਂ ਤੇ ਭਾਵੇਂ ਤੁਸੀਂ ਸਭ ਸਾਨੂੰ ਨਹੀਂ ਜਾਣਦੇ, ਅਸੀਂ ਤੁਹਾਨੂੰ ਨਹੀਂ ਜਾਣਦੇ ਪਰ ਸਮੁੱਚੇ ਕਿਸਾਨੋ, ਬੀਬੀਓ, ਭੈਣੋ, ਭਰਾਵੋ, ਜਵਾਨੋ ਤੇ ਬੱਚਿਓ, ਤੁਸੀਂ ਇੱਥੇ ਪਰਦੇਸਾਂ ਵਿਚ ਸਾਡੇ ਚੇਤਿਆਂ ਵਿਚ ਵੱਸੇ ਬੈਠੇ ਹੋ। ਤਕਰੀਬਨ ਗਿਆਰਾਂ ਵਿਚ ਯੂਨੀਵਰਸਿਟੀ ਦੀ ਵਿਦਿਆਰਥਣ ਵੱਲੋਂ ਚੌਪਈ ਸਾਹਿਬ ਦਾ ਪਾਠ ਕਰਕੇ ਅਰਦਾਸ ਕੀਤੀ ਗਈ, ਕੁਝ ਵਿਦਿਆਰਥੀਆਂ ਵੱਲੋਂ ਖਾਸ ਤਕਰੀਰਾਂ ਸਾਂਝੀਆਂ ਕੀਤੀਆਂ ਗਈਆਂ ਤੇ ਫਿਰ ਬਾਰਾਂ ਕੁ ਵਜੇ ਦੇ ਕਰੀਬ ਗਵਰਨਰ ਭਵਨ ਵੱਲ ਚਾਲੇ ਪਾਏ ਗਏ, ਤਕਰੀਬਨ ਦਸ ਕੁ ਮੀਲ ਦਾ ਫਾਸਲਾ ਦੋ ਕੁ ਘੰਟਿਆਂ ਵਿਚ ਤਹਿ ਕੀਤਾ ਗਿਆ।

ਸ਼ਨੀਵਾਰ ਦੀ ਛੋਟੀ ਵਾਲੀ ਦੁਪਹਿਰ ਵਿਚ ਵੱਡੀਆਂ ਸੜਕਾਂ ਤੇ ਭੀੜ, ਕੰਮਾਂ ਵਾਲਿਆਂ ਦਾ ਕੰਮਾਂ ਤੋਂ ਮੋੜਾ ਹੋਣ ਕਰਕੇ, ਰਫਤਾਰ ਹੌਲੀ ਕਰ ਗਿਆ। ਜਿਪਸੀਆਂ ਦੇ ਖੁੱਲ੍ਹੇ ਤਾਲਿਆਂ ਤੇ ਜੋਸ਼ਮਈ ਕਿਸਾਨ ਸੰਘਰਸ਼ ਦੇ ਨਾਅਰੇ ਤੇ ਕੇਸਰੀ ਨਿਸ਼ਾਨ ਝੂਠ ਰਹੇ ਸਨ ਤੇ ਕਿਤੇ ਗੁੱਸੇ, ਰੋਹ ਵਿਦਰੋਹ ਵਾਲੇ ਮੋਦੀ ਮੁਰਦਾਬਾਦ ਤੇ ਭਾਰਤ ਸਰਕਾਰ ਮੁਰਦਾਬਾਦ ਦੇ ਨਾਅਰੇ ਫਿਜ਼ਾ ਨੂੰ ਸ਼ਰਮਸ਼ਾਰ ਕਰ ਰਹੇ ਸਨ। ਕਿ ਅੱਜ ਅਸੀਂ ਕਿਸ ਮਕਸਦ ਨਾਲ ਤੁਰੇ ਹੋਏ ਹਾਂ। ਮਿਹਨਤੀ ਤੇ ਦਲੇਰ ਕੌਮ ਆਪਣੇ ਹੀ ਹੁਕਮਰਾਨਾਂ ਹੱਥੋਂ ਲੁੱਟ ਹੁੰਦੀ ਜਾਂਦੀ ਵੇਖੀ।

ਸੈਕਰਾਮੈਂਟੋ ਸ਼ਹਿਰ ਦੇ ਇਕ ਪਾਸੜ ਟ੍ਰੈਫਿਕ ਵਾਲੀਆਂ ਛੋਟੀਆਂ ਸੜਕਾਂ ਨੂੰ ਵੇਖਦੇ ਹੀ ਵੇਖਦੇ, ਕੇਸਰੀ ਝੰਡਿਆਂ ਤੇ ਝੰਡੀਆਂ ਵਾਲੀਆਂ ਕਾਰਾਂ, ਗੱਡੀਆਂ, ਜੀਪਾਂ ਨੂੰ ਪਤਝੜ ਰੁੱਤ ਵਾਲੇ ਆਪਣੇ ਸੁਨਹਿਰੇ ਲਾਲ, ਪੀਲੇ, ਹਰੇ, ਭੂਰੇ ਰੰਗਾਂ ਵਿਚ ਰੰਗ ਲਿਆ ਸੀ। ਪੁਲਿਸ ਦੀਆਂ ਗੱਡੀਆਂ ਤੇ ਚਮਕ ਰਹੀਆਂ ਲਾਲ, ਪੀਲੀਆਂ ਤੇ ਨੀਲੀਆਂ ਬੱਤੀਆਂ ਪਹਿਲੀ ਵਾਰ ਵਿਸਮਾਦ ਨਾਦ ਵਿਚ ਹੋਣ ਕਰਕੇ ਚੰਗੀਆਂ ਲੱਗ ਰਹੀਆਂ ਸਨ। ਅਨੋਖੀ ਜਿਹੀ ਚੁੱਪ ਤੇ ਸੰਨਾਟਾ ਸੀ, ਪਰ ਕਿਸਾਨਾਂ ਦੇ ਰੋਹ ਭਰੇ ਨਾਅਰੇ, ਹੁੰਗਾਰੇ, ਲਲਕਾਰੇ ਤੇ ਜੈਕਾਰੇ ਕੁਤਕੁਤਾੜੀਆਂ ਕੱਢ ਰਹੇ ਸਨ।

ਚਾਰ ਕੁ ਵਜੇ ਸੂਰਜ ਦੀ ਟਿੱਕੀ ਦਰੱਖਤਾਂ ਓਹਲੇ ਹੁੰਦੀ ਦਿੱਸੀ ਸਭ ਸੰਗਤਾਂ ਆਪਣੀ-ਆਪਣੀ ਵਾਰੀ ਮੁਤਾਬਕ ਇਕ ਦੂਜੇ ਨੂੰ ਹਾਰਨ ਵਜਾਉਂਦੇ ਹੋਏ ਆਪਣੇ-ਆਪਣੇ ਰਾਹ ਪੈ ਗਏ। ਇਹ ਸੋਚਦੇ ਹੋਏ ਸਭਨਾਂ ਨੂੰ ਅਲਵਿਦਾ ਆਖ ਦਿੱਤੀ ਕਿ ਅੱਜ ਦੇ ਸਾਡੇ ਚੁੱਕੇ ਗਏ ਇਹ ਚਾਰ ਕਦਮ ਸਾਡੀ ਜਿੱਤ ਦੇ ਸਦੀਵੀ ਨਿਸ਼ਾਨ ਬਣ ਕੇ ਉਕਰ ਜਾਣਗੇ।

# ਗੁਰਾਂ ਦੇ ਨਾਂ ਤੇ ਜੀਂਦੇ ਪੰਜਾਬ ਵਿਚਲੀ ਸਦਭਾਵਨਾ ਵਿੱਚ ਜ਼ਹਿਰ?



ਜਸਵੰਤ ਸਿੰਘ 'ਅਜੀਤ'
91 9 827-19890

ਕਿਸਾਨ-ਵਿਰੋਧੀ ਕਾਨੂੰਨਾਂ ਦੇ ਵਿਰੁਧ ਅੱਜ ਜੋ ਅੰਦੋਲਣ ਹੋ ਰਿਹਾ ਹੈ, ਉਸਦੀ ਅਰੰਭਤਾ ਭਾਵੇਂ ਪੰਜਾਬ ਦੇ ਕਿਸਾਨਾਂ, ਜਿਨ੍ਹਾਂ ਵਿੱਚ ਬਹੁਤੇ ਸਿੱਖ ਹਨ, ਵਲੋਂ ਕੀਤੀ ਗਈ ਹੈ, ਪ੍ਰੰਤੂ ਉਸਦਾ ਸੰਬੰਧ ਕੇਵਲ ਪੰਜਾਬ ਦੇ ਕਿਸਾਨਾਂ ਦੇ ਹਿਤਾਂ ਨਾਲ ਹੀ ਨਹੀਂ, ਸਗੋਂ ਦੇਸ਼ ਦੇ ਸਮੁਚੇ ਕਿਸਾਨ ਭਾਈਚਾਰੇ ਦੇ ਹਿਤਾਂ ਨਾਲ ਹੈ। ਇਹ ਵਿਚਾਰ ਦਿੱਲੀ ਹਾਈਕੋਰਟ ਦੇ ਸਾਬਕਾ ਜੱਜ, ਜਸਟਿਸ ਆਰ ਐਸ ਸੋਢੀ ਨੇ ਇੱਕ ਨਿਜੀ ਗਲਬਾਤ ਦੌਰਾਨ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬੀ ਕਿਸਾਨਾਂ ਵਲੋਂ ਅਰੰਭੇ ਇਸ ਅੰਦੋਲਣ ਨਾਲ ਪਹਿਲਾਂ ਹਰਿਆਣਾ ਦੇ ਕਿਸਾਨ ਜੁੜੇ, ਫਿਰ ਇਕ-ਇਕ ਕਰ ਦੇਸ਼ ਦੇ ਦੂਸਰੇ ਰਾਜਾਂ ਦੇ ਕਿਸਾਨ ਵੀ ਜੁੜਦੇ ਚਲੇ ਗਏ। ਇਸੇ ਸੰਬੰਧ ਵਿੱਚ ਪੁਛੇ ਗਏ ਇੱਕ ਸੁਆਲ ਦਾ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਵਲੋਂ ਇਸ ਪਾਸੇ ਪਹਿਲ ਕਰਨ ਦਾ ਕਾਰਣ ਇਹ ਹੈ ਕਿ ਅੱਜ ਦੇ ਪੰਜਾਬ ਦਾ ਕਿਸਾਨ ਪੜ੍ਹਿਆ-ਲਿਖਿਆ ਹੈ। ਉਸਨੇ ਜਦੋਂ ਇਨ੍ਹਾਂ ਨਵੇਂ ਬਣੇ ਖੇਤੀ ਕਾਨੂੰਨਾਂ ਦਾ ਅਧਿਅਨ ਕੀਤਾ ਤਾਂ ਉਸਨੂੰ ਜਾਪਿਆ ਕਿ ਇਹ ਕਾਨੂੰਨ, ਜੋ ਕਿਸਾਨ ਭਾਈਚਾਰੇ ਦੇ ਹਿੱਤ ਵਿੱਚ ਦਸੇ ਜਾ ਰਹੇ ਹਨ, ਉਸ ਅਸਲ ਵਿੱਚ ਉਨ੍ਹਾਂ ਦੇ ਹਿਤਾਂ ਦੇ ਵਿਰੁਧ ਹਨ। ਇਸਲਈ ਉਨ੍ਹਾਂ ਨੇ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕਰਨ ਦਾ ਫੈਸਲਾ ਕਰ ਲਿਆ। ਕਨੂੰਨਾਂ ਦੇ ਵਿਰੋਧ ਵਿੱਚ ਉਸਦੇ ਮੈਦਾਨ ਵਿੱਚ ਨਿਤਰਨ ਦੀ ਦੇਰ ਸਰਕਾਰ ਵਲੋਂ ਸਿੱਖਾਂ ਪੁਰ ਕੀਤੇ ਅਹਿਸਾਨ ਦੇ ਕੀਤੇ ਜਾ ਰਹੇ ਪ੍ਰਚਾਰ ਦੇ ਜਵਾਬ ਵਿੱਚ ਕੁਝ ਬਜ਼ੁਰਗ ਸਿੱਖਾਂ ਨੇ ਕਿਹਾ ਕਿ ਅਹਿਸਾਨ-ਫਰਾਮੋਸ਼ ਸਿੱਖ ਨਹੀਂ, ਇਸ ਦੇਸ਼ ਦੀਆਂ ਸਰਕਾਰਾਂ ਰਹੀਆਂ ਹਨ। ਉਨ੍ਹਾਂ ਦਸਿਆ ਕਿ ਇਸ ਦੇਸ਼ ਦੀ ਅਜ਼ਾਦੀ ਲਈ ਵਿੱਚ ਹੀ ਸਿੱਖਾਂ ਨੇ ਸਭ ਤੋਂ ਵੱਧ ਕੁਰਬਾਨੀਆਂ ਨਹੀਂ ਦਿੱਤੀਆਂ, ਸਗੋਂ ਉਸਤੋਂ ਬਾਅਦ ਵੀ ਦੇਸ਼ ਦੀ ਏਕਤਾ-ਅਖੰਡਤਾ ਦੀ ਬਹਾਲੀ ਤੇ ਉਸਦੀ ਰਖਿਆ ਲਈ ਵੀ ਉਨ੍ਹਾਂ ਅਨੇਕਾਂ ਕੁਰਬਾਨੀਆਂ ਕੀਤੀਆਂ, ਪ੍ਰੰਤੂ ਉਨ੍ਹਾਂ ਕਦੀ ਵੀ ਇਨ੍ਹਾਂ ਕੁਰਬਾਨੀਆਂ ਨੂੰ ਅਹਿਸਨ ਵਜੋਂ ਪ੍ਰਚਾਰਿਤ ਨਹੀਂ ਕੀਤਾ। ਇਸ ਸੰਬੰਧ ਵਿੱਚ ਉਨ੍ਹਾਂ ਕੁਝ ਘਟਾਨਾਵਾਂ ਜ਼ਿਕਰ ਵੀ ਕੀਤਾ, ਜੋ ਪਾਠਕਾਂ ਦੀ ਜਾਣਕਾਰੀ ਲਈ ਹੇਠਾਂ ਪੇਸ਼ ਹਨ।

ਜਿਨ੍ਹਾਂ ਦੇਸ਼ ਦੀ ਵੰਡ ਦੇ ਜ਼ਖਮਾਂ ਨੂੰ ਪਿੰਡੇ ਹੰਡਾਇਆ, ਉਨ੍ਹਾਂ ਵਿਚੋਂ ਸੰਸਾਰ ਵਿਚ ਵਿਚਰ ਰਹੇ ਇਨ੍ਹਾਂ ਬਜ਼ੁਰਗਾਂ ਅਨੁਸਾਰ ਜਦੋਂ ਦੇਸ਼ ਦੀ ਆਜ਼ਾਦੀ ਦੀ ਰੂਪ-ਰੇਖਾ ਤਿਆਰ ਹੋ ਰਹੀ ਸੀ, ਉਸ ਸਮੇਂ ਦੇ ਕਾਂਗ੍ਰਸੀ ਨੇਤਾ ਦੇਸ਼ ਦੀ ਸੱਤਾ ਨੂੰ ਕੇਵਲ ਅਪਣੇ ਹੀ ਹਥਾਂ ਵਿਚ ਹੀ ਕੇਂਦ੍ਰਿਤ ਕਰੀ ਰਖਣ ਦੀ ਲਾਲਸਾ ਵਿਚ ਇਤਨੇ ਜ਼ਿਆਦਾ ਗ੍ਰਸਤ ਹੋ ਗਏ ਹੋਏ ਸਨ, ਕਿ ਉਨ੍ਹਾਂ ਦੇਸ਼ ਦੀ ਆਜ਼ਾਦੀ ਤੋਂ ਤੁਰੰਤ ਬਾਅਦ, ਉਨ੍ਹਾਂ ਸਿੱਖਾਂ ਨੂੰ, ਜਰਾਇਮ ਪੇਸ਼ਾ ਕਰਾਰ ਦੇ ਦੇਸ਼ ਤੇ ਮਨੁਖਤਾ ਦੇ ਦੁਸ਼ਮਣ ਉਸ ਸਮੇਂ ਵੀ ਸਿੱਖ ਹੀ ਉਸਦੀ ਇਜ਼ਤ ਬਚਾਣ ਲਈ ਅਗੇ ਆਉਂਦੇ ਰਹੇ। ਇਸ ਸੰਬੰਧ ਵਿਚ ਉਹ ਦਸਦੇ ਹਨ, ਕਿ ਇਕ ਵਾਰ ਬੰਬਈ (ਹੁਣ ਮੁੰਬਈ) ਵਿਖੇ ਕਾਂਗ੍ਰਸ ਦੇ ਹੋਣ ਵਾਲੇ ਜਲਸੇ ਤੇ ਸਰਕਾਰ ਵਲੋਂ ਪਾਬੰਦੀ ਲਾ ਦਿਤੀ ਗਈ ਤੇ ਜਲਸੇ ਵਾਲੀ ਥਾਂ ਪੁਲਿਸ ਨੇ ਅਪਣੇ ਘੇਰੇ ਵਿਚ ਲੈ ਲਈ। ਕੋਈ ਵੀ ਕਾਂਗ੍ਰਸੀ ਜਾਂ ਕੋਈ ਹੋਰ ਦੇਸ਼-ਭਗਤ ਇਸ ਪਾਬੰਦੀ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਸੀ ਜੁਟਾ ਪਾ ਰਿਹਾ। ਉਸ ਸਮੇਂ ਸਿੱਖਾਂ ਦੇ ਜਥੇ ਨੇ ਹੀ, ਜ. ਪ੍ਰਤਾਪ ਸਿੰਘ ਦੀ ਅਗਵਾਈ ਵਿਚ ਮੈਦਾਨ ਵਿਚ ਨਿਤਰ ਕਾਂਗ੍ਰਸ ਦੀ ਇਜ਼ਤ ਬਚਾਈ ਸੀ।

ਉਨ੍ਹਾਂ ਇਹ ਵੀ ਦਸਿਆ ਕਿ ਅਜ ਜੰਮੂ-ਕਸ਼ਮੀਰ ਦਾ ਜੋ ਹਿਸਾ ਭਾਰਤ ਦਾ ਅੰਗ ਬਣਿਆ ਹੋਇਆ ਹੈ, ਉਹ ਵੀ ਸਿੱਖ ਫੌਜੀਆਂ ਦੀ ਬਦੌਲਤ ਹੀ ਹੈ, ਸਿੱਖ ਫੌਜੀ ਤਾਂ ਉਸ ਹਿਸੇ ਨੂੰ ਵੀ ਪਾਕਿਸਤਾਨ ਤੋਂ ਵਾਪਸ ਲੈ ਲੈਣ ਲਈ ਤਿਆਰ ਸਨ, ਜੋ ਅਜ ਵੀ ਪਾਕਿਸਤਾਨ ਦੇ ਕਬਜ਼ੇ ਵਿਚ ਹੈ, ਤੇ ਭਾਰਤ ਲਈ ਕਦੀ ਵੀ ਦੂਰ ਨਾ ਹੋ ਪਾ ਸਕਣ ਵਾਲਾ ਸਿਰ ਦਰਦ ਬਣਿਆ ਹੋਇਆ ਹੈ। ਪ੍ਰੰਤੂ ਉਸ ਸਮੇਂ ਦੇ ਪ੍ਰਧਾਨ ਮੰਤਰੀ, ਪੰਡਤ ਜਵਾਹਰ ਲਾਲ ਨਹਿਰੂ, ਸਿੱਖ ਫੌਜੀਆਂ ਨੂੰ ਅਗੇ ਵਧਣ ਤੋਂ ਰੋਕ, ਇਹ ਮਾਮਲਾ ਯੂ ਐਨ ਓ ਵਿਚ ਲੈ ਗਏ, ਜਿਸ ਨਾਲ ਇਹ ਮਾਮਲਾ ਅਜਿਹਾ ਉਲਝਿਆ ਕਿ ਅਜੇ ਤਕ ਸੁਲਝਣ ਦਾ ਨਾਂ ਨਹੀਂ ਲੈ ਰਿਹਾ। ਪ੍ਰੇਰਿਆ। ਉਸ ਤੋਂ ਬਾਅਦ ਹੀ ਹੋਰ ਰਾਜੇ ਆਪਣੀਆਂ ਰਿਆਸਤਾਂ ਭਾਰਤੀ ਸੰਘ ਵਿਚ ਸ਼ਾਮਲ ਕਰਨ ਲਈ ਤਿਆਰ ਹੋਏ। ਹੈਦਰਾਬਾਦ ਤੇ ਜੂਨਾਗੜ੍ਹ ਰਿਆਸਤਾਂ ਦੇ ਨਵਾਬਾਂ ਨੇ ਤਾਂ ਪਾਕਿਸਤਾਨ ਨਾਲ ਆਪਣਾ ਭਵਿਖ ਜੋੜਨ ਦਾ ਐਲਾਨ ਕਰ ਦਿਤਾ ਸੀ। ਇਨ੍ਹਾਂ ਰਿਆਸਤਾਂ ਦੀਆਂ ਫੌਜਾਂ ਪਾਸੋਂ ਹਥਿਆਰ ਸੁਟਾ, ਇਨ੍ਹਾਂ ਦੇ ਨਵਾਬਾਂ ਨੂੰ ਭਾਰਤ ਵਿਚ ਸ਼ਾਮਲ ਹੋਣ ਤੇ ਮਜਬੂਰ ਕਰਨ ਵਿਚ ਵੀ ਸਿੱਖ ਫੌਜੀ ਟੁਕੜੀਆਂ ਦੀ ਹੀ ਮੁਖ ਭੂਮਿਕਾ ਰਹੀ ਸੀ। ਇਨ੍ਹਾਂ ਬਜ਼ੁਰਗਾਂ ਨੂੰ ਇਹ ਸ਼ਿਕਵਾ ਵੀ ਹੈ ਕਿ ਸਿੱਖਾਂ ਨੇ ਇਸ ਦੇਸ਼ ਲਈ ਕੀ ਕੁਝ ਨਹੀਂ ਕੀਤਾ? ਪਰ ਦੇਸ਼ ਦੇ ਕਰਣਧਾਰਾਂ ਨੇ ਉਨ੍ਹਾਂ ਦੇ ਕੀਤੇ ਦਾ ਸਨਮਾਨ ਕਰਨਾ ਤਾਂ ਦੂਰ ਰਿਹਾ, ਉਨ੍ਹਾਂ ਨਾਲ ਇਨਸਾਫ ਕਰਨ ਦੀ ਵੀ ਲੋੜ ਨਹੀਂ ਸਮਝੀ।

**ਇਸ ਸਥਿਤੀ ਨੂੰ ਸਰਕਾਰ ਨੇ ਆਪਣੇ ਲਈ ਚੁਨੌਤੀ ਸਮਝਿਆ ਤੇ ਉਸਨੇ ਆਪਣੇ ਸਾਰੇ ਸਾਧਨ ਇਨ੍ਹਾਂ ਕਾਨੂੰਨਾਂ ਦੇ ਕਿਸਾਨਾਂ ਦੇ ਹਿਤ ਵਿੱਚ ਹੋਣ ਦਾ ਪ੍ਰਚਾਰ ਕਰਨ ਵਿੱਚ ਝੌਂਕ ਦਿੱਤੇ। ਸੰਭਵ ਹੈ ਕਿ ਇਸ ਅੰਦਲਣ ਨਾਲ ਸੰਬੰਧਤ ਸਿੱਖ ਜਥੇਬੰਦੀਆਂ ਨੂੰ ਬਦਨਾਮ ਕਰਨ ਲਈ ਹੀ, ਬੀਤੇ ਸਮੇਂ ਵਿੱਚ ਸਿੱਖ ਜਗਤ ਵਲੋਂ ਮਨਾਈਆਂ ਗਈਆਂ ਸ਼ਤਾਬਦੀਆਂ ਦੇ ਮੌਕੇ ਸਰਕਾਰ ਵਲੋਂ ਦਿੱਤੇ ਜਾਂਦੇ ਰਹੇ ਆਰਥਕ ਸਹਿਯੋਗ ਨੂੰ ਉਨ੍ਹਾਂ ਪੁਰ ਕੀਤੇ ਅਹਿਸਾਨ ਵਜੋਂ ਪ੍ਰਚਾਰ, ਅੰਦੋਲਣਕਾਰੀ ਸਿੱਖਾਂ ਨੂੰ ਅਹਿਸਾਨ-ਫਰੋਸ਼ ਸਾਬਤ ਕਰਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ। ਸਰਕਾਰ ਵਲੋਂ ਸਿੱਖਾਂ ਪੁਰ ਕੀਤੇ ਅਹਿਸਾਨ ਦੇ ਕੀਤੇ ਜਾ ਰਹੇ ਪ੍ਰਚਾਰ ਦੇ ਜਵਾਬ ਵਿੱਚ ਕੁਝ ਬਜ਼ੁਰਗ ਸਿੱਖਾਂ ਨੇ ਕਿਹਾ ਕਿ ਅਹਿਸਾਨ-ਫਰਾਮੋਸ਼ ਸਿੱਖ ਨਹੀਂ, ਇਸ ਦੇਸ਼ ਦੀਆਂ ਸਰਕਾਰਾਂ ਰਹੀਆਂ ਹਨ। ਉਨ੍ਹਾਂ ਦਸਿਆ ਕਿ ਇਸ ਦੇਸ਼ ਦੀ ਅਜ਼ਾਦੀ ਲਈ ਵਿੱਚ ਹੀ ਸਿੱਖਾਂ ਨੇ ਸਭ ਤੋਂ ਵੱਧ ਕੁਰਬਾਨੀਆਂ ਨਹੀਂ ਦਿੱਤੀਆਂ, ਸਗੋਂ ਉਸਤੋਂ ਬਾਅਦ ਵੀ ਦੇਸ਼ ਦੀ ਏਕਤਾ-ਅਖੰਡਤਾ ਦੀ ਬਹਾਲੀ ਤੇ ਉਸਦੀ ਰਖਿਆ ਲਈ ਵੀ ਉਨ੍ਹਾਂ ਅਨੇਕਾਂ ਕੁਰਬਾਨੀਆਂ ਕੀਤੀਆਂ, ਪ੍ਰੰਤੂ ਉਨ੍ਹਾਂ ਕਦੀ ਵੀ ਇਨ੍ਹਾਂ ਕੁਰਬਾਨੀਆਂ ਨੂੰ ਅਹਿਸਨ ਵਜੋਂ ਪ੍ਰਚਾਰਿਤ ਨਹੀਂ ਕੀਤਾ। ਇਸ ਸੰਬੰਧ ਵਿੱਚ ਉਨ੍ਹਾਂ ਕੁਝ ਘਟਾਨਾਵਾਂ ਜ਼ਿਕਰ ਵੀ ਕੀਤਾ, ਜੋ ਪਾਠਕਾਂ ਦੀ ਜਾਣਕਾਰੀ ਲਈ ਹੇਠਾਂ ਪੇਸ਼ ਹਨ।**

ਸੀ, ਕਿ ਸਰਕਾਰ ਨੇ ਇਸ ਡਰੋਂ ਕਿ ਕਿਧਰੇ ਇਹ ਅੰਦੋਲਣ ਜ਼ੋਰ ਨਾ ਪਕੜ ਜਾਏ, ਇਸਦਾ ਵਿਰੋਧ ਸ਼ੁਰੂ ਕਰ ਦਿੱਤਾ। ਉਨ੍ਹਾਂ ਕਿਹਾ ਕਿ ਜਾਪਦਾ ਹੈ ਕਿ ਸਰਕਾਰ ਵਲੋਂ ਕਿਸਾਨ ਅੰਦੋਲਣ ਦੇ ਸੰਬੰਧ ਵਿੱਚ ਜਿਸਤਰ੍ਹਾਂ ਅੰਦੋਲਣ-ਵਿਰੋਧੀ ਨੀਤੀ ਅਪਨਾਈ ਗਈ, ਉਸਦਾ ਨਤੀਜਾ ਇਹ ਹੋਇਆ ਕਿ ਦੂਸਰੇ ਰਾਜਾਂ ਦੇ ਕਿਸਾਨਾਂ ਵਿੱਚ ਵੀ ਇਨ੍ਹਾਂ ਕਾਨੂੰਨਾਂ ਦੇ ਸੰਬੰਧ ਵਿੱਚ ਸ਼ੰਕਾ ਪੈਦਾ ਹੋਣ ਲਗੀ ਤੇ ਉਹ ਵੀ ਇਸ ਅੰਦੋਲਣ ਵਿਚ ਭਾਈਵਾਲ ਬਣਨ ਲਈ ਅਗੇ ਆਉਣ ਲਗ ਪਏ।

ਇਸ ਸਥਿਤੀ ਨੂੰ ਸਰਕਾਰ ਨੇ ਆਪਣੇ ਲਈ ਚੁਨੌਤੀ ਸਮਝਿਆ ਤੇ ਉਸਨੇ ਆਪਣੇ ਸਾਰੇ ਸਾਧਨ ਇਨ੍ਹਾਂ ਕਾਨੂੰਨਾਂ ਦੇ ਕਿਸਾਨਾਂ ਦੇ ਹਿਤ ਵਿੱਚ ਹੋਣ ਦਾ ਪ੍ਰਚਾਰ ਕਰਨ ਵਿੱਚ ਝੌਂਕ ਦਿੱਤੇ। ਸੰਭਵ ਹੈ ਕਿ ਇਸ ਅੰਦਲਣ ਨਾਲ ਸੰਬੰਧਤ ਸਿੱਖ ਜਥੇਬੰਦੀਆਂ ਨੂੰ ਬਦਨਾਮ ਕਰਨ ਲਈ ਹੀ, ਬੀਤੇ ਸਮੇਂ ਵਿੱਚ ਸਿੱਖ ਜਗਤ ਵਲੋਂ ਮਨਾਈਆਂ ਗਈਆਂ ਸ਼ਤਾਬਦੀਆਂ ਦੇ ਮੌਕੇ ਸਰਕਾਰ ਵਲੋਂ ਦਿੱਤੇ ਜਾਂਦੇ ਰਹੇ ਆਰਥਕ ਸਹਿਯੋਗ ਨੂੰ ਉਨ੍ਹਾਂ ਪੁਰ ਕੀਤੇ ਅਹਿਸਾਨ ਵਜੋਂ ਪ੍ਰਚਾਰ, ਅੰਦੋਲਣਕਾਰੀ ਸਿੱਖਾਂ ਨੂੰ ਅਹਿਸਾਨ-ਫਰੋਸ਼ ਸਾਬਤ ਕਰਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ। ਸਥਾਪਤ ਕਰ ਭਾਰਤੀ-ਸਮਾਜ ਤੋਂ ਅਲਗ-ਥਲਗ ਕਰ ਦੇਣ ਦੀ ਸਾਜ਼ਿਸ਼ ਰਚਣ ਵਿਚ ਵੀ ਕੋਈ ਝਿਝਕ ਨਹੀਂ ਸੀ ਵਿਖਾਈ, ਜਿਨ੍ਹਾਂ ਨਾ ਕਵੇਲ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਸਭ ਤੋਂ ਵਧ ਕੁਰਬਾਨੀਆਂ ਕੀਤੀਆਂ ਸਨ, ਸਗੋਂ ਆਪਣੀ ਕਿਸਮਤ ਭਾਰਤ ਨਾਲ ਜੋੜਨ ਦੇ ਕੀਤੇ ਗਏ ਫੈਸਲੇ ਲਈ ਵੀ ਉਨ੍ਹਾਂ ਨੂੰ ਸਭ ਤੋਂ ਵਧ ਕੀਮਤ ਚੁਕਾਣੀ ਪਈ। ਦੇਸ਼ ਦੀ ਵੰਡ ਨੇ ਤਾਂ ਅੱਧੀ ਤੋਂ ਵਧ ਸਿੱਖ ਕੌਮ ਨੂੰ ਤਬਾਹ ਤੇ ਬਰਬਾਦ ਕਰਕੇ ਰਖ ਦਿਤਾ। ਉਹ ਜਾਨਾਂ ਤੋਂ ਵੀ ਵਧ ਪਿਆਰੇ ਆਪਣੇ ਗੁਰਧਾਮ, ਅਰਬਾਂ ਰੁਪਏ ਦੀਆਂ ਜ਼ਮੀਨਾਂ-ਜਾਇਦਾਦਾਂ ਅਤੇ ਖੂਨ-ਪਸੀਨੇ ਨਾਲ ਸਿੰਜੀਆਂ ਜ਼ਮੀਨਾਂ ਆਦਿ ਤਕ ਛਡ, ਖਾਲੀ ਹਥ ਆਜ਼ਾਦ ਭਾਰਤ ਵਿਚ, ਇਸ ਵਿਸ਼ਵਾਸ ਨਾਲ ਕਦਮ ਰਖਿਆ ਸੀ ਕਿ ਦੇਸ਼ ਲਈ ਕੀਤੀ ਗਈ, ਉਨ੍ਹਾਂ ਦੀ ਕੁਰਬਾਨੀ ਦਾ ਸਨਮਾਨ ਕੀਤਾ ਜਾਇਗਾ, ਪਰ ਇਧਰ ਆਉਂਦਿਆਂ ਹੀ ਉਨ੍ਹਾਂ ਨੂੰ 'ਜਰਾਇਮਪੇਸ਼ਾ' ਦੇ ਨਾਂ ਨਾਲ ਨਵਾਜ, ਉਨ੍ਹਾਂ ਪੁਰ ਸਖਤ ਨਿਗਰਾਨੀ ਰਖਣ ਦੇ ਆਦੇਸ਼ ਜਾਰੀ ਕਰ ਦਿਤੇ ਗਏ।

ਇਨ੍ਹਾਂ ਬਜ਼ੁਰਗਾਂ ਨੇ ਹੋਰ ਦਸਿਆ ਕਿ ਆਜ਼ਾਦੀ ਦੀ ਲੜਾਈ ਦੌਰਾਨ, ਜਦੋਂ ਕਦੀ ਕਾਂਗ੍ਰਸ ਦੀ ਇਜ਼ਤ ਦਾਅ ਤੇ ਲਗੀ, ਭਾਰਤ ਉਸ ਉਲਝਣ ਵਿਚੋਂ ਨਿਕਲਣ ਲਈ ਲਗਾਤਾਰ ਜਾਨ-ਮਾਲ ਦੀ ਭਾਰੀ ਕੀਮਤ ਚੁਕਾਂਦਾ ਅਤੇ ਹਥ-ਪੈਰ ਮਾਰਦਾ ਚਲਿਆ ਆ ਰਿਹਾ ਹੈ।

ਇਨ੍ਹਾਂ ਬਜ਼ੁਰਗਾਂ ਅਨੁਸਾਰ ਦੇਸ਼ ਨੂੰ ਏਕਤਾ ਦੇ ਸੂਤਰ ਵਿਚ ਪਰੋਣ ਲਈ ਰਿਆਸਤਾਂ ਨੂੰ ਭਾਰਤ ਵਿਚ ਸ਼ਾਮਲ ਕਰਨ ਦਾ ਸਿਹਰਾ ਸਰਦਾਰ ਪਟੇਲ ਦੇ ਸਿਰ ਬੰਨ੍ਹਿਆ ਜਾਂਦਾ ਹੈ, ਜਦਕਿ ਇਨ੍ਹਾਂ ਰਿਆਸਤਾਂ ਦੇ ਸਰਬਰਾਹ ਕਿਸੇ ਵੀ ਕੀਮਤ ਤੇ ਆਪਣੀਆਂ ਰਿਆਸਤਾਂ ਨੂੰ ਭਾਰਤ ਵਿਚ ਸ਼ਾਮਲ ਕਰਨ ਲਈ ਤਿਆਰ ਨਹੀਂ ਸੀ ਹੋ ਰਹੇ, ਕਿਉਂਕਿ ਸਰਦਾਰ ਪਟੇਲ ਉਨ੍ਹਾਂ ਦੀਆਂ ਸ਼ੰਕਾਵਾਂ ਨੂੰ ਦੂਰ ਨਹੀਂ ਸੀ ਕਰ ਪਾ ਰਹੇ। ਇਸ ਪੱਖੋਂ ਸਰਦਾਰ ਪਟੇਲ ਹੀ ਨਹੀਂ, ਸਗੋਂ ਪੰਡਤ ਨਹਿਰੂ ਤਕ ਵੀ ਨਿਰਾਸ਼ ਹੋ ਹਥਿਆਰ ਸੁੱਟ ਚੁਕੇ ਸਨ।

ਉਸ ਸਮੇਂ ਪਟਿਆਲਾ ਦੇ ਮਹਾਰਾਜਾ ਭੂਪਿੰਦਰ ਸਿੰਘ ਨੇ ਅੱਗੇ ਆ, ਉਨ੍ਹਾਂ ਦੀ ਮਦਦ ਕੀਤੀ। ਸਭ ਤੋਂ ਪਹਿਲਾਂ ਉਨ੍ਹਾਂ ਆਪ, ਆਪਣੀ ਰਿਆਸਤ ਨੂੰ ਭਾਰਤੀ ਸੰਘ ਵਿਚ ਸ਼ਾਮਲ ਕਰਨ ਦੀ ਪੇਸ਼ਕਸ਼ ਕੀਤੀ। ਫਿਰ ਉਨ੍ਹਾਂ ਦੂਜੇ, ਆਪਣੇ ਪ੍ਰਭਾਵ ਹੇਠਲੇ ਰਾਜਿਆਂ ਨੂੰ ਭਾਰਤੀ ਸੰਘ ਵਿਚ ਸ਼ਾਮਲ ਹੋਣ ਲਈ

**ਅਤੇ ਅੰਤ ਵਿਚ :** ਇਨ੍ਹਾਂ ਬਜ਼ੁਰਗਾਂ ਨੂੰ ਇਹ ਸ਼ਿਕਵਾ ਵੀ ਹੈ ਕਿ ਜਦੋਂ ਸਿੱਖ ਆਗੂਆਂ ਨੇ ਪੰਜਾਬੀ ਭਾਸ਼ਾ ਦੇ ਆਧਾਰ ਤੇ ਪੰਜਾਬ ਦੇ ਪੁਨਰਗਠਨ ਦੀ ਮੰਗ ਕੀਤੀ ਅਤੇ ਇਸ ਮੰਗ ਦੀ ਪੂਰਤੀ ਲਈ ਲੰਮਾ ਸੰਘਰਸ਼ ਕੀਤਾ।

ਉਸ ਦੌਰਾਨ ਗੈਰ-ਸਿੱਖ ਪੰਜਾਬੀਆਂ ਨੇ ਉਨ੍ਹਾਂ ਦਾ ਸਮਰਥਨ ਕਰਨ ਦੀ ਬਜਾਏ, ਇਹ ਆਖ ਉਨ੍ਹਾਂ ਦਾ ਵਿਰੋਸ਼ ਕਰਨਾ ਸ਼ੁਰੂ ਕਰ ਦਿੱਤਾ ਕਿ ਸਿੱਖ ਪੰਜਾਬੀ ਸੂਬੇ ਦੇ ਨਾਂ ਤੇ ਖਾਲਿਸਤਾਨ ਕਾਇਮ ਕਰਨਾ ਚਾਹੁੰਦੇ ਹਨ। ਫਲਸਰੂਪ ਪੰਜਾਬੀ ਸੂਬੇ ਦੀ ਮੰਗ ਦਾ ਤਿਖਾ ਵਿਰੋਧ ਹੋਇਆ। ਇਸੇ ਦਾ ਨਤੀਜਾ ਸੀ ਕਿ ਉਸ ਪੰਜਾਬ ਵਿਚ, ਜੋ ਗੁਰਾਂ ਦੇ ਨਾਂ ਤੇ ਜੀਂਦਾ ਸੀ ਅਤੇ ਜਿਥੇ ਸਦਾ ਹੀ ਪਿਆਰ ਤੇ ਆਪਸੀ ਸਾਂਝ ਦੇ ਗੀਤ ਗੂੰਜਦੇ ਸਨ, ਵੈਰ ਤੇ ਨਫਰਤ ਦੇ ਬੀਜ ਬੀਜੇ ਜਾਣ ਲਗ ਪਏ। ਗੁਆਂਢੀ, ਗੁਆਂਢੀ ਨੂੰ ਸ਼ਕ ਦੀਆਂ ਨਜ਼ਰਾਂ ਦੇ ਨਾਲ ਵੇਖਣ ਲਗਾ।ਤ੍ਰਇਸਤੋਂ ਅਗੇ ਉਹ ਕੁਝ ਨਾ ਕਹਿ ਸਕੇ।

ਉਨ੍ਹਾਂ ਦਾ ਗਲਾ ਭਰ ਆਇਆ ਤੇ ਉਹ ਇਤਨਾ ਹੋਰ ਆਖ ਚੁਪ ਕਰ ਗਏ ਕਿ ਇਸਤੋਂ ਬਾਅਦ ਜੋ ਕੁਝ ਹੋਇਆ, ਉਸਨੂੰ ਅਜ ਦੀ ਪੀੜੀ ਚੰਗੀ ਤਰ੍ਹਾਂ ਜਾਣਦੀ ਹੈ।

# ਅਲਬਰਟਾ (ਕਨੇਡਾ) ਦਾ ਤੇਲ ਖੋਜ ਕੇਂਦਰ : ਝੀਲਾਂ ਦਾ ਸੁੰਦਰ ਸ਼ਹਿਰ ਲਡੂਕ

ਵੈਸੇ ਤਾਂ ਕਨੇਡਾ ਸਾਰਾ ਹੀ ਖੂਬਸੂਰਤੀ ਦਾ ਅੰਤਰਰਾਸ਼ਟਰੀਏ ਸਥਾਨ ਹੈ। ਪਰ ਫਿਰ ਵੀ ਕੁਝ ਛੋਟੇ-ਛੋਟੇ ਸ਼ਹਿਰ ਵੀ ਉਦਯੋਗ ਨਿਰਮਾਣ ਦੇ ਨਾਲ ਆਪਣੀ ਕੁਦਰਤੀ ਖੂਬਸੂਰਤੀ ਦਾ ਸੁਚੱਜਾ ਸਬੱਬ ਹਨ। ਅਲਬਰਟਾ ਰਾਜ ਦੇ ਅੰਤਰਗਤ ਆਉਂਦਾ ਲਡੂਕ ਸ਼ਹਿਰ ਤੇਲ ਖੋਜ ਕੇਂਦਰ ਅਤੇ ਤੇਲ ਸ਼ੁਧਤਾ ਦਾ ਉਦਯੋਗ ਕੇਂਦਰ ਹੈ। ਇੱਥੇ ਤੇਲ ਦੀਆਂ ਅਨੇਕਾਂ ਹੀ ਸ਼ੁਧਤਾ ਮਸ਼ੀਨਰੀਆਂ ਕਾਰਜਸ਼ੀਲ ਹਨ ਅਤੇ ਅਨੇਕਾਂ ਲੋਕਾਂ ਨੂੰ ਆਪਣੇ ਨਾਲ ਰੁਜ਼ਗਾਰ ਰਾਹੀਂ ਜੋੜਦੀਆਂ ਹਨ।

ਇਸ ਸਥਾਨ ਵਿਖੇ ਮਨੁੱਖਤਾ ਲਈ ਸਾਰੀਆਂ ਭੌਤਿਕ ਅਤੇ ਹੋਰ ਜ਼ਰੂਰੀ ਸਹੂਲਤਾਂ ਖੂਬਸੂਰਤੀ ਅਤੇ ਜ਼ਰੂਰਤਾਂ ਪੂਰੀਆਂ ਕਰਦੀਆਂ ਹੋਈਆਂ ਇਨਸਾਨੀ ਕਦਰਾਂ ਕੀਮਤਾਂ ਨੂੰ ਛੂਹਦੀਆਂ ਹਨ। ਲਡੂਕ ਵਿਖੇ ਤੇਲ ਦੀ ਖੋਜ, ਅਲਬਰਟਾ ਲਈ ਇਕ ਨਵਾਂ ਯੁਗ ਸੀ। ਐਡਮਿੰਟਨ ਅਤੇ ਕੈਲਗਰੀ ਦੇ ਵਿਚਕਾਰ ਇਕ ਮੁੱਖ ਰੋਕਥਾਮ ਬਿੰਦੂ ਦੇ ਤੌਰ 'ਤੇ ਲਡੂਕ ਲਗਾਤਾਰ ਵਧਣ ਅਤੇ ਖੁਸ਼ਹਾਲੀ ਵਿਚ ਜਾ ਰਿਹਾ ਹੈ। ਹਾਲਾਂ ਕਿ ਇਹ 13 ਫ਼ਰਵਰੀ 1947 ਤੱਕ ਇਵੇਂ ਨਹੀਂ ਸੀ। ਜਦੋਂ ਤੇਲ ਦੀ ਪਹਿਲੀ ਵਾਰ ਲਡੂਕ ਨੰਬਰ ਇਕ 'ਤੇ ਖੋਜ ਕੀਤੀ ਗਈ ਤਦ ਤੱਕ ਇਕ ਨਵਾਂ ਯੁਗ ਸ਼ੁਰੂ ਹੋਇਆ। ਇਹ ਖੋਜ ਲਡੂਕ ਅਤੇ ਅਲਬਰਟਾ ਲਈ ਇਕ ਵੱਡੀ ਆਰਥਿਕ ਕ੍ਰਾਂਤੀ ਦੀ ਸ਼ੁਰੂਆਤ ਸੀ। ਅਲਬਰਟਾ ਨੂੰ ਪ੍ਰਮੁੱਖ ਤੌਰ 'ਤੇ ਪੇਂਡੂ ਅਤੇ ਖੇਤੀਬਾੜੀ ਪ੍ਰਾਂਤ ਤੋਂ ਤੇਲ ਅਤੇ ਗੈਸ ਉਦਯੋਗ ਦੇ ਪ੍ਰਭਾਵ ਅਧੀਨ ਇਕ ਸ਼ਹਿਰੀ ਆਰਥਿਕਤਾ ਵੱਲ ਬਦਲ ਦਿੱਤਾ ਗਿਆ।

ਇਹ ਇਲਾਕਾ ਤੇਲ ਅਤੇ ਖੇਤੀਬਾੜੀ ਦੀ ਤਰੱਕੀ ਲਈ ਵਰਦਾਨ ਸਾਬਿਤ ਹੋ ਚੁੱਕਿਆ ਹੈ।

ਇਸ ਸਥਾਨ ਦਾ ਇਤਿਹਾਸ ਵੀ ਬੜਾ ਦਿਲਚਸਪ ਹੈ। ਇਸ ਸਥਾਨ ਦਾ ਨਾਂਅ ਪਿਤਾ ਹੇਪੋਲਾਇਟ ਲਡੂਕ ਦੇ ਨਾਂਅ ਉੱਪਰ ਸਥਾਪਿਤ ਹੈ।

1889 ਵਿਚ ਰਾਬਰਟ ਟੇਲਰ ਟੈਂਲਫੋਰਡ ਇਕ ਨਜ਼ਰੀਏ ਵਾਲੀ ਝੀਲ ਦੇ ਕੋਲ ਸੈਟਲ ਹੋ ਗਏ। ਇਹ ਜ਼ਮੀਨ ਨਵੇਂ ਕਸਬੇ ਦਾ ਆਧਾਰ ਬਣ ਗਈ। ਸ਼ੁਰੂਆਤੀ ਸਾਂਝਾਂ ਦੇ ਦੌਰਾਨ



ਰੌਬਰਟ ਪਹਿਲੇ ਪੋਸਟ ਮਾਸਟਰ, ਪਹਿਲੇ ਜਨਰਲ ਵਪਾਰੀ ਬਣੇ। ਉਸ ਤੋਂ ਬਾਅਦ ਇਨ੍ਹਾਂ ਨੇ ਭਾਈਚਾਰੇ ਦੇ ਮੇਅਰ ਅਤੇ ਵਿਧਾਨ ਸਭਾ ਦੇ ਮੈਂਬਰ ਵਜੋਂ ਸੇਵਾ ਕੀਤੀ।

1890 ਵਿਚ ਮਿਸਟਰ ਮਕੈਨੀਲੀ ਨੇ ਇਕ ਸਰਕਾਰੀ ਟੈਲੀਗ੍ਰਾਫ ਦਫ਼ਤਰ ਦੀ ਸਥਾਪਨਾ ਕੀਤੀ ਜੋ ਇਸ ਖਅੱਜ ਲਡੂਕ ਅਨੇਕਾਂ ਹੀ ਲੋਕਾਂ ਦਾ ਇਕ ਸੰਪੂਰਨ ਭਾਈਚਾਰਾ ਹੈ। ਇਹ ਸ਼ਹਿਰ ਬਿਲਕੁਲ ਅਲਬਰਟਾ ਦੀ ਮੁੱਖ ਸੜਕ ਅਤੇ ਰੇਲ ਸੰਪਰਕਾਂ ਦੇ ਨਾਲ ਸਥਿਤ ਹੈ। ਅਲਬੱਤਾ ਆਦਰਸ਼ ਐਡਮਿੰਟਨ ਇੰਟਰ ਨੈਸ਼ਨਲ ਏਅਰਪੋਰਟ ਦੇ ਨੇੜੇ ਸਥਿਤ ਹੈ। ਲਡੂਕ ਦੀ ਜੀਵੰਤ ਭਾਈਚਾਰਕ ਸ਼ਕਤੀ ਅਤੇ ਗਲੋਬਲ ਆਰਥਿਕ ਸਬੰਧਾਂ ਨੂੰ ਸਪਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਸੱਚਮੁੱਚ ਹੀ ਸ਼ਹਿਰ ਲਡੂਕ ਦੇ ਲਈ ਇਹ ਤਰੱਕੀ ਦਰਸਾਉਂਦਾ ਹੈ। ਲਡੂਕ ਇਕ ਪਦਾਰਥ ਡਿਸਟਰੀਬਿਊਸ਼ਨ ਸੈਂਟਰ ਹੈ। ਜਿਸ ਵਿਚ ਕੁਝ ਹਲਕੇ ਉਦਯੋਗ ਵਜੋਂ ਸ਼ਾਮਿਲ ਹਨ ਜੋ ਤੇਲ ਉਤਪਾਦਨ ਨਾਲ ਜੁੜਿਆ ਹੋਇਆ ਹੈ। ਲਡੂਕ ਅਜੇ ਵੀ ਇਕ ਸਟੋਰੇਜ ਅਤੇ ਪੇਪਿੰਗ ਸਟੇਸ਼ਨ ਹੈ। ਇਸ ਸਥਾਨ ਵਿਖੇ ਮੁੱਖ ਤੇਲ ਪਰਿਭਾਸ਼ਾ ਕੇਂਦਰ ਦੀ ਸਥਾਪਨਾ ਹੋਈ।

ਲਡੂਕ ਵਿਖੇ ਇਸਦੀ ਪ੍ਰਾਚੀਨਤਾ ਅਤੇ ਸਭਿਆਚਾਰਕ ਦਿਖ ਸੰਭਲ ਵਜੋਂ ਇੱਥੇ ਇਕ ਕੋਰਟ ਆਫ਼ ਆਰਟਸ ਸੈਂਟਰ ਹੈ ਜਿੱਥੇ ਪ੍ਰਾਚੀਨ ਚੀਜ਼ਾਂ ਦੀ ਸੰਭਾਲ ਹੈ।

ਇਸ ਇਲਾਕੇ ਵੱਲ ਕਣਕ, ਸਰ੍ਹੋਂ ਅਤੇ ਜੰਗਲੀ

ਬਲਵਿੰਦਰ 'ਬਾਲਮ'
91-98156-25409

ਗੁਲਾਬਾਂ ਦੀ ਭਰਮਾਰ ਪਾਈ ਜਾਂਦੀ ਹੈ। ਇੱਥੇ ਵੇਖਣਯੋਗ ਸਥਾਨ ਹਨ ਸਟੋਨ ਬੋਰਨ ਗਾਰਡਨ, ਖੂਬਸੂਰਤ ਸੁਵਿਧਾਮਈ ਪਾਰਕ, ਸਭਿਆਚਾਰਕ ਆਰਟ ਗੈਲਰੀ, ਟੇਲਫੇਰਟ ਲੇਕ, ਅਤੇ ਅਨੇਕਾਂ ਝੀਲਾਂ ਵੀ ਵੇਖਣਯੋਗ ਹਨ।

ਖੂਬਸੂਰਤ ਝੀਲਾਂ ਵੇਖਣਯੋਗ ਹਨ ਜਿੱਥੇ ਹਰ ਤਰ੍ਹਾਂ ਦੀ ਸੈਰ ਸਪਾਟਾ ਸਹੂਲਤ ਹੈ। ਝੀਲਾਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਇੰਜਣ ਅਤੇ ਗ਼ੈਰ ਇੰਜਣ ਬੇੜੀਆਂ ਬੱਚਿਆਂ ਦੇ ਮਨ ਨੂੰ ਮੋਹ ਲੈਂਦੀਆਂ ਹਨ। ਚਾਰ ਚੁਫੇਰੇ ਦਾ ਨੀਮ ਪਹਾੜੀ ਦ੍ਰਿਸ਼ ਅੱਖਾਂ ਨੂੰ ਹੀ ਨਹੀਂ ਤਨ, ਮਨ, ਰੂਹ ਨੂੰ ਸਕੂਨ ਦਿੰਦਾ ਹੈ।

ਜਿੱਥੇ ਲਡੂਕ ਤੇਲ ਖੋਜ ਸ਼ੁਧਤਾ ਦਾ ਕੇਂਦਰ ਹੈ ਉਥੇ ਨਾਲ ਦੇ ਨਾਲ ਸੁੰਦਰ ਝੀਲਾਂ, ਨੀਮ ਪਹਾੜੀ ਇਲਾਕੇ ਦਾ ਆਕਰਸ਼ਣ ਅਤੇ ਹੋਰ ਵਿਗਿਆਨੀਆਂ ਵੱਲੋਂ ਬਣਾਏ ਆਰਟ ਕਲਾ ਦੇ ਕੇਂਦਰ ਵੇਖਣਯੋਗ ਹਨ।

# ਪੰਜਾਬ ਸਰਕਾਰ ਵੱਲੋਂ ਕੰਪਿਊਟਰ ਅਧਿਆਪਕਾਂ ਨਾਲ ਹੀ ਵਿਤਕਰਾ ਕਿਉਂ?



ਅਸ਼ੋਕ ਧੀਰ
adjaitu@gmail.com

ਕਿਸੇ ਵੀ ਦੇਸ਼ ਜਾਂ ਕੌਮ ਦੀ ਤਰੱਕੀ ਉਸਦੀ ਦੇ ਲੋਕਾਂ ਦੀ ਸਿੱਖਿਆ ਦੇ ਨਿਰਭਰ ਕਰਦੀ ਹੈ। ਜਿਸ ਦੇਸ਼ ਦੇ ਲੋਕ ਜ਼ਿਆਦਾ ਪੜ੍ਹੇ ਲਿਖੇ, ਸੂਜਵਾਨ, ਕੰਮਾਂ ਦੇ ਮਾਹਿਰ ਹੋਣਗੇ ਉਹੀ ਦੇਸ਼ ਵਿਕਸਤ ਦੇਸ ਬਣ ਸਕਦਾ ਹੈ। ਅੱਜ ਦੇ ਸਮੇਂ ਵਿੱਚ ਹਰ ਇੱਕ ਇਨਸਾਨ ਲਈ ਪੜ੍ਹਿਆ ਲਿਖਿਆ ਹੋਣਾ ਬਹੁਤ ਜਰੂਰੀ ਹੈ। ਅੱਜ ਦਾ ਯੁੱਗ ਕੰਪਿਊਟਰ ਦਾ ਯੁੱਗ ਹੈ ਇਸ ਲਈ ਬਾਕੀ ਵਿਸ਼ਿਆਂ ਦੀ ਪੜ੍ਹਾਈ ਨੇ ਨਾਲ ਨਾਲ ਕੰਪਿਊਟਰ ਸਿੱਖਿਆ ਹਾਸਲ ਕਰਨੀ ਸਭ ਤੋਂ ਵੱਧ ਮਹੱਤਵਪੂਰਨ ਹੈ। ਜਦੋਂ ਦੀ ਸੰਸਾਰ ਵਿੱਚ ਕੋਰੋਨਾ ਮਹਾਂਮਾਰੀ ਨੇ ਦਸਤਕ ਦਿੱਤੀ ਹੈ ਤੇ ਪੰਜਾਬ ਦੇ ਸਮੂਹ ਵਿਦਿਆਰਥੀਆਂ ਨੂੰ ਕੋਰੋਨਾ ਮਹਾਂਮਾਰੀ ਤੋਂ ਬਚਾਉਣ ਲਈ ਸਰਕਾਰ ਨੂੰ ਸਕੂਲ ਬੰਦ ਕਰਨੇ ਪਏ ਉਸੇ ਦਿਨ ਤੋਂ ਸਿੱਖਿਆ ਵਿਭਾਗ ਪੰਜਾਬ ਵੱਲੋਂ ਵਿਦਿਆਰਥੀਆਂ ਲਈ ਆਨ ਲਾਈਨ ਸਿੱਖਿਆ ਸ਼ੁਰੂ ਕੀਤੀ ਗਈ। ਇਸ ਆਨ ਲਾਈਨ ਸਿੱਖਿਆ ਨੂੰ ਸਫ਼ਲ ਬਣਾਉਣ ਵਿੱਚ ਕੰਪਿਊਟਰ ਅਧਿਆਪਕਾਂ ਨੇ ਭਰਪੂਰ ਸਹਿਯੋਗ ਦਿੱਤਾ ਤੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੋਣ ਤੋਂ ਬਚਾ ਕੀਤਾ। ਅੱਜ ਕੱਲ ਹਰ ਵਿਦਿਆਰਥੀ ਆਨ ਲਾਈਨ ਸਿੱਖਿਆ ਨੂੰ ਮੋਬਾਇਲ ਤੇ ਕੰਪਿਊਟਰ ਦੇ ਮਾਧਿਅਮ ਨਾਲ ਆਪਣੀ ਪੜ੍ਹਾਈ ਕਰ ਰਿਹਾ ਹੈ। ਅੱਜ ਕੱਲ ਹਰ ਇੱਕ ਬੱਚੇ ਤੋਂ ਲੈਕੇ ਬਜੁਰਗ ਤੱਕ ਮੋਬਾਇਲ ਅਤੇ ਇੰਟਰਨੈੱਟ ਆਦਿ ਦੀ ਵਰਤੋਂ ਕਰਦਾ ਹੈ ਇਸ ਲਈ ਮੋਬਾਇਲ ਅਤੇ ਕੰਪਿਊਟਰ ਦੇ ਫੰਕਸ਼ਨਾਂ ਦੀ ਜਾਣਕਾਰੀ ਹਾਸਲ ਕਰਨ ਲਈ ਕੰਪਿਊਟਰ ਵਿਸ਼ੇ ਦੀ ਸਿੱਖਿਆ ਹਰੇਕ ਲਈ ਲਾਜਮੀ ਹੋਣੀ ਚਾਹੀਦੀ ਹੈ।

ਆਨਲਾਈਨ ਸਿੱਖਿਆ ਨੂੰ ਲਾਗੂ ਕਰਨ ਵਿੱਚ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਕੰਪਿਊਟਰ ਅਧਿਆਪਕ ਬਿਹਤਰੀਨ ਤੇ ਸ਼ਲਾਘਾਯੋਗ ਉਪਰਾਲੇ ਕਰ ਰਹੇ ਹਨ। ਬੱਚਿਆਂ ਨੂੰ ਘਰ ਬੈਠੇ ਹੀ ਕੰਪਿਊਟਰ ਵਿਸ਼ੇ ਦੀ ਵਧੀਆ ਤਰੀਕੇ ਨਾਲ ਈ ਕੰਟੈਨਟ, ਨੋਟਸ, ਲੈਕਚਰ, ਕੁਇੱਜ਼ ਮੁਕਾਬਲੇ, ਪੀ ਪੀ ਟੀ ਮੁਕਾਬਲੇ, ਲਿਖਤੀ ਟੈਸਟ ਆਦਿ ਜਰੀਏ ਪੜ੍ਹਾਈ ਕਰਵਾਈ ਜਾ ਰਹੀ ਹੈ। ਕੰਪਿਊਟਰ ਅਧਿਆਪਕ ਸਰਕਾਰੀ ਸਕੂਲਾਂ ਲਈ ਰੀੜ ਦੀ ਹੱਡੀ ਬਣ ਚੁੱਕੇ ਹਨ, ਜਿਨ੍ਹਾਂ ਤੋਂ ਬਿਨਾਂ ਸਕੂਲ ਚਲਾਉਣਾ ਅਸੰਭਵ ਹੋ ਗਿਆ ਹੈ ਕਿਉਂਕਿ ਅੱਜ ਕੱਲ ਹਰ ਇੱਕ ਕੰਮ ਆਨ ਲਾਈਨ ਹੋਣ ਕਰਕੇ ਕੰਪਿਊਟਰ ਅਧਿਆਪਕਾਂ ਦੀ ਸਹਾਇਤਾ ਲਈ ਜਾਂਦੀ ਹੈ।

ਜਿਸ ਤਰ੍ਹਾਂ ਸਾਡਾ ਗੁਆਂਢੀ ਦੇਸ਼ ਚੀਨ ਵਿਸ਼ਵ ਦਾ ਸਭ ਤੋਂ ਵੱਧ ਜਨਸੰਖਿਆਂ ਵਾਲਾ ਦੇਸ਼ ਹੋਣ ਦੇ ਬਾਵਜੂਦ ਵਿਸ਼ਵ ਦੀ ਇੱਕ ਮਹਾਂਸ਼ਕਤੀ ਬਣ ਕੇ ਬਹੁਤ ਤੇਜੀ ਨਾਲ ਉਭਰ ਰਿਹਾ ਹੈ। ਇਸਦਾ ਸਭ ਤੋਂ ਵੱਡਾ ਕਾਰਨ ਹੈ ਕਿ ਉਸ ਨੇ ਜਨਸੰਖਿਆਂ ਅਤੇ ਸਿੱਖਿਆ ਦੇ ਤੱਤ ਨੂੰ ਦੇਸ਼ ਦੇ ਵਿਕਾਸ ਵਿੱਚ ਪ੍ਰਯੋਗ 'ਚ ਲਿਆਉਣਾ ਸਿੱਖ ਲਿਆ ਹੈ ਪਰ ਬਹੁਤ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅਸੀਂ ਆਪਣੀ ਜਨਸੰਖਿਆਂ ਦੇ ਬਹੁਤ ਵੱਡੇ ਵਰਗ ਦੀ ਸ਼ਕਤੀ ਨੂੰ ਅਜਾਈ ਹੀ ਗਵਾ ਰਹੇ ਹਾਂ। ਇੱਥੋਂ ਤੱਕ ਕਿ ਜਿਸ ਨੂੰ ਕੌਮ ਜਾਂ ਦੇਸ਼ ਦਾ ਨਿਰਮਾਤਾ ਕਿਹਾ ਜਾਂਦਾ ਹੈ, ਜਿਸ ਨੇ ਵਿਕਸਤ ਦੇਸ਼ ਦੀ ਨੀਂਹ ਰੱਖਣੀ ਹੈ, ਜਿਸ ਨੂੰ ਵਿਕਸਤ ਰਾਸਟਰਾਂ ਵਿੱਚ ਪੂਰਾ ਮਾਨ ਸਨਮਾਨ ਦੇ ਕੇ ਦੇਸ਼ ਦੇ ਸਭ ਤੋਂ ਮਹੱਤਵਪੂਰਨ ਲੋਕਾਂ ਦੀ ਸ਼੍ਰੇਣੀ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ ਭਾਵ ਅਧਿਆਪਕ ਦੀ ਵੀ ਯੋਗਤਾ ਅਤੇ ਸਮਰੱਥਾ ਨੂੰ ਸਾਡੀਆਂ ਚੁਣੀਆਂ ਹੋਈਆਂ ਲੋਕਤੰਤਰੀ ਸਰਕਾਰਾਂ ਵਿੱਚ ਬੈਠੇ ਪ੍ਰਤੀਨਿਧੀਆਂ ਵੱਲੋਂ ਜਾਣ ਬੁੱਝ ਕੇ ਵਿਅਰਥ ਗਵਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਨੇ 2005 ਵਿੱਚ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਕੰਪਿਊਟਰ ਸਾਇੰਸ ਵਿਸ਼ੇ ਦੀ ਸਿੱਖਿਆ ਸ਼ੁਰੂ ਕੀਤੀ ਸੀ ਅਤੇ ਨਵੇਂ ਕੰਪਿਊਟਰ ਅਧਿਆਪਕਾਂ ਦੀ ਠੇਕੇ ਤੇ ਭਰਤੀ ਕੀਤੀ ਗਈ। ਜਿਸ ਨਾਲ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਿੱਚ ਵੱਡੀ ਗਿਣਤੀ ਵਿੱਚ ਵਾਧਾ ਹੋਇਆ ਸੀ। ਪਿਛੜੇ ਅਤੇ ਪੇਂਡੂ ਇਲਾਕਿਆਂ ਦੇ ਵਿਦਿਆਰਥੀ ਬੜੇ ਸ਼ੌਂਕ ਨਾਲ ਕੰਪਿਊਟਰ ਸਿੱਖਿਆ ਹਾਸਲ ਕਰਕੇ ਸਮੇਂ ਦੇ ਹਾਣੀ ਬਣਨੇ ਸ਼ੁਰੂ ਹੋਏ। ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਦਿਲਚਸਪੀ ਹੋਰ ਵੱਧ ਦੇਖਣ ਨੂੰ ਮਿਲੀ। ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕੰਪਿਊਟਰ ਸਿੱਖਿਆ ਦੀ ਮਹੱਤਤਾ ਨੂੰ ਦੇਖਦੇ ਹੋਏ 2005 ਤੋਂ ਠੇਕੇ ਤੇ ਕੰਮ ਕਰਦੇ ਕੰਪਿਊਟਰ ਅਧਿਆਪਕਾਂ ਨੂੰ ਪੰਜਾਬ ਸਰਕਾਰ ਨੇ 1 ਜੁਲਾਈ 2011 ਵਿੱਚ ਪੰਜਾਬ ਦੇ ਰਾਜਪਾਲ ਦੀ ਮਨਜੂਰੀ ਨਾਲ ਨੋਟੀਫਿਕੇਸ਼ਨ ਪਾਸ ਕਰਕੇ ਸਿੱਖਿਆ ਵਿਭਾਗ ਦੀ ਪਿਕਟਸ ਸੋਸਾਇਟੀ ਵਿੱਚ ਵੋਕੇਸ਼ਨਲ ਮਾਸਟਰਾਂ ਦੇ ਬਰਾਬਰ ਸਕੇਲ ਦੇ ਕੇ ਰੈਗੁਲਰ ਕਰ ਦਿੱਤਾ ਗਿਆ। ਕੰਪਿਊਟਰ ਅਧਿਆਪਕ 2 ਸਾਲਾਂ ਦਾ ਪਰਖ ਸਮਾਂ ਪਾਰ ਕਰਕੇ ਪੂਰੀ ਤਨਖਾਹ ਤੇ ਕੰਮ ਕਰ ਰਹੇ ਹਨ ਅਤੇ ਸਰਕਾਰੀ ਸਕੂਲਾਂ ਵਿੱਚ ਬਹੁਤ ਹੀ ਵਧੀਆ ਰੋਲ ਅਦਾ ਕਰ ਰਹੇ ਹਨ। ਪਰ ਪੰਜਾਬ ਸਰਕਾਰ ਵੱਲੋਂ ਅਜੇ ਤੱਕ ਇਹਨਾਂ ਨੂੰ ਸਰਕਾਰ ਵੱਲੋਂ ਆਈ.ਆਰ, ਏਸੀਪੀ, ਮੈਡੀਕਲ ਕਲੇਮ ਆਦਿ ਦਾ ਲਾਭ ਜਾਣ ਬੱਝ ਕੇ ਨਹੀਂ ਦਿੱਤਾ ਗਿਆ। ਇਹਨਾਂ ਨੂੰ ਇਹ ਕਹਿ ਕੇ ਇਹ ਲਾਭ ਰੋਕ ਲਏ ਗਏ ਕਿ ਤੁਸੀਂ ਪਿਕਟਸ ਸੁਸਾਇਟੀ ਅਧੀਨ ਰੈਗੂਲਰ ਹੋਏ ਹੋ। ਜਦੋਂ ਕਿ ਪਿਕਟਸ ਸੁਸਾਇਟੀ ਵੀ ਤਾਂ ਸਿੱਖਿਆ ਵਿਭਾਗ ਦਾ ਹੀ ਅੰਗ ਹੈ।



ਹੁਣ ਕੰਪਿਊਟਰ ਅਧਿਆਪਕਾਂ ਦੀ ਪੰਜਾਬ ਸਰਕਾਰ ਤੋਂ ਸਿਰਫ ਇਹੀ ਮੰਗ ਹੈ ਕਿ ਉਨ੍ਹਾਂ ਨੂੰ ਪੂਰੇ ਮੌਜੂਦਾ ਤਨਖਾਹ ਸਕੇਲ ਅਨੁਸਾਰ ਸਿੱਖਿਆ ਵਿਭਾਗ ਵਿੱਚ ਸਿਫਟ ਕੀਤਾ ਜਾਵੇ। ਬਾਕੀ ਪੱਕੇ ਅਧਿਆਪਕਾਂ ਵਾਂਗ ਇਹਨਾਂ ਨੂੰ ਵੀ ਆਈ.ਆਰ, ਏ.ਸੀ.ਪੀ, ਮੈਡੀਕਲ ਰੀ ਇੰਬਰਸਮੈਂਟ ਆਦਿ ਦੇ ਲਾਭ ਤੁਰੰਤ ਲਾਗੂ ਕੀਤੇ ਜਾਣ।

ਸਰਕਾਰ ਨੂੰ ਚਾਹੀਦਾ ਹੈ ਕਿ ਇੰਨ੍ਹਾਂ ਅਧਿਆਪਕਾਂ ਦੀਆਂ ਮੰਗਾਂ ਪਹਿਲ ਦੇ ਆਧਾਰ ਤੇ ਮੰਨੀਆਂ ਜਾਣ ਜਿੰਨਾਂ ਕਾਰਣ ਸਰਕਾਰੀ ਸਕੂਲ ਤਰੱਕੀ ਦੀ ਰਾਹ ਵੱਲ ਵਧ ਰਹੇ ਹਨ। ਇਸਦੇ ਨਾਲ ਹੀ ਸਰਕਾਰੀ ਸਕੂਲਾਂ ਵਿੱਚ ਨਵੇਂ ਕੰਪਿਊਟਰ ਦਿੱਤੇ ਜਾਣ, ਹਾਰਡਵੇਅਰ ਠੀਕ ਕਰਨ ਵਾਲੀ ਕੰਪਨੀ ਦਾ ਠੇਕਾ ਰਿਨਿਊ ਕੀਤਾ ਜਾਵੇ ਤਾਂ ਜੋ ਖਰਾਬ ਕੰਪਿਊਟਰ ਤੁੰਰਤ ਠੀਕ ਕਰਵਾਏ ਜਾ ਸਕਣ ਤੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਨਾਂ ਹੋਵੇ। ਅੱਜ ਕੱਲ ਸਿੱਖਿਆ ਵਿਭਾਗ ਦਾ ਸਾਰਾ ਕੰਮ ਵੀ ਆਨ ਲਾਈਨ ਹੋ ਚੁੱਕਾ ਹੈ ਜਿਸ ਕਰਕੇ ਕੰਪਿਊਟਰਾਂ ਦਾ ਚਾਲੂ ਰਹਿਣਾ ਬਹੁਤ ਜਰੂਰੀ ਹੈ। ਸਕੂਲਾਂ ਵਿੱਚ ਇੰਟਰਨੈੱਟ ਦੇ ਪਲਾਨ ਵੀ ਹਾਈ ਸਪੀਡ ਵਾਲੇ ਅਣਲਿਮਟਿਡ ਕੀਤੇ ਜਾਣੇ ਚਾਹੀਦੇ ਹਨ।

ਦੇਸ਼ ਦਾ ਅੰਨ ਦਾਤਾ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਅਤੇ ਖੇਤੀ ਕਾਨੂੰਨਾਂ ਤੋਂ ਮਜ਼ਬੂਰ ਹੋ ਕੇ, ਬਿੱਲ ਰੱਦ ਕਰਵਾਉਣ ਲਈ ਸਰਕਾਰ ਵਿਰੋਧੀ ਕਿਸਾਨ ਅੰਦੋਲਨ ਕਰ ਰਿਹਾ ਹੈ ਜਿਸਦਾ ਸਮੂਹ ਕੰਪਿਊਟਰ ਅਧਿਆਪਕ ਜਥੇਬੰਦੀਆਂ ਵੀ ਭਰਪੂਰ ਸਹਿਯੋਗ ਦੇ ਰਹੀਆਂ ਹਨ। ਅਗਰ ਕੰਪਿਊਟਰ ਅਧਿਆਪਕਾਂ ਦੀ ਮੰਗ ਨਾਂ ਮੰਨੀ ਗਈ ਤਾਂ ਇਹਨਾਂ ਵੱਲੋਂ ਵੀ ਤਿੱਖਾ ਸੰਘਰਸ਼ ਕਰਨ ਦੇ ਸੰਕੇਤ ਦਿੱਤੇ ਗਏ ਹਨ। ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਵੱਲੋਂ 9 ਜਨਵਰੀ 2021 ਨੂੰ ਪੰਜਾਬ ਦੇ ਸਿੱਖਿਆ ਮੰਤਰੀ ਦੀ ਕੋਠੀ ਦਾ ਘਿਰਾਉ ਕਰਨ ਦਾ ਵੀ ਐਲਾਣ ਕੀਤਾ ਜਾ ਚੁੱਕਾ ਹੈ।

ਪੰਜਾਬ ਦੀ ਮੌਜੂਦਾ ਸਰਕਾਰ ਨੂੰ ਸਾਰੇ ਪੱਖਾਂ ਤੇ ਵਿਚਾਰ ਕਰਕੇ ਜਮੀਨੀ ਸੱਚਾਇਆਂ ਨੂੰ ਧਿਆਨ ਵਿੱਚ ਰੱਖ ਕੇ ਇਨ੍ਹਾਂ ਕੰਪਿਊਟਰ ਅਧਿਆਪਕਾਂ ਦੀਆਂ ਉੱਚਿਤ ਮੰਗਾਂ ਨੂੰ ਪੂਰਾ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਕਿਉਂਕਿ ਇੱਕ ਆਰਥਿਕ ਪੱਖ ਤੋਂ ਸੰਤੁਸ਼ਟ ਵਿਅਕਤੀ ਹੀ ਦੇਸ਼ ਨਿਰਮਾਣ ਵੱਲ ਧਿਆਨ ਦੇ ਸਕਦਾ । ਇਸ ਤਰ੍ਹਾਂ ਕਰਨ ਨਾਲ ਸੰਵਿਧਾਨ ਵਿੱਚ ਦਰਜ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ ਜਿਨ੍ਹਾਂ ਵਿੱਚ ਕਿਹਾ ਗਿਆ ਹੈ ਕਿ ਨਾਗਰਿਕਾਂ ਨੂੰ ਆਰਥਿਕ ਨਿਆਂ ਦੇਣ ਦੇ ਨਾਲ ਨਾਲ ਇੱਕੋ ਜਿਹੇ ਕੰਮ ਬਦਲੇ ਇੱਕੋ ਜਿਹਾ ਵੇਤਨ ਦਿੱਤਾ ਜਾਵੇਗਾ ਵੀ ਪੂਰਾ ਹੋ ਜਾਵੇਗਾ। ਸਿੱਖਿਆ ਅਤੇ ਸਿਹਤ ਵਿਭਾਗ ਲੋਕਾਂ ਨੂੰ ਸਰਵਜਨਕ ਸਹੂਲਤਾਂ ਦੇਣ ਲਈ ਹੀ ਚਲਾਏ ਜਾਂਦੇ ਹਨ। ਸਰਕਾਰ ਨੂੰ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ "ਅਧਿਆਪਕ ਉਸ ਮੋਮਬੱਤੀ ਵਾਂਗ ਹੁੰਦਾ ਹੈ, ਜੋ ਖੁਦ ਜਲ ਕੇ ਦੂਸਰੇ ਨੂੰ ਰੋਸ਼ਨੀ ਦਿੰਦੀ ਹੈ"।

ਇਸ ਲਈ ਪੰਜਾਬ ਸਰਕਾਰ ਇਨ੍ਹਾਂ ਕੰਪਿਊਟਰ ਅਧਿਆਪਕਾਂ ਦੇ ਭਵਿੱਖ ਨਾਲ ਖਿਲਵਾੜ ਨਾਂ ਕਰੇ ਸਗੋਂ ਇਨ੍ਹਾਂ ਪਿਕਟਸ ਸੋਸਾਇਟੀ ਅਧੀਨ ਕੰਮ ਕਰ ਰਹੇ ਸਮੂਹ ਕੰਪਿਊਟਰ ਅਧਿਆਪਕਾਂ ਨੂੰ ਪੂਰੇ ਗਰੇਡ ਨਾਲ ਸਾਰੇ ਲਾਭ ਦੇ ਕੇ ਸਿੱਖਿਆ ਵਿਭਾਗ ਵਿੱਚ ਤੁਰੰਤ ਸਿਫ਼ਟ ਕਰੇ ਤਾਂ ਜੋ ਇਹ ਕੌਮ ਦੇ ਨਿਰਮਾਤਾ ਨਿਸ਼ਚਿੰਤ ਹੋ ਕੇ ਬੱਚਿਆਂ ਨੂੰ ਸਿੱਖਿਆ ਦੇ ਕੇ ਸਮੇਂ ਦੇ ਹਾਣੀ ਬਣਾ ਸਕਣ ਅਤੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾ ਸਕਣ ।



# ਆਖ਼ਿਰ ਕਿਉਂ ਹੈ ਖੇਤੀ ਕਾਨੂੰਨਾਂ ਨੂੰ ਲੈ ਕੇ ਕਿਸਾਨਾਂ ਦਾ ਵਿਰੋਧ?




**ਗੁਰਮੀਤ ਪਲਾਹੀ**
**91-98158-02070**


ਇਹਨਾਂ ਦਿਨਾਂ ਵਿਚ ਕਿਸਾਨ ਉਹਨਾਂ ਇਕਤਰਫ਼ਾ ਖੇਤੀ ਕਾਨੂੰਨਾਂ ਵਿਰੁੱਧ ਲੜਾਈ ਲੜ ਰਿਹਾ ਹੈ, ਜਿਹੜੇ ਉਸਦੀ ਹੋਂਦ ਲਈ ਖਤਰਾ ਬਣ ਰਹੇ ਹਨ ਅਤੇ ਜਿਹਨਾਂ ਨੇ ਉਸਨੂੰ ਸਰੀਰਕ, ਆਰਥਿਕ ਅਤੇ ਭਾਵਨਾਤਮਕ ਤੌਰ ਤੇ ਪ੍ਰਭਾਵਤ ਕੀਤਾ ਹੈ। ਇਹਨਾਂ ਕਿਸਾਨਾਂ ਦੇ ਹੱਕ ਵਿੱਚ ਭਾਰਤ ਵਿਚਲੇ ਹਰ ਵਰਗ ਦੇ ਲੋਕ ਹੀ ਨਹੀਂ, ਸਗੋਂ ਵਿਸ਼ਵ ਦੇ ਵੱਖੋ-ਵੱਖਰੇ ਦੇਸ਼ਾਂ ਦੇ ਲੋਕ ਸਮਰਥਨ ਵਿੱਚ ਖੜੇ ਦਿਸ ਰਹੇ ਹਨ। ਇਸ ਹੱਕੀ ਲੜਾਈ ਨੇ ਧਰਮ ਨੂੰ, ਜਾਤ-ਪਾਤ ਨੂੰ ਪਿੱਛੇ ਛੱਡਕੇ ਆਰਥਿਕ ਮਾਮਲਿਆਂ, ਮਸਲਿਆਂ ਨੂੰ ਅੱਗੇ ਲਿਆਂਦਾ ਹੈ। ਦੁਨੀਆਂ ਦੇ ਸਭ ਤੋਂ ਵੱਡੇ ਕਹੇ ਜਾਂਦੇ ਲੋਕਤੰਤਰ ਵਿਚ ਆਜ਼ਾਦੀ ਦੇ 73 ਸਾਲ ਬਾਅਦ ਜਿਸ ਢੰਗ ਨਾਲ ਦੇਸ਼ 'ਚ ਇਕ ਤੋਂ ਬਾਅਦ ਇਕ, ਲੋਕ ਵਿਰੋਧੀ ਕਾਲੇ ਕਾਨੂੰਨ ਬਣਾਏ ਜਾ ਰਹੇ ਹਨ, ਉਹ ਅੰਗਰੇਜ਼ੀ ਸਾਮਰਾਜ ਦੇ ਰਾਜਾ-ਰਾਣੀ ਵਲੋਂ ਜਾਰੀ ਕੀਤੇ ਗਏ ਫੁਰਮਾਨਾ ਦੀ ਯਾਦ ਦੁਆ ਰਹੇ ਹਨ।

ਲੜਾਈ ਲੜ ਰਹੇ ਕਿਸਾਨਾਂ ਦੀਆਂ ਮੰਗਾਂ ਬਹੁਤ ਹੀ ਸਪਸ਼ਟ ਹਨ। ਉਹ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਕਰ ਰਹੇ ਹਨ। ਉਹਨਾਂ ਘੱਟੋ ਘੱਟ ਸਮਰਥਨ ਮੁੱਲ (ਐਮ ਐਸ ਪੀ) ਸਬੰਧੀ ਕਾਨੂੰਨ ਬਨਾਉਣ ਦੀ ਮੰਗ ਕੀਤੀ ਹੋਈ ਹੈ। ਉਹ ਬਿਜਲੀ ਬਿੱਲ-2020 ਰੱਦ ਕਰਉਣਾ ਚਾਹੁੰਦੇ ਹਨ। ਉਹ ਮੌਜੂਦਾ ਸਥਾਪਤ ਮੰਡੀਆਂ ਉਵੇਂ ਦੀਆਂ ਉਵੇਂ ਰੱਖਣ ਲਈ ਮੰਗ ਉਠਾ ਰਹੇ ਹਨ। ਅਤੇ ਇਸੇ ਲਈ ਅੰਦੋਲਨ ਕਰ ਰਹੇ ਹਨ।

ਕੇਂਦਰ ਸਰਕਾਰ ਵਲੋਂ ਉਹਨਾਂ ਦਾ ਅੰਦੋਲਨ ਮੱਠਾ ਕਰਨ ਅਤੇ ਉਹਨਾਂ ਦੀਆਂ ਜਾਇਜ਼ ਮੰਗਾਂ ਨਾ ਮੰਨਕੇ, ਵੱਖੋ-ਵੱਖਰੀ ਕਿਸਮ ਦੇ ਹੱਥ ਕੰਡੇ ਵਰਤੇ ਜਾ ਰਹੇ ਹਨ। ਪਰ ਕਿਸਾਨ ਨੇਤਾਵਾਂ ਵਲੋਂ ਲਗਾਤਾਰ ਕੇਂਦਰ ਸਰਕਾਰ ਦੀ ਹਰ ਉਸ ਚਾਲ ਨੂੰ ਆਪਣੇ ਢੰਗ ਨਾਲ ਚੁਣੌਤੀ ਦਿੱਤੀ ਜਾ ਰਹੀ ਹੈ, ਜਿਹੜੀ ਉਹਨਾਂ ਦੇ ਸੰਘਰਸ਼ ਵਿਚ ਤ੍ਰੇੜਾਂ ਪਾਉਣ ਲਈ ਚੱਲੀ ਜਾ ਰਹੀ ਹੈ। ਤਸੱਲੀ ਵਾਲੀ ਗੱਲ ਹੈ ਕਿ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਜਿਹੜੀਆਂ ਇਕੋਂ ਦੂਜੇ ਨੂੰ ਵੇਖ ਕੇ ਵੀ ਰਾਜੀ ਨਹੀਂ, ਉਹ ਕਿਸਾਨ ਸੰਘਰਸ਼ ਲਈ ਇਕੱਠੀਆਂ ਹਨ ਜਾਂ ਇੰਜ ਕਹਿ ਲਵੋ ਕਿ ਕਿਸਾਨਾਂ ਦੇ ਅੰਤਾਂ ਦੇ ਹੌਸਲੇ, ਵਿਸ਼ਵਾਸ, ਇਕੱਠ ਅਤੇ ਦ੍ਰਿੜਤਾ ਨੇ ਇਹਨਾਂ ਜਥੇਬੰਦੀਆਂ ਦੇ ਨੇਤਾਵਾਂ ਨੂੰ ਇਕੱਠੇ ਰਹਿਣ ਲਈ ਮਜ਼ਬੂਰ ਕਰ ਦਿੱਤਾ ਹੈ ਕਿਉਂਕਿ ਕਿਸਾਨ "ਕਾਲੇ ਖੇਤੀ ਕਾਨੂੰਨਾਂ" ਨੂੰ ਰੱਦ ਕਰਵਾਉਣ ਤੋਂ ਬਿਨਾਂ ਖਾਲੀ ਹੱਥ ਦਿੱਲੀ ਬਾਰਡਰ ਤੋਂ ਘਰੀਂ ਪਰਤਣ ਲਈ ਤਿਆਰ ਨਹੀਂ ਹਨ।

ਆਖ਼ਰ ਇਹ ਕਾਨੂੰਨਾਂ 'ਚ ਇਹੋ ਜਿਹਾ ਹੈ ਕੀ ਹੈ, ਜਿਹਨਾਂ ਨੂੰ ਰੱਦ ਕਰਾਉਣ ਲਈ ਅੱਜ ਕਿਸਾਨ ਸਿਰ ਧੜ ਦੀ ਬਾਜ਼ੀ ਲਾ ਬੈਠਾ ਹੈ ਅਤੇ ਕਹਿ ਰਿਹਾ ਹੈ ਕਿ ਬਿੱਲ ਰੱਦ ਹੋਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਜ਼ਮੀਨ ਬਚਾਉਣ ਦਾ, ਰੁਜ਼ਗਾਰ ਬਚਾਉਣ ਦਾ, ਜਮ੍ਹਾਂ-ਖੋਰੀ ਰੋਕਣ ਅਤੇ ਭੁੱਖਮਰੀ ਤੋਂ ਬਚਣ-ਬਚਾਉਣ ਦਾ।

ਆਓ ਇਹਨਾਂ ਤਿੰਨੇ ਕਾਨੂੰਨਾਂ ਵੱਲ ਇਕ ਝਾਤੀ ਮਾਰੀਏ:-

ਪਹਿਲਾ ਕਾਨੂੰਨ ਜ਼ਰੂਰੀ ਵਸਤਾਂ (ਸੋਧਾਂ) 2020 ਕਾਨੂੰਨ ਹੈ। 1955 'ਚ ਜ਼ਰੂਰੀ ਵਸਤਾਂ ਕਾਨੂੰਨ ਸਰਕਾਰ ਵਲੋਂ ਲਿਆਂਦਾ ਗਿਆ। ਇਸ ਵਿਚ ਜ਼ਰੂਰੀ ਚੀਜ਼ਾਂ ਦੀ ਜਮ੍ਹਾਂਖੋਰੀ ਰੋਕਣ ਦਾ ਪ੍ਰਾਵਾਧਾਨ ਸੀ। ਕਿਸੇ ਚੀਜ਼ ਨੂੰ ਜ਼ਰੂਰੀ ਚੀਜਾਂ ਦੀ ਲਿਸਟ ਵਿੱਚ ਜੋੜਨ ਦਾ ਮਤਲਬ ਹੈ ਕਿ ਸਰਕਾਰ ਉਸ ਵਸਤੂ ਦੀ ਕੀਮਤ, ਉਸਦਾ ਉਤਪਾਦਨ, ਉਸਦੀ ਸਪਲਾਈ ਨੂੰ ਕੰਟਰੋਲ ਕਰ ਸਕਦੀ ਹੈ। ਇਹ ਅਕਸਰ ਪਿਆਜ਼ ਅਤੇ ਦਾਲਾਂ ਦੀ ਕੀਮਤ ਵਿੱਚ ਵਾਧੇ ਸਮੇਂ ਵੇਖਿਆ ਜਾ ਸਕਦਾ ਹੈ। ਸਰਕਾਰ ਨੇ ਨਵੇਂ ਕਾਨੂੰਨ ਵਿੱਚ ਜਮ੍ਹਾਂਖੋਰੀ ਉਤੇ ਲਗਾਇਆ ਪ੍ਰਤੀਬੰਧ (ਰੋਕ) ਹਟਾ ਦਿੱਤੀ ਹੈ। ਭਾਵ ਵਪਾਰੀ ਜਿੰਨਾ ਵੀ ਚਾਹੇ ਅਨਾਜ, ਦਾਲਾਂ ਆਦਿ ਜਮ੍ਹਾਂ ਕਰ ਸਕਦਾ ਹੈ। ਸਰਕਾਰ ਸਿਰਫ ਯੁੱਧ ਜਾਂ ਹੋਰ ਕਿਸੇ ਗੰਭੀਰ ਕੁਦਰਤੀ ਆਫਤ ਸਮੇਂ ਹੀ ਨਿਯੰਤਰਣ ਕਰੇਗੀ। ਇਸ ਕਾਨੂੰਨ ਉਤੇ ਕਿਸਾਨਾਂ ਦਾ ਇਤਰਾਜ਼ ਹੈ ਕਿ ਵਪਾਰੀ ਉਹਨਾਂ ਦੇ ਅਨਾਜ ਦੀ ਜਮਾਂਖੋਰੀ ਕਰਨਗੇ, ਅਨਾਜ ਸਸਤੇ ਤੇ ਕਿਸਾਨਾਂ ਤੋਂ ਖਰੀਦਣਗੇ ਅਤੇ ਮਰਜ਼ੀ ਦੇ ਭਾਅ ਉਤੇ ਵੇਚਣਗੇ।

ਦੂਜਾ ਕਾਨੂੰਨ ਖੇਤੀ ਉਪਜ, ਵਪਾਰ ਅਤੇ ਵਣਜ ਦੇ ਸਰਲੀਕਰਨ ਸਬੰਧੀ ਹੈ। ਪਹਿਲਾਂ ਕਾਨੂੰਨ ਸੀ ਕਿ ਸਰਕਾਰਾਂ ਸਥਾਪਿਤ ਮੰਡੀਆਂ ਵਿੱਚ ਉਤਪਾਦਨ ਵੇਚਣ ਉਤੇ ਟੈਕਸ ਲੈਂਦੀਆਂ ਸਨ ਅਤੇ ਸਰਕਾਰ ਹੀ ਮੰਡੀ ਸੰਚਾਲਨ ਕਰਦੀ ਸੀ। ਹਰ ਸੂਬੇ ਵਿਚ ਆਪਣਾ ਏ ਪੀ ਐਸ ਸੀ ਐਕਟ ਵੀ ਹੁੰਦਾ ਸੀ। ਨਵੇਂ ਕਾਨੂੰਨ ਵਿੱਚ ਸਰਕਾਰੀ ਮੰਡੀ ਦੀ ਜ਼ਰੂਰਤ ਖਤਮ ਕਰ ਦਿੱਤੀ ਹੈ। ਕਿਸਾਨ ਮੰਡੀਆਂ ਤੋਂ ਬਾਹਰ ਵੀ ਆਪਣਾ ਅਨਾਜ ਵੇਚ ਸਕਦਾ ਹੈ। ਹੋਰ ਜ਼ਿਲਿਆਂ, ਹੋਰ ਰਾਜਾਂ ਵਿੱਚ ਵੀ ਫਸਲ ਵੇਚ ਸਕਦਾ ਹੈ ਅਤੇ ਉਸਨੂੰ ਕੋਈ ਮੰਡੀ ਫੀਸ ਨਹੀਂ ਦੇਣੀ ਪਵੇਗੀ। ਪਰ ਕਿਸਾਨਾਂ ਨੂੰ ਇਤਰਾਜ਼ ਇਸ ਕਾਨੂੰਨ ਉਤੇ ਜ਼ਿਆਦਾ ਹੈ। ਸਰਕਾਰ ਕਹਿੰਦੀ ਹੈ ਕਿ ਉਹ ਸਰਕਾਰੀ ਖਰੀਦ ਜੋ ਮੰਡੀਆਂ ਵਿਚ ਹੋਵੇਗੀ, ਉਸ ਉਤੇ ਘੱਟੋ ਘੱਟ ਸਮਰਥਨ ਕਿਸਾਨ ਨੂੰ ਮਿਲਣਾ ਜਾਰੀ ਰਹੇਗਾ। ਪਰ ਕਿਸਾਨਾਂ ਦੀ ਕਹਿਣ ਹੈ ਕਿ ਜਦ ਪੂਰੇ ਦੇਸ਼ ਵਿਚ ਖਰੀਦ ਵਿਕਰੀ ਦਾ ਨਿਯਮ ਸਰਕਾਰ ਵਲੋਂ ਲਿਆਂਦਾ ਜਾ ਰਿਹਾ ਹੈ ਤਾਂ ਨਿੱਜੀ ਖੇਤਰ ਵਿੱਚ ਘੱਟੋ ਘੱਟ ਸਮਰਥਨ ਮੁੱਲ ਜ਼ਰੂਰੀ ਕਿਉਂ ਨਹੀਂ ਹੈ?

ਤੀਜਾ ਕਾਨੂੰਨ ਖੇਤੀ ਕੀਮਤ ਭਰੋਸਾ ਅਤੇ ਖੇਤੀ ਸੇਵਾ ਸਮਝੌਤਾ ਹੈ। ਇਸ ਬਿੱਲ ਵਿੱਚ ਪਹਿਲਾਂ ਵੀ ਕਿਸਾਨ ਅਤੇ ਵਪਾਰੀ 'ਚ ਐਗਰੀਮੈਂਟ ਹੁੰਦਾ ਸੀ। ਪਰ ਇਸ ਵਿੱਚ ਕੋਈ ਕਾਨੂੰਨੀ ਤਰੀਕਾ ਨਹੀਂ ਸੀ ਕਿ ਸ਼ਿਕਾਇਤ ਕਿਥੇ ਕੀਤੀ ਜਾਵੇ? ਕਿਸਾਨ ਜਾਂ ਤਾਂ ਵਪਾਰੀ ਵਿਰੁੱਧ ਥਾਣੇ ਜਾਂਦਾ ਸੀ ਜਾਂ ਫਿਰ ਅਦਾਲਤ। ਨਵਾਂ ਕਾਨੂੰਨ ਕੰਨਟਰੈਕਟ ਫਾਰਮਿੰਗ ਨੂੰ ਸਹੀ ਮੰਨਦਾ ਹੈ। ਇਸ ਅਨੁਸਾਰ ਫਸਲ ਦੀ ਮਾਲਕੀ ਕਿਸਾਨ ਦੇ ਕੋਲ ਰਹੇਗੀ ਅਤੇ ਉਤਪਾਦਨ ਦੇ ਬਾਅਦ ਵਪਾਰੀ ਨੂੰ ਤਹਿ ਕੀਮਤ ਉਤੇ ਅਨਾਜ਼ ਖਰੀਦਣਾ ਹੋਵੇਗਾ। ਕੋਈ ਝਗੜਾ ਪੈਦਾ ਹੁੰਦਾ ਹੈ ਤਾਂ ਇਲਾਕਾ ਐਸ ਡੀ ਐਮ, ਜ਼ਿਲਾ ਡਿਪਟੀ ਕਮਿਸ਼ਨਰ ਅਤੇ ਉਸਦੇ ਬਾਅਦ ਅਦਾਲਤ ਵਿੱਚ ਸ਼ਿਕਾਇਤ ਹੋਏਗੀ। ਪਰ ਕਾਨੂੰਨ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਵਿਵਾਦ ਦਾ ਨਿਪਟਾਰਾ ਕਰਨ ਦਾ ਤਰੀਕਾ ਗਲਤ ਹੈ। ਕਿਉਂਕਿ ਸ਼ਿਕਾਇਤ ਨਿਪਟਾਰੇ ਦੀ ਕੋਈ ਸੀਮਾਂ ਤਹਿ ਨਹੀਂ ਹੈ। ਕਿਸਾਨ ਇੰਨਾ ਚੁਸਤ ਨਹੀਂ ਹੈ ਕਿ ਖੁਦ ਕੇਸ ਲੜ ਸਕੇ, ਜਦਕਿ ਕੰਟਰੈਕਟ ਫਾਰਮਿੰਗ ਕੰਪਨੀਆਂ ਦੇ ਵਕੀਲ ਤਾਂ ਕਿਸਾਨਾਂ ਨੂੰ ਉਲਝਾ ਦੇਣਗੇ ਅਤੇ ਉਹਨਾਂ ਦੀ ਜ਼ਮੀਨ ਕਦੇ ਨਾ ਕਦੇ ਹੜੱਪ ਲੈਣਗੇ।

ਕਿਸਾਨਾਂ ਦਾ ਕਹਿਣਾ ਹੈ ਕਿ ਕੰਟਰੈਕਟ ਫਾਰਮਿੰਗ ਨਾਲ ਕਿਸਾਨ ਬੰਧੂਆ ਮਜ਼ਦੂਰ ਬਣ ਕੇ ਰਹਿ ਜਾਏਗਾ। ਫ਼ਸਲ ਦਾ ਘੱਟੋ ਘੱਟ ਸਮਰਥਨ ਮੁੱਲ ਕਾਨੂੰਨ ਨਾ ਹੋਣ ਕਾਰਨ, ਕਿਸਾਨ ਦੀ ਫ਼ਸਲ ਘਾਟੇ ਵਿੱਚ ਹੀ ਵਿਕੇਗੀ, ਅਤੇ ਸਰਕਾਰੀ ਮੰਡੀ ਖਤਮ




ਹੋਣ ਨਾਲ ਕਿਸਾਨ, ਪੂੰਜੀਪਤੀਆਂ ਉਤੇ ਨਿਰਭਰ ਹੋ ਜਾਏਗਾ। ਇਸੇ ਕਰਕੇ ਕਿਸਾਨਾਂ ਨੇ ਲੰਬੇ ਸਮੇਂ ਦੀ ਲੜਾਈ ਵਿੱਢਣ ਦਾ ਫੈਸਲਾ ਲਿਆ ਹੈ ਅਤੇ ਉਹ ਪੂਰੀ ਤਿਆਰੀ ਨਾਲ ਲੜ ਰਹੇ ਹਨ। ਚੱਲਦੇ ਸੰਘਰਸ਼ 'ਚ ਕਿਸਾਨਾਂ ਦੀਆਂ ਜਥੇਬੰਦੀਆਂ ਵਲੋਂ ਸਰਕਾਰ ਦੇ ਹਰ ਪੈਂਤੜੇ ਦਾ ਜਿਸ ਢੰਗ ਨਾਲ ਮੋੜਵਾਂ ਜਵਾਬ ਦਿੱਤਾ ਜਾ ਰਿਹਾ ਹੈ, ਉਹ ਕਿਸਾਨ ਜਥੇਬੰਦੀਆਂ ਦੇ ਨੇਤਾਵਾਂ ਦੀ ਪ੍ਰਪੱਕ ਸੋਚ ਅਤੇ ਦ੍ਰਿੜਤਾ ਦਾ ਸਬੂਤ ਹੈ, ਜਿਹੜੀ ਉਹਨਾਂ ਲੋਕ ਲਹਿਰਾਂ ਦੌਰਾਨ ਲੋਕ ਘੋਲਾਂ ਵਿੱਚ ਸਮੇਂ ਸਮੇਂ ਪ੍ਰਾਪਤ ਕੀਤੀ ਹੈ। ਕਾਲੇ ਖੇਤੀ ਆਰਡੀਨੈਂਸ ਜਾਰੀ ਹੋਣ ਦੇ ਸਮੇਂ ਤੋਂ ਹੀ ਕਿਸਾਨ ਜਥੇਬੰਦੀਆਂ ਨੇ ਲੋਕਾਂ ਨੂੰ ਇਹ ਕਾਨੂੰਨ ਦਿੱਲੀ ਕੂਚ ਕਰਨ ਤੋਂ ਪਹਿਲਾਂ ਹੀ ਇਸ ਢੰਗ ਨਾਲ ਸਮਝਾ ਦਿੱਤਾ ਕਿ ਹਰ ਕੋਈ ਕਿਸਾਨ, ਖੇਤੀ ਮਜ਼ਦੂਰ, ਨੌਜਵਾਨ ਔਰਤਾਂ ਆਪਣੇ ਟੀਚੇ ਬਾਰੇ ਸਪਸ਼ਟ ਹਨ ਅਤੇ " ਤਿੰਨਾਂ ਕਾਨੂੰਨਾਂ ਨੂੰ ਰੱਦ ਕਰਨਾ" ਇੱਕ ਮਿਸ਼ਨ ਵਜੋਂ ਲੈ ਰਹੇ ਹਨ। ਆਪਣੇ ਟੀਚੇ ਦੀ ਪ੍ਰਾਪਤੀ ਲਈ ਪੰਜਾਬ ਦੇ ਸਿਰਲੱਥ ਯੋਧਿਆਂ ਨੂੰ ਆਦਰਸ਼ ਮੰਨ ਕੇ, ਗੁਰੂ ਨਾਨਕ ਦੇਵ ਜੀ ਨਾਮ ਲੇਵਾ ਸਿਰੜੀ ਸੂਰਮਿਆਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਕੇ, ਉਹ ਲਗਾਤਾਰ ਉਤਸ਼ਾਹਤ ਹੋ ਰਹੇ ਹਨ ਅਤੇ ਹਰ ਸਰਕਾਰੀ ਜ਼ੁਲਮ ਜਬਰ ਨੂੰ ਸਹਿਣ ਲਈ ਆਪਣੇ ਆਪ ਨੂੰ ਤਿਆਰ ਕਰੀ ਬੈਠੇ ਹਨ। ਲਗਭਗ 15 ਦਿਨਾਂ ਤੋਂ ਠੰਡੀਆਂ ਰਾਤਾਂ 'ਚ, ਗੂੰਜਦੇ ਬੋਲਾਂ ਅਤੇ ਸੁਚਾਰੂ ਮਨੋ-ਅਵਸਥਾ ਨਾਲ ਉਹ ਸੰਘਰਸ਼ ਲਈ ਮਘੀ ਚਿਣਗ ਨੂੰ ਲਾਟਾਂ 'ਚ ਬਦਲ ਰਹੇ ਹਨ ਅਤੇ ਸ਼ਾਂਤਮਈ ਰਹਿ ਕੇ, ਆਪਣੀ ਮੰਜ਼ਿਲ ਦੀ ਪ੍ਰਾਪਤੀ ਇਹ ਕਹਿੰਦਿਆਂ ਪ੍ਰਾਪਤ ਕਰੀ ਬੈਠੇ ਹਨ ਕਿ ਉਹਨਾਂ ਲਈ ਦਿੱਲੀ ਹੁਣ ਦੂਰ ਨਹੀਂ ਹੈ। ਆਪਣੀ ਮੰਜ਼ਿਲ ਦੀ ਪ੍ਰਾਪਤੀ 'ਚ ਆਈਆਂ ਰੁਕਾਵਟਾਂ ਉਹਨਾਂ ਦੇ ਜੋਸ਼ ਅਤੇ ਹੋਸ਼ ਤੇ ਆੜੇ ਨਹੀਂ ਆ ਰਹੀਆਂ। ਇਹੋ ਜਿਹਾ ਇਕੱਠ, ਇਹੋ ਜਿਹੀ ਲੜਾਈ, ਇਹੋ ਜਿਹਾ ਜਬਰ ਵਿਰੁੱਧ ਰੋਸ, ਸ਼ਾਇਦ ਅਜ਼ਾਦੀ ਤੋਂ ਬਾਅਦ ਪਹਿਲੀ ਵਾਰ ਵੇਖਣ ਨੂੰ ਮਿਲ ਰਿਹਾ ਹੈ।

ਪਰ ਆਪਣੇ-ਆਪ ਨੂੰ ਹਰ ਮੋਰਚੇ ਤੇ ਜੇਤੂ ਸਮਝ ਰਹੀ ਮੋਦੀ ਸਰਕਾਰ ਕਿਸਾਨਾਂ ਦੇ ਜੋਸ਼ ਤੇ ਹੋਸ਼ ਅੱਗੇ ਲੜਖੜਾਈ ਦਿਸ ਰਹੀ ਹੈ। ਉਹ ਸਰਕਾਰ ਜਿਸਨੇ ਜਬਰਦਸਤੀ ਇੱਕੋ ਹੱਲੇ 370 ਧਾਰਾ ਤੋੜੀ। ਇੱਕੋ ਹੱਲੇ ਨਾਗਰਿਕਤਾ ਕਾਨੂੰਨ ਪਾਸ ਕੀਤਾ। ਕਸ਼ਮੀਰ ਵਿੱਚ ਕੁੱਟ-ਰਾਜ ਕਾਇਮ ਕੀਤਾ। ਦਿੱਲੀ 'ਚ ਆਪਣਾ ਫ਼ਿਰਕੂ ਪੱਤਾ ਵਰਤਕੇ ਫ਼ਸਾਦ ਕਰਵਾਏ। ਉਹੀ ਸਰਕਾਰ ਅੱਜ ਕਿਸਾਨਾਂ ਦੇ ਹੱਠ ਅੱਗੇ ਝੁਕੀ ਇਹ ਕਹਿਣ ਤੇ ਮਜ਼ਬੂਰ ਹੋ ਗਈ ਹੈ, "ਲੋਕਤੰਤਰ ਵਿੱਚ ਹਰ ਕਿਸਮ ਦੇ ਵਿਚਾਰ ਹੋ ਸਕਦੇ ਹਨ, ਵਿਚਾਰਾਂ ਨੂੰ ਲੈਕੇ ਮੱਤਭੇਦ ਵੀ ਹੋ ਸਕਦੇ ਹਨ, ਪਰ ਮੱਤਭੇਦ ਮਨਭੇਦ ਨਹੀਂ ਬਨਣੇ ਚਾਹੀਦੇ"। ਜਦੋਂ ਕਿ ਪਹਿਲਾ ਸਰਕਾਰ ਹਰ ਵਿਰੋਧੀ ਆਵਾਜ਼ ਨੂੰ "ਦੇਸ਼-ਧਰੋਹੀ" ਗਰਦਾਨਦੀ ਰਹੀ। ਕਿਸੇ ਵੀ ਸਰਕਾਰ ਵਿਰੁੱਧ ਅੰਦੋਲਨ ਨੂੰ "ਗੈਂਗ ਅੰਦੋਲਨ" ਦਾ ਨਾਮ ਦਿੰਦੀ ਰਹੀ। ਸਿਆਸੀ ਵਿਰੋਧੀਆਂ ਨੂੰ ਜੇਲ੍ਹੀਂ ਤਾੜਦੀ ਰਹੀ।

ਕਿਸਾਨਾਂ ਨੇ ਰੇਲ ਰੋਕੀਆਂ ਸਨ। ਉਹਨਾ ਨੂੰ ਕਿਸਾਨ ਜੱਥੇਬੰਦੀਆਂ ਵਲੋਂ ਬਾਅਦ 'ਚ ਚੱਲਣ ਦੀ ਛੋਟ 10 ਦਸੰਬਰ 2020 ਤੱਕ ਦੇ ਦਿੱਤੀ ਗਈ ਸੀ। ਇਹ ਅਲਟੀਮੇਟਮ ਹੁਣ ਖ਼ਤਮ ਹੋ ਗਿਆ ਹੈ। ਸਰਕਾਰ ਨਾਲ ਛੇ ਗੇੜਾਂ ਦੀ ਕੀਤੀ ਗੱਲਬਾਤ ਵਿਚੋਂ ਕੁਝ ਵੀ ਨਹੀਂ ਨਿਕਲਿਆ, ਕਿਉਂਕਿ ਕੇਂਦਰ ਸਰਕਾਰ ਦੇ ਮੰਤਰੀ ਅਤੇ ਅਫ਼ਸਰਸ਼ਾਹੀ "ਖੇਤੀ ਕਾਨੂੰਨਾਂ" ਨੂੰ ਕਿਸਾਨਾਂ ਦੇ ਫ਼ਾਇਦੇ ਵਾਲੇ ਦੱਸੀ ਜਾ ਰਹੇ ਹਨ। ਵੱਡੇ ਕਿਸਾਨੀ ਸੰਘਰਸ਼ ਦੇ ਦਬਾਅ ਨਾਲ ਕੁਝ ਤਰਸੀਮਾਂ ਕਰਨ ਲਈ, ਹਠ ਕਰ ਰਹੀ ਸਰਕਾਰ, ਰਾਜ਼ੀ ਹੋਈ ਹੈ। ਜਿਹੜੀ ਇਸ ਗੱਲ ਨੂੰ ਦਰਸਾਉਂਦੀ ਹੈ ਕਿ ਕਾਨੂੰਨ ਸੱਚਮੁੱਚ ਦੋਸ਼ ਪੂਰਨ ਹਨ। ਕੇਂਦਰ ਸਰਕਾਰ ਕੋਈ ਵਿਚਲਾ ਰਾਸਤਾ ਕੱਢਣਾ ਚਾਹੁੰਦੀ ਹੈ ਪਰ ਕਿਸਾਨ ਦੋ-ਟੁੱਕ ਹਾਂ ਜਾਂ ਨਾਂਹ ਚਾਹੁੰਦੇ ਹਨ। ਉਹ ਕਹਿੰਦੇ ਹਨ ਕਿ ਇਹ ਕਾਨੂੰਨ ਉਹਨਾ ਨੂੰ ਵਿਸ਼ਵਾਸ਼ 'ਚ ਲੈ ਕੇ ਨਹੀਂ ਬਣਾਏ ਗਏ।

ਇੱਕ ਕਿਸਾਨ ਜੱਥੇਬੰਦੀ ਭਾਰਤੀ ਕਿਸਾਨ ਯੂਨੀਅਨ ਨੇ ਸਰਕਾਰ ਦੇ ਹੱਠੀ ਵਤੀਰੇ ਵਿਰੁੱਧ ਸੁਮਰੀਮ ਕੋਰਟ ਦਾ ਰਾਹ ਵੀ ਫੜ ਲਿਆ ਹੈ। ਮਿਤੀ 11 ਦਸੰਬਰ 2020 ਨੂੰ ਇੱਕ ਪਟੀਸ਼ਨ ਪਾਈ ਹੈ। ਜਿਹੜੀ ਇਹ ਮੰਗ ਕਰਦੀ ਹੈ ਕਿ ਇਹ ਤਿੰਨੋਂ ਖੇਤੀ ਕਾਨੂੰਨ ਇਕਤਰਫ਼ਾ ਹਨ। ਕਿਸਾਨ ਵਿਰੋਧੀ ਹਨ। ਇਹ ਕਾਨੂੰਨ ਵਪਾਰੀਕਰਨ ਦਾ ਰਸਤਾ ਖੋਲ੍ਹਦੇ ਹਨ ਅਤੇ ਕਿਸਾਨਾਂ ਨੂੰ ਕਾਰਪੋਰੇਟੀਆਂ ਦੇ ਰਹਿਮੋ-ਕਰਮ ਉਤੇ ਸੁੱਟ ਦੇਣਗੇ। ਪਟੀਸ਼ਨ ਵਿੱਚ ਇਹ ਦਰਸਾਇਆ ਗਿਆ ਹੈ ਕਿ ਕਿਸਾਨ ਮਜ਼ਬੂਰ ਹੋ ਕੇ ਦਿੱਲੀ ਦੀਆਂ ਸੜਕਾਂ ਤੇ ਬੈਠੇ ਹਨ। ਰੇਲਾਂ ਰੋਕ ਰਹੇ ਹਨ। ਬਾਵਜੂਦ ਇਸ ਗੱਲ ਦੇ ਵੀ ਕਿ ਬਹੁਤ ਸਾਰੀਆਂ ਸਿਆਸੀ ਪਾਰਟੀਆਂ ਕਿਸਾਨਾਂ ਦੇ ਹੱਕ 'ਚ ਖੜੀਆਂ ਹਨ, ਸਰਕਾਰ ਨੂੰ ਇਕ ਖੇਤੀ ਕਾਨੂੰਨ ਰੱਦ ਕਰਨ ਲਈ ਕਹਿ ਰਹੀਆਂ ਹਨ, ਪਰ ਸਰਕਾਰ ਕਿਸੇ ਦੀ ਗੱਲ ਸੁਣ ਹੀ ਨਹੀਂ ਰਹੀ। ਬਹੁਤੀਆਂ ਜੱਥੇਬੰਦੀਆਂ ਸੁਪਰੀਮ ਕੋਰਟ ਜਾਣ ਨੂੰ ਚੰਗਾ ਨਹੀਂ ਗਿਣ ਰਹੀਆਂ, ਕਿਉਂਕਿ ਉਹ ਸਮਝਦੀਆਂ ਹਨ ਕਿ ਸੁਪਰੀਮ ਕੋਰਟ 'ਚ ਸੁਣਵਾਈ ਨੂੰ ਲੰਮਾ ਸਮਾਂ ਲੱਗੇਗਾ ਅਤੇ ਉਹਨਾ ਦੇ ਸੰਘਰਸ਼ ਦਾ ਨਿਪਟਾਰਾ ਨਹੀਂ ਹੋ ਸਕੇਗਾ।

ਇਥੇ ਕਿਸਾਨਾਂ ਦੇ ਕਿਸਾਨ ਸੰਘਰਸ਼ ਅਤੇ ਦੇਸ਼ ਵਿਚਲੇ ਖੇਤੀ ਖੇਤਰ ਨਾਲ ਸਬੰਧਤ ਕੁੱਝ ਗੱਲਾਂ ਸਮਝਣ ਵਾਲੀਆਂ ਹਨ:-

ਪਹਿਲੀ ਇਹ ਕਿ ਭਾਵੇਂ ਇਹ ਅੰਦੋਲਨ ਲਈ ਸਹਿਮਤੀ ਦੇ ਸਮਰੱਥਨ ਦੇ ਬਹੁਤ ਸਾਰੇ ਸੂਬਿਆਂ ਤੋਂ ਮਿਲ ਰਿਹਾ ਹੈ, ਪਰ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰਪ੍ਰਦੇਸ਼ ਦਾ ਇਲਾਕਾ ਹੀ ਵੱਡੇ ਪੱਧਰ ਉਤੇ ਵਿਦਰੋਹ ਕਰ ਰਿਹਾ ਹੈ, ਇਹ ਉਹ ਇਲਾਕਾ ਹੈ, ਜਿਹੜਾ ਦੇਸ਼ ਦੀ ਹਰੀ ਕ੍ਰਾਂਤੀ ਲਈ ਜਾਣਿਆ ਜਾਂਦਾ ਹੈ।

ਦੂਜਾ ਸਰਕਾਰ ਵਲੋਂ ਇਹ ਢੰਡੋਰਾ ਪਿੱਟਣ ਦੇ ਬਾਵਜੂਦ ਵੀ ਕਿ ਫ਼ਸਲਾਂ ਦਾ ਘੱਟੋ-ਘੱਟ ਸਮਰੱਥਨ ਮੁੱਲ ਜਾਰੀ ਰਹੇਗਾ ਅਤੇ ਮੰਡੀਆਂ ਦਾ ਮੌਜੂਦਾ ਢਾਂਚਾ ਬਰਕਰਾਰ ਰਹੇਗਾ, ਕਿਸਾਨ ਯਕੀਨ ਨਹੀਂ ਕਰ ਰਹੇ। ਕਿਉਂਕਿ ਕਿਸਾਨ ਇਹ ਮਹਿਸੂਸ ਕਰ ਰਹੇ ਹਨ ਕਿ ਮੌਜੂਦਾ ਸਰਕਾਰ ਨਾਹਰਿਆਂ ਅਤੇ ਦਮਗਜਿਆਂ ਵਾਲੀ ਸਰਕਾਰ ਹੈ। ਕਿਸਾਨ, ਉਸ ਹਾਕਮ ਧਿਰ ਉਤੇ ਵਿਸ਼ਵਾਸ਼ ਨਹੀਂ ਕਰ ਰਹੇ, ਜਿਹੜੀ 2014 ਤੋਂ ਪਹਿਲਾ ਕਹਿੰਦੀ ਸੀ ਕਿ ਕਿਸਾਨ ਪੱਖੀ ਡਾ: ਸਵਾਮੀਨਾਥਨ ਰਿਪੋਰਟ ਨੂੰ ਹਕੂਮਤ ਦੀ ਵਾਂਗਡੋਰ ਸੰਭਾਲਦਿਆਂ ਲਾਗੂ ਕਰ ਦਿੱਤਾ ਜਾਵੇਗਾ (ਇਹ ਰਿਪੋਰਟ ਕਹਿੰਦੀ ਹੈ ਕਿ ਫ਼ਸਲਾਂ ਉਤੇ ਲਾਗਤ ਤੋਂ ਉਪਰ 50 ਫ਼ੀਸਦੀ ਲਾਭ ਕਿਸਾਨ ਨੂੰ ਮਿਲਣਾ ਚਾਹੀਦਾ ਹੈ)

ਤੀਜੀ ਇਹ ਕਿ ਸਰਕਾਰ ਨੇ ਕਿਸਾਨ ਹਿੱਤ ਵਿੱਚ ਜਿੰਨੀਆਂ ਵੀ ਸਕੀਮਾਂ ਚਾਲੂ ਕੀਤੀਆਂ, ਉਹ ਵਿੱਚ-ਵਿਚਾਲੇ ਛੱਡ ਦਿੱਤੀਆਂ ਜਾਂ ਉਹਨਾ ਉਤੇ ਕੀਤਾ ਜਾਣ ਵਾਲਾ ਖ਼ਰਚਾ ਘਟਾ ਦਿੱਤਾ। ਪ੍ਰਧਾਨ ਮੰਤਰੀ ਖੇਤੀ ਸਿੰਚਾਈ ਯੋਜਨਾ ਉਹਨਾ ਵਿੱਚੋਂ ਇੱਕ ਹੈ। ਇਸ ਸਕੀਮ ਉਤੇ ਜੁਲਾਈ 2015 ਵਿੱਚ ਇਸਦੇ ਆਰੰਭ ਹੋਣ ਵੇਲੇ 50000 ਕਰੋੜ ਰੁਪਏ ਖ਼ਰਚਣ ਦਾ ਟੀਚਾ ਮਿਥਿਆ ਗਿਆ, ਪਰ ਇਸ ਉਤੇ 2020 ਤੱਕ 32000 ਕਰੋੜ ਰੁਪਏ ਹੀ ਸੂਬਿਆਂ ਵਲੋਂ ਖਰਚੇ ਗਏ। ਇਸ ਵਿੱਚ ਕੇਂਦਰ ਸਰਕਾਰ ਦਾ ਹਿੱਸਾ ਸਿਰਫ਼ 8000 ਕਰੋੜ ਰੁਪਏ ਰਿਹਾ। ਇਹੋ ਹਾਲ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਦਾ ਰਿਹਾ ਜੋ 2016 'ਚ ਚਾਲੂ ਕੀਤੀ ਗਈ।

ਚੌਥੀ ਗੱਲ ਇਹ ਕਿ ਜਿਸ ਸਰਕਾਰੀ ਮੰਡੀ ਸਿਸਟਮ ਨੂੰ ਭਾਜਪਾ ਦੀ ਮੌਜੂਦਾ ਸਰਕਾਰ ਵਲੋਂ ਖ਼ਤਮ ਕਰਨ ਦੀ ਚਾਲ ਤਿੰਨ ਖੇਤੀ ਕਾਨੂੰਨਾਂ ਵਿੱਚ ਚੱਲੀ ਗਈ ਹੈ,ਉਸ ਸਬੰਧੀ ਭਾਜਪਾ ਨੇ 2014 ਵਿੱਚ ਆਪਣੇ ਮੈਨੀਫੈਸਟੋ ਵਿੱਚ ਕਿਹਾ ਸੀ ਕਿ ਦੇਸ਼ ਵਿਚ "ਇੱਕ ਰਾਸ਼ਟਰ ਇੱਕ ਖੇਤੀ ਮੰਡੀ" ਹੋਏਗੀ। ਸਾਲ 2016 ਵਿੱਚ ਵੀ ਸਰਕਾਰ ਨੇ ਐਲਾਨਿਆਂ ਕਿ ਉਹ ਦੇਸ਼ ਦੀਆਂ ਮੰਡੀਆਂ ਨੂੰ ਇਲੈਕਟ੍ਰੌਨੀਕਲੀ ਇਕੋ ਪਲੇਟਫਾਰਮ ਉਤੇ ਲਿਆਏਗੀ ਪਰ "ਦੋ ਕਰੋੜ" ਹਰ ਸਾਲ ਨੌਕਰੀਆਂ ਦਾ ਝਾਂਸਾ ਨੌਜਵਾਨਾਂ ਨੂੰ ਦੇਣ ਵਾਲੀ ਸਰਕਾਰ ਨੇ ਦੇਸ਼ ਦੀਆਂ ਸਿਰਫ਼ ਇੱਕ ਫ਼ੀਸਦੀ ਮੰਡੀਆਂ ਨੂੰ ਹੀ ਸਾਲ 2018 ਤੱਕ "ਈ-ਐਨ ਏ ਐਮ" ਪਲੇਟਫਾਰਮ ਉਤੇ ਲਿਆਂਦਾ।

ਪੰਜਵਾਂ ਇਹ ਕਿ ਮੋਦੀ ਸਰਕਾਰ ਨੇ ਹਰ ਕਿਸਾਨ ਪਰਿਵਾਰ ਨੂੰ 6000 ਰੁਪਏ ਦੀ ਆਮਦਨ ਵਾਧੇ 'ਚ ਸਹਾਇਤਾ, ਸਹਿਯੋਗ ਦੇਣਾ ਫਰਵਰੀ 2019 ਦੀ ਲੋਕ ਸਭਾ ਚੋਣ ਵੇਲੇ ਐਲਾਨਿਆਂ। ਚੋਣਾਂ ਜਿੱਤਣ ਤੇ ਕਿਸਾਨਾਂ ਨੂੰ ਭਰਮਾਉਣ ਲਈ ਦਸੰਬਰ 2018 ਤੋਂ ਲਾਗੂ ਕਰਕੇ ਉਹਨਾ ਦੇ ਖਾਤਿਆਂ 'ਚ ਪਾਉਣ ਦੀ ਗੱਲ ਕੀਤੀ। ਮੁੱਢਲੇ ਤੌਰ ਤੇ ਇਸ ਨਾਲ 11 ਕਰੋੜ ਕਿਸਾਨਾਂ ਨੂੰ ਲਾਭ ਹੋਣਾ ਸੀ। ਸਰਕਾਰ ਵਲੋਂ ਇਸ ਕਿਸਾਨਾਂ ਦੀ ਆਮਦਨ ਵਾਧੇ ਲਈ 75000 ਕਰੋੜ ਰੁਪਏ ਰੱਖੇ ਗਏ, ਪਰ ਇਹ ਰਕਮ ਹੁਣ ਵੀ ਪੂਰੀ ਖ਼ਰਚ ਹੀ ਨਹੀਂ ਕੀਤੀ ਗਈ।

ਕਿਸਾਨਾਂ ਨਾਲ ਵਾਇਦੇ ਤੋੜਨ ਵਾਲੀ, ਕਾਰਪੋਰੇਟ ਸੈਕਟਰ ਦਾ ਹੱਥ ਠੋਕਾ ਬਣੀ ਹੋਈ ਕੇਂਦਰ ਸਰਕਾਰ ਕਿਸਾਨਾਂ ਨੂੰ ਲੱਖ ਸਮਝੌਤੀਆਂ ਦੇਵੇ। ਉਹਨਾ ਨਾਲ ਵੀਹ ਵੇਰ ਵਾਰਤਾਲਾਪ ਕਰਨ ਦਾ ਦਿਖਾਵਾ ਕਰੇ। ਪਰ ਕਿਸਾਨ ਸਮਝਣ ਲੱਗ ਪਏ ਹਨ ਕਿ ਮੌਜੂਦਾ ਸਰਕਾਰ ਉਸ ਨਾਲ ਝੂਠ ਬੋਲ ਰਹੀ ਹੈ। ਧੋਖਾ ਕਰ ਰਹੀ ਹੈ। ਕਿਉਂਕਿ ਕਿਸਾਨ ਇਹ ਸਮਝ ਚੁੱਕੇ ਹਨ ਕਿ ਮੌਜੂਦਾ ਖੇਤੀ ਕਾਨੂੰਨ ਰੱਦ ਕੀਤੇ ਬਿਨ੍ਹਾਂ ਘੱਟੋ-ਘੱਟ ਫ਼ਸਲ ਕੀਮਤ (ਐਮ.ਐਸ.ਪੀ.) ਅਤੇ ਮੌਜੂਦਾ ਮੰਡੀ ਸਿਸਟਮ (ਏ.ਪੀ.ਐਮ.ਸੀ.) ਕਾਇਮ ਹੀ ਨਹੀਂ ਰੱਖਿਆ ਜਾ ਸਕਦਾ। ਕਿਸਾਨ ਇਹ ਵੀ ਸਮਝ ਚੁੱਕੇ ਹਨ ਕਿ ਸਰਕਾਰ ਡਬਲਯੂ.ਟੀ.ਓ. ਦਾ ਅਜੰਡਾ ਲਾਗੂ ਕਰਕੇ, ਕਿਸਾਨਾਂ ਦੀਆਂ ਜ਼ਮੀਨਾਂ ਅਡਾਨੀ-ਅੰਬਾਨੀ ਹੱਥ ਗਿਰਵੀ ਰੱਖਣ ਦੇ ਰਾਹ ਤੁਰੀ ਹੋਈ ਹੈ।

ਦੇਸ਼ ਦੀ 2015-16 ਦੀ ਖੇਤੀ ਮਰਦਮਸ਼ੁਮਾਰੀ ਅਨੁਸਾਰ ਭਾਰਤ ਵਿੱਚ 86 ਫ਼ੀਸਦੀ ਉਹ ਛੋਟੇ ਕਿਸਾਨ ਹਨ ਜਿਹਨਾ ਕੋਲ ਢਾਈ ਖੇਤਾਂ ਤੋਂ ਘੱਟ ਜ਼ਮੀਨ ਹੈ। ਬਾਕੀ 14 ਫ਼ੀਸਦੀ ਕੋਲ ਢਾਈ ਤੋਂ ਦਸ ਏਕੜ ਜਾਂ ਉਸਤੋਂ ਵੱਧ ਏਕੜ ਜ਼ਮੀਨ ਹੈ। ਇਹਨਾ ਖੇਤੀ ਕਾਨੂੰਨਾਂ ਦਾ ਅਸਰ ਛੋਟੇ ਕਿਸਾਨਾਂ ਉਤੇ ਵੱਧ ਪੈਣ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ। ਪਰ ਇਸਦਾ ਅਸਰ ਖੇਤੀ ਨਾਲ ਸਬੰਧਤ ਹਰ ਵਰਗ ਦੇ ਲੋਕਾਂ ਉਤੇ ਪਏਗਾ। ਇਸੇ ਲਈ ਇਹ ਅੰਦੋਲਨ ਹੁਣ ਲੋਕ ਅੰਦੋਲਨ ਦਾ ਰੂਪ ਧਾਰਨ ਕਰ ਚੁੱਕਾ ਹੈ।

ਸਰਕਾਰ ਕੋਲ ਇਸ ਸਮੇਂ ਇਕੋ ਰਾਹ ਬਚਿਆ ਹੈ ਕਿ ਉਹ ਤਿੰਨੇ ਖੇਤੀ ਕਾਨੂੰਨ ਅਤੇ ਨਾਲ ਲਗਵੇਂ ਦੋ ਹੋਰ ਕਾਨੂੰਨ ਬਿਜਲੀ ਵਰਤੋਂ ਕਾਨੂੰਨ 2020 ਅਤੇ ਵਾਤਾਵਰਨ ਪ੍ਰਦੂਸ਼ਨ ਕਾਨੂੰਨ (ਜਿਸ ਵਿੱਚ ਇੱਕ ਕਰੋੜ ਦੀ ਸਜ਼ਾ ਦੀ ਮਦ ਸ਼ਾਮਲ ਹੈ) ਇੱਕ ਆਰਡੀਨੈਂਸ ਪਾਸ ਕਰਕੇ ਜਾਂ ਫਿਰ ਤੁਰੰਤ ਪਾਰਲੀਮੈਂਟ ਸੈਸ਼ਨ ਬੁਲਾਕੇ ਰੱਦ ਕਰੇ।

ਉਪਰੰਤ ਕਿਸਾਨਾਂ ਨਾਲ ਮੁੜ ਵਿਚਾਰ ਵਟਾਂਦਰੇ ਕਰਕੇ ਕੋਈ ਜੇਕਰ ਉਹਨਾ ਦੇ ਭਲੇ ਦੇ ਕਾਨੂੰਨ ਪਾਸ ਕਰਨੇ ਹੋਣ ਤਾਂ ਪਾਰਲੀਮੈਂਟ ਦੇ ਦੋਹਾਂ ਸਦਨਾਂ ਵਿੱਚ ਲਿਆਵੇ, ਪਾਰਲੀਮਾਨੀ ਕਮੇਟੀ ਦੀ ਰਿਪੋਰਟ ਲਵੇ ਤੇ ਫਿਰ ਪਾਸ ਕਰੇ।

# ਕਿਸਾਨ-ਕਿਰਤੀ ਅੰਦੋਲਨ ਦਾ ਸਮਰਥਨ ਕਰਦੇ ਹੋਏ ਇਹ ਮੌਕੇ



ਫਤਿਹਜੰਗ ਸਿੰਘ
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

ਕਿਸਾਨ ਅੰਦੋਲਨ ਵੱਖ-ਵੱਖ ਪੜਾਵਾਂ ਵਿਚੋਂ ਲੰਘਦਾ ਹੋਇਆ ਹੁਣ ਇਸ ਵੇਲੇ ਨਿਰਣਾਇਕ ਮੋੜ ਤੇ ਆ ਪੁੱਜਾ ਹੈ। ਕਿਸਾਨਾਂ ਵੱਲੋਂ ਵਿਖਾਈ ਏਕਤਾ, ਸ਼ਹਿਣਸ਼ੀਲਤਾ, ਸਤਰਕਤਾ, ਅਹਿੰਸਾ ਅਤੇ ਦੂਰਦਰਸ਼ਤਾ ਨੇ ਜਿੱਥੇ ਅੜੀਅਲ ਸਰਕਾਰ ਨੂੰ ਨਕਾਰਾਤਮਕ ਸੋਚ ਤੋਂ ਗੱਲਬਾਤ ਦੀ ਮੇਜ਼ ਤੇ ਲਿਆ ਕੇ ਆਪਣੀ ਗੱਲ ਸਮਝਾਉਣ ਲਈ ਮਜਬੂਰ ਕਰ ਦਿੱਤਾ ਹੈ, ਉਥੇ ਸਮਾਜ ਦੇ ਹਰ ਵਰਗ ਦੀ ਹਮਦਰਦੀ ਅਤੇ ਮਿਲਵਰਤਣ ਜਿੱਤਣ ਵਿਚ ਵੀ ਸਫਲਤਾ ਪ੍ਰਾਪਤ ਕਰ ਲਈ ਹੈ। ਹੁਣ ਸਮਾਜ ਦਾ ਹਰ ਅੰਗ ਸਮਝ ਗਿਆ ਹੈ ਕਿ ਇਹਨਾਂ ਕਾਲੇ ਕਾਨੂੰਨਾਂ ਦੀ ਮਾਰ ਹਰ ਇਕ ਨੂੰ ਪੈਣੀ ਹੈ, ਜਿਸ ਤੋਂ ਬਚਣ ਦਾ ਹੋਰ ਕੋਈ ਵਸੀਲਾ ਨਹੀਂ ਰਿਹਾ। ਇਸ ਲਈ ਹਰ ਕੋਈ ਇਸ ਅੰਦੋਲਨ ਵਿਚ ਵੱਧ ਚੜ੍ਹ ਕੇ ਹਿੱਸਾ ਪਾਉਣ ਲਈ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਆਣ ਖਲੋਤਾ ਹੈ। ਹੁਣ ਇਹ ਘੋਲ ਕਿਸਾਨ-ਕਿਰਤੀ ਘੋਲ ਬਣ ਚੁੱਕਾ ਹੈ। ਹਰ ਧਰਮ, ਹਰ ਵਰਗ, ਹਰ ਫਿਰਕੇ ਦੇ ਇਸਤਰੀਆਂ, ਬੱਚੇ, ਬਜ਼ੁਰਗ ਤੇ ਨੌਜਵਾਨ ਹੁੰਮ-ਹੁੰਮਾ ਕੇ ਨਾਲ ਜੁੜ ਰਹੇ ਹਨ। ਅੰਦੋਲਨ ਹੁਣ ਇੱਥੇ ਆ ਖੜ੍ਹਾ ਹੋਇਆ ਹੈ ਕਿ ਇਹਨਾਂ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਨਾਲ ਹੀ ਸਮੁੱਚੀ ਸਮੱਸਿਆ ਦਾ ਹੱਲ ਸੰਭਵ ਹੈ।

ਦੂਜੇ ਪਾਸੇ ਕਾਰਪੋਰੇਟਰਾਂ ਹੱਥੋਂ ਮਜਬੂਰ ਸਰਕਾਰ ਜਿੱਥੇ ਇਸ ਅੰਦੋਲਨ ਨੂੰ ਪਹਿਲਾਂ ਬਹੁਤ ਹਲਕੇ ਵਿਚ ਲੈ ਕੇ ਅੱਖੋਂ-ਪਰੋਖੇ ਕਰਦੀ ਰਹੀ, ਉਥੇ ਉਹ ਅੰਦੋਲਨ ਦੀ ਵਧਦੀ ਤਾਕਤ ਤੇ ਵਿਆਪਕਤਾ ਵੇਖ ਕੇ ਘਬਰਾ ਗਈ ਅਤੇ ਤਰ੍ਹਾਂ-ਤਰ੍ਹਾਂ ਦੀਆਂ ਰੁਕਾਵਟਾਂ ਤੇ ਔਕੜਾਂ ਖੜ੍ਹੀਆਂ ਕਰਕੇ ਅਸਫਲ ਕਰਨ ਵਿਚ ਜੁਟ ਗਈ। ਜਦੋਂ ਅੰਦੋਲਨ ਸਰਕਾਰ ਦੀਆਂ ਬਰੂਹਾਂ ਤੇ ਆਣ ਪੁੱਜਾ, ਰੁਕਾਵਟਾਂ ਕੱਖ ਕੰਡਿਆਂ ਵਾਂਗ ਉਡਾ ਦਿੱਤੀਆਂ ਤੇ ਦਿੱਲੀ ਨੂੰ ਚਾਰ ਚੁਫੇਰਿਉਂ ਘੇਰਾ ਪੈ ਗਿਆ ਤਾਂ ਸਰਕਾਰ ਗੱਲਬਾਤ ਲਈ ਤਿਆਰ ਹੋਈ। ਗੱਲਬਾਤ ਦੇ ਪੰਜ ਗੇੜਾਂ ਤੋਂ ਬਾਅਦ ਸਰਕਾਰ ਨੇ ਆਪਣਾ ਅੜੀਅਲ ਵਤੀਰਾ ਥੋੜ੍ਹਾ ਘਟਾਇਆ ਅਤੇ ਕੁਝ ਸੋਧਾਂ ਕਰਨਾ ਮੰਨ ਗਈ। ਪਰ ਅਸਲ ਸਮੱਸਿਆ ਤਾਂ ਖੇਤੀ ਖੇਤਰ ਨੂੰ ਕਾਰਪੋਰੇਟਰਾਂ ਤੋਂ ਬਚਾਉਣ ਦੀ ਹੈ ਜੋ ਕਾਨੂੰਨ ਵਾਪਸ ਲੈਣ ਨਾਲ ਹੀ ਹੱਲ ਹੋ ਸਕਦੀ ਹੈ, ਜਿਸ ਲਈ ਸਰਕਾਰ ਅੜੀ ਹੋਈ ਹੈ। ਸੋਧਾਂ ਤਾਂ ਦਰਖਤ ਦੇ ਛਾਂਗਣ ਵਾਂਗ ਹਨ, ਉਸ ਦੀਆਂ ਭਾਵੇਂ ਸਾਰੀਆਂ ਟਾਹਣੀਆਂ ਛਾਂਗ ਦਿਓ ਉਹ ਫਿਰ ਪੁੰਗਰ ਪਵੇਗਾ। ਜਦੋਂ ਤੱਕ ਜੜ੍ਹਾਂ ਕਾਇਮ ਹਨ ਦਰਖਤ ਦਾ ਕੁਝ ਨਹੀਂ ਵਿਗੜਦਾ। ਇਹ ਸਰਕਾਰ ਦੀ ਮਜਬੂਰੀ ਹੈ ਕਿ ਉਸਨੇ ਆਪਣੇ ਕਾਰਪੋਰੇਟਰਜ਼ ਦੀ ਭਾਈਵਾਲੀ ਬਚਾਉਣੀ ਹੈ, ਜਿਸਦੇ ਬਦਲੇ ਲੋਕਾਂ ਦਾ ਜੋ ਮਰਜ਼ੀ ਨੁਕਸਾਨ ਹੋ ਜਾਵੇ। ਲੋਕਾਂ ਵੱਲੋਂ ਲੋਕਾਂ ਲਈ ਚੁਣੀ ਸਰਕਾਰ ਜੋਕਾਂ ਦਾ ਸਾਥ ਨਿਭਾਅ ਰਹੀ ਹੈ। ਇਹ ਹੈ ਭਾਰਤ ਦਾ ਲੋਕਰਾਜ ਜਿਸਦੀ ਵਿਸ਼ਵ ਵਿਚ ਸਭ ਤੋਂ ਵੱਡਾ ਲੋਕਰਾਜ ਹੋਣ ਦੀ ਟਾਹਰਾਂ ਮਾਰੀਆਂ ਜਾਂਦੀਆਂ ਹਨ ਅਤੇ 'ਸਭ ਦਾ ਸਾਥ ਸਭ ਦਾ ਵਿਕਾਸ' ਆਖ ਕੇ ਆਮ ਲੋਕਾਂ ਨੂੰ ਭੰਬਲਭੂਸੇ ਪਾਇਆ ਜਾਂਦਾ ਹੈ।

ਯਾਦ ਰਹੇ ਕਿਸੇ ਵੀ ਛੋਟੀ ਵੱਡੀ ਇੱਛਿਆ ਜਾਂ ਚਾਹਤ ਨੂੰ ਸਫਲਤਾ ਦੀ ਚੋਟੀ ਤੱਕ ਪੁੱਜਣ ਲਈ ਇਕ ਇਮਤਿਹਾਨ ਜ਼ਰੂਰ ਦੇਣਾ ਪੈਂਦਾ ਹੈ। ਜਿੱਡੀ ਵੱਡੀ ਇੱਛਿਆ ਹੋਵੇਗੀ ਉੱਡਾ ਵੱਡਾ ਹੀ ਇਮਤਿਹਾਨ ਉਸਨੂੰ ਸਫਲਤਾ ਲਈ ਦੇਣਾ ਪਵੇਗਾ। ਕਿਸਾਨ-ਕਿਰਤੀ ਅੰਦੋਲਨ ਇਮਤਿਹਾਨ ਵਿਚੋਂ ਗੁਜ਼ਰ ਰਿਹਾ ਹੈ। ਸਖਤ ਤੋਂ ਸਖਤ ਔਕੜਾਂ ਉਹ ਪਾਰ ਕਰਦਾ ਜਾ ਰਿਹਾ ਹੈ।

ਖੁਦ ਯਕੀਨ ਨਹੀਂ ਹੋਤਾ ਜਿਨਕੋ ਅਪਨੀ ਮੰਜ਼ਿਲ ਕਾ
ਉਨਕੋ ਰਾਹ ਕੇ ਪੱਥਰ ਕਭੀ ਰਾਸਤੇ ਨਹੀਂ ਦੇਤੇ।

ਪਰ ਤੁਹਾਡੀ ਹਿੰਮਤ ਅੱਗੇ ਤਾਂ ਪੱਥਰ ਵੀ ਖੰਭ ਲਾ ਕੇ ਉਡ ਗਏ ਹਨ, ਫਿਰ ਮੰਜ਼ਿਲ ਕਿਉਂ ਨਹੀਂ ਮਿਲੇਗੀ? ਜ਼ਰੂਰ ਮਿਲੇਗੀ। ਯਕੀਨਨ ਮਿਲੇਗੀ।

ਇਸ ਕਿਸਾਨ-ਕਿਰਤੀ ਘੋਲ ਦਰਮਿਆਨ ਕੁਝ ਮੌਕੇ ਅਜਿਹੇ ਆਏ ਹਨ ਜੋ ਇਸ ਘੋਲ ਨੂੰ ਜਾਇਜ਼ ਵੀ ਠਹਿਰਾਉਂਦੇ ਹਨ ਅਤੇ ਤਾਕਤ ਵੀ ਬਖਸ਼ਦੇ ਹਨ। ਪੰਜਾਬ ਤੋਂ ਉੱਠਿਆ ਅੰਦੋਲਨ ਪੂਰੇ ਦੇਸ਼ ਵਿਚ ਜੜ੍ਹਾਂ ਪਸਾਰਦਾ ਜਦੋਂ 26-27 ਨਵੰਬਰ ਨੂੰ ਦਿੱਲੀ ਵਿਚ ਦਾਖਲ ਹੋਣ ਲੱਗਿਆ ਤਾਂ ਉਸ ਦਿਨ 'ਸੰਵਿਧਾਨ ਦਿਵਸ' ਸੀ। ਯਾਦ ਰਹੇ 26 ਨਵੰਬਰ 1949 ਨੂੰ ਡਾ. ਅੰਬੇਡਕਰ ਵੱਲੋਂ ਡਰਾਫਟਿੰਗ ਕਮੇਟੀ ਦੇ ਚੇਅਰਮੈਨ ਵਜੋਂ ਭਾਰਤ ਦਾ ਸੰਵਿਧਾਨ, ਸੰਵਿਧਾਨ ਘੜਨੀ ਸਭਾ ਨੂੰ ਸੌਂਪਿਆ ਸੀ, ਜਿਸਨੂੰ ਬਾਅਦ ਵਿਚ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਸੰਵਿਧਾਨ ਤਿਆਰ ਕਰਨ ਵਿਚ ਭਾਵੇਂ ਕੁੱਲ ਸਮਾਂ ਤਾਂ 2 ਸਾਲ 11 ਮਹੀਨੇ 18 ਦਿਨ ਦਾ ਲੱਗਿਆ ਸੀ ਪਰ ਇਸ ਮੌਕੇ ਤੱਕ ਪਹੁੰਚਦਿਆਂ ਸਾਡੇ ਦੇਸ਼ ਦੇ ਹਰ ਵਰਗ ਵੱਲੋਂ ਕਿੰਨਾ ਸੰਘਰਸ਼, ਕੁਰਬਾਨੀਆਂ, ਔਕੜਾਂ ਤੇ ਬੇਇਜ਼ਤੀਆਂ ਸਹਿਣੀਆਂ ਪਈਆਂ; ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਵਰਗਿਆਂ ਨੂੰ ਫਾਂਸੀ ਦੇ ਰੱਸੇ ਚੁੰਮਣੇ ਪਏ, ਗਦਰੀ ਬਾਬਿਆਂ ਨੂੰ ਜਾਨਾਂ ਵਾਰਨੀਆਂ ਪਈਆਂ, ਇਹਨਾਂ ਦਾ ਆਪਣਾ ਇਤਿਹਾਸ ਹੈ। ਇੰਨਾ ਕੁਝ ਸਹਿਣ ਤੋਂ ਬਾਅਦ ਹੀ ਸਾਨੂੰ ਆਪਣੇ ਆਪ ਤੇ ਰਾਜ ਕਰਨ ਦਾ ਇਹ ਮੌਕਾ ਮਿਲਿਆ, ਆਜ਼ਾਦੀ ਤੇ ਬਰਾਬਰੀ ਦਾ ਅਹਿਸਾਸ ਹੋਇਆ। ਇਸ ਸੰਵਿਧਾਨ ਵਿਚ ਸਾਡੇ ਬਜ਼ੁਰਗਾਂ ਦੀ ਮਿਹਨਤ, ਦਿਸ਼ਾ ਨਿਰਦੇਸ਼ ਅਤੇ ਦੂਰ-ਦ੍ਰਿਸ਼ਟੀ ਨਜ਼ਰ ਆਉਂਦੀ ਹੈ। ਇਹੀ ਸੰਵਿਧਾਨ ਹੈ ਜੋ ਹਰ ਦੇਸ਼ ਵਾਸੀ ਨੂੰ ਆਪਣੀ ਗੱਲ ਕਹਿਣ ਦੀ ਆਜ਼ਾਦੀ ਦਿੰਦਾ ਹੈ। ਗੱਲ ਨਾ ਸੁਣੇ ਜਾਣ 'ਤੇ ਜਾਂ ਆਪਣੀ ਤਕਲੀਫ ਦਾ ਹੱਲ ਸਰਕਾਰ ਵੱਲੋਂ ਨਾ ਕੀਤੇ ਜਾਣ ਤੇ ਸ਼ਾਂਤਮਈ ਅੰਦੋਲਨ ਕਰਨ ਦੀ ਆਗਿਆ ਵੀ ਦਿੰਦਾ ਹੈ। ਇਹੀ ਸੰਵਿਧਾਨ ਰਾਜ ਭਾਗ ਨੂੰ ਲੋਕਰਾਜੀ ਢੰਗ ਨਾਲ ਚਲਾਉਣ ਲਈ ਜਨਹਿੱਤ ਦੇ ਕਾਨੂੰਨ ਬਣਾਉਣ ਦੀ ਇਜਾਜ਼ਤ ਦਿੰਦਾ ਹੈ ਨਾ ਕਿ ਕਿਸੇ ਖਾਸ ਤਬਕੇ ਵੱਲੋਂ ਲੁੱਟ-ਖਸੁੱਟ ਕਰਨ ਦੀ ਇਜਾਜ਼ਤ ਦਿੰਦਾ ਹੈ। ਇਹੀ ਸੰਵਿਧਾਨ ਇਹਨਾਂ ਜਨਹਿੱਤ ਦੇ ਕਾਨੂੰਨਾਂ ਨੂੰ ਬਣਾਉਣ ਲਈ ਕੋਈ ਵਿਧੀ-ਵਿਧਾਨ ਜਾਂ ਨਿਯਮ ਦੱਸਦਾ ਹੈ। ਪਰ ਇਹ ਮੌਜੂਦਾ ਕਾਲੇ ਕਾਨੂੰਨ ਬਣਾਉਣ ਲੱਗਿਆਂ ਨਾ ਜਨਹਿੱਤ ਨੂੰ ਵੇਖਿਆ, ਨਾ ਕਾਨੂੰਨ ਬਣਾਉਣ ਦੇ ਸਹੀ ਵਿਧੀ-ਵਿਧਾਨ ਨੂੰ ਅਪਣਾਇਆ ਗਿਆ। ਜੇ ਇਸੇ ਸੰਵਿਧਾਨ ਵੱਲੋਂ ਦਿੱਤੇ ਹੱਕ ਅਨੁਸਾਰ ਪ੍ਰਭਾਵਿਤ ਧਿਰਾਂ ਵੱਲੋਂ ਸ਼ਾਂਤੀਪੂਰਵਕ ਰੋਸ ਪ੍ਰਗਟਾਇਆ ਗਿਆ ਤਾਂ ਇਸੇ ਸੰਵਿਧਾਨ ਦੀ ਸਹੁੰ ਖਾ ਕੇ ਹੋਂਦ ਵਿਚ ਆਈ ਸਰਕਾਰ ਗੈਰ-ਸੰਵਿਧਾਨਕ ਢੰਗ ਤਰੀਕਿਆਂ 'ਤੇ ਉਤਰ ਆਈ। ਫਿਰ ਕੌਣ ਸੰਵਿਧਾਨਕ ਹੈ ਤੇ ਕੌਣ ਗੈਰ ਸੰਵਿਧਾਨਕ ਹੈ? ਡਾ. ਅੰਬੇਡਕਰ ਨੇ ਹੀ ਕਿਹਾ ਸੀ ਕਿ ''ਚੰਗੇ ਤੋਂ ਚੰਗਾ ਸੰਵਿਧਾਨ ਵੀ ਮਾੜਾ ਬਣ ਜਾਂਦਾ ਹੈ, ਜੇ ਉਸਨੂੰ ਲਾਗੂ ਕਰਨ ਵਾਲੇ ਮਾੜੇ ਹੋਣ ਅਤੇ ਮਾੜੇ ਤੋਂ ਮਾੜਾ ਸੰਵਿਧਾਨ ਚੰਗਾ ਬਣ ਜਾਂਦਾ ਹੈ ਜੇ ਉਸਨੂੰ ਲਾਗੂ ਕਰਨ ਵਾਲੇ ਚੰਗੇ ਹੋਣ।'' ਲੋਕਤੰਤਰ ਦੀ ਮਜ਼ਬੂਤੀ ਲਈ ਇਸ ਸੰਵਿਧਾਨ ਦਾ ਲਾਗੂ ਰਹਿਣਾ ਜ਼ਰੂਰੀ ਹੈ।

ਦੂਜਾ ਮੌਕਾ ਆਇਆ 30 ਨਵੰਬਰ ਨੂੰ। ਇਹ ਦਿਨ 'ਸਰਬੱਤ ਦਾ ਭਲਾ' ਮੰਗਣ ਵਾਲੀ ਅਜ਼ੀਮ ਸ਼ਖਸੀਅਤ ਬਾਬਾ ਨਾਨਕ ਦੇ ਜਨਮ ਦਿਨ ਦਾ ਸੀ ਜੋ ਦੁਨੀਆਂ ਭਰ ਵਿਚ ਬਿਨਾਂ ਕਿਸੇ ਜਾਤ, ਨਸਲ, ਰੰਗ, ਭੇਦ ਦੇ ਮਨਾਇਆ ਜਾਂਦਾ ਹੈ। ਸਾਢੇ ਪੰਜ ਸੌ ਸਾਲ ਪਹਿਲਾਂ ਬਾਬਾ ਨਾਨਕ ਨੇ ਉਸ ਵੇਲੇ ਦੇ ਅਣਮਨੁੱਖੀ ਤੇ ਭਿਆਵਲੇ ਹਾਲਾਤ ਦਾ ਮੁਕਾਬਲਾ ਕਰਨ ਲਈ ਆਪ ਅਤੇ ਆਪਣੇ ਤੋਂ ਪਹਿਲਾਂ ਦੇ ਸੰਤਾਂ ਮਹਾਂਪੁਰਖਾਂ ਦੇ ਢੁਕਵੇਂ ਪ੍ਰਵਚਨ ਇਕੱਤਰ ਕਰਕੇ ਇਕ ਸੰਸਥਾ, ਇਕ ਲਹਿਰ ਨੂੰ ਜਨਮ ਦਿੱਤਾ। ਇਸ ਲਹਿਰ ਨੇ ਅੱਗੇ ਤੋਂ ਅੱਗੇ ਤੁਰਦਿਆਂ ਪੰਜਵੇਂ ਨਾਨਕ ਤੱਕ ਪਹੁੰਚਦਿਆਂ ਸਮੁੱਚੇ ਪ੍ਰਵਚਨਾਂ ਨੂੰ ਸੰਗਠਿਤ ਕਰਕੇ ਇਕ 'ਗ੍ਰੰਥ' ਵਿਚ ਸਮੇਟ ਲਿਆ। ਤਿੰਨ ਚਾਰ ਸਦੀਆਂ ਦੇ ਸਭਿਆਚਾਰ ਦਾ ਇਤਿਹਾਸ, ਮਨੁੱਖੀ ਕਦਰਾਂ ਕੀਮਤਾਂ ਦੀ ਪਛਾਣ, ਸੱਚੇ ਸੁੱਚੇ ਜੀਵਨ ਦੀ ਰੂਪ ਰੇਖਾ, ਸਹਿਜ ਜਿਊਣ ਜਾਚ ਦਾ ਵੱਲ, ਆਜ਼ਾਦੀ ਤੇ ਬਰਾਬਰੀ ਦਾ ਅਹਿਸਾਸ, ਨਾ ਕਿਸੇ ਤੋਂ ਡਰਨ ਤੇ ਨਾ ਕਿਸੇ ਨੂੰ ਡਰਾਉਣ ਦੀ ਸਿੱਖਿਆ; ਹਜ਼ਾਰਾਂ ਕਿਸਮ ਦੇ ਸਮਾਜ ਨੂੰ ਚਿੰਬੜੇ ਫਜ਼ੂਲ ਦੇ ਵਹਿਮ-ਭਰਮ, ਫੋਕਟ ਕਰਮ ਤੇ ਪਾਠ ਪੂਜਾ ਦੇ ਮੱਕੜਜਾਲ ਤੋਂ ਛੁਟਕਾਰਾ ਪਾਉਣ ਦੇ ਸਾਧਨ ਤਰੀਕਿਆਂ ਦਾ ਅਦੁੱਤਾ ਸੰਕਲਨ ਹੈ ਇਹ 'ਗ੍ਰੰਥ' ਜਿਸ 'ਤੇ ਦਸਵੇਂ ਨਾਨਕ ਨੇ ਆਪਣੀ ਮੋਹਰ ਲਾ ਕੇ ਇਸਨੂੰ ਸੰਪੂਰਨਤਾ ਦਾ ਦਰਜਾ ਦੇ ਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਸਤਿਕਾਰ ਦਿੱਤਾ ਅਤੇ ਆਉਣ ਵਾਲੀਆਂ ਨਸਲਾਂ ਲਈ 'ਗੁਰੂ' ਦਾ ਸੰਕਲਪ ਘੜ ਦਿੱਤਾ। ਇਸੇ ਸੰਕਲਪ ਤੇ ਚਲਦਿਆਂ ਉਹ ਆਪ ਆਪਣਾ ਸਭ ਕੁਝ ਵਾਰ ਕੇ ਆਉਣ ਵਾਲਿਆਂ ਲਈ ਪੂਰਨੇ ਪਾ ਗਏ। ਇਹ ਸੰਕਲਪ ਕਿਸੇ ਵੀ ਜਾਤ, ਧਰਮ, ਲਿੰਗ ਤੋਂ ਉਪਰ ਉੱਠ ਕੇ ਸਮੁੱਚੀ ਮਾਨਵਤਾ ਲਈ ਹੈ ਸਰਬੱਤ ਦੇ ਭਲੇ ਲਈ ਹੈ। ਇਸੇ ਦੀ ਓਟ ਲੈ ਕੇ, ਇਸੇ 'ਤੇ ਟੇਕ ਰੱਖ ਕੇ ਪੰਜਬ ਤੋਂ ਜੋ ਕਿਸਾਨ ਤੇ ਕਿਰਤੀ ਆਪਣੇ ਵਿਰੁੱਧ ਜ਼ਿਆਦਤੀਆਂ ਦੇ ਖਿਲਾਫ ਉੱਠੇ ਸਨ ਅੱਜ ਉਹ ਦੇਸ਼ ਭਰ ਵਿਚੋਂ ਲੱਖਾਂ ਦੀ ਗਿਣਤੀ ਵਿਚ ਪਹੁੰਚ ਚੁੱਕੇ ਹਨ। ਉਹਨਾਂ ਵੱਲੋਂ ਨਿਮਰਤਾ, ਅਡੋਲਤਾ, ਸ਼ਾਂਤੀ, ਅਹਿੰਸਾ, ਹੱਕ-ਸੱਚ, ਕਿਛੁ ਕਹੀਏ ਕਿਛੁ ਸੁਣਿਐ, ਮਿੱਠਤ ਤੇ ਨੀਵੀਂ ਦਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ, ਉਸਦਾ ਪਾਠ ਇਸੇ ਗ੍ਰੰਥ ਵਿਚੋਂ ਪੜ੍ਹਿਆ ਹੈ ਉਹਨਾਂ ਨੇ। ਕੌਡੇ ਰਾਖਸ਼ ਅਤੇ ਸੱਜਣ ਠੱਗ ਵਰਗਿਆਂ ਨਾਲ ਤਰਕਸ਼ੀਲਤਾ ਨਾਲ ਸਿੱਝਣ ਦਾ ਵੱਲ ਵੀ ਇਸੇ ਵਿਚੋਂ ਸਿੱਖਿਆ ਹੈ। ਅਮੀਰੀ-ਗਰੀਬੀ ਨੂੰ ਬਰਾਬਰ ਕਰਨ ਨਾਲ ਆਉਣ ਵਾਲੀ ਖੁਸ਼ਹਾਲੀ ਦੀ ਪ੍ਰਾਪਤੀ ਇਸੇ ਦੇ ਬੇਗਮਪੁਰੇ ਦੇ ਫਲਸਫੇ ਵਿਚੋਂ ਲੈ ਕੇ ਲੈਸ ਹੋਏ ਹਨ। 'ਕਿਛੁ ਕਹੀਏ, ਕਿਛੁ ਸੁਣਿਐ' ਦਾ ਗੁਣਗਾਨ ਕਰਨ ਵਾਲਾ ਸਰਕਾਰ ਦਾ ਮੁਖੀਆ ਇਸਨੂੰ ਅਪਣਾਉਣ ਦੀ ਨਸੀਹਤ ਤਾਂ ਕਰਦਾ ਹੈ ਪਰ ਇਸਦੇ ਅਮਲ ਤੋਂ ਕੋਹਾਂ ਦੂਰ ਹੈ। ਇਹੋ ਜਿਹੀ ਮਾਨਵਵਾਦੀ ਵਿਚਾਰਧਾਰਾ ਵਾਲੀ ਲਹਿਰ ਦਾ ਆਗਾਜ਼ ਕਰਨ ਵਾਲੇ ਬਾਬਾ ਨਾਨਕ ਦਾ ਜਨਮ ਦਿਨ ਸੜਕਾਂ ਤੇ ਬੈਠੇ, ਪਰਿਵਾਰਾਂ ਤੋਂ ਦੂਰ ਇਹਨਾਂ ਅੰਦੋਲਨ ਦੇ ਮਰਜੀਵੜਿਆਂ ਨੇ ਪੂਰੀ ਸ਼ਰਧਾ ਨਾਲ ਮਨਾ ਕੇ ਲੰਗਰ ਛਕਿਆ ਅਤੇ ਉਹਨਾਂ ਨੂੰ ਡਰਾਉਣ ਲਈ ਲਾਈ ਸਰਕਾਰੀ ਫੋਰਸ ਨੂੰ ਵੀ ਛਕਾਇਆ ਤਾਂ 'ਸਰਬੱਤ ਦੇ ਭਲੇ' ਦਾ ਪ੍ਰਵਚਨ ਜੀਅ ਉੱਠਿਆ। ਭਾਰਤ ਦਾ ਸੰਵਿਧਾਨ ਵੀ ਇਸ ਮਾਨਵਤਾ ਦੇ ਸੰਵਿਧਾਨ ਨਾਲ ਕਿੰਨਾ ਕੁਝ ਮਿਲਾਈ ਬੈਠਾ ਹੈ।

ਸੰਘਰਸ਼ ਦੌਰਾਨ ਫਿਰ 6 ਦਸੰਬਰ ਦਾ ਦਿਨ ਆਇਆ। ਇਹ ਦਿਨ ਬਾਬਾ ਸਾਹਿਬ ਡਾ. ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਹੈ। ਬਾਬਾ ਸਾਹਿਬ ਤਾਂ ਸੰਘਰਸ਼ ਦੇ ਪ੍ਰਤੀਕ ਸਨ। ਸ਼ਾਂਤਮਈ ਤੇ ਅਹਿੰਸਕ ਰਹਿ ਕੇ ਉਹਨਾਂ ਵੱਡੇ-ਵੱਡੇ ਰੋਸ ਵਿਖਾਵੇ ਅਤੇ ਸੰਘਰਸ਼ ਕੀਤੇ। ਇਹੀ ਕਦੇ ਉਹਨਾਂ ਦੀ ਸ਼ਕਤੀ ਬਣੇ ਸਨ। ਉਹਨਾਂ ਨੇ ਪਹਿਲਾਂ ਸੰਘਰਸ਼ 20 ਮਾਰਚ 1927 ਨੂੰ ਮਹਾੜ ਸਤਿਆਗ੍ਰਹਿ ਕੀਤਾ। ਚੋਦਾਰ (ਮਹਾਂਰਾਸ਼ਟਰ) ਤਲਾਬ ਜੋ ਕਿ ਪਬਲਿਕ ਤਲਾਬ ਸੀ, ਉਸ ਵਿਚੋਂ ਦਲਿਤਾਂ ਨੂੰ ਪਾਣੀ ਲੈਣ ਦੀ ਮਨਾਹੀ ਸੀ, ਜਦੋਂ ਕਿ ਉਸ ਵਿਚੋਂ ਜਾਨਵਰ ਪਾਣੀ ਪੀ ਸਕਦੇ ਸਨ। ਇਸ ਅਣਮਨੁੱਖੀ ਤੇ ਗੈਰ ਬਰਾਬਰੀ ਦੇ ਵਤੀਰੇ ਦੇ ਖਿਲਾਫ ਡਾ. ਅੰਬੇਡਕਰ ਨੇ ਹਜ਼ਾਰਾਂ ਦਲਿਤਾਂ ਨੂੰ ਇਕੱਤਰ ਕਰਕੇ ਤਲਾਬ ਵੱਲ ਮਾਰਚ ਕੀਤਾ। ਸਭ ਨੂੰ ਅਹਿੰਸਾ ਤੇ ਚੱਲਣ ਦੀਆਂ ਸਖਤ ਹਦਾਇਤਾਂ ਕੀਤੀਆਂ ਗਈਆਂ ਸਨ। ਉਹਨਾਂ ਉਤੇ ਪੱਥਰ ਰੋੜੇ ਵਰਸਾਏ ਗਏ, ਲਹੂ ਵਹਾਇਆ ਗਿਆ ਪਰ ਉਹ ਸ਼ਾਂਤੀਪੂਰਨ ਲਗਾਤਾਰ ਅੱਗੇ ਵਧਦੇ ਗਏ ਤੇ ਸਫਲ ਹੋਏ। ਇਕ ਸ਼ਾਂਤ ਸੰਘਰਸ਼ ਬਾਬਾ ਸਾਹਿਬ ਨੇ 2 ਮਾਰਚ 1930 ਨੂੰ ਨਾਸਿਕ (ਮਹਾਂਰਾਸ਼ਟਰ) ਵਿਚ ਕਾਲਾ ਰਾਮ ਮੰਦਰ ਉਤੇ ਕੀਤਾ ਸੀ। ਦਲਿਤਾਂ ਨੂੰ ਮੰਦਰ ਜਾਣ ਦੀ ਆਗਿਆ ਨਹੀਂ ਸੀ। ਇਸ ਅਨਿਆ ਵਿਰੁੱਧ ਵੀ 15 ਹਜ਼ਾਰ ਦਲਿਤਾਂ ਦਾ ਇਕੱਠ ਹੋਇਆ ਸੀ ਜੋ ਕਿ ਇਹਨਾਂ ਦੇ ਵਿਰੋਧੀਆਂ ਤੋਂ ਕਈ ਗੁਣਾਂ ਵੱਧ ਸੀ ਪਰ ਅਹਿੰਸਾ ਵਰਤਣ ਦੀਆਂ ਸਖਤ ਹਦਾਇਤਾਂ ਕਾਰਨ ਪੱਥਰ, ਰੋੜੇ ਤੇ ਲਾਠੀਆਂ ਖਾਧੀਆਂ, ਜ਼ਖਮੀ ਹੋਏ ਪਰ ਕਿਸੇ ਨੇ ਹੱਥ ਤੱਕ ਨਾ ਉਠਾਇਆ। ਇਸ ਸੰਘਰਸ਼ ਵਿਚ ਬਾਬਾ ਸਾਹਿਬ ਆਪ ਵੀ ਜ਼ਖਮੀ ਹੋ ਗਏ ਸਨ। ਇਹੀ ਉਹਨਾਂ ਦੀ ਤਾਕਤ ਸੀ ਜਿਸ ਕਰਕੇ ਉਹ ਸਭ ਤੋਂ ਹੇਠਲੇ ਦਰਜੇ ਤੋਂ ਉਠ ਕੇ ਸੰਵਿਧਾਨ ਨਿਰਮਾਣ ਦੇ ਕਾਰਜ ਤੱਕ ਪਹੁੰਚੇ ਅਤੇ ਨਿਹੱਥਿਆਂ ਤੇ ਨਿਤਾਣਿਆਂ ਨੂੰ ਬਰਾਬਰੀ ਦੇ ਹੱਕ ਦੁਆ ਗਏ।

ਇਹਨਾਂ ਦੇ ਹੀ ਕਦਮ ਚਿੰਨ੍ਹਾਂ ਤੇ ਚੱਲ ਕੇ ਕਾਂਸ਼ੀ ਰਾਮ ਨੇ ਵੀ ਅਹਿੰਸਕ ਰਹਿ ਕੇ ਅਣਗਿਣਤ ਸੰਘਰਸ਼ ਕੀਤੇ ਤੇ ਅੰਤ ਨੈਸ਼ਨਲ ਪੱਧਰ ਤੇ ਤੀਜੇ ਨੰਬਰ ਦੀ ਸਿਆਸੀ ਪਾਰਟੀ ਬਣਾ ਦਿੱਤੀ, ਜਿਸਨੇ ਚਾਰ ਵਾਰ ਇਕ ਦਲਿਤ ਔਰਤ ਤੋਂ ਰਾਜ ਕਰਵਾ ਕੇ ਵਿਖਾ ਦਿੱਤਾ। ਉਹ ਗੁਰੂ ਗ੍ਰੰਥ ਸਾਹਿਬ ਨੂੰ ਆਪਣੀ ਪਾਰਟੀ ਦਾ ਚੋਣ ਮੈਨੀਫੈਸਟੋ ਮੰਨਦੇ ਸਨ।

ਇਸੇ ਸੰਘਰਸ਼ ਦੌਰਾਨ 10 ਦਸੰਬਰ ਦਾ ਦਿਨ ਵੀ ਆਇਆ। ਇਹ 'ਮਨੁੱਖੀ ਅਧਿਕਾਰ ਦਿਵਸ' ਦੇ ਤੌਰ ਤੇ ਅੰਤਰ ਰਾਸ਼ਟਰੀ ਪੱਧਰ ਤੇ ਮਨਾਇਆ ਜਾਂਦਾ ਹੈ। ਇਹ ਉਹ ਦਿਨ ਹੈ ਜਦੋਂ ਯੂ. ਐਨ. ਓ. ਨੇ 1948 ਵਿਚ ਦੁਨੀਆਂ ਦੇ ਹਰ ਇਕ ਇਨਸਾਨ ਲਈ ਬਿਨਾਂ ਕਿਸੇ ਕੌਮ, ਰੰਗ, ਲਿੰਗ, ਭਾਸ਼ਾ, ਸਿਆਸਤ, ਦੇਸ਼ ਜਾਂ ਜਨਮ ਆਧਾਰ ਦੇ ਭੇਦਭਾਵ ਦੇ ਉਹਨਾਂ ਨੂੰ ਮਨੁੱਖੀ ਅਧਿਕਾਰ ਦੇਣ ਲਈ ਨੀਯਤ ਕੀਤਾ ਸੀ। ਯੂ. ਐਨ. ਓ. ਵੱਲੋਂ ਮਨੁੱਖੀ ਅਧਿਕਾਰ ਦੇਣ ਲਈ ਇਕ ਬੜਾ ਮਹੱਤਵਪੂਰਨ ਦਸਤਾਵੇਜ਼ ਤਿਆਰ ਕੀਤਾ ਗਿਆ ਜੋ ਦੁਨੀਆਂ ਦੀਆਂ 500 ਭਾਸ਼ਾਵਾਂ ਵਿਚ ਛਾਪਿਆ ਗਿਆ ਤਾਂ ਜੋ ਹਰ ਇਕ ਤੱਕ ਪੁੱਜੇ। ਇਹ ਦਸਤਾਵੇਜ਼ ਮਨੁੱਖਤਾ ਲਈ ਖਾਸ ਅਹਿਮੀਅਤ ਰੱਖਦਾ ਹੈ, ਜਿਸ ਰਾਹੀਂ ਦੁਨੀਆਂ ਭਰ ਵਿਚ ਜਿੱਥੇ ਕਿਤੇ ਵੀ ਮਨੁੱਖੀ ਅਧਿਕਾਰਾਂ ਦਾ ਹਨਨ ਹੁੰਦਾ ਹੈ, ਉਥੋਂ ਆਵਾਜ਼ ਬੁਲੰਦ ਕਰਕੇ ਦੁਨੀਆਂ ਭਰ ਵਿਚ ਸੁਣਾਈ ਜਾ ਸਕਦੀ ਹੈ।

ਕਿਸਾਨ-ਕਿਰਤੀ ਅੰਦੋਲਨ ਵਿਚ ਅੰਦੋਲਨ ਕਰਤਾ ਆਪਣੇ ਘਰ-ਬਾਰ ਤੋਂ ਦੂਰ ਕੜਕਦੀ ਠੰਡ ਵਿਚ ਖੁੱਲ੍ਹੇ ਆਸਮਾਨ ਹੇਠ ਆਪਣੇ ਹੀ ਦੇਸ਼ ਦੀ ਰਾਜਧਾਨੀ ਵਿਚ ਸੜਕਾਂ ਤੇ ਪਏ ਇਨਸਾਫ ਮੰਗ ਰਹੇ ਹਨ। ਯੂ. ਐਨ. ਓ. ਨੇ ਇਸਦਾ ਨੋਟਿਸ ਲਿਆ ਹੈ। ਇੰਗਲੈਂਡ, ਅਮਰੀਕਾ ਸਮੇਤ ਕਈ ਦੇਸ਼ਾਂ ਦੇ ਪਾਰਲੀਮੈਂਟੇਰੀਅਨਾਂ ਨੇ ਹੱਕ ਵਿਚ ਆਵਾਜ਼ ਉਠਾਈ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਬੜੀ ਡਟਵੀਂ ਹਮਾਇਤ ਕੀਤੀ ਹੈ, ਜਿਸਦਾ ਭਾਵੇਂ ਭਾਰਤ ਨੇ ਬੁਰਾ ਵੀ ਮਨਾਇਆ ਅਤੇ ਰੋਸ ਵਜੋਂ ਮੀਟਿੰਗ ਨਾ ਕਰਨ ਦਾ ਡਰਾਵਾ ਵੀ ਦਿੱਤਾ ਪਰ ਪ੍ਰਧਾਨ ਮੰਤਰੀ ਟਰੂਡੋ ਦਾ ਦੂਜੀ ਵਾਰੀ ਫਿਰ ਬਿਆਨ ਆਇਆ ਕਿ ਸ਼ਾਂਤਮਈ ਅੰਦੋਲਨ ਦੁਨੀਆਂ ਭਰ ਵਿਚ ਜਿੱਥੇ ਕਿਤੇ ਵੀ ਹੋਵੇਗਾ, ਉਹ ਸਮਰਥਨ ਜਰੂਰ ਕਰਨਗੇ।

ਸਮੁੱਚੇ ਤੌਰ ਤੇ ਇਹ ਕਿਸਾਨ-ਕਿਰਤੀ ਅੰਦੋਲਨ ਦੇਸ਼ ਦੇ ਕਾਨੂੰਨੀ ਘੇਰੇ ਵਿਚ ਰਹਿ ਕੇ ਕੀਤਾ ਜਾ ਰਿਹਾ ਹੈ। ਸਭ ਨਿਯਮਾਂ ਦਾ ਪਾਲਣ ਕੀਤਾ ਜਾ ਰਿਹਾ ਹੈ। ਇਸੇ ਲਈ ਇਹ ਅੰਤਰ ਰਾਸ਼ਟਰੀ ਪੱਧਰ ਤੱਕ ਸਮਰਥਨ ਜੁਟਾਉਣ ਵਿਚ ਕਾਮਯਾਬ ਰਿਹਾ ਹੈ। ਇਸਦੇ ਸਮਝਦਾਰ ਗਾਡੀ ਅੰਦੋਲਨ ਨੂੰ ਸਹੀ ਦਿਸ਼ਾ ਵਿਚ ਲਿਜਾ ਰਹੇ ਹਨ, ਜਿਸ ਕਰਕੇ ਕੋਈ ਕਾਰਨ ਨਹੀਂ ਬਣਦਾ ਕਿ ਇਹ ਸਫਲ ਨਾ ਬਣੇ।

## ਲੋਕਾਂ ਦਾ ਇਕੱਠ ਹੋ ਗਿਆ

ਲੋਕਾਂ ਦਾ ਇਕੱਠ ਹੋ ਗਿਆ, ਕੰਬ ਗਈ ਹੈ ਦਿੱਲੀ ਸਾਰੀ
ਮੋਦੀ ਨੂੰ ਮੋਕ ਲੱਗ ਗਈ, ਦੱਸਦੇ ਆ ਬੰਦੇ ਸਰਕਾਰੀ।

ਭਰ ਭਰਕੇ ਟਰਾਲੀਆਂ ਆ ਗਏ, ਬਹੁਤ ਵੱਡਾ ਮੋਰਚਾ ਬਣਾ ਗਏ,
ਕਿਸਾਨ ਸਾਡੇ ਦੁਨੀਆਂ 'ਚ ਛਾ ਗਏ,
ਯੂ. ਐਨ. ਓ. 'ਚ ਗੱਲਾਂ ਹੁੰਦੀਆਂ, ਤਮਗੇ ਮੋੜ ਗਏ ਖਿਡਾਰੀ
ਮੋਦੀ ਨੂੰ ਮੋਕ ਲੱਗ ਗਈ, ਦੱਸਦੇ ਆ ਬੰਦੇ ਸਰਕਾਰੀ।

ਕਾਲੇ ਕਾਨੂੰਨ ਬੰਦ ਹੈ ਕਰਾਉਣੇ, ਹਾਕਮ ਦੇਸ਼ ਦੇ ਪੜ੍ਹਨੇ ਪਾਉਣੇ,
ਕੁਰਸੀਆਂ ਉਤੋਂ ਥੱਲੇ ਲਾਹੁਣੇ,
ਪੜ੍ਹੀ ਲਿਖੀ ਹੈ ਦੁਨੀਆਂ ਜੀ, ਹੁਣ ਸੱਟ ਮਾਰੇਗੀ ਕਰਾਰੀ ...

ਘੇਰ ਲਏ ਦਿੱਲੀ ਦੇ ਚਾਰੇ ਪਾਸੇ, ਸਰਕਾਰ ਦੇ ਉਡ ਗਏ ਮੂੰਹ ਤੋਂ ਹਾਸੇ
ਨਿਹੰਗ ਸਿੰਘਾਂ ਦੇ ਦੇਖ ਗੰਡਾਸੇ,
ਮੰਤਰੀ ਘਬਰਾਏ ਲੱਗਦੇ ਆ, ਛੱਡ ਗਏ ਨੇ ਕਈ ਯਾਰੀ,
ਮੋਦੀ ਨੂੰ ਮੋਕ ਲੱਗ ਗਈ, ਦੱਸਦੇ ਆ ਬੰਦੇ ਸਰਕਾਰੀ।

ਮਜ਼ਦੂਰ ਦੇਸ਼ ਦੇ ਆ ਗਏ ਸਾਰੇ, ਸਰਕਾਰ ਲਾਉਂਦੀ ਬਹੁਤ ਹੀ ਲਾਰੇ,
ਢਿੱਡ ਕਿੱਦਾਂ ਹੈ ਭਰਨਾ ਪਿਆਰੇ,
ਅੰਬਾਨੀ ਅਡਾਨੀ ਮਗਰਮੱਛ ਹੈ, ਰੋਈ ਜਾਂਦਾ ਏ ਛੋਟਾ ਵਪਾਰੀ।

ਧਰਨੇ ਵਿਚ ਬੈਠੇ ਬੀਬੀਆਂ ਬੱਚੇ, ਕਦੋਂ ਲੱਭਣਗੇ ਹਾਕਮ ਸੱਚੇ,
ਰੱਬ ਹੀ ਮੋੜਦਾ ਦਿਨ ਅੱਛੇ,
ਅਜੀਤ ਸਿੰਘ ਸਰਬ ਰੱਖ, ਰਾਜਸਥਾਨ ਤੋਂ ਗਾਈਆਂ ਪਹੁੰਚੀਆਂ ਭਾਰੀ
ਲੋਕਾਂ ਦਾ ਇਕੱਠ ਹੋ ਗਿਆ, ਕੰਬ ਗਈ ਹੈ ਦਿੱਲੀ ਸਾਰੀ,
ਮੋਦੀ ਨੂੰ ਮੋਕ ਲੱਗ ਗਈ, ਦੱਸਦੇ ਆ ਬੰਦੇ ਸਰਕਾਰੀ।



– ਅਜੀਤ ਸਿੰਘ ਬਾਹੀਆ
510-314-2859

## ਗਾਇਕਾ ਸ਼ੁਦੇਸ਼ ਕੁਮਾਰੀ ਨੇ 'ਅੰਨਦਾਤਾ' ਗੀਤ ਨਾਲ ਲਾਈ ਗੁਹਾਰ




**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ)** – ਪੰਜਾਬ ਦੀ ਸੁਪ੍ਰਸਿੱਧ ਗਾਇਕਾ ਸ਼ੁਦੇਸ਼ ਕੁਮਾਰੀ ਨੇ ਵੀ ਕਿਸਾਨ ਸੰਘਰਸ਼ ਨੂੰ ਭਰਵਾਂ ਹੁੰਗਾਰਾ ਦਿੰਦਿਆਂ ਆਪਣਾ ਇਕ ਟਰੈਕ 'ਅੰਨਦਾਤਾ' ਟਾਇਟਲ ਹੇਠ ਦੇ ਕੇ ਸੈਂਟਰ ਸਰਕਾਰ ਨੂੰ ਗੁਹਾਰ ਲਗਾਈ ਹੈ। ਇਸ ਟਰੈਕ ਰਾਹੀਂ ਮੱਟ ਸ਼ੇਰੋਂਵਾਲੀਆ ਦੀ ਕਲਮ ਨੇ ਸਮੇਂ ਦੀ ਸੱਚਾਈ ਬਿਆਨ ਕੀਤੀ ਹੈ। ਗਾਇਕਾ ਸ਼ੁਦੇਸ਼ ਕੁਮਾਰੀ ਨੇ ਇਸ ਨਗਮੇ ਨਾਲ ਕਿਸਾਨਾਂ ਦੀ ਹਾਲਤ ਨੂੰ ਬਿਆਨਦਿਆਂ ਇਹ ਪ੍ਰਮਾਣ ਦਿੱਤਾ ਹੈ ਕਿ 'ਅੰਨਦਾਤਾ' ਉਹ ਰੱਬ ਦਾ ਰੂਪ ਹੈ, ਜੋ ਸਮੁੱਚੇ ਸੰਸਾਰ ਨੂੰ ਪੇਟ ਭਰ ਰੋਟੀ ਦੇਣ ਵਿਚ ਆਪਣਾ ਅਹਿਮ ਯੋਗਦਾਨ ਪਾਉਂਦਾ। ਇਸ ਟਰੈਕ ਦੇ ਪ੍ਰੋਡਿਊਸਰ ਰੇਸ਼ਮ ਨਾਰਥ ਨੇ ਦੱਸਿਆ ਕਿ ਸੁਖਵੀਰ ਰੰਧਾਵਾ ਨੇ ਇਸ ਟਰੈਕ ਨੂੰ ਸੰਗੀਤ ਸੇਵਾਵਾਂ ਬਖਸ਼ੀਆਂ ਹਨ। ਜਦਕਿ ਦੀਪਕ ਜਨੌਤਰਾ ਨੇ ਇਸ ਦਾ ਵੀਡੀਓ ਤਿਆਰ ਕੀਤਾ ਹੈ। ਮਿਊਜਿਕ ਮਾਈਂਡ ਰੇਸ ਕੰਪਨੀ ਨੇ 'ਅੰਨਦਾਤਾ' ਟਰੈਕ ਨੂੰ ਵਿਸ਼ਵ ਤੱਕ ਪਹੁੰਚਾਉਣ ਲਈ ਆਪਣੀ ਅਹਿਮ ਭੂਮਿਕਾ ਨਿਭਾਈ ਹੈ। ਕਿਸਾਨੀ ਸੰਘਰਸ਼ ਵਿਚ ਨਿੱਤ ਦਿਨ ਹਾਂ ਪੱਖੀ ਭੂਮਿਕਾ ਨਿਭਾਉਣ ਵਾਲੇ ਵੱਖ-ਵੱਖ ਟਰੈਕਾਂ ਵਿਚੋਂ ਗਾਇਕਾ ਸ਼ੁਦੇਸ਼ ਕੁਮਾਰੀ ਦਾ ਟਰੈਕ ਵਿਲੱਖਣ ਢੰਗ ਨਾਲ ਲਾਂਚ ਹੋਇਆ ਹੈ। ਜਿਸ ਲਈ ਸਮੁੱਚੀ ਟੀਮ ਦੀ ਮੇਹਨਤ ਕਾਮਯਾਬੀ ਦੀ ਮੰਜਿਲ ਸਰ ਕਰੇਗੀ।

# ਚਮਕੌਰ ਦੀ ਜੰਗ (21-23, ਦਸੰਬਰ 1704)



ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਰਮ ਦੀ ਰੱਖਿਆ ਲਈ 11 ਨਵੰਬਰ 1675 ਨੂੰ ਸ਼ਹੀਦੀ ਪਾਈ। ਉਪਰੰਤ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰਗੱਦੀ ਸੰਭਾਲਦਿਆਂ, ਕੌਮ ਵਿਚ ਚੜ੍ਹਦੀਕਲਾ ਦਾ ਜਜ਼ਬਾ ਭਰਨ ਲਈ 1699 ਵਿਚ ਖਾਲਸਾ ਪੰਥ ਸਾਜਿਆ। ਮਨੁੱਖ ਦੀ ਪੂਰਨ ਆਜ਼ਾਦੀ ਤੇ ਪਹਿਰਾ ਦਿੱਤਾ। ਗੁਰੂ ਜੀ ਦੀ ਵਧਦੀ ਫੌਜੀ ਤਾਕਤ ਤੋਂ ਮੁਗਲਾਂ ਦੇ ਨਾਲ-ਨਾਲ ਬਾਈਧਾਰ ਦੇ ਪਹਾੜੀ ਰਾਜੇ ਵੀ ਭੈਅਭੀਤ ਸਨ। ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦਾ ਖੂਨੀ ਇਰਾਦਾ ਸੀ। ਅਨੰਦਪੁਰ ਸਾਹਿਬ ਦੀ 1704 ਦੀ ਜੰਗ ਤੋਂ ਮੁਗਲ ਤੰਗ ਆ ਚੁੱਕੇ ਸਨ। ਮੁਗਲਾਂ ਨੇ ਆਨੰਦਗੜ੍ਹ ਸਾਹਿਬ ਦਾ ਕਿਲਾ ਖਾਲੀ ਕਰਵਾਉਣ ਲਈ ਫੌਜ ਨੂੰ ਖਾਸ ਸਿਖਲਾਈ ਦਿੱਤੀ ਗਈ ਸੀ। ਫੌਜ ਦੇ ਘੇਰੇ ਵਿਚ ਗੁਰੂ ਜੀ ਕਿਲੇ ਵਿਚ ਡਟੇ ਰਹੇ। ਲੰਮੀ ਉਡੀਕ ਤੋਂ ਬਾਅਦ ਦੁਸ਼ਮਣ ਮਕਾਰੀ ਤੇ ਉਤਰ ਆਏ। ਉਹਨਾਂ ਨੇ ਆਪਣੇ ਧਰਮਾਂ ਦੀਆਂ ਝੂਠੀਆਂ ਕਸਮਾਂ ਖਾ ਕੇ ਸ਼ਰਤ ਰੱਖੀ ਕਿ ਜੇਕਰ ਗੁਰੂ ਜੀ ਆਨੰਦਪੁਰ ਸਾਹਿਬ ਛੱਡ ਦੇਣ ਤਾਂ ਉਹਨਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ। ਗੁਰੂ ਜੀ ਨੇ 20 ਦਸੰਬਰ, 1704 ਦੀ ਸਰਦ ਰਾਤ ਵਿਚ 400 ਸਿੰਘਾਂ ਨਾਲ ਆਨੰਦਪੁਰ ਸਾਹਿਬ ਛੱਡ ਦਿੱਤਾ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਿਆਲ ਦੀ ਕਕਰੀਲੀ ਤੂਫਾਨੀ 20-21 ਦਸੰਬਰ ਵਿਚਲੀ ਰਾਤ ਗੁਰੂ ਜੀ 25 ਕਿਲੋਮੀਟਰ ਹੀ ਲੰਘੇ ਸਨ ਕਿ ਵੈਰੀ ਦੀਆਂ ਫੌਜਾਂ ਨੇ ਹਮਲਾ ਕਰ ਦਿੱਤਾ। ਸਿਰਸਾ ਨਦੀ ਤੇ ਘਮਸਾਨ ਦੀ ਜੰਗ ਹੋਈ। ਸਿੰਘ ਬੜੀ ਬਹਾਦਰੀ ਨਾਲ ਮੁਕਾਬਲਾ ਕਰਦੇ ਰਹੇ। ਕਈ ਸਿੰਘ ਸ਼ਹੀਦੀਆਂ ਪਾਉਂਦੇ ਗਏ। ਸਿੰਘ ਦੁਸ਼ਮਣ ਦਾ ਰਾਹ ਰੋਕ ਕੇ ਲੜਦੇ ਰਹੇ। ਬਾਕੀਆਂ ਨੂੰ ਸਿਰਸਾ ਪਾਰ ਕਰਵਾਉਂਦੇ ਗਏ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨਾਲ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਇਸ ਜੰਗ ਵਿਚ ਡਟੇ ਰਹੇ। ਮੁਗਲ ਗਿਣਤੀ ਵਿਚ ਬਹੁਤ ਸਨ। ਇਸ ਮੁਕਾਬਲੇ ਵਿਚ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਸ਼ਹੀਦੀ ਪਾ ਗਏ। ਇਸ ਅਸਥਾਨ ਤੇ ਇਹਨਾਂ ਦੀ ਯਾਦਗਾਰ ਬਣੀ ਹੈ। ਗੁਰੂ ਜੀ ਦਾ ਪਰਿਵਾਰ ਵਿਛੜ ਗਿਆ। ਉਥੇ ਗੁਰਦੁਆਰਾ ਸਾਹਿਬ 'ਪਰਿਵਾਰ ਵਿਛੋੜਾ' ਸੁਸ਼ੋਭਿਤ ਹੈ। ਸਿਰਸਾ ਤੋਂ ਪਾਰ ਗੁਰੂ ਜੀ ਨਾਲ ਦੋ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘ ਸਨ ਤੇ ਰੋਪੜ ਵੱਲ ਚੱਲ ਪਏ। ਰੋਪੜ ਦੇ ਕੋਲ ਜਾ ਕੇ ਠਾਹਰ ਬਣਾਈ।

ਚੌਧਰੀ ਬੁਧੀਚੰਦ ਜ਼ਿਮੀਦਾਰ ਨੇ ਕਿਹਾ ਕਿ ਗੁਰੂ ਜੀ ਦੁਸ਼ਮਣ ਦੀਆਂ ਫੌਜਾਂ ਪਿੱਛਾ ਕਰ ਰਹੀਆਂ ਹਨ। ਤੁਸੀਂ ਮੇਰੀ ਕੱਚੀ ਹਵੇਲੀ ਵਿਚ ਚਲੇ ਜਾਓ। ਗੁਰੂ ਜੀ ਇਸ ਉਚੀ ਹਵੇਲੀ ਕੱਚੀ-ਗੜ੍ਹੀ ਨੂੰ ਵੇਖ ਕੇ ਮੁਸਕਰਾਏ ਕਿ ਇੱਥੇ ਖਾਲਸੇ ਦਾ ਸਾਹਸ ਅਤੇ ਸੂਰਬੀਰਤਾ ਦਾ ਇਤਿਹਾਸ ਲਿਖਿਆ ਜਾਣਾ ਹੈ। ਇੱਥੇ ਫੈਸਲਾਕੁੰਨ ਜੰਗ ਸੰਭਵ ਹੈ। ਗੁਰੂ ਜੀ ਨ ਆਪਣੀ ਫੌਜੀ ਸੂਝ ਨਾਲ ਕੱਚੀ ਗੜ੍ਹੀ ਨੂੰ ਰਣਨੀਤੀ ਦੇ ਆਧਾਰ ਤੇ ਫੌਜੀ ਕਿਲੇ ਦਾ ਰੂਪ ਦੇ ਦਿੱਤਾ। ਮੋਰਚਾਬੰਦੀ ਕਰਦਿਆਂ ਗੁਰੂ ਜੀ ਨੇ ਸਿੰਘਾਂ ਨੂੰ ਹਥਿਆਰਬੰਦ ਦਸਤਿਆਂ ਵਿਚ ਵੰਡ ਲਿਆ। ਵੈਰੀ ਦੀਆਂ ਫੌਜਾਂ ਲਾਗਲੇ ਮੈਦਾਨਾਂ ਵਿਚ ਪਹੁੰਚ ਚੁੱਕੀਆਂ ਸਨ। ਇਕ ਪਾਸੇ ਗੁਰੂ ਜੀ ਦੇ ਨਾਲ ਲੰਮੇ ਜੰਗਾਂ ਦੀ ਥਕਾਵਟ ਨਾਲ ਸਤਾਏ ਭੁੱਖਣਭਾਣੇ 40 ਸਿੰਘ ਸਨ। ਦੂਸਰੇ ਪਾਸੇ ਸਿਖਲਾਈ ਪ੍ਰਾਪਤ ਵੈਰੀ ਸਨ। ਗੁਰੂ ਜੀ ਨੇ ਕਥਨ ਅਨੁਸਾਰ ਦੁਸ਼ਮਣ ਦੀ ਫੌਜ ਦੀ ਗਿਣਤੀ 10 ਲੱਖ ਸੀ। ਜੋ ਨਵਾਬ ਵਜ਼ੀਰ ਖਾਨ ਦੀ ਅਗਵਾਈ ਹੇਠ ਸੀ। ਗੁਰੂ ਜੀ ਨੇ ਇੱਥੋਂ ਤੀਰਾਂ ਦੀ ਬੁਛਾੜ ਨਾਲ ਜੰਗ ਦਾ ਐਲਾਨ ਕਰ ਦਿੱਤਾ।

ਮੁਗਲ ਫੌਜਾਂ ਨੇ ਵੀ ਜਵਾਬ ਵਿਚ ਗੋਲੀਆਂ ਵਰਸਾਉਣੀਆਂ ਸ਼ੁਰੂ ਕਰ ਦਿੱਤੀਆਂ। ਪਰ ਕੱਚੀ ਗੜ੍ਹੀ ਦੇ ਨੇੜੇ ਆਉਣ ਦੀ ਕਿਸੇ ਨੇ ਹਿੰਮਤ ਨਾ ਕੀਤੀ। ਗੁਰੂ ਜੀ ਨੇ ਸਿੰਘਾਂ ਨੂੰ ਕਿਹਾ ਕਿ ਦੁਸ਼ਮਣ ਦੇ ਮੁੱਖ ਸਰਦਾਰਾਂ ਨੂੰ ਸਿੱਧਾ ਨਿਸ਼ਾਨਾ ਬਣਾਇਆ ਜਾਵੇ। ਮੁਗਲ ਜਰਨੈਲ ਨਾਹਰ ਖਾਨ ਨੇ ਕੱਚੀ ਗੜ੍ਹੀ ਦੀ ਕੰਧ ਨਾਲ ਪੌੜੀ ਲਾ ਕੇ ਮਮਟੀ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ। ਗੁਰੂ ਜੀ ਨੇ ਤੀਰ ਨਾਲ ਉਸਨੂੰ ਉਡਾ ਦਿੱਤਾ। ਫਿਰ ਗਨੀ ਖਾਨ ਅੱਗੇ ਆਇਆ। ਗੁਰੂ ਜੀ ਨੇ ਉਸਨੂੰ ਵੀ ਚਿੱਤ ਕਰ ਦਿੱਤਾ। ਜਰਨੈਲ ਮਹਿਮੂਦ ਅਲੀ ਨੇ ਆਪਣੇ ਸਾਥੀਆਂ ਨੂੰ ਮਰਦੇ ਵੇਖਿਆ ਤਾਂ ਉਹ ਕੰਧ ਦੀ ਓਟ ਵਿਚ ਭੱਜ ਗਿਆ। ਵੈਰੀ ਦੀਆਂ ਫੌਜਾਂ ਭੈ-ਭੀਤ ਹੋ ਗਈਆਂ। ਨਵਾਬ ਸਰਹਿੰਦ ਨੇ ਹੁਕਮ ਦਿੱਤਾ ਕਿ ਇੱਕੋ ਹੱਲੇ ਨਾਲ ਕੱਚੀ ਗੜ੍ਹੀ ਸਰ ਕਰ ਲਈ ਜਾਵੇ ਤਾਂ ਜੋ ਫੈਸਲਾਕੁੰਨ ਯੁੱਧ ਲੜਿਆ ਜਾ ਸਕੇ। ਤਦ ਜਰਨੈਲ ਹਦਾਇਤ ਖਾਂ, ਇਜ਼ਮਾਈਲ ਖਾਂ, ਫੌਲਾਦ ਖਾਂ, ਸੁਲਤਾਨ ਖਾਂ, ਜ਼ਹਾਨ ਖਾਂ, ਅਸਲਮ ਖਾਂ, ਭੂਰੇ ਖਾਂ ਦੀਆਂ ਫੌਜਾਂ ਕੱਚੀ ਗੜ੍ਹੀ ਵੱਲ ਵਧੀਆਂ।

ਗੁਰੂ ਜੀ ਬਾਹਰ ਦਾ ਦ੍ਰਿਸ਼ ਵੇਖ ਰਹੇ ਸਨ। ਆਪ ਹੁਣ ਗੜ੍ਹੀ ਦੀ ਉਚੀ ਮਮਟੀ ਤੇ ਚਲੇ ਗਏ। ਦੋਵੇਂ ਸਾਹਿਬਜ਼ਾਦੇ ਵੀ ਨਾਲ ਸਨ। ਸਿੰਘਾਂ ਨੇ ਵੀ ਚੌਹੀਂ ਪਾਸੀਂ ਮੋਰਚੇ ਸੰਭਾਲ ਲਏ। ਭਾਈ ਮਦਨ ਸਿੰਘ ਤੇ ਭਾਈ ਗੰਡਾ ਸਿੰਘ ਗੜ੍ਹੀ ਦੇ ਮੁੱਖ ਦੁਆਰ ਤੇ ਤਾਇਨਾਤ ਸਨ। ਤਲਵਾਰ, ਤੀਰ, ਨੇਜ਼ੇ ਭਾਲੇ ਲੈ ਕੇ ਮੁਕਾਬਲੇ ਲਈ ਤਿਆਰ ਹੋ ਗਏ। ਸਿੰਘ ਚੜ੍ਹਦੀਕਲਾ ਵਿਚ ਸਨ। ਉਹਨਾਂ ਨੂੰ ਮਾਣ ਸੀ ਕਿ ਧਰਮ ਯੁੱਧ ਵਿਚ ਉਹ ਗੁਰੂ ਜੀ ਦੇ ਨਾਲ ਹਨ। ਵੈਰੀ ਦੀਆਂ ਫੌਜਾਂ ਆਣ ਪਹੁੰਚੀਆਂ।

22 ਦਸੰਬਰ 1704 ਨੂੰ ਚਮਕੌਰ ਵਿਚ ਉਹ ਯੁੱਧ ਹੋਇਆ ਜੋ ਸੰਸਾਰ ਦੀਆਂ ਮਿਸਾਲੀ ਯੁੱਧਾਂ ਵਿਚ ਸ਼ਾਮਲ ਹੋ ਗਿਆ। ਜਦੋਂ ਵੈਰੀ ਦੀ ਫੌਜ ਗੜ੍ਹੀ ਦੇ ਨੇੜੇ ਆਈ ਤਾਂ ਗੁਰੂ ਜੀ ਨੇ ਅਜਿਹੀ ਵਿਉਂਤ ਬਣਾਈ ਕਿ ਪੰਜ-ਪੰਜ ਸਿੰਘਾਂ ਦਾ ਜਥਾ ਮੈਦਾਨ ਵਿਚ ਭੇਜਿਆ। ਸਿੰਘ ਜੈਕਾਰਿਆਂ ਦੀ ਗੂੰਜ ਵਿਚ ਵੈਰੀ ਤੇ ਟੁੱਟ ਪਏ। ਉਪਰੋਂ ਗੁਰੂ ਜੀ ਅਤੇ ਸਾਹਿਬਜ਼ਾਦਿਆਂ ਨੇ ਤੀਰਾਂ ਦੀ ਝੜੀ ਲਗਾ ਦਿੱਤੀ। ਦੋ ਘੰਟੇ ਘਮਸਾਨ ਦਾ ਯੁੱਧ ਹੋਇਆ। ਖੰਡਾ ਖੜਕਿਆ। ਤੀਰ ਨੇਜ਼ੇ ਤਲਵਾਰਾਂ ਭਾਲੇ ਚੱਲੇ। ਸਰਦੀ ਦੀ ਸਵੇਰ ਵਿਚ ਯੁੱਧ ਦਾ ਮੈਦਾਨ ਮਘ ਗਿਆ। ਕੱਚੀ ਗੜ੍ਹੀ ਤੋਂ ਆਉਂਦੇ ਤੀਰਾਂ ਨੇ ਵੈਰੀਆਂ ਨੂੰ ਵਿੰਨ ਸੁੱਟਿਆ। ਵੈਰੀ ਹੈਰਾਨ ਸਨ ਕਿ ਮੁੱਠੀ ਭਰ ਸਿੰਘਾਂ ਦਾ ਮੁਕਾਬਲਾ ਏਨਾ ਭਿਆਨਕ ਕਿਵੇਂ ਹੋ ਸਕਦਾ ਹੈ। ਚਮਕੌਰ ਦੀ ਧਰਤੀ ਖੂਨ ਨਾਲ ਰੰਗੀ ਗਈ। ਖੂਨ ਦੇ ਘਾਣ ਮੱਚ ਗਏ। ਸਿੰਘਾਂ ਨੇ ਬੇਮਿਸਾਲ ਬੀਰਤਾ ਦ੍ਰਿੜਤਾ ਨਾਲ ਟਾਕਰਾ ਕੀਤਾ। ਬਹਾਦਰੀ ਦੇ ਜੌਹਰ ਦਿਖਾਉਂ ਪੰਜ ਸਿੰਘਾਂ ਦਾ ਜਥਾ ਸ਼ਹੀਦ ਹੋ ਗਿਆ। ਗੁਰੂ ਜੀ ਨੇ ਦੂਸਰਾ ਜੱਥਾ ਮੈਦਾਨ ਵਿਚ ਉਤਾਰਿਆ, ਉਹ ਵੀ ਅਨੇਕਾਂ ਦੁਸ਼ਮਣਾਂ ਦਾ ਮੁਕਾਬਲੇ ਕਰਦੇ ਮਾਰ ਮੁਕਾਉਂਦੇ ਸ਼ਹੀਦੀ ਪਾ ਗਿਆ।

ਸਿੰਘ ਜਾਣ ਗਏ ਸਨ ਕਿ ਇੰਨੇ ਵੱਡੇ ਲਾਮ ਲਸ਼ਕਰ ਦਾ ਸਾਹਮਣਾ ਕਰਦਿਆਂ ਸ਼ਹੀਦੀਆਂ ਨਿਸਚਿਤ ਹਨ। ਉਹਨਾਂ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਸੁਰੱਖਿਅਤ ਨਿਕਲ ਜਾਓ। ਗੁਰੂ ਜੀ ਨੇ ਕਿਹਾ ਕਿ ਇਸ ਰਣਤੱਤੇ ਵਿਚ ਹਰ ਸਿੱਖ ਮੇਰਾ ਸਾਹਿਬਜ਼ਾਦਾ ਹੈ। ਅਸੀਂ ਇਕੱਠੇ ਲੜਾਂਗੇ ਤੇ ਜਿੱਤ ਸਾਡੀ ਹੋਵੇਗੀ। ਇਹ ਸੁਣ ਕੇ ਸਿੰਘ ਜੋਸ਼ ਵਿਚ ਆ ਕੇ ਫਿਰ ਤਿਆਰ- ਬਰ-ਤਿਆਰ ਹੋ ਗਏ। ਸਾਹਿਬਜ਼ਾਦਾ ਅਜੀਤ ਸਿੰਘ ਨੇ ਗੁਰਪਿਤਾ ਤੋਂ ਯੁੱਧ ਵਿਚ ਜਾਣ ਦੀ ਆਗਿਆ ਮੰਗੀ। ਗੁਰਾਂ ਨੇ ਆਪਣੇ ਹੱਥੀਂ ਸ਼ਸ਼ਤਰ ਦੇ ਕੇ ਅੱਠ ਸਿੰਘਾਂ ਦਾ ਜਥਾ ਨਾਲ ਭੇਜਿਆ।

ਜੈਕਾਰਿਆਂ ਦੀ ਗੂੰਜ ਵਿਚ ਮੈਦਾਨ ਵਿਚ ਆ ਗਏ। ਵੈਰੀ ਦੀਆਂ ਫੌਜਾਂ ਨੇ ਚਾਰੇ ਪਾਸਿਆਂ ਤੋਂ ਘੇਰ ਲਿਆ। ਬੜੀ ਬੀਰਤਾ ਨਾਲ ਤੀਰਾਂ ਦੇ ਵਾਰ ਕੀਤੇ ਤੇ ਵੈਰੀ ਦੀਆਂ ਛਾਤੀਆਂ ਵਿੰਨ ਦਿੱਤੀਆਂ। ਦੁਸ਼ਮਣ ਨੂੰ ਵੰਗਾਰਿਆ ਕਿ ਸਾਹਮਣੇ ਆਓ। ਵੈਰੀ ਦੇ ਸਿਪਾਹੀ ਆ ਗਏ ਪਰ ਸਾਹਿਬਜ਼ਾਦੇ ਅੱਗੇ ਟਿਕ ਨਾ ਸਕੇ ਅਤੇ ਪਿੱਛੇ ਹਟਦੇ ਗਏ। ਦੁਸ਼ਮਣ ਸਰਦਾਰ ਨੇ ਵਾਰ ਕੀਤਾ ਘੋੜਾ ਜ਼ਖਮੀ ਹੋ ਗਿਆ। ਪੈਦਲ ਹੀ ਜੰਗ ਜਾਰੀ ਰੱਖੀ। ਉਹ ਇਕੱਠੇ ਪੈ ਗਏ, ਵੈਰੀ ਨੇ ਇਕੋ ਹੱਲੇ ਨਾਲ ਸ਼ਹੀਦ ਕਰ ਦਿੱਤੇ। ਗੁਰੂ ਜੀ ਮਮਟੀ ਤੋਂ ਸਾਹਿਬਜ਼ਾਦੇ ਨੂੰ ਸ਼ਹੀਦ ਹੁੰਦਾ ਵੇਖ ਰਹੇ ਸਨ ਪਰ ਸਾਹਿਬਜ਼ਾਦੇ ਦੇ ਜੌਹਰ ਤੇ ਉਹਨਾਂ ਨੂੰ ਮਾਣ ਸੀ। ਉਹਨਾਂ ਅਕਾਲ ਪੁਰਖ ਦਾ ਸ਼ੁਕਰ ਮਨਾਇਆ।

ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਇਹ ਸ਼ਹੀਦੀ ਵੇਖ ਕੇ ਆਪਣਾ ਫਰਜ਼ ਯਾਦ ਆਇਆ। ਉਹਨਾਂ ਨੇ ਗੁਰ ਪਿਤਾ ਤੋਂ ਆਪਣਾ ਫਰਜ਼ ਨਿਭਾਉਣ ਦੀ ਆਗਿਆ ਮੰਗੀ। ਗੁਰੂ ਜੀ ਨੇ ਪੰਜ ਸਿੰਘਾਂ ਦੇ ਨਾਲ ਯੁੱਧ ਵਿਚ ਭੇਜਿਆ। ਜੈਕਾਰਿਆਂ ਦੀ ਗੂੰਜ ਵਿਚ ਯੁੱਧ ਵਿਚ ਜਾ ਪਹੁੰਚੇ। ਯੁੱਧ ਦਾ ਮੈਦਾਨ ਫਿਰ ਤੋਂ ਭਖ ਗਿਆ। ਲਾਸ਼ਾਂ ਦੇ ਢੇਰ ਵਿਚ ਯੁੱਧ ਹੋਇਆ। ਸਾਹਿਬਜ਼ਾਦਾ ਅਜੀਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਵੈਰੀ ਹੋਰ ਸਰਗਰਮ ਹੋ ਉਠਿਆ। ਵੈਰੀ ਦੀ ਗਿਣਤੀ ਬਹੁਤ ਜ਼ਿਆਦਾ ਸੀ। ਵੈਰੀ ਨੇ ਸਾਹਿਬਜ਼ਾਦੇ ਦੇ ਜਥੇ ਨੂੰ ਆਣ ਘੇਰਿਆ। ਸਾਹਿਬਜ਼ਾਦੇ ਨੇ ਨੇਜ਼ਾਂ ਸੂਤ ਲਿਆ। ਉਹ ਜਿੱਧਰ ਵੀ ਨੇਜ਼ਾ ਘੁੰਮਾਉਂਦੇ ਵੈਰੀ ਨੂੰ ਮਾਰ ਮੁਕਾਉਂਦੇ। 'ਸਵਾ ਲਾਖ ਸੇ ਏਕ ਲੜਾਊਂ" ਦਾ ਪ੍ਰਮਾਣ ਪ੍ਰਤੱਖ ਕਰ ਵਿਖਾਇਆ। ਵੈਰੀ ਨੇ ਸਾਹਿਬਜ਼ਾਦੇ ਨੂੰ ਪੂਰੀ ਤਰ੍ਹਾਂ ਘੇਰ ਲਿਆ। ਉਹ ਫਿਰ ਵੀ ਤੇਗ ਵਾਹੁੰਦੇ ਗਏ। ਸਾਹਿਬਜ਼ਾਦੇ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਸੂਰਜ ਦੇ ਛਿਪਣ ਤੱਕ ਜੰਗ ਜਾਰੀ ਰਹੀ। ਇਸ ਅਸਾਵੀਂ ਜੰਗ ਵਿਚ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦਾ ਜਥਾ ਸ਼ਹੀਦੀ ਪਾ ਗਿਆ। ਗੁਰੂ ਜੀ ਨੇ ਕਿਹਾ ਕਿ ਮੈਂ ਅਕਾਲ ਪੁਰਖ ਦੀ ਅਮਾਨਤ ਅਦਾ ਕੀਤੀ।

ਸੂਰਜ ਛਿਪਣ ਤੇ ਜੰਗ ਖਤਮ ਹੋਈ। ਸਿੰਘ ਗੁਰੂ ਜੀ ਨਾਲ ਕੱਚੀ-ਗੜ੍ਹੀ ਵਿਚ ਜਾ ਬੈਠੇ। ਗੁਰੂ ਜੀ ਨੇ ਕਿਹਾ ਵੈਰੀ ਨਾਲ ਮਰਦੇ ਦਮ ਤੱਕ ਜੰਗ ਜਾਰੀ ਰਹੇਗੀ। ਸਾਡਾ ਹੁਣ ਸੂਰਮਿਆਂ ਵਾਂਗ ਸ਼ਹੀਦੀ ਪਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਹੁਣ ਖਾਲਸੇ ਨੂੰ ਅਕਾਲ ਪੁਰਖ ਦੀ ਓਟ ਹੈ। ਰਣਭੂਮੀ ਵਿਚ ਪਿੱਠ ਨਹੀਂ ਦਿਖਾਉਣੀ। ਧਰਮ ਹੇਤ ਕੁਰਬਾਨ ਹੋਣਾ ਹੈ। ਕੱਚੀ ਗੜ੍ਹੀ ਵਿਚ ਬਚੇ 11 ਸਿੰਘਾਂ ਨੇ ਗੁਰੂ ਜੀ ਨੂੰ ਕਿਹਾ ਕਿ ਗੜ੍ਹੀ ਛੱਡ ਜਾਓ।ਪੰਜ ਪਿਆਰਿਆਂ ਦੀ ਗੁਰੂ ਜੀ ਨਾਲ ਗੱਲ ਕਰਨ ਦੀ ਚੋਣ ਨਾਲ ਭਾਈ ਦਯਾਸਿੰਘ ਜੀ ਦੀ ਅਗਵਾਈ ਹੇਠ, ਗੁਰੂ ਜੀ ਨੂੰ ਕਿਹਾ ਕਿ ਆਪ ਜੀ ਦੀ ਸ਼ਹੀਦੀ ਨਾਲ ਪੰਥ ਦਾ ਭਵਿੱਖ ਖਤਰੇ ਵਿਚ ਪੈ ਜਾਵੇਗਾ। ਪੰਥ ਨੂੰ ਆਪ ਜੀ ਦੀ ਅਗਵਾਈ ਦੀ ਹਮੇਸ਼ਾ ਜ਼ਰੂਰਤ ਹੈ। ਇਸ ਲਈ ਆਪ ਸੁਰੱਖਿਅਤ ਚਲੇ ਜਾਓ। ਪੰਜ ਪਿਆਰਿਆਂ ਦਾ ਪੰਥਕ ਹੁਕਮ ਮੰਨਣਾ ਪਿਆ। ਗੁਰੂ ਜੀ ਨੇ ਦ੍ਰਿੜ੍ਹ ਹੋ ਕੇ ਕਿਹਾ ਕਿ ਉਹ ਪਿੱਠ ਵਿਖਾ ਕੇ ਨਹੀਂ ਜਾਣਗੇ, ਸਗੋਂ ਦੁਸ਼ਮਣ ਨੂੰ ਵੰਗਾਰ ਕੇ ਜਾਣਗੇ।

ਕਲਗੀਆਂ ਵਾਲੇ ਪਾਤਸ਼ਾਹ ਨੇ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਤਿੰਨ ਸਿੰਘਾਂ ਨੂੰ ਨਾਲ ਲੈ ਕੇ ਜਾਣ ਦਾ ਫੈਸਲਾ ਸੁਣਾਇਆ। ਆਪਣੇ ਹਮ ਸ਼ਕਲ ਭਾਈ ਸੰਗਤ ਸਿੰਘ ਜੀ ਨੂੰ ਕਲਗੀ ਸਜਾ ਕੇ ਆਪਣੀ ਪੁਸ਼ਾਕ ਸਜਾ ਕੇ ਉਚੀ ਮਮਟੀ ਵਿਚ ਬਿਠਾ ਦਿੱਤਾ। ਅੱਧੀ ਰਾਤ ਨੂੰ ਗੁਰੂ ਜੀ ਨੇ ਬੁਰਜ਼ ਉਤੇ ਖੜ੍ਹੇ ਹੋ ਕੇ ਵੰਗਾਰਿਆ ਕਿ 'ਪੀਰੇ ਹਿੰਦ ਮੇ ਰਵੱਦ'- ਹਿੰਦ ਦਾ ਪੀਰ ਚਲਾ ਗਿਆ।

ਵੈਰੀ ਦੀਆਂ ਫੌਜਾਂ ਵਿਚ ਇੱਕਦਮ ਹੜਬੜੀ ਮੱਚ ਗਈ। ਰਾਹ ਵਿਚ ਮਿਸ਼ਾਲਚੀ ਪਹਿਰੇ ਤੇ ਸੀ। ਗੁਰੂ ਜੀ ਨੇ ਮਿਸ਼ਾਲ ਤੇ ਨਿਸ਼ਾਨਾ ਲਗਾ ਕੇ ਮਿਸ਼ਾਲ ਬੁਝਾ ਦਿੱਤੀ। ਫਿਰ ਤੋਂ 23 ਦਸੰਬਰ, 1794 ਦੀ ਸਵੇਰ ਨੂੰ ਦੁਸ਼ਮਣ ਨੇ ਹੱਲਾ ਕਰ ਦਿੱਤਾ। ਸਿੰਘ ਮੁਕਾਬਲੇ ਲਈ ਬਾਹਰ ਨਿਕਲ ਆਏ। ਜਮ ਕੇ ਟਾਕਰਾ ਹੋਇਆ। ਸਿੰਘਾਂ ਨੇ ਕਈ ਦੁਸ਼ਮਣਾਂ ਨੂੰ ਮਾਰ ਮੁਕਾਇਆ। ਗੁਰੂ ਦੇ ਰਾਹ ਤੇ ਗੁਰੂ ਦੇ ਵਾਅਦੇ ਤੇ ਵਾਰੋ-ਵਾਰੀ ਸ਼ਹੀਦੀਆਂ ਪਾ ਗਏ। ਉਹਨਾਂ ਨਿਡਰ ਯੋਧਿਆਂ ਦੀ ਲਾਸਾਨੀ ਕੁਰਬਾਨੀ ਕੌਮ ਵਿਚ ਵੱਡੀ ਮਿਸਾਲ ਹੈ। ਜਰਨੈਲਾਂ ਨੂੰ ਖਬਰ ਹੋਈ ਕਿ ਗੁਰੂ ਜੀ ਵੀ ਸ਼ਹੀਦ ਹੋ ਗਏ ਹਨ। ਪਰ ਇਹ ਤਾਂ ਇਕ ਭੁਲੇਖਾ ਸੀ।

ਗੁਰੂ ਜੀ ਤਾਂ ਮਾਛੀਵਾੜੇ ਦੇ ਜੰਗਲਾਂ ਵਿਚ ਜਾ ਪਹੁੰਚੇ ਸਨ। ਕੁਝ ਦਿਨਾਂ ਬਾਅਦ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਜੀ ਵੀ ਗੁਰੂ ਜੀ ਦੇ ਕੋਲ ਜਾ ਪਹੁੰਚੇ। ਦੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖਬਰ, ਗੁਰੂ ਜੀ ਨੂੰ ਇੱਥੇ ਹੀ ਮਿਲੀ। ਗੁਰੂ ਜੀ ਨੇ 'ਕਾਈ ਦੇ ਬੂਟੇ' ਨੂੰ ਉਖੇੜ ਕੇ ਫੁਰਮਾਇਆ ਕਿ ''ਇਹ ਮੁਗਲ ਰਾਜ ਹੁਣ ਜੜ੍ਹੋਂ ਪੁੱਟਿਆ ਗਿਆ।'

ਗੁਰੂ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਫਾਰਸੀ ਕਵਿਤਾ ਵਿਚ ਚਿੱਠੀ ਲਿਖੀ, ਜਿਸਨੂੰ 'ਜ਼ਫਰਨਾਮਾ' ਕਿਹਾ ਜਾਂਦਾ ਹੈ।

# ਸਿਆਟਲ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)-** ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੈਂਟ ਵਿਖੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਸਮੁੱਚੀ ਮਨੁੱਖਤਾ ਨੂੰ ਸਿਦਕ, ਭਰੋਸੇ, ਸਾਂਝੀਵਾਲਤਾ ਦੇ ਮਾਰਗ ਤੇ ਅਡੋਲ ਦ੍ਰਿੜ੍ਹਤਾ ਨਾਲ ਚੱਲਣ ਦੀ ਪ੍ਰੇਰਨਾ ਦਿੰਦੀ ਹੈ, ਜਿਹਨਾਂ ਦੀ ਯਾਂਦ ਵਿਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਹੈਡ ਗ੍ਰੰਥੀ ਭਾਈ ਦਲਜੀਤ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਇਸ ਮੌਕੇ ਭਾਈ ਦਲਜੀਤ ਸਿੰਘ ਨੇ ਸਟੇਜ ਤੋਂ ਹਿੰਦੂ ਸਮਾਜ ਦੀ ਰੱਖਿਆ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕੀਤਾ। ਉਹਨਾਂ ਦੱਸਿਆ ਕਿ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਜੀ ਦੀ ਕੁਰਬਾਨੀ ਤੋਂ ਬਾਅਦ ਆਪਣੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜ਼ਰ ਕੌਰ ਜੀ ਇਕ ਹਫਤੇ ਵਿਚ ਹੀ ਸਿੱਖ ਕੌਮ ਲਈ ਕੁਰਬਾਨੀ ਦੇ ਗਏ। ਉਹਨਾਂ ਕਿਹਾ ਕਿ ਸਰਹੰਦ ਫਤਿਹਗੜ੍ਹ ਦੀ ਸਮੁੱਚੀ ਸੰਗਤ ਇਸ ਹਫਤੇ ਸੋਗ ਵਜੋਂ ਨੀਚੇ ਬਸਤਰ ਲਗਾ ਕੇ ਸੌਂਦੇ ਹਨ ਅਤੇ ਪਰਿਵਾਰਾਂ ਸਮੇਤ ਪੰਜ ਬਾਣੀਆਂ ਦਾ ਪਾਠ ਕਰਦੇ ਹਨ।





# ਬ੍ਰਿਟੇਨ ਦੇ 98 ਸਾਲਾਂ ਕੈਦੀ ਦੀ ਹੋਈ ਕੋਰੋਨਾ ਵਾਇਰਸ ਨਾਲ ਮੌਤ

**ਗਲਾਸਗੋ/ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)-** ਬ੍ਰਿਟੇਨ ਵਿੱਚ ਕੋਰੋਨਾਂ ਵਾਇਰਸ ਨਾਲ ਹੋ ਰਹੀਆਂ ਮੌਤਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਕੋਰੋਨਾਂ ਵਾਇਰਸ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਇੱਕ 98 ਸਾਲਾਂ ਕੈਦੀ ਦੀ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ ਜੋ ਕਿ ਕ੍ਰਿਸ਼ਮਸ ਦਿਵਸ 'ਤੇ ਆਪਣੇ ਜੀਵਨ ਦੇ 99 ਵੇਂ ਸਾਲ ਵਿੱਚ ਦਾਖਲ ਹੋਣ ਵਾਲਾ ਸੀ। ਕਾਵੈਂਟਰੀ ਨਾਲ ਸੰਬੰਧ ਰੱਖਣ ਵਾਲੇ 98 ਸਾਲਾਂ ਕ੍ਰਿਸਟੋਫਰ ਸਟੋਵ ਨੂੰ ਪਿਛਲੇ ਸਾਲ ਅਪ੍ਰੈਲ "ਚ, 1970 ਦੇ ਸਾਲ ਦੌਰਾਨ ਇੱਕ ਤਿੰਨ ਤੋਂ ਪੰਜ ਸਾਲਾਂ ਦੀ ਛੋਟੀ ਬੱਚੀ ਨਾਲ ਬਦਸਲੂਕੀ ਕਰਨ ਦੇ ਦੋਸ਼ ਵਿਚ ਛੇ ਸਾਲ ਦੀ ਸਜ਼ਾ ਸੁਣਾਈ ਗਈ ਸੀ। ਪਿਛਲੇ ਅਪ੍ਰੈਲ ਵਿੱਚ ਸਟੋਵ ਨੂੰ ਕੈਦ ਦੀ ਸਜ਼ਾ ਦੇਣ ਵੇਲੇ ਜੱਜ ਸਾਰਾ ਬਕਿੰਘਮ ਨੇ ਖਦਸ਼ਾ ਪ੍ਰਗਟ ਕੀਤਾ ਸੀ ਕਿ ਸਟੋਵ ਜੇਲ੍ਹ ਵਿੱਚ ਮਰ ਜਾਵੇਗਾ ਅਤੇ ਕੋਰੋਨਾਂ ਵਾਇਰਸ ਲਈ ਸਕਾਰਾਤਮਕ ਟੈਸਟ ਕਰਨ ਤੋਂ ਬਾਅਦ ਸਟੋਵ ਦੀ 8 ਦਸੰਬਰ ਨੂੰ ਮੌਤ ਹੋ ਜਾਣ ਤੋਂ ਬਾਅਦ ਜੱਜ ਦੀ ਭਵਿੱਖਬਾਣੀ ਸਹੀ ਸਾਬਤ ਹੋਈ ਹੈ। ਸਟੋਵ ਨੂੰ 2017 ਵਿੱਚ ਦਿਲ ਦੀ ਬਿਮਾਰੀ ਦਾ ਵੀ ਸਾਹਮਣਾ ਕਰਨਾ ਪਿਆ, ਉਸਦੀ ਨਜ਼ਰ ਵੀ ਘੱਟ ਸੀ ਅਤੇ ਚਮੜੀ ਕੈਂਸਰ ਦਾ ਸ਼ੱਕ ਹੋਣ ਕਾਰਨ ਉਸਨੂੰ ਇੱਕ ਮਾਹਰ ਡਾਕਟਰ ਕੋਲ ਵੀ ਭੇਜਿਆ ਗਿਆ ਸੀ। ਇਸ ਮਹੀਨੇ ਦੀ ਸ਼ੁਰੂਆਤ ਵਿੱਚ ਕੈਦੀ ਸਟੋਵ ਨੂੰ ਐਚ ਐਮ ਪੀ ਬਰਮਿੰਘਮ ਵਿੱਚ ਉਸਦੀ ਸੈੱਲ ਤੋਂ ਸ਼ਹਿਰ ਦੇ ਸੇਲੀ ਪਾਰਕ ਵਿੱਚ ਸੇਂਟ ਮੈਰੀ ਹੋਸਪਿਸ ਵਿੱਚ ਦੇਖਭਾਲ ਲਈ ਭੇਜਿਆ ਗਿਆ ਸੀ। ਸਟੋਵ ਤੋਂ ਇਲਾਵਾ ਬ੍ਰਿਟੇਨ ਦਾ ਸਭ ਤੋਂ ਪੁਰਾਣਾ ਕੈਦੀ 104 ਸਾਲਾ ਰਾਲਫ਼ ਕਲਾਰਕ ਮੰਨਿਆ ਜਾਂਦਾ ਹੈ, ਜਿਸ ਨੂੰ ਸਾਲ 1974 ਤੋਂ 1983 ਦਰਮਿਆਨ ਇੱਕ ਲੜਕੇ ਅਤੇ ਦੋ ਲੜਕੀਆਂ 'ਤੇ ਬਦਸਲੂਕੀ ਕਰਨ ਦੇ ਮਾਮਲੇ ਲਈ 2016 ਵਿੱਚ 13 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ।



# ਨਨਕਾਣਾ ਸਾਹਿਬ ਵਿਖੇ ਭਾਰਤ ਦੇ ਸ਼ਾਂਤਮਈ ਕਿਸਾਨਾਂ ਦੀ ਚੜ੍ਹਦੀ ਕਲਾ ਅਤੇ ਫ਼ਤਹਿਯਾਬੀ ਲਈ ਸ੍ਰੀ ਅਖੰਡ ਪਾਠ ਸਾਹਿਬ ਆਰੰਭ










**ਨਨਕਾਣਾ ਸਾਹਿਬ–** ਭਾਰਤੀ ਕਿਸਾਨ ਵਿਰੋਧੀ ਨਰਿੰਦਰ ਮੋਦੀ ਦੇ ਕਿਸਾਨ ਮਾਰੂ ਕਾਨੂੰਨਾਂ ਦੇ ਖ਼ਿਲਾਫ਼ ਦਿੱਲੀ 'ਚ ਜਾਰੀ ਕਿਸਾਨਾਂ ਦੇ ਪ੍ਰਦਰਸ਼ਨਾਂ ਦੇ ਹੱਕ ਵਿੱਚ ਅੱਜ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਨਨਕਾਣਾ ਸਾਹਿਬ ਦੀਆਂ ਸਮੂਹ ਸੰਗਤਾਂ ਵੱਲੋਂ ਗੁਰਦੁਆਰਾ ਜਨਮ ਅਸਥਾਨ ਵਿਖੇ ਕਿਸਾਨ ਸੰਘਰਸ਼ ਦੀ ਚੜ੍ਹਦੀ ਕਲ੍ਹਾ ਅਤੇ ਫ਼ਤਹਿਯਾਬੀ ਲਈ ਸੋਦਰੁ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਸ੍ਰੀ ਅਖੰਡ ਪਾਠ ਆਰੰਭ ਕੀਤੇ ਗਏ। ਗ੍ਰੰਥੀ ਭਾਈ ਪ੍ਰੇਮ ਸਿੰਘ ਨੇ ਪਾਕਿਸਤਾਨ ਦੀਆਂ ਸਾਰੀਆਂ ਸੰਗਤਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਅੱਗੇ ਕਿਸਾਨਾਂ ਦੇ ਅੰਗ-ਸੰਗ ਰਹਿ ਕੇ ਉਨ੍ਹਾਂ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਲਈ ਅਰਦਾਸ ਕੀਤੀ।

ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਉਪਰੰਤ ਸ੍ਰ: ਜਨਮ ਸਿੰਘ ਸੰਪਾਦਕ 'ਸਰਬੱਤ ਦਾ ਭਲਾ' ਨੇ ਭਾਰਤ ਦੀ ਕੇਂਦਰ ਸਰਕਾਰ ਵੱਲੋਂ ਬਣਾਏ ਗਏ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਕੀਤੇ ਜਾ ਰਹੇ ਸੰਘਰਸ਼ ਦੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਮਾਇਤ ਕਰਨ ਦੀ ਸਲਾਘਾ ਕੀਤੀ ਅਤੇ ਕਿਹਾ ਦਿੱਲੀ ਦੀਆਂ ਸੜਕਾਂ 'ਤੇ ਠੰਢੀਆਂ ਰਾਤਾਂ ਵਿੱਚ ਆਪਣੇ ਹੱਕ, ਸੱਚ ਤੇ ਇਨਸਾਫ਼ ਲਈ ਜੂਝ ਰਹੇ ਪੰਜਾਬੀਆਂ ਦੀ ਤੰਦਰੁਸਤੀ, ਕਰੋਨਾਵਾਇਰਸ ਮਹਾਮਾਰੀ ਤੋਂ ਬਚਾਅ ਅਤੇ ਉਨ੍ਹਾਂ ਦੀ ਫ਼ਤਹਿਯਾਬੀ ਦੀ ਕਾਮਨਾ ਕਰਨੀ ਹਰ ਮਨੁੱਖ ਮਾਤਰ ਦਾ ਫ਼ਰਜ਼ ਹੈ। ਸਾਂਤਮਈ ਕਿਸਾਨਾਂ ਉੱਪਰ ਪੁਲਿਸ ਦੇ ਹਮਲਿਆਂ ਤੋਂ ਸਾਫ ਸਪੱਸ਼ਟ ਹੁੰਦਾ ਹੈ ਕਿ ਮੋਦੀ ਸਰਕਾਰ ਕਿਰਸਾਨੀ ਪ੍ਰਤੀ ਸੁਹਿਰਦ ਨਹੀਂ ਅਤੇ ਨਾ ਹੀ ਇਮਾਨਦਾਰੀ ਵਾਲਾ ਕੋਈ ਰਾਹ ਕੱਢਣਾ ਚਾਹੁੰਦੀ ਹੈ। ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਂਟੋਨੀਓ ਗੁਟੇਰਸ ਦੀ ਭਾਰਤ ਦੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੇ ਹੱਕ ਵਿੱਚ ਨਾਹਰਾ ਇਸ ਗੱਲ ਦਾ ਵੀ ਸਬੂਤ ਹੈ ਕਿ ਜੇ ਕਿਰਸਾਨੀ ਵਾਲਾ ਮਾਮਲਾ ਸਰਕਾਰ ਨੇ ਜਲਦ ਹੱਲ ਨਾ ਕੀਤਾ ਤਾਂ ਆਉਣ ਵਾਲੇ ਦਿਨ ਭਾਰਤ ਦੇਸ਼ ਲਈ ਮੰਦਭਾਗੇ ਹੋਣਗੇ।

ਪੀ.ਐਸ.ਜੀ.ਪੀ.ਸੀ ਦੇ ਜਰਨਲ ਸਕੱਤਰ ਸਰਦਾਰ ਅਮੀਰ ਸਿੰਘ ਜੀ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਮੰਗਲਵਾਰ 8 ਦਸੰਬਰ 2020 ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਦਿੱਲੀ ਵਿੱਚ ਚਲ ਰਹੇ ਕਿਸਾਨ ਸੰਘਰਸ਼ ਜਿਸ ਨੂੰ ਭਾਰਤੀ ਮੀਡੀਆ ਖਾਲਿਸਤਾਨੀ ਜਾਂ ਕੋਈ ਹੋਰ ਫਿਰਕਾਪ੍ਰਸਤੀ ਵਾਲਾ ਠੱਪਾ ਲਾਉਣਾ ਚਾਹੁੰਦਾ ਹੈ ਅਸੀਂ ਹਰਗਿਜ਼ ਇਸ ਤਰ੍ਹਾਂ ਨਹੀਂ ਹੋਣ ਦੇਵਾਂਗੇ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪਾਕਿਸਤਾਨ ਦੀਆਂ ਸਮੂਹ ਸੰਗਤਾਂ ਕਿਰਸਾਨ ਸੰਘਰਸ਼ ਨਾਲ ਹਰ ਘੜੀ ਨਾਲ ਮੋਢਾ ਡਾਹ ਕੇ ਖੜੇ ਹਾਂ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਘਰ ਦਿਨ ਰਾਤ ਅਰਦਾਸਾਂ ਕਰ ਰਹੇ ਹਾਂ। ਉਨ੍ਹਾਂ ਦੱਸਿਆ ਭੋਗ ਤੋਂ ਉਪਰੰਤ ਕਥਾ ਕੀਰਤਨ ਅਤੇ ਵਿਦਵਾਨ ਬੁਲਾਰੇ ਸੰਗਤਾਂ ਨਾਲ ਖੁਲ੍ਹ ਕੇ ਇਸ ਵਿਸ਼ੇ ਤੇ ਵੀਚਾਰਾਂ ਕਰਨਗੇ ਅਤੇ ਭਾਰਤ ਦੀਆਂ ਕਿਸਾਨ ਮਾਰੂ ਨੀਤੀਆਂ ਖ਼ਿਲਾਫ਼ ਕਿਸਾਨਾਂ ਦੇ ਹੱਕ 'ਚ ਵਿਸ਼ਾਲ ਰੋਸ਼ ਮਾਰਚ ਕੱਢਿਆ ਜਾਵੇਗਾ।













ਕਰਤਾਰਪੁਰ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਬਣੇ ਗੁਰੂ ਘਰ ਵਿਖੇ ਬਰਤਨਵੀ ਨਜਾਦ ਬਾਕਸਰ ਆਮਿਰ ਖਾਨ ਦਾ ਦੌਰਾ ਆਲਮੀ ਬਾਕਸਰ ਆਮਿਰ ਖਾਨ ਨੂੰ ਪਾਕਿ ਇੰਡੀਆ ਬਾਰਡਰ ਦਾ ਵਿਜਟ ਵੀ ਕਰਵਾਇਆ ਗਿਆ। ਬਾਕਸਰ ਆਮਿਰ ਖਾਨ ਨੇ ਗੁਰੂ ਘਰ ਵਿਖੇ ਲੰਗਰ ਵੀ ਛਕਿਆ। ਕੌਮਾਂਤਰੀ ਬਾਕਸਰ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਕਰਤਾਰਪੁਰ ਸਾਹਿਬ ਆ ਕੇ ਉਹਨਾਂ ਨੇ ਬਹੁਤ ਖ਼ੁਸ਼ੀ ਮਹਿਸੂਸ ਕੀਤੀ। **– ਬਾਬਰ ਜਲੰਧਰੀ**

# ਇੱਕ ਹੱਥ ਮਾਲਾ 'ਤੇ ਦੂਜੇ ਹੱਥ ਖੰਡੇ ਦਾ ਪ੍ਰਤੀਕ ਹੈ ਗੀਤ "ਸਾਥ ਦਿਓ ਕਿਰਸਾਨਾਂ ਦਾ"

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)**- ਸਾਊਥਾਲ ਵਸਦੇ ਡਾ. ਤਾਰਾ ਸਿੰਘ ਆਲਮ ਨੂੰ ਮੈਂ 2009 'ਚ ਨਿਰਮਲ ਜੌੜਾ ਵੀਰ ਜੀ ਦੀ ਫੇਰੀ ਮੌਕੇ ਮਿਲਿਆ। ਉਸ ਦਿਨ ਤੋਂ ਓਹਨਾਂ ਨਾਲ ਰਸਮੀ ਨਹੀਂ ਸਗੋਂ ਪਰਿਵਾਰਕ ਸਾਂਝ ਬਣੀ। ਉਹਨਾਂ ਨੂੰ ਨੇੜਿਓਂ ਦੇਖਣ ਵਾਲੇ ਜਾਣਦੇ ਹਨ ਕਿ ਹਰ ਵੇਲੇ ਗੁਰਬਾਣੀ ਵਿਚਾਰ ਨਾਲ ਜੁੜੇ ਰਹਿਣ ਵਾਲੇ, ਤੂੰ ਹੀ ਤੂੰ ਹੀ ਦੀ ਰਾਹ ਦੇ ਰਾਹੀ, ਨਿਰੰਤਰ ਲਿਖਣ ਕਾਰਜ ਵਿੱਚ ਰੁੱਝੇ ਰਹਿਣ ਵਾਲੇ, ਘਰ ਆਏ ਨੂੰ ਪਲਕਾਂ 'ਤੇ ਬਿਠਾਉਣ ਵਾਲੇ, ਘਰ ਆਏ ਅਣਜਾਣ ਨੂੰ ਵੀ ਪ੍ਰਸ਼ਾਦਾ ਛਕੇ ਬਿਨਾਂ ਮੁੜਦੇ ਨਹੀਂ ਦੇਖਿਆ। ਸਾਹਿਤਕ ਖੇਤਰ ਵਿੱਚ ਦਹਾਕਿਆਂ ਲੰਮਾ ਮੇਲ ਮਿਲਾਪ ਪਰ ਸਿਆਸਤਾਂ ਦੇ ਮੁਲੰਮੇ ਤੋਂ ਨਿਰਲੇਪ, ਹਰ ਛੋਟੇ ਵੱਡੇ ਦੇ ਪਿਆਰ ਸਤਿਕਾਰ 'ਚ ਜੁੜੇ ਹੱਥ ਤੇ ਦੁਆਵਾਂ ਅਸੀਸਾਂ ਦੇ ਟੋਕਰੇ ਝੋਲੀ ਪਾ ਕੇ ਤੋਰਨਾ ਉਹਨਾਂ ਦਾ ਸੁਭਾਅ ਹੈ। ਲਿਖਤਾਂ ਦੀ ਗੱਲ ਕਰਾਂ ਤਾਂ ਉਹਨਾਂ ਦੀਆਂ ਜ਼ਿਆਦਾਤਰ ਲਿਖਤਾਂ ਗੁਰਬਾਣੀ ਮੱਤਾਂ ਦੇ ਪ੍ਰਭਾਵ ਅਧੀਨ ਸੇਧ ਦੇਣ ਵਾਲੀਆਂ ਹਨ। ਕਿਸਾਨ ਸੰਘਰਸ਼ ਜ਼ੋਰਾਂ 'ਤੇ ਹੈ ਤਾਂ ਡਾ. ਤਾਰਾ ਸਿੰਘ ਆਲਮ ਜੀ ਦੀ ਕਲਮ ਦਾ ਮੁਹਾਣ ਦੇਖ ਕੇ ਇਉਂ ਲੱਗਿਆ ਜਿਵੇਂ ਉਹ ਆਪਣੀ ਉਮਰ ਦੇ 18ਵੇਂ 19ਵੇਂ ਸਾਲ ਦੇ ਜੋਸ਼ ਤਹਿਤ ਲਿਖ ਰਹੇ ਹੋਣ। ਬਿਨਾਂ ਸ਼ੱਕ ਉਹਨਾਂ ਦੀਆਂ ਸੈਂਕੜੇ ਰਚਨਾਵਾਂ ਸਮਾਜਿਕ, ਆਰਥਿਕ ਤੇ ਸਿਆਸੀ ਟੀਰ ਨੂੰ ਨੰਗਿਆਂ ਕਰਨ ਵਾਲੀਆਂ ਹਨ ਪਰ ਉਹਨਾਂ ਦੀ ਕਿਸੇ ਹੋਰ ਲਿਖਤ ਵਿੱਚ ਐਨਾ ਰੋਹ ਜਾਂ ਗੁੱਸੇ ਦੇ ਕਣ ਨਹੀਂ ਸਨ ਦੇਖਣ ਨੂੰ ਮਿਲੇ, ਜਿੰਨੇ ਉਹਨਾਂ ਦੇ ਲਿਖੇ ਤੇ ਹਾਲ ਹੀ ਵਿੱਚ ਲੋਕ ਅਰਪਣ ਹੋਏ ਗੀਤ "ਸਾਥ ਦਿਓ ਕਿਰਸਾਨਾਂ ਦਾ" ਵਿੱਚ ਸੁਣਨ ਨੂੰ ਮਿਲੇ। ਇਸ ਤਰ੍ਹਾਂ ਦੇ ਮਨੋਭਾਵ ਇੱਕ ਸਾਧ ਬਿਰਤੀ ਵਾਲੇ ਇਨਸਾਨ ਅੰਦਰ ਉਦੋਂ ਪੈਦਾ ਹੁੰਦੇ ਹਨ ਜਦੋਂ ਹਾਕਮ ਦੇ ਜ਼ਬਰ ਦੀ ਇੰਤਹਾ ਹੋ ਜਾਵੇ, ਸਿਖਰ ਹੋ ਜਾਵੇ। ਮੈਂ ਉਹਨਾਂ ਨਾਲ ਵਿਚਰਦੇ ਆਉਣ ਦੇ 11 ਸਾਲ ਦੇ ਸਮੇਂ ਵਿੱਚ ਉਹਨਾਂ ਦੀਆਂ ਗੱਲਾਂ, ਗੀਤਾਂ, ਰਚਨਾਵਾਂ ਵਿੱਚ ਉਹ ਤਲਖੀ, ਵੰਗਾਰ, ਰੋਹ ਨਹੀਂ ਸੀ ਦੇਖੀ, ਜੋ ਇਸ ਗੀਤ ਰਾਹੀਂ ਦੇਖਣ ਨੂੰ ਮਿਲੀ। ਹਰ ਸਾਹ ਨੂੰ ਪ੍ਰਮਾਤਮਾ ਭਗਤੀ ਲੇਖੇ ਲਾਉਣ ਵਾਲੇ ਤਾਰਾ ਸਿੰਘ ਆਲਮ ਇਸ ਤਰ੍ਹਾਂ ਵਿਚਲਿਤ ਹੋਣਗੇ ਸੁਪਨੇ ਵਿੱਚ ਵੀ ਨਹੀ ਸੋਚਿਆ ਜਾ ਸਕਦਾ। ਕਈ ਸੌ ਸਮੁੰਦਰਾਂ ਵਰਗੀ ਰਵਾਨੀ ਭਰੀ ਸੋਚ ਦੇ ਮਾਲਕ ਡਾ: ਆਲਮ ਦੀਆਂ ਲੱਗਭਗ ਅੱਧਿਓ ਵਧੇਰੇ ਕਿਤਾਬਾਂ ਦੇ ਨਾਵਾਂ ਵਿੱਚ ਵੀ ਸਮੁੰਦਰ ਸ਼ਬਦ ਦਾ ਜਿਕਰ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਉਹ ਪੰਜਾਬ,ਪੰਜਾਬੀ,ਪੰਜਾਬੀਅਤ ਨੂੰ ਸਮੁੰਦਰ ਵਾਂਗ ਵਿਸ਼ਾਲ ਅਤੇ ਠਾਠਾਂ ਮਾਰਦਾ ਦੇਖਣ ਦੇ ਕਿੰਨੇ ਇਛੁੱਕ ਹਨ। ਸ਼ਾਂਤ ਚਿੱਤ ਰਹਿ ਕੇ ਬਿਜੜੇ ਵਾਂਗ ਹਰ ਵਕਤ ਸਾਹਿਤ ਰਚਨਾ ਵਿੱਚ ਰੁੱਝੇ ਰਹਿਣ ਵਾਲੇ ਇਸ ਦਰਵੇਸ਼ ਲੇਖਕ ਦਾ ਲਿਖਿਆ ਗੀਤ " ਸਾਥ ਦਿਓ ਕਿਰਸਾਨਾਂ ਦਾ" ਇੱਕ ਹੱਥ ਮਾਲਾ ਅਤੇ ਦੂਜੇ ਹੱਥ ਖੰਡਾ ਫੜੇ ਹੋਣ ਦੀ ਤਰਜ਼ਮਾਨੀ ਕਰਦਾ ਹੈ। ਜਿੱਥੇ ਡਾ: ਤਾਰਾ ਸਿੰਘ ਆਲਮ ਨੇ ਆਪਣੇ ਦੁਖੀ ਹੋਏ ਮਨ ਰਾਹੀ ਸੰਘਰਸ਼ ਦੇ ਹੱਕ ਵਿੱਚ ਹਾਅ ਦਾ ਨਾਹਰਾ ਮਾਰਿਆ ਹੈ ਉੱਥੇ ਗਾਇਕ 'ਤੇ ਸੰਗੀਤਕਾਰ ਸੁਖਵਿੰਦਰ ਸਿੰਘ ਨੇ ਵੀ ਬੋਲਾਂ ਨਾਲ ਮੁਕੰਮਲ ਤੌਰ ਤੇ ਇਨਸਾਫ ਕੀਤਾ ਹੈ। ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਸਰਕਾਰਾਂ ਦੀਆਂ ਗਲਤ ਨੀਤੀਆਂ ਦੇ ਸਤਾਏ ਸਾਧੂ ਵਿਰਤੀ ਦੇ ਲੋਕ ਵੀ ਵਿਆਕੁਲ ਨਜ਼ਰ ਆ ਰਹੇ ਹਨ। ਡਾ. ਤਾਰਾ ਸਿੰਘ ਆਲਮ ਨੇ ਇਹ ਗੀਤ ਕਿਸਾਨ ਸੰਘਰਸ਼ ਦੌਰਾਨ ਜਾਨ ਵਾਰ ਗਏ ਬਾਬਾ ਰਾਮ ਸਿੰਘ ਜੀ ਸੀਂਘੜੇ ਵਾਲਿਆਂ ਨੂੰ ਸਮਰਪਿਤ ਕੀਤਾ ਹੈ। ਉਹਨਾਂ ਕਿਹਾ ਕਿ ਸਰਕਾਰ ਨੂੰ ਸੋਚ ਲੈਣਾ ਚਾਹੀਦਾ ਹੈ ਕਿ ਉਸ ਦੇ ਤਾਨਾਸ਼ਾਹੀ ਰਵੱਈਏ ਨੇ ਕਿੰਨੇ ਦਿਲ ਦੁਖੀ ਕੀਤੇ ਹਨ। ਇਹ ਜ਼ਿੱਦੀ ਰਵੱਈਆ ਸਰਕਾਰ ਲਈ ਕਦਾਚਿਤ ਉਚਿਤ ਨਹੀਂ ਹੈ।

## ਬਾਜਾਂ ਵਾਲਿਆ ਤੇਰੀ ਕੁਰਬਾਨੀ

ਮੇਰੇ ਕਲਗ਼ੀਆਂ ਵਾਲੇ ਪਾਤਸਾਹ
ਤੁਹਾਨੂੰ ਸ਼ਹਿਨਸ਼ਾਹ ਲਿਖਾਂ ਜਾ ਦਰਵੇਸ਼ ਕੋਈ
ਤੁਹਾਡੀ ਧੰਨ ਕੁਰਬਾਨੀ ਮੇਰੇ ਸਾਹਿਬ ਜੀ
ਨਹੀਂ ਦੇ ਸਕਦਾ ਤੁਹਾਡਾ ਦੇਣ ਕੋਈ

ਤੁਹਾਡੇ ਸਿਜ਼ਦੇ ਚ ਜੋ ਕਦੇ ਝੁੱਕਿਆ ਨਹੀਂ
ਐਸੇ ਹੋਣਾ ਨਹੀਂ ਦੁਨੀਆ ਤੇ ਸੀਸ ਕੋਈ
ਤੇਰੀ ਧੰਨ ਹੈ ਕੁਰਬਾਨੀ ਮੇਰੇ ਸਾਹਿਬ ਜੀ
ਜਿਨਾ ਤੁਸੀ ਕੀਤਾ ਨਹੀਂ ਕਰ ਸਕਦਾ ਹੋਰ ਕੋਈ

ਸਿੱਖ ਕੌਮ ਨੂੰ ਮਾਣ ਅਸੀ ਵਾਰਿਸ ਤੇਰੇ
ਤੇਰੇ ਜਿਹਾ ਨਾ ਜੱਗ ਤੇ ਬਾਪੂ ਹੋਰ ਕੋਈ
ਆਪਣੇ ਪੁੱਤਾ ਨੂੰ ਵਾਰ ਦਿੱਤਾ ਸਾਡੇ ਵਾਸਤੇ
ਤੁਹਾਡੀ ਗਿਣਤੀ ਨਹੀਂ ਕੁਰਬਾਨੀਆਂ ਦੀ ਕੋਈ

ਫੁੱਲਾਂ ਦੀ ਸੇਜ ਤੇ ਮਖਮਲੀ ਚੋਲੇ
ਅੱਜ ਲੀਰਾਂ ਹੋਇਆ ਬਾਣਾ
ਹੱਥੀਂ ਤੋਰਨੇ ਪੁੱਤਰ ਜੰਗ ਚ ਤੇਰੇ ਵਰਗਾ ਨਾ
ਬਾਜਾਂ ਵਾਲਿਆ ਸਾਹਨੀ ਕੋਈ

ਦੋ ਜੰਗ ਚ ਸ਼ਹੀਦ ਕਰਵਾ ਦਿੱਤੇ
ਦੋ ਨੀਹਾਂ ਵਿੱਚ ਚਿਣਵਾ ਦਿੱਤੇ
ਕਿੱਡਾ ਜਿਗਰਾ ਸ਼ਹਿਨਸ਼ਾਹ ਮੇਰੇ ਦਾ
ਰੱਬੀ ਨੂਰ ਏ ਜਿਵੇਂ ਨੂਰਾਨੀ ਕੋਈ

ਇੱਕ ਇੱਕ ਲਫਜ ਬਣਾ ਇਤਿਹਾਸ ਗਿਆ
ਨਾਂ ਦੁਨੀਆਂ ਤੇ ਹੋਇਆ ਨਾਂ ਹੋਣਾ ਕੋਈ
ਪੁੱਤ ਇੱਕ ਦਾ ਵਿਛੋੜਾ ਸਹਿੰਦੀ ਨਾ ਦੁਨੀਆਂ
ਵਾਰ ਸਰਬੰਸ ਗਿਆਂ ਨਹੀਂ ਹੋਣਾ ਤੇਰੇ ਜਿਹਾ ਦਾਨੀ ਕੋਈ

ਰਾਵੀ ਕਰੇ ਅਰਜੋਈ ਭੁੱਲ ਚੁੱਕੀ ਕੌਮ ਨੂੰ
ਉਹ ਮੁੜ ਆਓ ਬੇਦਾਵੇ ਅਸੀਂ ਹੋਏ ਅੱਜ
ਸਿੱਖ ਕੌਮ ਸਾਡਾ ਵਿਰਸਾ ਅਸਲੀ ਪੰਜਾਬੀਅਤ ਦਾ
ਬਾਣੀ ਬਾਣੇ ਨਾਲ ਜੁੜ ਫਿਰ ਜੇ ਲੋੜ ਪਵੇ
ਦੇਈਏ ਸ਼ਹਾਦਤਾਂ ਜਿਵੇਂ ਲਾਸਾਨੀ ਕੋਈ

**-ਰਵਨਜੋਤ ਕੌਰ ਸਿੱਧੂ ਰਾਵੀ**

91-82830-66125

### ਮਾਤਾ ਗੁਜਰੀ ਜੀ ਨੂੰ ਸਮਰਪਿਤ

## ਮੈਂ ਤਾਂ ਵੀ ਨਾ ਡੋਲੀ

ਸਮੇਂ ਨੇ ਸਤਾਇਆ, ਮੈਂ ਤਾਂ ਵੀ ਨਾ ਡੋਲੀ।
ਬੜਾ ਸਿਤਮ ਢਾਇਆ, ਮੈਂ ਤਾਂ ਵੀ ਨਾ ਡੋਲੀ।

ਮੇਰੇ ਸ਼ੌਹਰ ਬਣ ਕੇ ਸਰਿਸ਼ਟੀ ਦੀ ਚਾਦਰ,
ਜਾ ਸੀਸ ਕਟਾਇਆ, ਮੈਂ ਤਾਂ ਵੀ ਨਾ ਡੋਲੀ।

ਮੇਰੀ ਮਾਂਗ ਪੂੰਝੀ ਗਈ, ਹੋਰਾਂ ਦੀ ਖਾਤਿਰ,
ਜੇ ਵਿਧਵਾ ਕਹਾਇਆ, ਮੈਂ ਤਾਂ ਵੀ ਨਾ ਡੋਲੀ।

ਮੈਂ ਲਾਲਾਂ ਨੂੰ ਬੰਨ੍ਹੇ ਨਾ, ਸ਼ਗਨਾਂ ਦੇ ਗਾਨੇ,
ਨਾ ਘੋੜੀ ਚੜ੍ਹਾਇਆ, ਮੈਂ ਤਾਂ ਵੀ ਨਾ ਡੋਲੀ।

ਰਸੋਈਏ ਤੇ ਕਰਕੇ ਭਰੋਸਾ ਮੈਂ ਤੁਰ ਪਈ,
ਦਗ਼ਾ ਉਸ ਕਮਾਇਆ, ਮੈਂ ਤਾਂ ਵੀ ਨਾ ਡੋਲੀ।

ਮੇਰੇ ਲਾਲ ਠਰਦੇ ਰਹੇ ਬੁਰਜ ਅੰਦਰ,
ਦੁਪੱਟੇ ਲੁਕਾਇਆ, ਮੈਂ ਤਾਂ ਵੀ ਨਾ ਡੋਲੀ।

ਬਿਨਾਂ ਦੋਸ਼ ਮਾਸੂਮ ਲਾਲਾਂ ਨੂੰ; ਜ਼ਾਲਿਮ,
ਨੀਹਾਂ ਵਿਚ ਚਿਣਾਇਆ, ਮੈਂ ਤਾਂ ਵੀ ਨਾ ਡੋਲੀ।

ਮੈਂ ਸਾਂ'ਦੀਸ਼' ਗੁਜਰੀ, ਮੁਸੀਬਤ 'ਚੋਂ ਗੁਜਰੀ,
ਮੈਂ ਸਭ ਕੁੱਝਲੁਟਾਇਆ, ਮੈਂ ਤਾਂ ਵੀ ਨਾ ਡੋਲੀ।

**– ਗੁਰਦੀਸ਼ ਕੌਰ ਗਰੇਵਾਲ**
**ਕੈਲਗਰੀ**

91 98728 60488



## ਅੜਵਾਈਆਂ ਛੱਡ ਦੇ

ਚੱਲ ਹੁਣ ਤੂੰ ਅੜਵਾਈਆਂ ਛੱਡ ਦੇ।
ਕਰਦਾਂ ਜੋ ਮਨ ਆਈਆਂ ਛੱਡ ਦੇ।

ਇਹਨਾਂ ਲੁੱਟਕੇ ਦੇਸ਼ ਖਾ ਲਿਆ
ਨਾਲ ਵਪਾਰੀ ਲਾਈਆਂ ਛੱਡ ਦੇ।

ਅੰਨ ਦਾਤੇ ਨੂੰ ਪੂਜ ਲਿਆ ਕਰ
ਪੂਜਣੀਆਂ ਤੂੰ ਗਾਈਆਂ ਛੱਡ ਦੇ।

ਭੁੱਖ ਨਾ ਮਿਟਣੀ ਇਹਨਾਂ ਦੇ ਨਾਲ
ਚੱਲ ਹੁਣ ਝੂਠ ਕਮਾਈਆਂ ਛੱਡ ਦੇ।

ਤੈਨੂੰ ਇਹ ਸਭ ਸੋਂਹਦਾ ਨਹੀਓਂ
ਪਾਉਣੀਆਂ ਧਰਮੀ ਖਾਈਆਂ ਛੱਡ ਦੇ।

ਚੱਲ ਹੁਣ ਸਾਡੀ ਵੀ ਸੁਣ ਭੋਰਾ
ਮਨ ਕੀ ਬਹੁਤ ਸੁਣਾਈਆਂ ਛੱਡ ਦੇ।

ਇਹ ਬਾਜ਼ੀ ਤਾਂ ਸਾਡੀ ਹੀ ਹੈ
ਤੂੰ ਹੁਣ ਹੋਰ ਟਰਾਈਆਂ ਛੱਡ ਦੇ।

ਤੈਨੂੰ ਸ਼ਰਮ ਰਤਾ ਨਾ ਲਗਦੀ
ਪੰਗੇ ਤੂੰ ਨਾਲ ਭਾਈਆਂ ਛੱਡ ਦੇ।

ਕਰਮਾਂ ਦੇ ਨਾਲ ਪਿਆਸ ਬੁਝਾ ਹੁਣ
ਗੱਲਾਂ ਨਾਲ ਤਰਾਈਆਂ ਛੱਡ ਦੇ।

ਤੇਰੀ ਪੇਸ਼ ਨਾ ਚੱਲਣ ਦੇਣੀ
ਜੁਗਤਾਂ ਕੁੱਲ ਬਣਾਈਆਂ ਛੱਡ ਦੇ।

ਆਪੇ ਚੰਗਾ ਬਣ ਬਣ ਬਹਿਨਾਂ
ਅਪਣੇ ਮੂੰਹ ਵਡਿਆਈਆਂ ਛੱਡ ਦੇ।

ਤੈਨੂੰ ਕੁਰਸੀ ਨੇ ਲੈ ਬਹਿਣਾ
ਜੱਫੀਆਂ ਇਸਨੂੰ ਪਾਈਆਂ ਛੱਡ ਦੇ।

**– ਹਰਦੀਪ ਬਿਰਦੀ**

91-90416-00900



## ਬੀਂਡੀ ਬਣੇ ਪੰਜਾਬੀ !

ਮੁੱਢ ਬੰਨ੍ਹਿਆਂ ਤੁਸੀਂ ਸੰਘਰਸ਼ ਵਾਲਾ
ਸਾਰੇ ਵਰਗਾਂ ਦੇ ਭਲੇ ਦਾ ਕਾਜ ਵੀਰੋ।

ਬੀ ਫੁੱਟ ਦੇ ਬੀਜਣ ਨੂੰ ਫਿਰੇ ਹਾਕਮ
ਆਉਂਦੀ ਏਕੇ ਦੀ ਰਹੇ ਅਵਾਜ਼ ਵੀਰੋ।

ਦੇਵੋ ਬਦਲ ਸਿਰਨਾਵੇਂ ਸਿਆਸਤਾਂ ਦੇ
ਸਜੇ 'ਨਵੇ' ਹੀ ਸਿਰਾਂ 'ਤੇ ਤਾਜ ਵੀਰੋ।

ਸੋਸ਼ਲ ਮੀਡ੍ਹੀਆ ਕਰੇ ਨਿਸ਼ਕਾਮ ਸੇਵਾ
'ਗੋਦੀ-ਕਿਆਂ' ਦੇ ਖੋਲ੍ਹਦਾ ਪਾਜ ਵੀਰੋ।

ਦੁਨੀਆਂ ਭਰ 'ਚ ਵਸੇ ਪ੍ਰਵਾਸੀਆਂ ਨੂੰ
ਮਣਾ-ਮੂੰਹੀਂ ਭਰਾਵਾਂ 'ਤੇ ਨਾਜ ਵੀਰੋ।

ਵੇਲਾ ਜੰਗੇ ਅਜ਼ਾਦੀ ਦਾ ਯਾਦ ਕਰਕੇ
ਬੀਂਡੀ ਬਣਨ ਦੀ ਰੱਖਿਓ ਲਾਜ ਵੀਰੋ!

**ਤਰਲੋਚਨ ਸਿੰਘ 'ਦੁਪਾਲ ਪੁਰ'**

001-408-915-1268



## ਕਿਸਾਨ-ਮਜ਼ਦੂਰ ਸੰਘਰਸ਼

ਖੇਤਾਂ ਵਾਲਿਉ .....
ਅਸੀਂ-
ਖੇਤ-ਵਿਹੂਣੇ ਲੋਕ
ਤੁਹਾਡੇ ਨਾਲ ਖੜ੍ਹੇ ਹਾਂ।

ਬੀਜਣ ਤੋਂ ਵੱਡਣ ਤੱਕ
ਤੁਹਾਡੇ ਨਾਲ ਹੀ ਸਦਾ
ਜੇਠ ਹਾੜ ਦੀਆਂ
ਲੂੰਹਦੀਆਂ ਧੁੱਪਾਂ 'ਚ ਸੜੇ ਹਾਂ।
ਤੁਹਾਡੇ ਨਾਲ ਹੀ ਸਦਾ
ਪੋਹ ਮਾਘ ਦੀਆਂ
ਠੰਡੀਆਂ ਰਾਤਾਂ ਦੀ ਭੇਟ ਚੜ੍ਹੇ ਹਾਂ।

ਫਿਕਰ ਕੇਵਲ
ਤੁਹਾਡੇ ਖੇਤ
ਖੁੱਸ ਜਾਣਦਾ ਹੀ ਨਹੀਂ
ਫਿਕਰ ਸਾਡੇ-
ਚੁੱਲ੍ਹਿਆਂ ਦੀ-
ਅੱਗ ਬੁੱਝਣ ਦਾ ਵੀ ਹੈ।

ਫਿਕਰ ਸਾਡੇ
ਹੱਸਦੇ ਵੱਸਦ
ਪਿੰਡ ਉੱਜੜਨ ਦਾ ਵੀ ਹੈ।
ਫਿਕਰ ਸਾਡੀ
ਜਮਹੂਰੀਅਤ ਦੇ
ਪਰ ਕੁਤਰਨ ਦਾ ਵੀ ਹੈ।
ਫਿਕਰ ਸਾਡਾ
ਸੱਚਾ ਸੁੱਚਾ
ਸੰਵਿਧਾਨ ਬਦਲਨ ਦਾ ਵੀ ਹੈ।

ਜਦੋਂ ਵੀ ਕਦੇ;
ਪਿੰਡ ਤੇ ਭੀੜ ਬਣੀ ਹੈ।
ਤੁਰੇ ਹਾਂ
ਅਸੀਂ ਵੀ ਤਾਂ
ਤਾਣ ਕੇ ਮੁੱਕੇ।
ਸਾਡੇ ਮੁੰਡਿਆਂ ਨਾਲ ਵੀ
ਤਾਂ ਹੁੰਦੇ ਰਹੇ ਨੇ
ਝੂਠੇ ਪੁਲਸ ਮੁਕਾਬਲੇ
ਭੀੜੇ ਪੁਲਾਂ ਦੇ ਉੱਤੇ।

ਖੇਤਾਂ ਦੇ ਪੁੱਤ
'ਪਾਸ਼' ਤੋਂ ਪੁੱਛੋ
ਤੁਹਾਡੇ ਬੋਹਲ਼ਾਂ ਦੀ ਰਾਖੀ
ਕਰਦਾ ਰਿਹਾ ਹੈ
ਖੇਤ-ਵਿਹੂਣੇ-
ਕੰਮੀਆਂ ਦਾ ਪੁੱਤ ਵੀ ਤਾਂ-
'ਸੰਤ ਰਾਮ ਉਦਾਸੀ'।
ਇਨਟੈਰੋਗੇਸ਼ਨ ਸੈਂਟਰਾਂ ਵਿੱਚ
ਸਹਿੰਦਾ ਰਿਹਾ ਹੈ
ਪੁਲਸ ਦਾ ਤਸ਼ੱਦਦ।
ਸਿਰ ਤਲੀ ਤੇ ਧਰਕੇ
ਕਰਦਾ ਰਿਹਾ ਹੈ
ਲੋਕ ਘੋਲਾਂ ਦੀ ਮੱਦਦ।

ਜਦੋਂ ਵੀ ਕਦੇ
ਹਿੰਦ ਦੀ ਚਾਦਰ
ਮੈਲੀ ਹੋਣ ਨੂੰ ਆਈ
ਪਹੁੰਚੇ ਅਸੀਂ&; ਵੀ ਦਿੱਲੀ
ਨੌਵੇਂ ਨਾਨਕ ਦੇ ਨਾਲ
ਚੱਲੇ ਸਿਰਾਂ ਤੇ ਆਰੇ
ਉਬੱਲੇ ਦੇਗਾਂ ਦੇ ਵਿੱਚ
ਜਾਨਾਂ ਵਾਰੀਆਂ ਅਸੀਂ
ਨੌਵੇਂ ਨਾਨਕ ਦੇ ਨਾਲ।

ਉਨ੍ਹਾਂ ਕੁਰਬਾਨੀਆਂ ਸਦਕਾ ਹੀ;
ਅੱਜ ਜਨੇਊ ਜੀਂਦੇ ਨੇ।
ਉਨ੍ਹਾਂ ਕੁਰਬਾਨੀਆਂ ਸਦਕਾ ਹੀ
ਮੱਥੇ ਤਿਲਕ ਦੀਂਦੇ ਨੇ।

ਚਾਂਦਨੀ ਚੌਕ ਤੋਂ ਪੁੱਛੋ
ਅਨੰਦਪੁਰ ਕਿੱਲ੍ਹੇ ਤੋਂ ਪੁੱਛੋ
ਗੜ੍ਹੀ ਚਮਕੌਰ ਤੋਂ ਪੁੱਛੋ
ਜੰਗ-ਏ-ਆਜ਼ਾਦੀ ਤੋਂ ਪੁੱਛੋ
ਸਦਾ ਹੀ-
ਲੋਕਾਂ ਦੇ ਨਾਲ ਖੜ੍ਹੇ ਹਾਂ
ਅੱਗੇ ਹੋ ਕੇ ਲੜੇ ਹਾਂ

ਖੇਤਾਂ ਵਾਲਿਉ ...
ਅਸੀਂ-
ਖੇਤ-ਵਿਹੂਣੇ ਲੋਕ
ਅੱਜ ਵੀ -
ਤੁਹਾਡੇ ਨਾਲ ਖੜ੍ਹੇ ਹਾਂ।

ਤੁਸੀਂ ਬੱਸ
ਸ਼ਾਂਤਮਈ ਰਹਿਣਾ।
ਮਿੱਤਰ ਪਿਆਰੇ ਨੂੰ
ਹਾਲ ਮੁਰੀਦਾਂ ਦਾ ਕਹਿਣਾ
ਲੜਾਂਗੇ
ਜਦੋਂ ਤੱਕ
ਤੁਹਾਡੀ ਪੈਲੀ
ਤੇ ਅੱਖ ਮੈਲੀ
ਚੁੰਧਿਆ ਨਹੀਂ ਜਾਂਦੀ
ਤੁਹਾਡੇ ਚਾਵਾਂ ਦੀ ਫਸਲ
ਤੁਹਾਡੇ ਘਰ ਅੰਦਰ
ਆ ਨਹੀਂ ਜਾਂਦੀ।

**– ਤਰਲੋਕ ਸਿੰਘ ਚੌਹਾਨ**

91-98142-10847

## ਅੰਨ ਦਾਤਾ

ਦੇਸ਼ ਮੇਰੇ ਦਾ ਅੰਨ ਦਾਤਾ ਲਾਚਾਰ ਹੋ ਗਿਆ ।
ਘਰੋਂ ਜਾ ਦਿੱਲੀ ਘੇਰਨ ਨੂੰ ਤਿਆਰ ਹੋ ਗਿਆ।
ਸੁਣ-ਸੁਣ ਝੂਠੇ ਵਾਇਦੇ ਵੱਡਾ ਭੰਡਾਰ ਹੋ ਗਿਆ।
ਦੇਸ਼ ਮੇਰੇ ਦਾ ਅੰਨ ਦਾਤਾ ਲਾਚਾਰ ਹੋ ਗਿਆ ।

ਆਏ ਕਾਲੇ ਬਿੱਲਾਂ ਨੇ ਮਾਰ ਦੇਣੀ ਕਿਸਾਨੀ ਏ,
ਕਾਰਪੋਰੇਟਾਂ ਕਰਕੇ ਲੁੱਟ ਜ਼ਮੀਨ ਲੈ ਜਾਣੀ ਏ।
ਸਮਝ ਆਈ ਕਹਾਣੀ ਰੋਹ ਸਵਾਰ ਹੋ ਗਿਆ,
ਦੇਸ਼ ਮੇਰੇ ਦਾ ਅੰਨ ਦਾਤਾ ਲਾਚਾਰ ਹੋ ਗਿਆ ।

ਚੁੱਕ-ਚੁੱਕ ਬੈਰੀਕੇਡ ਵਾਂਗ ਗੇਂਦ ਉਡਾਏ ਇਹਨੇ,
ਟਨਾਂ ਭਾਰੇ ਪੱਥਰ ਖਿੱਚ-ਖਿੱਚ ਕੇ ਹਟਾਏ ਇਹਨੇ।
ਅਥਰੂ ਗੋਲੇ ਚੀਰਦਾ ਇਹ ਤਾਂ ਪਾਰ ਹੋ ਗਿਆ,
ਦੇਸ਼ ਮੇਰੇ ਦਾ ਅੰਨ ਦਾਤਾ ਲਾਚਾਰ ਹੋ ਗਿਆ ।

ਦਿੱਲੀ ਘੇਰ ਬਾਰਡਰਾਂ ਤੇ ਜਾ ਕੇ ਬਹਿ ਗਿਆ,
ਤਾਨਾਸ਼ਾਹ ਹੋਇਆ ਰਾਜ ਦਿਲ ਤੋਂ ਲਹਿ ਗਿਆ।
ਨਾਹਰੇ ਸੁਣ-ਸੁਣ ਸਾਰੇ ਦੇਸ਼ ਹਾਹਾਕਾਰ ਹੋ ਗਿਆ,
ਦੇਸ਼ ਮੇਰੇ ਦਾ ਅੰਨ ਦਾਤਾ ਲਾਚਾਰ ਹੋ ਗਿਆ ।

ਸਰਕਾਰ ਮੰਨੇ ਸੋਧਾਂ ਕਿਸਾਨ ਅਗੋਂ ਅੜ ਗਏ,
ਤਿੰਨੇ ਬਿਲ ਕਰਾਉਣੇ ਰੱਦ ਸੱਚ ਤੇ ਖੜ ਗਏ ।
ਇਕੱਠ ਮਾਰੇ ਠਾਠਾਂ ਦਿਲੀ ਨੂੰ ਬੁਖ਼ਾਰ ਹੋ ਗਿਆ,
ਦੇਸ਼ ਮੇਰੇ ਦਾ ਅੰਨ ਦਾਤਾ ਲਾਚਾਰ ਹੋ ਗਿਆ ।



ਪੰਜਾਬ ਸਦਾ ਉਠ ਫ਼ਤਿਹ ਪਾਈ ਹੈ ਦਿਲੀਏ,
ਜਿੰਦ ਦੇਈਏ ਲਾ ਲੇਖੇ ਲੈ ਜਿੱਤ ਹੀ ਹਿਲੀਏ ।
ਨਾ ਪਰਖ ਜੇਰਾ ਤੇਰਾ ਇਤਬਾਰ ਖੋਹ ਗਿਆ,
ਦੇਸ਼ ਮੇਰੇ ਦਾ ਅੰਨ ਦਾਤਾ ਲਾਚਾਰ ਹੋ ਗਿਆ ।

**– ਰਬਿੰਦਰ ਸ਼ਰਮਾ**

## ਮਿੰਨੀ ਕਹਾਣੀ/ ਡੂੰਘਾ ਜ਼ਖ਼ਮ

ਆਸਮਾਨ 'ਚ ਕੂੰਜਾਂ ਦੀ ਡਾਰ ਉਡਦੀ ਹੋਈ ਸ਼ਾਮ ਵੇਲੇ ਆਪਣਿਆਂ ਆਲ੍ਹਣਿਆਂ ਵੱਲ੍ਹ ਨੂੰ ਵਾਪਸ ਪਰਤ ਰਹੀ ਸੀ। ਉਸ ਡਾਰ ਦੀ ਇਕ ਕੂੰਜ ਧਰਤੀ ਵੱਲ ਵੇਖ ਕੇ ਆਪਣੀਆਂ ਸਾਥਣ ਕੂੰਜਾਂ ਨੂੰ ਬੋਲੀ, "ਭੈਣੋਂ, ਔਹ 'ਕੱਠ ਦੇਖ ਰਹੀਆਂ ਹੋ, ਇਹ ਓਹੀ ਕਿਸਾਨ ਨੇ ਜਿਨ੍ਹਾਂ ਦੀਆਂ ਪੈਲੀਆਂ 'ਚੋਂ ਆਪਾਂ ਹਰ ਰੋਜ ਚੋਗਾ ਚੁਗ ਕੇ ਲਿਆਉਂਦੀਆਂ ਹਾਂ।'' "ਹਾਂ ਭੈਣੇ, ਇਹ ਤਾਂ ਓਹੀ ਕਿਸਾਨ ਨੇ, ਪਰ ਇਹ ਏਥੇ 'ਕੱਠੇ ਕਿਉਂ ਹੋਏ ਨੇ'' ਦੂਸਰੀ ਕੂੰਜ ਬੋਲੀ।

"ਇਹ ਤਾਂ ਮੈਨੂੰ ਵੀ ਨ੍ਹੀ ਪਤਾ ਭੈਣੇ, ਪਰ ਜਿਹੜਾ ਕਿਸਾਨ ਖੇਤ ਵਿੱਚ ਸੱਟ ਲੱਗਣ 'ਤੇ ਸੱਟ ਉੱਤੇ ਖੇਤ ਦੀ ਮਿੱਟੀ ਲਗਾ ਲੈਂਦਾ ਹੈ ਪਰ ਘਰੇ ਨਹੀਂ ਜਾਂਦਾ, ਉਹ ਕਿਸਾਨ ਸੈਂਕੜੇਂ ਮੀਲ ਦੂਰ ਦਿੱਲੀ ਤੱਕ ਆਇਆ ਹੈ, ਇਸ ਦਾ ਮਤਲਬ ਕਿਸੇ ਨੇ ਕਿਸਾਨਾਂ ਨੂੰ ਜਖ਼ਮ ਬਹੁਤ ਡੂੰਘਾ ਦਿੱਤਾ ਹੈ'' ਪਹਿਲੀ ਕੂੰਜ ਫਿਰ ਬੋਲੀ।



**ਤਸਵਿੰਦਰ ਸਿੰਘ ਬੜੈਚ**

91-98763-22677

## ਨਿੱਘੇ ਬੁੱਲੇ

ਗਰਮ ਸੂਟ 'ਚ ਲਿਪਟੀ
ਸੱਤਾ-ਨਸ਼ੇ 'ਚ ਧੁੱਤ ਕੁਰਸੀ
ਸੜਕ 'ਤੇ
ਬੇਪਰਵਾਹੀ ਦੇ ਕੰਬਲ਼ 'ਚ ਬੈਠੇ
ਕਿਸਾਨ-ਅੰਦੋਲਨ ਨੂੰ ਪੁੱਛਣ ਲੱਗੀ:
''ਠੰਢ ਨਹੀਂ ਲਗਦੀ...?''
"ਨਹੀ...।''
"ਕਿਉਂ ?... ਏਨੀ ਸਰਦੀ ਹੈ...।''
"ਨਿੱਘੇ-ਨਿੱਘੇ ਬੁੱਲੇ ਆ ਰਹੇ ਐ...।''
"ਕਿੱਥੋਂ ...?''
"ਠੰਢੇ ਬੁਰਜ ਵਿੱਚੋਂ ....।''
ਗਰਮ ਸੂਟ 'ਚ ਲਿਪਟੀ
ਸੱਤਾ-ਨਸ਼ੇ 'ਚ ਧੁੱਤ ਕੁਰਸੀ ਕੰਬਣ ਲੱਗੀ...

**– ਸੁਰਿੰਦਰ ਸੋਹਲ**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



ਭਾਰਤ ਸਰਕਾਰ ਵੱਲੋਂ ਲਾਗੂ ਕੀਤੇ ਗਏ ਤਿੰਨੇ ਕਿਸਾਨ ਵਿਰੋਧੀ ਬਿਲਾਂ ਦਾ ਵਿਰੋਧ ਕਰਦਿਆਂ ਅਸੀਂ ਕੇਂਦਰ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਉਪਰੋਕਤ ਤਿੰਨੇ ਬਿਲ ਵਾਪਸ ਲਏ ਜਾਣ ਅਤੇ ਅੰਨਦਾਤਾ ਕਿਸਾਨਾਂ ਦੇ ਹਿੱਤਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਜੀ।

# ਸ.ਕੁਲਤਾਰ ਸਿੰਘ ਚੀਮਾ







ਭਾਰਤ ਸਰਕਾਰ ਵੱਲੋਂ ਲਾਗੂ ਕੀਤੇ ਗਏ ਤਿੰਨੇ ਕਿਸਾਨ ਵਿਰੋਧੀ ਬਿਲਾਂ ਦਾ ਵਿਰੋਧ ਕਰਦਿਆਂ ਅਸੀਂ ਕੇਂਦਰ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਉਪਰੋਕਤ ਤਿੰਨੇ ਬਿਲ ਵਾਪਸ ਲਏ ਜਾਣ ਅਤੇ ਅੰਨਦਾਤਾ ਕਿਸਾਨਾਂ ਦੇ ਹਿੱਤਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਜੀ।

# ਕਰਮ ਸਿੰਘ ਬੈਂਸ




ਭਾਰਤ ਸਰਕਾਰ ਵੱਲੋਂ ਲਾਗੂ ਕੀਤੇ ਗਏ ਤਿੰਨੇ ਕਿਸਾਨ ਵਿਰੋਧੀ ਬਿਲਾਂ ਦਾ ਵਿਰੋਧ ਕਰਦਿਆਂ ਅਸੀਂ ਕੇਂਦਰ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਉਪਰੋਕਤ ਤਿੰਨੇ ਬਿਲ ਵਾਪਸ ਲਏ ਜਾਣ ਅਤੇ ਅੰਨਦਾਤਾ ਕਿਸਾਨਾਂ ਦੇ ਹਿੱਤਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਜੀ।

# ਸਰਬਜੀਤ ਸਿੰਘ (ਸੱਬਾ ਥਿਆੜਾ)







ਭਾਰਤ ਸਰਕਾਰ ਵੱਲੋਂ ਲਾਗੂ ਕੀਤੇ ਗਏ ਤਿੰਨੇ ਕਿਸਾਨ ਵਿਰੋਧੀ ਬਿਲਾਂ ਦਾ ਵਿਰੋਧ ਕਰਦਿਆਂ ਅਸੀਂ ਕੇਂਦਰ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਉਪਰੋਕਤ ਤਿੰਨੇ ਬਿਲ ਵਾਪਸ ਲਏ ਜਾਣ ਅਤੇ ਅੰਨਦਾਤਾ ਕਿਸਾਨਾਂ ਦੇ ਹਿੱਤਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਜੀ।

# ਤੀਰਥ ਸਿੰਘ ਸੋਹਲ

# ਕਥਾ : ਮਹਾਨ ਸ਼ਹੀਦ ਭਾਈ ਸੰਗਤ ਸਿੰਘ ਜੀ ਦੀ

ਸਿਦਕ ਨੂੰ ਪਾਲਣ ਅਤੇ ਸ਼ਹਾਦਤ ਦਾ ਚਾਅ ਕਰਨ ਵਾਲੇ ਸਿੱਖ ਇਤਿਹਾਸ ਦੀ ਲਾਸਾਨੀ ਸ਼ਹਾਦਤ ਸਬੰਧੀ ਵਿਚਾਰਦਿਆਂ ਹੈਰਾਨੀ ਹੁੰਦੀ ਹੈ ਕਿ ਕਿਵੇਂ ਸੂਰਮੇ ਆਪਣੇ ਗੁਰੂ ਖਾਤਰ ਜਾਂ ਗੁਰੂ ਦੀ ਥਾਵੇਂ ਸਿਰ ਵਾਰ ਜਾਂਦੇ ਹਨ। ਪਰ ਇਹ ਜਜ਼ਬਾ ਕੋਈ ਦਿਨਾਂ ਮਹੀਨਿਆਂ ਵਿੱਚ ਪੈਦਾ ਨਹੀਂ ਹੁੰਦਾ ਇਸ ਵਿੱਚ ਪਰਿਵਾਰਕ ਵਿਰਸੇ ਦਾ ਵੀ ਬਹੁਤ ਮਹੱਤਵ ਹੁੰਦਾ ਹੈ ਕਿ ਪੀੜ੍ਹੀ ਦਰ ਪੀੜ੍ਹੀ ਸ਼ਰਧਾ, ਪ੍ਰਤੀਬੱਧਤਾ ਅਤੇ ਸੂਰਬੀਰਤਾ ਪਲ਼ਦੀ ਹੈ। ਕੁਰਬਾਨੀਆਂ ਦੇ ਇਤਿਹਾਸ ਨੂੰ ਵਿਚਾਰਦਿਆਂ ਇਕ ਅਜਿਹੀ ਲਾਸਾਨੀ ਕੁਰਬਾਨੀ ਦਾ ਵਿਸਥਾਰ ਹੈ ਮਹਾਨ ਸ਼ਹੀਦ ਭਾਈ ਸੰਗਤ ਸਿੰਘ ਜੀ ਦਾ ਜੀਵਨ ਅਤੇ ਨਿਭਾਏ ਗਏ ਸਿਦਕ, ਸਿਰੜ ਦੀ ਵਾਰ ਵਾਰ ਚੇਤੇ ਕਰਨ ਵਾਲੀ ਕਥਾ। ਜੋ ਸਦੀਆਂ ਤੱਕ ਆਪਣੇ ਸੱਚੇ ਮਕਸਦ ਵਾਸਤੇ ਲੜਨ ਵਾਲਿਆਂ ਦੀ ਅਗਵਾਈ ਕਰਦੀ ਰਹੇਗੀ। ਜੋ ਸੱਚ ਖਾਤਰ ਹਨੇਰਿਆਂ ਦੇ ਖਿਲਾਫ ਲੜਨ ਦਾ ਜਜ਼ਬਾ ਬਣੀ ਰਹੇਗੀ।

ਸਿੱਖ ਇਤਿਹਾਸ ਦੇ ਸੂਰਮੇ ਸ਼ਹੀਦ ਭਾਈ ਸੰਗਤ ਸਿੰਘ ਜੀ ਦੀ ਜਿਨ੍ਹਾਂ ਨੂੰ ਸੰਗਤ ਸਿੰਘ ਬੰਗੇਸਰ ਕਰਕੇ ਵੀ ਇਤਿਹਾਸ ਵਿੱਚ ਯਾਦ ਕੀਤਾ ਜਾਂਦਾ ਹੈ। ਪਹਿਲਾਂ ਭਾਈ ਸੰਗਤ ਸਿੰਘ ਜੀ ਦੇ ਪਿਛੋਕੜ ਵੱਲ ਨਿਗਾਹ ਮਾਰਨੀ ਚਾਹੀਦੀ ਹੈ ਕਿ ਕਿਸੇ ਦੇ ਰੋਮ ਰੋਮ ਵਿੱਚ ਭੈਅ ਮੁਕਤ ਸੂਰਬੀਰਤਾ ਕਿਵੇਂ ਰਚਦੀ ਹੈ। ਕਿਵੇਂ ਕੁਰਬਾਨੀ ਦਾ ਜਜ਼ਬਾ ਪੈਦਾ ਹੁੰਦਾ ਹੈ, ਕਿ ਇਨਸਾਨ ਸਾਹਮਣੇ ਦਿਸਦੀ ਮੌਤ ਦੇਖ ਕੇ ਬਚਣ ਦੀ ਬਜਾਏ ਮਾਣ ਭਰੀ ਖੁਸ਼ੀ ਨਾਲ ਜਾਨ ਵਾਰਨ ਲਈ ਤਿਆਰ ਹੋ ਜਾਂਦਾ ਹੈ। ਯਾਦ ਰਹੇ ਅਜਿਹੇ ਸੂਰਮੇ ਹੀ ਇਤਿਹਾਸ ਦੇ ਥੰਮ ਬਣਦੇ ਹਨ। ਆਉਣ ਵਾਲੀਆਂ ਪੀੜ੍ਹੀਆਂ ਅਜਿਹੇ ਸੂਰਮਿਆਂ ਨੂੰ ਯਾਦ ਹੀ ਨਹੀਂ ਰੱਖਦੀਆਂ ਸਗੋਂ ਉਨ੍ਹਾਂ ਨੂੰ ਆਪਣਾ ਪ੍ਰੇਰਨਾ ਸ੍ਰੋਤ ਵੀ ਮੰਨਦੀਆਂ ਹਨ ਤਾਂ ਕਿ ਆਪਣੇ ਜੁਝਾਰੂ ਵਿਰਸੇ ਨੂੰ ਜੀਊਂਦਾ ਰੱਖਿਆ ਜਾ ਸਕੇ ਅਤੇ ਅੱਗੇ ਤੋਰਿਆ ਜਾ ਸਕੇ।



ਕੇਹਰ ਸ਼ਰੀਫ
+49 173 3546050

ਇਤਿਹਾਸ ਵਿੱਚ ਭਾਈ ਸੰਗਤ ਸਿੰਘ ਜੀ ਦੇ ਪਰਿਵਾਰ ਦਾ ਗੁਰੂ ਘਰ ਵੱਲ ਸ਼ਰਧਾ ਭਰਪੂਰ ਸਨੇਹ ਬਹੁਤ ਪਹਿਲਾਂ ਜੁੜ ਜਾਂਦਾ ਹੈ। ਜਦੋਂ ਸਿੱਖਾਂ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ 'ਗੁਰੂ ਕਾ ਚੱਕ' ਭਾਵ ਅਮ੍ਰਿਤਸਰ ਵਸਾਇਆ ਤਾਂ ਗੁਰੂ ਸੇਵਾ ਅਤੇ ਗੁਰੂ ਦਰਸ਼ਨਾਂ ਵਾਸਤੇ ਬਹੁਤ ਸਾਰੀਆਂ ਸੰਗਤਾਂ ਦੂਰ ਦੁਰਾਡੇ ਤੋਂ ਵੀ ਆਇਆ ਕਰਦੀਆਂ ਸਨ। ਗੁਰੂ ਦੀ ਮਹਿਮਾਂ ਸੁਣ ਕੇ ਗਰੀਬ ਪਰਿਵਾਰ ਵੀ ਇਸ ਪਾਸੇ ਵੱਲ ਤੁਰਨ ਲੱਗ ਪਏ ਸਨ। ਇਨ੍ਹਾਂ ਗਰੀਬ ਪਰਿਵਾਰਾਂ ਵਿੱਚ ਕੱਪੜਾ ਬੁਣਨ ਦਾ ਕੰਮ ਕਰਨ ਵਾਲੇ ਕਿਰਤੀ ਭਾਈ ਜਰਨੈਲ ਦਾ ਪਰਿਵਾਰ ਵੀ ਸੀ। ਗੁਰੂ ਰਾਮ ਦਾਸ ਜੀ ਨੇ ਆਪਣੀ ਸੰਗਤ ਵਿੱਚੋਂ ਜਾਤ ਪਾਤ ਨੂੰ ਸਦਾ ਲਈ ਖਤਮ ਕਰਨ ਵਾਸਤੇ ਇਕ ਦਿਨ ਧਾਰਮਿਕ ਦੀਵਾਨ ਤੋਂ ਬਾਅਦ ਭਾਈ ਜਰਨੈਲ ਜੀ ਤੇ ਉਨ੍ਹਾਂ ਨਾਲ ਆਈ ਸੰਗਤ ਦੀ ਸੇਵਾ ਭਾਵਨਾ ਤੋਂ ਅਤਿ ਪਰਸੰਨ ਹੋ ਕੇ ਆਪਣੇ ਕੋਲ ਬੁਲਾ ਕੇ 'ਸਿਰੋਪਾਉ' ਦੀ ਦੀ ਬਖਸ਼ਿਸ਼ ਕਰਦਿਆਂ ਸੰਗਤਾਂ ਨੂੰ ਹੁਕਮ ਕੀਤਾ ਕਿ ਇਹ ਸਿੱਖ ਮੇਰੇ ਨਾਮ ਨਾਲ ਰਾਮਦਾਸੀਏ ਕਰਕੇ ਜਾਣੇ ਜਾਣ। ਰਾਮਦਾਸੀਏ ਦਾ ਲਕਬ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਕਰਕੇ ਪ੍ਰਾਪਤ ਹੋਇਆ। ਇੱਥੇ ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਗੁਰੂ ਨਾਨਕ ਦੇਵ ਜੀ ਵਲੋਂ ਸਿੱਖ ਧਰਮ ਦੇ ਆਰੰਭ ਵੇਲੇ ਤੋਂ ਹੀ ਸਮਾਜਿਕ ਬੁਰਾਈਆਂ ਦਾ ਡਟ ਕੇ ਵਿਰੋਧ ਕੀਤਾ ਗਿਆ ਜਦੋਂ ਕਿ ਸਮਾਜ ਵਿਰੋਧੀ ਅੰਸਰਾਂ ਵਲੋਂ ਕਿਸੇ ਧਰਮ ਦੇ ਨਾਂ ਹੇਠ ਸਮਾਜ ਨੂੰ ਵਰਣਾਂ ਵਿੱਚ ਵੰਡਿਆ ਹੋਇਆ ਸੀ ਤਾਂ ਬਾਬੇ ਨਾਨਕ ਨੇ ਕਿਹਾ ਸੀ 'ਚਾਰਿ ਵਰਨਿ ਇਕੁ ਵਰਨਿ ਕਰਾਇਆ' ਕਿ ਜਾਤਪਾਤ ਦਾ ਭੇਦ ਭਾਵ ਮਿਟਾ ਕੇ ਪੰਗਤ ਤੇ ਸੰਗਤ ਵਿੱਚ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਸਿਧਾਂਤ ਪ੍ਰਚਾਰਿਆ ਸੀ। 'ਏਕ ਪਿਤਾ ਏਕਸ ਕੇ ਹਮ ਬਾਰਿਕ'। ਜੇ ਇਸ ਤੋਂ ਵੀ ਪਿੱਛੇ ਜਾਣਾ ਹੋਵੇ ਤਾਂ ਭਗਤੀ ਲਹਿਰ ਦੇ ਸਮੇਂ ਵੱਲ ਨਿਗਾਹ ਮਾਰ ਲੈਣੀ ਚਾਹੀਦੀ ਹੈ ਕਿ ਭਗਤੀ ਲਹਿਰ ਦਾ ਮੁੱਖ ਮਕਸਦ ਵੀ ਪਾਈਆਂ ਵੰਡੀਆਂ ਨੂੰ ਨਕਾਰਨਾ ਅਤੇ ਮਨੁੱਖਾਂ ਦੀ ਬਰਾਬਰੀ ਦਾ ਪ੍ਰਚਾਰ ਕਰਨਾ ਹੀ ਸੀ। ਭਗਤੀ ਲਹਿਰ ਦੇ ਇਸ ਬੁਨਿਆਦੀ ਫਲਸਫੇ ਨੂੰ ਅੱਜ ਵੀ ਮਨੁੱਖੀ ਅਧਿਕਾਰਾਂ ਦੀਆਂ ਲਹਿਰਾਂ ਕਰਕੇ ਜਾਣਿਆ ਜਾਂਦਾ ਹੈ। ਦਰਅਸਲ, ਸਿਧਾਂਤਕ ਪੱਖੋਂ ਭਗਤੀ ਲਹਿਰ ਹੀ ਸਿੱਖ ਧਰਮ ਦੀ ਬੁਨਿਅਦ ਆਖੀ ਜਾ ਸਕਦੀ ਹੈ।

ਇੱਥੇ ਇਕ ਹੋਰ ਨੁਕਤੇ ਬਾਰੇ ਵਿਚਾਰ ਕਰਨੀ ਬਹੁਤ ਜਰੂਰੀ ਹੈ ਜਿਸ ਬਾਰੇ ਗੁਰੂ ਨਾਮ ਲੇਵਾ ਸੰਗਤਾਂ ਨੂੰ ਅਤੇ ਧਾਰਮਿਕ ਸੰਸਥਾਵਾਂ ਦੇ ਪ੍ਰਬੰਧਕਾਂ ਨੂੰ ਖਾਸ ਤੌਰ ਤੇ ਸੋਚਣਾ ਬਣਦਾ ਹੈ, ਸਿਰੋਪਾਉ ਭਾਵ ਸਿਰੋਪਾ ਬਾਰੇ। ਗੁਰੂ ਸਾਹਿਬ ਵੇਲੇ ਧਾਰਮਿਕ ਪੱਧਰ ਤੇ ਸੇਵਾ ਭਾਵ ਵਾਲੇ ਲੋਕਾਂ ਨੂੰ ਹੀ ਸਿਰੋਪਾਉ / ਸਿਰੋਪਾ ਦੀ ਬਖਸ਼ਿਸ਼ ਕੀਤੀ ਜਾਂਦੀ ਸੀ- ਉਹ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ ਅਤੇ ਗੁਰੂ ਘਰ ਦੇ ਗ੍ਰੰਥੀ (ਗੁਰੂ ਘਰ ਦਾ ਵਜ਼ੀਰ) ਵਲੋਂ। ਅੱਜ ਜੋ ਹਾਲ ਸਿਰੋਪਾ ਦਾ ਹੋਇਆ ਪਿਆ ਹੈ ਜਾ ਹੋਈ ਜਾ ਰਿਹਾ ਹੈ ਕਿ ਜਿਸ ਦੇ ਘਰ ਚਾਰ ਵੋਟਾਂ ਹਨ ਉਸ ਨੂੰ ਉਸ ਦੇ ਘਰ ਜਾ ਕੇ ਦੇ ਦਿੱਤਾ ਜਾਂਦਾ ਹੈ ਜੋ ਸਰਾਸਰ ਗਲਤ ਹੈ। ਗੁਰੂ ਵਾਲੀ ਭਾਵਨਾ ਦੇ ਵੀ ਉਲਟ ਹੈ। ਇਹ ਕਾਰਜ ਬੰਦੇ-ਕੁਬੰਦੇ ਦੀ ਪਛਾਣ ਕੀਤੇ ਬਿਨਾਂ ਹੀ ਕੀਤਾ ਜਾ ਰਿਹਾ ਹੈ। ਇਸ ਬਾਰੇ ਡੂੰਘਾਈ ਨਾਲ ਸੋਚਣ ਦੀ ਲੋੜ ਹੈ।

ਜਦੋਂ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਪੀਰੀ ਧਾਰਨ ਕਰਨ ਤੋਂ ਬਾਅਦ ਸਿੱਖ ਸੰਗਤਾਂ ਵੱਲ ਇਕ ਗਸ਼ਤੀ ਹੁਕਮਨਾਮਾ ਘੱਲਿਆ ਕਿ ਸਿੱਖ ਸੇਵਕ ਹੋਰ ਤੋਹਫਿਆਂ ਦੀ ਥਾਵੇਂ ਸ਼ਸਤਰ ਤੇ ਘੋੜੇ ਆਦਿ ਲੈ ਕੇ ਆਉਣ। ਨਾਲ ਹੀ ਹੋ ਰਹੇ ਜੁਲਮ ਦੇ ਖਿਲਾਫ ਹਥਿਆਰਬੰਦ ਹੋਣ ਦਾ ਸੱਦਾ ਦਿੱਤਾ। ਸਾਧਨਾ ਵਾਲੇ ਬਹੁਤ ਸਾਰੇ ਲੋਕ ਘੋੜੇ ਬਗੈਰਾ ਲੈ ਕੇ ਵੀ ਆਏ। ਦੁਆਬੇ ਤੇ ਮਾਲਵੇ ਦੇ ਸੂਰਬੀਰ ਯੋਧਿਆਂ ਨੇ ਆਪਣੀਆਂ ਸੇਵਾਵਾਂ ਪੇਸ਼ ਕਰਦਿਆਂ ਕਿਹਾ ਸੀ ਕਿ "ਸੱਚੇ ਪਾਤਸ਼ਾਹ, ਅਸੀਂ ਗਰੀਬ ਲੋਕ ਹਾਂ, ਸਾਡੇ ਕੋਲ ਤੁਹਾਨੂੰ ਭੇਟ ਕਰਨ ਲਈ ਕੁੱਝ ਵੀ ਨਹੀਂ, ਅਸੀਂ ਕੇਵਲ ਆਪਣੀਆਂ ਜਾਨਾਂ ਹੀ ਵਾਰ ਸਕਦੇ ਹਾਂ ਤੇ ਸਾਨੂੰ ਆਪਣੀ ਫੌਜ ਵਿੱਚ ਰੱਖ ਲਵੋ।'' ਗੁਰਬਿਲਾਸ ਪਾਤਸ਼ਾਹੀ ਛੇਵੀਂ ਦੇ ਪੰਨਾ 153 ਤੇ ਮੈਕਾਲਿਫ ਇਸ ਬਾਰੇ ਲਿਖਦੇ ਹਨ :

'ਹਮ ਅਨਾਥ ਸਿਰ ਭੇਟ ਕੀਨੇ , ਦਯਾ ਕਰਯੋ ਕਹਿ ਦੀਨੇ'

ਗੁਰੂ ਸਾਹਿਬਾਂ ਦੇ ਦਰਸ਼ਨਾਂ ਨੂੰ ਆਉਣ ਵਾਲੀਆਂ ਸੰਗਤਾਂ ਵਿੱਚ ਜਲੰਧਰ ਦੇ ਲਾਗਲੇ ਪਿੰਡ ਜੰਡੂ ਸਿੰਘਾ ਦੇ ਭਾਈ ਬੁੱਧਾ ਜੀ ਅਤੇ ਭਾਈ ਸੁੱਧਾ ਜੀ ਅਤੇ ਸਪਰੌੜ ਖੇੜੀ ਦੇ ਭਾਈ ਭਾਨੂੰ ਜੀ ਵੀ ਸ਼ਾਮਲ ਸਨ। ਇਹ ਭਾਈ ਭਾਨੂ ਜੀ, ਭਾਈ ਸੰਗਤ ਸਿੰਘ ਜੀ ਦੇ ਦਾਦਾ ਜੀ ਸਨ। ਭਾਈ ਭਾਨੂੰ ਜੀ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਵਲੋਂ ਲੜੀਆਂ ਚੌਹਾਂ ਜੰਗਾਂ ਵਿੱਚ ਹੀ ਆਪਣੀ ਬਹਾਦਰੀ ਦੇ ਜੌਹਰ ਵਿਖਾਏ ਸਨ। ਇਸ ਅਮੀਰ ਪਰਿਵਾਰਕ ਵਿਰਸੇ ਦੇ ਮਾਲਕ ਸਨ ਭਾਈ ਸੰਗਤ ਸਿੰਘ ਜੀ।

ਜਦੋਂ ਭਾਈ ਮੱਖਣ ਸ਼ਾਹ ਲੁਬਾਣਾ ਨੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਨੂੰ ਬਾਬਾ ਬਕਾਲਾ ਵਿਖੇ ਲੱਭ ਲਿਆ ਤਾਂ ਸਭ ਤੋਂ ਪਹਿਲਾਂ ਭਾਈ ਰਣੀਆਂ ਜੀ ਗੁਰੂ ਦਰਸ਼ਣਾਂ ਵਾਸਤੇ ਬਾਬਾ ਬਕਾਲਾ ਵਿਖੇ ਪਹੁੰਚੇ। ਬਚਪਨ ਤੋਂ ਹੀ ਸੇਵਾ ਦੀ ਚੇਟਕ ਲੱਗਣ ਕਰਕੇ ਗੁਰੂ ਸੇਵਾ ਵਿੱਚ ਜੁਟ ਗਏ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਭਾਈ ਰਣੀਆਂ ਜੀ ਨੂੰ ਕੁੱਝ ਦਿਨਾਂ ਵਾਸਤੇ ਉਨ੍ਹਾਂ ਦੇ ਪਿੰਡ ਜਾਣ ਲਈ ਕਹਿ ਦਿੱਤਾ ਗਿਆ ਅਤੇ ਫੇਰ ਮਾਖੋਵਾਲ ਵਿਖੇ ਇਕ ਹੋਰ ਨਵਾਂ ਨਗਰ ਵਸਾਉਣ ਦਾ ਦੱਸਕੇ ਉੱਥੇ ਪਹੁੰਚਣ ਲਈ ਹਦਾਇਤ ਕੀਤੀ। ਗੁਰੂ ਪਿਆਰ 'ਚ ਰੰਗੇ ਇਹ ਭਾਈ ਰਣੀਆਂ ਜੀ ਹੀ ਭਾਈ ਸੰਗਤ ਸਿੰਘ ਦੇ ਪਿਤਾ ਜੀ ਸਨ।

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਕਹਿਲੂਰ ਦੇ ਰਾਜੇ ਕੋਲੋਂ ਪਿੰਡ ਮਾਖੋਵਾਲ ਦੀ ਜ਼ਮੀਨ ਖਰੀਦ ਕੇ ਇੱਥੇ ਨਵਾਂ ਨਗਰ ਵਸਾਇਆ ਤਾਂ ਇਸ ਨਵੇਂ ਵਸਾਏ ਨਗਰ ਦਾ ਨਾਂ ਆਪਣੀ ਮਾਤਾ ਜੀ ਦੇ ਨਾਂ 'ਤੇ 'ਚੱਕ ਨਾਨਕੀ' ਰੱਖਿਆ ਜੋ ਬਾਅਦ ਵਿੱਚ ਆਨੰਦਪੁਰ ਸਾਹਿਬ ਬਣ ਗਿਆ। ਇਸ ਨਗਰ ਵਸਾਉਣ ਦੀ ਨੀਂਹ ਦਾ ਟੱਕ 19 ਜੂਨ 1665 ਨੂੰ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਲਾਇਆ ਸੀ। ਉਸ ਸਮੇਂ ਭਾਈ ਸੰਗਤ ਸਿੰਘ ਜੀ ਦੇ ਮਾਤਾ ਪਿਤਾ ਭਾਈ ਰਣੀਆਂ ਜੀ ਤੇ ਬੀਬੀ ਅਮਰੋ ਜੀ ਨੇ ਗੁਰੂ ਘਰ ਦੇ ਸੇਵਾਦਾਰ ਜਾਂ ਟਹਿਲੀਏ ਵਜੋਂ ਆਪਣਾ ਜੀਵਨ ਅਰਪਣ ਕੀਤਾ ਸੀ। ਇੱਥੋਂ ਹੀ ਸਿੱਖੀ ਦੇ ਪ੍ਰਚਾਰ ਲਈ ਗੁਰੂ ਤੇਗ ਬਹਾਦਰ ਚੱਲੇ ਸਨ। ਸੰਗਤਾਂ ਵਿੱਚ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ, ਮਾਮਾ ਕ੍ਰਿਪਾਲ ਚੰਦ ਅਤੇ ਹੋਰ ਕਈਆਂ ਦੇ ਨਾਲ ਬੀਬੀ ਅਮਰੋ ਜੀ ਤੇ ਭਾਈ ਰਣੀਆਂ ਜੀ ਵੀ ਨਾਲ ਗਏ ਸਨ। ਪ੍ਰਚਾਰ ਵਜੋਂ ਮਾਲਵੇ ਦੇ ਬਾਂਗਰ ਇਲਾਕੇ ਤੇ ਮਥਰਾ, ਕੁਰਕਸ਼ੇਤਰ, ਅਗਰਾ, ਕਾਨਪੁਰ, ਇਲਾਹਾਬਾਦ ਆਦਿਕ ਅਨੇਕਾਂ ਥਾਵਾਂ 'ਤੇ ਗੁਰੂ ਨਾਨਕ ਦੀ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਬਿਹਾਰ ਦੇ ਪਟਨਾ ਵਿਖੇ ਪਹੁੰਚੇ ਸਨ। ਸੰਗਤਾਂ ਨੂੰ ਮੁੱਖ ਤੌਰ ਤੇ ਬੀਬੀ ਅਮਰੋ ਜੀ ਅਤੇ ਭਾਈ ਰਣੀਆਂ ਜੀ ਨੂੰ ਆਪਣੇ ਪਰਿਵਾਰ ਦੀ ਦੇਖ ਭਾਲ ਦੀ ਜੁੰਮੇਵਾਰੀ ਸੌਂਪ ਕੇ ਨੌਵੇਂ ਗੁਰੂ ਸਿੱਖੀ ਦੇ ਪ੍ਰਚਾਰ ਖਾਤਰ ਅਸਾਮ ਅਤੇ ਢਾਕੇ ਵੱਲ ਗਏ ਸਨ। ਪਟਨਾ ਵਿਖੇ 22 ਦਸੰਬਰ 1666 ਨੂੰ ਬਾਲ ਗੋਬਿੰਦ ਰਾਏ ਦਾ ਜਨਮ ਹੋਇਆ ਸੀ। ਇਸ ਤੋਂ ਚਾਰ ਮਹੀਨੇ ਬਾਅਦ ਬੀਬੀ ਅਮਰੋ ਜੀ ਦੀ ਕੁੱਖੋਂ ਭਾਈ ਰਣੀਆਂ ਜੀ ਦੇ ਘਰ ਬੱਚੇ ਦਾ ਜਨਮ ਹੋਇਆ ਜਿਸ ਦਾ ਨਾਂ ਸੰਗਤਾ ਰੱਖਿਆ ਗਿਆ। ਬਾਲ ਸੰਗਤਾ ਦੀ ਸ਼ਕਲ ਬਾਲ ਗੋਬਿੰਦ ਰਾਏ ਨਾਲ ਬਹੁਤ ਹੀ ਮਿਲਦੀ ਸੀ। ਇਸ ਬਾਰੇ ਵੀ ਕਾਫੀ ਦੰਦ ਕਥਾਵਾਂ ਹਨ ਕਿ ਇਕ ਵਾਰ ਜਦੋਂ ਬਾਲ ਉਮਰੇ ਬਾਲ ਗੋਬਿੰਦ ਰਾਏ ਤੇ ਭਾਈ ਸੰਗਤਾ ਜੀ ਰਾਣੀ ਮੈਣੀ ਦੇ ਘਰ ਗਏ ਤਾਂ ਭੁਲੇਖਾ ਪਾਉਣ ਵਾਸਤੇ ਬਾਲ ਗੋਬਿੰਦ ਰਾਏ ਨੇ ਭਾਈ ਸੰਗਤੇ ਨੂੰ ਅੱਗੇ ਕਰ ਦਿੱਤਾ, ਇਸ ਤਰ੍ਹਾਂ ਰਾਣੀ ਪੂਰੀ ਪਹਿਚਾਣ ਤਾਂ ਨਾ ਕਰ ਸਕੀ ਪਰ ਦੋਵਾਂ ਨੂੰ ਪਿਆਰ ਦਿੰਦਿਆਂ ਕਹਿਣ ਲੱਗੀ ਕਿ 'ਤੁਸੀਂ ਦੋਵੇਂ ਹੀ ਮੇਰੇ ਪਿਆਰੇ ਪੁੱਤਰ ਹੋ'। ਦੋਹਾਂ ਦੀ ਸ਼ਕਲ ਬਹੁਤੀ ਮਿਲਦੀ ਹੋਣ ਕਰਕੇ ਅਜਿਹਾ ਵਾਪਰਨਾ ਦੱਸਿਆ ਗਿਆ ਹੈ।

ਦਸਵੇਂ ਗੁਰੂ ਸਾਹਿਬ ਤੇ ਭਾਈ ਸੰਗਤ ਸਿੰਘ ਦਾ ਬਚਪਨ ਇਕੱਠਾ ਹੀ ਬੀਤਿਆ। ਜਦੋਂ ਅਸੀਂ ਬਾਅਦ ਦੇ ਸਮੇਂ ਦੀਆਂ ਲੜਾਈਆਂ ਬਾਰੇ ਸੁਣਦੇ/ਪੜ੍ਹਦੇ ਹਾਂ ਤਾਂ ਇਹ ਵੀ ਦੇਖਦੇ ਹਾਂ ਕਿ ਇਹ ਕੁੱਝ ਤਾਂ ਬਹੁਤ ਪਹਿਲਾਂ ਤੋਂ ਹੀ ਸ਼ੁਰੂ ਹੋ ਗਿਆ ਸੀ। ਬਚਪਨ ਵਿੱਚ ਹੀ ਫਰਜ਼ੀ ਜੰਗ ਦੀ ਖੇਡ ਖੇਡਣ ਸਮੇਂ ਬਾਲ ਗੋਬਿੰਦ ਰਾਏ ਖੇਡਣ ਵਾਸਤੇ ਦੋ ਟੋਲੀਆਂ ਬਣਾਉਂਦੇ ਇਕ ਦੇ ਆਪ ਆਗੂ ਬਣਦੇ ਤੇ ਦੂਜੀ ਟੋਲੀ ਦੀ ਅਗਵਾਈ ਭਾਈ ਸੰਗਤਾ ਜੀ ਕਰਦੇ। ਇਸ ਤਰ੍ਹਾਂ ਇਹ ਅਭਿਆਸ ਬਚਪਨ ਤੋਂ ਹੀ ਸ਼ੁਰੂ ਹੋ ਗਿਆ ਸੀ। ਇਸ ਸਮੇਂ ਹੀ ਆਪਸੀ ਸਾਂਝ ਬਣੀ ਜੋ ਸਾਰੀ ਉਮਰ ਰਹੀ। ਭਾਈ ਸੰਗਤ ਸਿੰਘ ਜੀ ਗੁਰੂ ਦੇ ਵਿਸ਼ਵਾਸ ਪਾਤਰ ਰਹੇ। ਇਹ ਵੀ ਪੜ੍ਹਨ ਵਿੱਚ ਆਉਂਦਾ ਹੈ ਕਿ ਭਾਈ ਸੰਗਤ ਸਿੰਘ ਹੋਰਾਂ ਨੇ ਗੁਰੂ ਸਾਹਿਬ ਨਾਲ ਸ਼ਸਤਰ ਵਿੱਦਿਆ, ਤਲਵਾਰਬਾਜ਼ੀ, ਨੇਜਾਬਾਜ਼ੀ, ਘੋੜਸਵਾਰੀ ਆਦਿ ਵਿਚ ਵੀ ਨਿਪੁੰਨਤਾ ਪ੍ਰਾਪਤ ਕੀਤੀ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਕਿ ਗੁਰੂ ਸਾਹਿਬ ਕੋਲ ਆਮ ਲੋਕ ਆਪਣੀਆਂ ਸਮੱਸਿਆਵਾਂ ਲੈ ਕੇ ਵੀ ਆਉਂਦੇ ਸਨ। ਇਕ ਦਿਨ ਦਰਬਾਰ ਵਿੱਚ ਰੋਂਦਾ ਹੋਇਆ ਇਕ ਬ੍ਰਾਹਮਣ ਆਇਆ ਤੇ ਫਰਿਆਦ ਕੀਤੀ ਕਿ ਉਸ ਦੀ ਘਰ ਵਾਲੀ ਨੂੰ ਇਕ ਪਠਾਣ ਉਸਤੋਂ ਖੋਹ ਕੇ ਰੋਪੜ ਵਾਲੇ ਪਾਸੇ ਲੈ ਗਿਆ ਹੈ ਉਸ ਦੀ ਮੱਦਦ ਕੀਤੀ ਜਾਵੇ। ਉਹ ਗੁਰੂ ਦੇ ਦਰਬਾਰ ਵਿੱਚ ਇਹ ਹੀ ਆਸ ਲੈ ਕੇ ਆਇਆ ਹੈ। ਗੁਰੂ ਸਾਹਿਬ ਨੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਸੰਗਤ ਸਿੰਘ ਨੂੰ ਤੁਰੰਤ ਕਾਰਵਾਈ ਕਰਨ ਲਈ ਕਿਹਾ। ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਸੰਗਤ ਸਿੰਘ ਜੀ ਘੋੜਿਆਂ ਤੇ ਅਸਵਾਰ ਹੋ ਕੇ ਪਠਾਣ ਦੀ ਪੈੜ ਨੱਪਦੇ ਹੋਏ ਉਸਦੇ ਮਗਰ ਹੋ ਤੁਰੇ, ਪਠਾਣ ਅਜੇ ਆਪਣੇ ਘਰ ਪਹੁੰਚਿਆ ਹੀ ਸੀ ਤੇ ਧੱਕੇ ਨਾਲ ਖੋਹ ਕੇ ਲਿਆਂਦੀ ਬ੍ਰਾਹਮਣੀ ਬੈਠੀ ਰੋ ਰਹੀ ਸੀ ਉਦੋਂ ਤੱਕ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਭਾਈ ਸੰਗਤ ਸਿੰਘ ਜੀ ਉੱਥੇ ਪਹੁੰਚ ਗਏ। ਪਹਿਲਾਂ ਤਾਂ ਪਠਾਣ ਦੀ ਚੰਗੀ ਸੁਧਾਈ ਕੀਤੀ ਗਈ ਜਦੋਂ ਭਾਈ ਸੰਗਤ ਸਿੰਘ ਉਸ ਪਾਪੀ 'ਤੇ ਤਲਵਾਰ ਦਾ ਵਾਰ ਕਰਨ ਲੱਗੇ ਤਾਂ ਪਠਾਣ ਦੇ ਘਰ ਵਾਲੀ ਦਾ ਤਰਲਾ ਮੰਨ ਕੇ ਉਸ ਨੂੰ ਮਾਫ ਕਰ ਦਿੱਤਾ ਗਿਆ। ਉਸ ਬੀਬੀ ਨੂੰ ਨਾਲ ਲਿਆ ਕੇ ਬ੍ਰਾਹਮਣ ਦੇ ਹਵਾਲੇ ਕਰ ਦਿੱਤਾ ਗਿਆ।



ਇਸੇ ਤਰ੍ਹਾਂ ਜਦੋਂ ਆਨੰਦਪੁਰ ਦੇ ਕਿਲਾ ਅਨੰਦਗੜ੍ਹ ਨੂੰ ਮੁਗਲ ਫੌਜਾਂ ਨੇ ਘੇਰਾ ਪਾਇਆ ਹੋਇਆ ਸੀ ਤੇ ਘੇਰਾ ਇੰਨਾ ਤੰਗ ਕਰ ਦਿੱਤਾ ਗਿਆ ਕਿ ਬਾਹਰੋਂ ਰਸਦ ਪਾਣੀ ਅੰਦਰ ਆਉਣਾ ਵੀ ਬਹੁਤ ਔਖਾ ਕਰ ਦਿੱਤਾ ਗਿਆ। ਮੁਗਲ ਕਈ ਵਾਰ ਰਾਤ ਵੇਲੇ ਹਮਲਾ ਕਰਕੇ ਰਸਦ ਲੁੱਟ ਵੀ ਲੈਂਦੇ। ਹਾਲਤ ਇਥੋਂ ਤੱਕ ਮਾੜੇ ਹੋ ਗਏ ਸਨ ਕਿ ਕਈ ਵਾਰ ਪਾਣੀ ਲੈਣ ਗਏ ਚਾਰ ਵਿੱਚੋਂ ਦੋ ਹੀ ਵਾਪਸ ਮੁੜਦੇ ਸਨ। ਉਸ ਵੇਲੇ ਕਿਲੇ ਦੀ ਰਾਖੀ ਵਾਸਤੇ ਉਡਣ ਦਸਤੇ ਬਣਾਏ ਗਏ। ਇਕ ਦਸਤੇ ਦੀ ਅਗਵਾਈ ਭਾਈ ਸੰਗਤ ਸਿੰਘ ਨੂੰ ਸੌਂਪੀ ਗਈ। ਇਸ ਤਰ੍ਹਾਂ ਦੀ ਜੁੰਮੇਵਾਰੀ ਪਰਖੇ ਹੋਏ ਵਿਅਕਤੀਆਂ ਨੂੰ ਹੀ ਸੌਂਪੀ ਜਾਂਦੀ ਸੀ।

1699 ਦੀ ਵਿਸਾਖੀ ਨੂੰ ਜਦੋਂ ਦਸਵੇਂ ਗੁਰੂ ਸ੍ਰੀ ਗੁਰੂ ਗੋਬੰਦ ਸਿੰਘ ਜੀ ਨੇ ਖਾਲਸੇ ਦੀ ਸਾਜਣਾ ਕੀਤੀ ਤਾਂ ਇਸ ਦਿਨ ਹੀ ਦਸਵੇਂ ਗੁਰੂ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣੇ ਅਤੇ ਸੰਗਤਾ ਵੀ ਅਮ੍ਰਿਤਪਾਨ ਕਰਕੇ ਭਾਈ ਸੰਗਤ ਸਿੰਘ ਬਣੇ। ਭਾਈ ਸੰਗਤ ਸਿੰਘ ਦੇ ਨਾਲ ਹੋਰ ਅਮ੍ਰਿਤ ਛਕਣ ਵਾਲੇ ਉਨ੍ਹਾਂ ਦੇ ਮਾਤਾ ਪਿਤਾ ਅਤੇ ਚਾਚਾ ਭਾਈ ਜੋਧਾ ਜੀ, ਸਾਥੀ ਭਾਈ ਮਦਨ ਸਿੰਘ, ਭਾਈ ਕਾਠਾ ਤੇ ਭਾਈ ਰਾਮ ਸਿੰਘ ਸਨ। ਇਸ ਤੋਂ ਬਾਅਦ ਗੁਰੂ ਜੀ ਦੇ ਹੁਕਮ ਅਨੁਸਾਰ ਭਾਈ ਸੰਗਤ ਸਿੰਘ ਜੀ ਮਾਲਵੇ ਖੇਤਰ ਦੇ ਪਿੰਡਾਂ ਵਿੱਚ ਸਿੱਖੀ ਦੇ ਪ੍ਰਚਾਰ ਹਿੱਤ ਗਏ ਤੇ ਲੋਕਾਂ ਨੂੰ ਸਿੱਖੀ ਨਾਲ ਜੋੜਿਆ।

20 ਦਸੰਬਰ 1704 ਨੂੰ ਰਾਤ ਦੇ ਪਹਿਲੇ ਪਹਿਰ ਸਿੱਖਾਂ ਨੇ ਮਾਤਾ ਗੁਜਰੀ ਜੀ ਰਾਹੀਂ ਜੋਰ ਪਵਾ ਕੇ ਦਸ਼ਮੇਸ਼ ਪਿਤਾ ਨੂੰ ਆਨੰਦਪੁਰ ਛੱਡਣ ਵਾਸਤੇ ਰਾਜ਼ੀ ਕਰ ਲਿਆ। ਅੱਗੋਂ ਸਰਸਾ ਦੀ ਨਦੀ ਠਾਠਾਂ ਮਾਰ ਰਹੀ ਹੈ। ਵੈਰੀ ਕੁਰਾਨ ਦੀਆਂ ਕਸਮਾਂ ਤੋੜ ਕੇ ਹਮਲਾਵਰ ਹੋ ਕੇ ਆ ਪਏ। ਇੱਥੇ ਭਿਆਨਕ ਜੰਗ ਹੋਈ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਗਏ। ਪਰਿਵਾਰ ਦੇ ਵਿਛੋੜੇ ਪੈ ਗਏ। ਗੁਰੂ ਸਾਹਿਬ ਨੇ ਚਾਲੀ ਸਿੰਘਾਂ ਨਾਲ ਚਮਕੌਰ ਸਾਹਿਬ ਜਾਣ ਦਾ ਫੈਸਲਾ ਕਰ ਲਿਆ। 21 ਦਸੰਦਰ ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਚਮਕੌਰ ਪਹੁੰਚੇ ਤਾਂ ਮੁਗਲਾਂ ਨੂੰ ਖਬਰ ਹੋ ਗਈ ਸੀ। ਇਸ ਕਰਕੇ ਛੇਤੀ ਹੀ ਨਾਹਰ ਖਾਂ ਤੇ ਖੁਆਜਾ ਜਫ਼ਰ ਬੇਗ ਦੀ ਅਗਵਾਈ ਵਿੱਚ ਭਾਰੀ ਗਿਣਤੀ ਵਿੱਚ ਮੁਗਲ ਫੌਜ ਪਹੁੰਚ ਗਈ। ਚਾਪਰੇ ਹੋਏ ਨਾਹਰ ਖਾਂ ਨੇ ਮੁੜ ਮੁੜ ਹਮਲੇ ਕੀਤੇ। ਪਰ ਆਖਰ ਗੁਰੂ ਸਾਹਿਬ ਦੇ ਇਕ ਤੀਰ ਨਾਲ ਉਹ ਮਾਰਿਆ ਗਿਆ ਤੇ ਜਫਰ ਬੇਗ ਲੁਕ-ਲੁਕਾ ਕੇ ਆਪਣੀ ਜਾਨ ਬਚਾ ਗਿਆ। ਇਸ ਭਾਰੀ ਫੌਜ ਤੇ ਦੂਜੇ ਪਾਸੇ 40 ਸਿੰਘਾਂ ਦੇ ਹਵਾਲੇ ਨਾਲ ਜਫ਼ਰਨਾਮਾ ਦੇ ਬੰਦ 41 ਵਿੱਚ ਲਿਖਿਆ ਮਿਲਦਾ ਹੈ :

ਹਮ ਆਖਿਰ ਚਿ ਮਰਦੀਕੁਨਦ ਕਾਰਜ਼ਾਰ
ਕਿ ਬਰ ਚਿਹਲ ਤਨ ਆਯਦਸ਼ ਬੇਸ਼ੁਮਾਰ

ਆਖਰ ਜੰਗ ਵਿੱਚ ਮਰਦਾਨਗੀ ਵੀ ਕੀ ਕਰ ਸਕਦੀ ਹੈ ਜੇ ਚਾਲੀ ਆਦਮੀਆਂ ਉੱਤੇ ਬੇਸ਼ੁਮਾਰ ਫੌਜ ਟੁੱਟ ਪਈ ਹੋਵੇ।

ਇਥੇ ਹੋਈ ਜੰਗ ਵਿੱਚ ਪਹਿਲਾਂ ਵੱਡੇ ਸਾਹਿਬਜਾਦਿਆਂ ਦੀਆਂ ਸ਼ਹੀਦੀਆਂ ਹੋਈਆਂ । ਇਸ ਬਾਰੇ ਮਿ-ਰਜ਼ਾ ਅਬਦੁੱਲ ਗਨੀ ਖਾਨ ਗੁਰੂ ਸਾਹਿਬ ਵਲੋਂ ਲਿਖਦਾ ਹੈ ਕਿ :

ਬੇਟੋਂ ਕੇ ਕਤਲ ਹੋਨੇ ਕੀ ਪਹੁੰਚੀ ਯੂੰਹੀ ਖਬਰ
ਸ਼ੁਕਰੇ ਅੱਲਾ ਕੀਆ ਉਠਾ ਕੇ ਸਰ
ਮੁਝ ਪਰ ਸੇ ਆਜ ਤੇਰੀ ਅਮਾਨਤ ਅਦਾ ਹੂਈ
ਬੇਟੋਂ ਕੀ ਜਾਂ, ਧਰਮ ਕੀ ਖਾਤਿਰ ਅਦਾ ਹੂਈ

ਇਸੇ ਤਰ੍ਹਾਂ ਜੇ ਅੱਲਾ ਯਾਰ ਖਾਂ ਜੋਗੀ ਦਾ ਲਿਖਿਆ ਪੜ੍ਹੀਏ ਤਾਂ ਉਹ ਲਿਖਦਾ ਹੈ :

ਜਿਸ ਖਿੱਤੇ ਮੇਂ ਹਮ ਕਹਿਤੇ ਥੇ ਅੱਲਾ ਯਹ ਵੋਹੀ ਹੈ
ਕੁੱਲ ਲੁਟਾ ਕੇ ਜਿਸ ਜਗਾ ਸੇ ਜਾਨਾ ਯਹ ਵੋਹੀ ਹੈ
ਜਿਸ ਜਗਾ ਪੇ ਹੈ ਬੱਚੋਂ ਕੋ ਕਟਾਨਾ ਯਹ ਵੋਹੀ ਹੈ
ਮੱਟੀ ਕਹਿ ਦੇਤੀ ਹੈ ਕਿ ਠਿਕਾਨਾ ਯਹ ਵੋਹੀ ਹੈ।

ਇਸ ਸਥਿਤੀ ਵਿੱਚ ਸ਼ਹੀਦ ਪਿਉ ਦਾ ਪੁੱਤਰ ਤੇ ਸ਼ਹੀਦ ਪੁੱਤਰਾਂ ਦਾ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਆਪਣੇ ਆਪ ਨੂੰ ਕੱਲ੍ਹ ਜੰਗ ਵਿੱਚ ਸ਼ਹੀਦ ਹੋਣ ਵਾਸਤੇ ਤਿਆਰ ਕਰ ਰਹੇ ਹਨ। ਇਸੇ ਨੂੰ ਦੇਖਕੇ ਉੱਥੇ ਬਚਦੇ ਸਿੰਘਾਂ ਨੇ ਸੋਚਿਆ ਕਿ ਇਸ ਸਮੇਂ ਪੰਥ ਨੂੰ ਗੁਰੂ ਸਾਹਿਬ ਦੀ ਲੋੜ ਹੈ। 1699 ਦੀ ਵਿਸਾਖੀ ਸਮੇਂ ਖਾਲਸਾ ਪੰਥ ਦੀ ਸਾਜਣਾ ਵੇਲੇ ਖਾਲਸੇ ਨੂੰ ਬਖਸ਼ੀ ਵਡਿਆਈ ਅਧੀਨ ਆਪੇ ਗੁਰ ਚੇਲਾ ਬਣਨ ਵਾਲੇ ਗੁਰੂ ਸਾਹਿਬ ਨੂੰ ਕਿਹਾ ਗਿਆ ਕਿ ਉਹ ਚਮਕੌਰ ਦੀ ਗੜ੍ਹੀ ਛੱਡ ਜਾਣ। ਇਹ ਬਹੁਤ ਜੋਖ਼ਮ ਭਰਿਆ ਕੰਮ ਸੀ, ਗੁਰੂ ਸਾਹਿਬ ਨੇ ਖਾਲਸੇ ਦੇ ਹੁਕਮ ਅੱਗੇ ਸੀਸ ਨਿਵਾਇਆ ਤੇ ਹੁਕਮ ਮੰਨਿਆਂ। ਫੇਰ ਗੁਰੂ ਸਾਹਿਬ ਨੇ ਆਪਣੇ ਬਚਪਨ ਦੇ ਬੇਲੀ, ਜੋ ਉਨ੍ਹਾਂ ਦੇ ਹਮਸ਼ਕਲ ਤੇ ਹਮ ਉਮਰ ਵੀ ਸਨ ਜੋ ਹਰ ਵਕਤ ਨਿਮਾਣੇ ਸਿੱਖ ਵਜੋਂ ਵਿਚਰਦੇ ਸਨ ਤੇ ਗੁਰੂ ਸਾਹਿਬ ਦੀਆਂ ਨਜ਼ਰਾਂ ਵਿੱਚ ਜੰਗਜੂ ਸਿਪਾਹੀ ਵੀ ਸਨ। ਜੋ ਗੁਰੂ ਸਾਹਿਬ ਵਲੋਂ ਹਰ ਇਮਤਿਹਾਨ ਵਿੱਚ ਪੂਰੇ ਉਤਰਦੇ ਰਹੇ ਸਨ ਨੂੰ ਆਪਣੇ ਪਿਆਰੇ ਸਿੱਖ ਦਾ ਮਾਣ ਦਿੰਦੇ ਹੋਏ ਆਪਣੀ ਛਾਤੀ ਨਾਲ ਲਾਇਆ ਤੇ ਆਪਣੀ ਹੀਰਿਆਂ ਜੜੀ ਕਲਗੀ (ਜਿਸ ਨੂੰ ਜਿਗਾ ਕਲਗੀ ਵੀ ਲਿਖਿਆ ਤੇ ਕਿਹਾ ਜਾਂਦਾ ਹੈ) ਭਾਈ ਸੰਗਤ ਸਿੰਘ ਦੇ ਸਿਰ ਤੇ ਸਜਾਈ ਅਤੇ ਆਪਣੇ ਸ਼ਸਤਰ- ਬਸਤਰ ਉਨ੍ਹਾਂ ਨੂੰ ਬਖਸ਼ਿਸ਼ ਕੀਤੇ ਅਤੇ ਤਕੜੇ ਰਹਿਣ ਦੀ ਥਾਪਣਾ ਦਿੰਦੇ ਹੋਏ ਕਿਹਾ ਕਿ ਭਾਈ ਸੰਗਤ ਸਿੰਘ ਤੁਸੀਂ ਮੇਰੇ ਮਗਰੋਂ ਮੇਰੀ ਪੌਸ਼ਾਕ ਵਿੱਚ, ਕਲਗੀ ਸਣੇ ਮੇਰੇ ਮੋਰਚੇ ਵਾਲੇ ਆਸਣ ਤੇ ਬੈਠਣਾ ਹੈ ਅਤੇ ਦਿਨ ਚੜ੍ਹਨ 'ਤੇ ਜਦੋਂ ਮੁਗਲ ਫੌਜੀ ਗੜ੍ਹੀ ਉੱਤੇ ਹਮਲਾ ਕਰਨ ਤਾਂ ਵੈਰੀ ਦਾ ਡਟ ਕੇ ਮੁਕਾਬਲਾ ਕਰਨਾ ਹੈ। ਜੀਊਂਦੇ ਜੀਅ ਵੈਰੀ ਦੇ ਹੱਥ ਨਹੀਂ ਲੱਗਣਾਂ ਤੇ ਮੈਦਾਨ-ਏ-ਜੰਗ ਵਿੱਚ ਵੈਰੀ ਨਾਲ ਜੂਝਦਿਆਂ ਹੋਇਆਂ ਸ਼ਹਾਦਤ ਪ੍ਰਾਪਤ ਕਰਨੀ ਹੈ।

ਇਸ ਸਮੇਂ ਭਾਈ ਸੰਗਤ ਸਿੰਘ ਜੀ ਵਲੋਂ ਗੁਰੂ ਸਾਹਿਬ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕਣਾ ਅਤੇ ਬਿਨ ਬੋਲੇ ਜਾਨ ਵਾਰਨ ਦਾ ਵਾਅਦਾ ਕਰਨਾ - ਕੀ ਮੰਜ਼ਰ ਹੋਵੇਗਾ ਉਸ ਵੇਲੇ, ਉਨ੍ਹਾਂ ਚਮਤਕਾਰੀ ਪਲਾਂ ਨੂੰ ਸਿਰਫ ਕਿਆਸਿਆ ਹੀ ਜਾ ਸਕਦਾ ਹੈ, ਫੜਨਾ ਔਖਾ ਹੈ।। ਸਾਡੇ ਰਾਗੀ-ਢਾਡ੍ਹੀ ਤੇ ਸਿੱਖ ਪ੍ਰਚਾਰਕ ਜਦੋਂ ਸੰਗਤਾਂ ਨਾਲ ਅਜਿਹੇ ਸਮੇਂ ਨੂੰ ਬਿਆਨ ਕਰਦੇ ਹਨ ਤਾਂ ਲਗਦਾ ਹੀ ਨਹੀਂ ਕਿ ਉਹ ਆਪਣੇ ਵਿਖਿਆਨ ਵਿਚ ਉਨ੍ਹਾਂ ਪਲਾਂ ਨੂੰ ਫੜਨ ਦੇ ਯੋਗ ਹਨ ਜੋ ਸੁਣ ਰਹੀਆਂ ਸੰਗਤਾਂ ਦੇ ਮਨਾਂ ਵਿਚ ਵਿਯੋਗ, ਬੈਰਾਗ ਤੇ ਰੋਹ ਦਾ ਜਾਗ ਲਾ ਸਕਣ ਦੇ ਯੋਗ ਹੋਣ। ਐਹੋ ਜਹੇ ਨਿਰਣਾਇਕ ਪਲ ਇਤਿਹਾਸ ਦੇ ਸਾਰਥੀ ਹੁੰਦੇ ਹਨ। ਹਨੇਰਿਆਂ ਵਿਚ ਚਾਨਣ ਦਾ ਬੀਜ ਬੀਜਣ ਵਾਲੀ, ਸੂਰਬੀਰਤਾ ਭਰੀ ਜੋਸ਼ੀਲੀ ਤੇ ਅਣਥੱਕ ਨਵੀਂ ਲੀਹ ਬਣ ਜਾਂਦੇ ਹਨ ਅਜਿਹੇ ਪਲ ਜੋ ਇਸ ਵਿਰਸੇ ਦੇ ਵਾਰਸਾਂ ਨੂੰ ਥਕਾਨ ਰਹਿਤ ਸੋਚ ਦੀ ਰੌਸ਼ਨਾਈ ਬਖਸ਼ਦੇ ਹਨ। ਇਸ ਸਬੰਧੀ ਗੁਰਬਿਲਾਸ ਪਾਤਸ਼ਾਹੀ ਦਸਵੀ ਵਿੱਚ ਭਾਈ ਕੋਇਰ ਸਿੰਘ ਲਿਖਦੇ ਹਨ :

ਜੋਤਿ ਦਈ ਤਿਹ ਕੋ ਅਪਨੀ ਪੁਨਿ ਕਲਗੀ ਔ ਜਿਗਾ ਸੁਖਦਾਨੀ
ਸੰਗਤ ਸਿੰਘ ਹੈ ਨਾਮ ਜਿਸੈ ਕਛੁ ਤਾ ਬਪੁ ਹੈ ਕਰਿ ਸ੍ਰੀ ਗੁਰਸਾਨੀ

ਜੰਗ ਸਬੰਧੀ ਗੁਰੂ ਸਾਹਿਬ ਦੇ ਵਿਚਾਰ ਜ਼ਫ਼ਰਨਾਮੇ ਦੇ ਬੰਦ 22 ਵਿੱਚ ਇਸ ਤਰ੍ਹਾਂ ਦਰਜ ਹਨ :

ਚੂੰ ਕਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ

"ਜਦੋਂ ਕਿਸੇ ਕੰਮ ਲਈ ਸਾਰੇ ਉਪਾਅ ਖਤਮ ਹੋ ਜਾਣ ਤਦ ਤਲਵਾਰ ਨੂੰ ਹੱਥ ਵਿੱਚ ਧਾਰਨ ਕਰਨਾ ਜਾਇਜ਼ ਹੈ''।

ਕਈ ਵਾਰ ਇਤਿਹਾਸ ਨੂੰ ਠੀਕ ਢੰਗ ਨਾਲ ਨਾ ਲਿਖਣ ਵਾਲੇ ਕੁੱਝ ਗੱਲਾਂ ਗਲਤ ਲਿਖ ਜਾਂਦੇ ਹਨ ਜਿਨ੍ਹਾਂ ਦੀ ਸੁਧਾਈ ਕਰਦਿਆਂ ਵਕਤ ਲੱਗ ਜਾਂਦਾ ਹੈ। ਇਸੇ ਤਰ੍ਹਾਂ ਦੀ ਇਕ ਉਕਾਈ ਕਈ ਵਾਰ ਕੀਤੀ ਜਾਂਦੀ ਹੈ ਉਹ ਹੈ ਕਿ ਜਦੋਂ ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਨੂੰ ਛੱਡਦੇ ਹਨ ਤਾਂ ਉਹ ਕਲਗੀ ਕਿਸ ਨੂੰ ਪਹਿਨਾਉਂਦੇ ਹਨ। ਇਸ ਬਾਰੇ ਸਾਫ ਕਹਿਣਾ ਬਣਦਾ ਹੈ ਕਿ ਉਹ ਸੂਰਮਾ, ਯੋਧਾ ਤੇ ਗੁਰੂ ਘਰ ਦਾ ਅਨਿਨ ਵਿਸ਼ਵਾਸਪਾਤਰ ਭਾਈ ਸੰਗਤ ਸਿੰਘ ਹੀ ਸਨ ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਇਸ ਯੋਗ ਸਮਝਿਆ। ਇਹ ਸੂਰਮਾਂ ਭਾਈ ਸੰਗਤ ਸਿੰਘ ਹੀ ਸੀ ਜਿਨ੍ਹਾਂ ਗੁਰੂ ਦੇ ਥਾਂ ਸੱਚ ਦੀ ਜਿੱਤ ਵਾਸਤੇ ਆਪ ਆਪਣਾ ਸੀਸ ਵਾਰਿਆ।

ਇੱਥੇ ਇਕ ਗੱਲ ਕਹਿਣੀ ਹੋਰ ਬਣਦੀ ਹੈ ਕਿ 1699 ਦੀ ਵਿਸਾਖੀ ਨੂੰ ਆਨੰਦਪੁਰ ਸਾਹਿਬ ਵਿਖੇ ਖਾਲਸਾ ਦੀ ਸਾਜਣਾ ਸਮੇਂ ਗੁਰੂ ਸਾਹਿਬ ਨੇ ਵਾਰੋ ਵਾਰੀ ਪੰਜ ਸਿਰ ਮੰਗੇ ਸਨ ਉਸ ਵੇਲੇ ਕਿਸੇ ਨੂੰ ਨਹੀਂ ਸੀ ਪਤਾ ਕਿ ਅੱਗੇ ਕੀ ਵਾਪਰਨ ਵਾਲਾ ਹੈ, ਪਰ ਜਦੋਂ ਗੁਰੂ ਸਾਹਿਬ ਨੂੰ ਖਾਲਸੇ ਨੇ ਪੰਥ ਦੀ ਅਗਵਾਈ ਕਰਦੇ ਰਹਿਣ ਵਾਸਤੇ ਚਮਕੌਰ ਦੀ ਕੱਚੀ ਗੜ੍ਹੀ ਵਿੱਚੋਂ ਚਲੇ ਜਾਣ ਵਾਸਤੇ ਕਿਹਾ ਤਾਂ ਇਹ ਪੱਕਾ ਸੀ ਕਿ ਗੁਰੂ ਸਾਹਿਬ ਦੇ ਇਥੋਂ ਚਲੇ ਜਾਣ ਤੋਂ ਬਾਅਦ ਜੋ ਵੀ ਇੱਥੇ ਰਹਿਣਗੇ ਉਨ੍ਹਾਂ ਦੀ ਸ਼ਹਾਦਤ ਲਾਜ਼ਮੀ ਹੈ।

ਕਈ ਵਾਰ ਪਹਿਲਾਂ ਲਿਖਿਆ ਵੀ ਇਤਿਹਾਸ ਬਣ ਜਾਂਦਾ ਹੈ। ਮਿਸਾਲ ਵਜੋਂ - ਗੁਰੂ ਸਾਹਿਬ, ਭਾਈ ਸੰਗਤ ਸਿੰਘ ਨੂੰ ਜਿਗਾ ਕਲਗੀ ਤੇ ਆਪਣੇ ਵਸਤਰ ਪਹਿਨਾਉਂਦਿਆ ਆਪਣਾ ਕਿਹਾ ਹੀ ਸੱਚ ਕਰ ਰਹੇ ਸਨ ਕਿ :

ਖਾਲਸਾ ਮੇਰੋ ਰੂਪ ਹੈ ਖਾਸ ਖਾਲਸਾ ਮੇਂ ਹੀ ਕਰੋਂ ਨਿਵਾਸ

**(ਬਾਕੀ ਅਗਲੇ ਸਫੇ 'ਤੇ**

# ਡਾ.ਅੰਬੇਡਕਰ ਜੀ ਦਾ ਸਮਾਜਿਕ, ਧਾਰਮਿਕ, ਆਰਥਿਕ ਤੇ ਰਾਜਨੀਤਿਕ ਪਰਿਵਰਤਨ

**ਪ੍ਰਿੰਸੀਪਲ ਪਰਮਜੀਤ ਜੱਸਲ**
**91-98721-80653**

ਅੱਜ ਦੇ ਸੰਦਰਭ 'ਚ ਡਾ. ਅੰਬੇਡਕਰ ਜੀ ਦਾ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਪਰਿਵਰਤਨ 'ਚ ਬਹੁਤ ਉਘਾ ਯੋਗਦਾਨ ਰਿਹਾ ਹੈ। ਬਾਬਾ ਸਾਹਿਬ ਦਾ ਸੁਪਨਾ ਸੀ ਕਿ ਭਾਰਤ ਦੇਸ਼ ਦੇ ਲੋਕ ਆਪਣਾ ਖੁਸ਼ਹਾਲ ਜੀਵਨ ਜਿਊਣ ਲਈ ਦੇਸ਼ ਪ੍ਰਤੀ ਇਮਾਨਦਾਰੀ, ਲੋਕ ਪੱਖੀ, ਸਮਾਜਿਕ ਨਿਆਂ, ਬਰਾਬਰੀ, ਸੁਤੰਤਰਤਾ ਤੇ ਭਾਈਚਾਰੇ ਪ੍ਰਤੀ ਅੱਗੇ ਆਉਣ ਤਾਂ ਦੇਸ਼ ਤਰੱਕੀ ਦੀਆਂ ਮੰਜ਼ਿਲਾਂ ਨੂੰ ਛੂਹੇਗਾ।

ਸਮਾਜਿਕ ਪਹਿਲੂ- ਡਾ. ਅੰਬੇਡਕਰ ਜੀ ਸਮਾਜਿਕ ਪਰਿਵਰਤਨ ਲਈ 'ਐਜੂਕੇਟ, ਆਰਗੇਨਾਈਜ਼ ਤੇ ਐਜੀਟੇਟ' ਸੁਨੇਲੇ 'ਤੇ ਪਹਿਰਾ ਦੇਣ ਦੀ ਗੱਲ ਕਰਦੇ ਹਨ। ਉਹ ਚਾਹੁੰਦੇ ਸਨ ਕਿ ਸਮਾਜ ਦਾ ਹਰ ਵਿਅਕਤੀ ਪੜ੍ਹੇ, ਜਿਸ ਨਾਲ ਉਹ ਆਪਣੇ ਜੀਵਨ 'ਚ ਅੱਗੇ ਵੱਧ ਕੇ ਤਰੱਕੀ ਕਰੇ। ਅਜਿਹੀ ਤਰੱਕੀ ਦੇਸ਼ ਦੀ ਤਰੱਕੀ ਵੱਲ ਪਹਿਲਕਦਮੀ ਹੋਵੇਗੀ। ਪੜ੍ਹਾਈ ਦੇ ਨਾਲ ਨਾਲ ਉਹ ਇਹ ਵੀ ਚਾਹੁੰਦੇ ਸਨ ਕਿ ਸਮਾਜ ਇੱਕਮੁਠ ਰਹੇ, ਭੀੜ ਪੈਣ 'ਤੇ ਉਹ ਐਨਾ ਸੰਗਠਿਤ ਹੋ ਕੇ ਸੰਘਰਸ਼ ਕਰਨ, ਜਿਸ ਨਾਲ ਦੁਸ਼ਮਣ ਨੂੰ ਮੂੰਹ ਦੀ ਖਾਣੀ ਪਵੇ।

ਇਸੇ ਲਈ ਬਾਬਾ ਸਾਹਿਬ ਸਮਾਨਤਾ, ਸੁਤੰਤਰਤਾ, ਭਾਈਚਾਰੇ ਤੇ ਨਿਆਂ ਵਾਲੇ ਭਾਰਤ ਦੀ ਕਲਪਨਾ ਕਰਦੇ ਸਨ। ਉਹਨਾਂ ਸਮਾਜਿਕ ਬਰਾਬਰਤਾ ਲਈ ਅਜਿਹੇ ਅੰਦੋਲਨ ਵੀ ਕੀਤੇ, ਜਿਸ 'ਚ ਉਹ ਕਾਮਯਾਬ ਵੀ ਹੋਏ। ਜਿਵੇਂ ਚੋਬਦਾਰ ਤਲਾਬ ਦਾ ਮੋਰਚਾ, ਕਾਲਾ ਰਾਮ ਮੰਦਰ ਮੋਰਚਾ ਆਦਿ ਪ੍ਰਮੁੱਖ ਹਨ। ਉਹਨਾਂ ਸਮਾਜ ਦੇ ਲੋਕਾਂ ਨੂੰ ਆਤਮ ਨਿਰਭਰ ਹੋਣ ਦਾ ਉਪਦੇਸ਼ ਦਿੱਤਾ। ਹਰ ਮਨੁੱਖ ਸੁਤੰਤਰ ਹੋਵੇ ਤੇ ਉਹ ਆਪਣਾ ਜੀਵਨ ਅਣਖ ਤੇ ਸਤਿਕਾਰ ਭਰਿਆ ਜੀਵੇ।

ਧਾਰਮਿਕ ਦਰਸ਼ਨ- ਬਾਬਾ ਸਾਹਿਬ ਸਮਾਜਿਕ ਪਰਿਵਰਤਨ ਰਾਹੀਂ ਧਾਰਮਿਕ ਦਰਸ਼ਨ 'ਤੇ ਵੀ ਜੋਰ ਦਿੰਦੇ ਹਨ। ਉਹਨਾਂ 14 ਅਕਤੂਬਰ 1956 ਨੂੰ ਨਾਗਪੁਰ ਦੀ ਧਰਤੀ 'ਤੇ 5 ਲੱਖ ਲੋਕਾਂ ਨਾਲ 'ਬੁੱਧ ਧਰਮ' ਗ੍ਰਹਿਣ ਕੀਤਾ ਤੇ ਜੋ ਉਹਨਾਂ 1935 'ਚ ਪ੍ਰਤੀਗਿਆ ਕੀਤੀ ਸੀ ਕਿ ਮੈਂ ਹਿੰਦੂ ਧਰਮ 'ਚ ਜੰਮਿਆ ਜ਼ਰੂਰ ਹਾਂ, ਇਹ ਮੇਰੇ ਵੱਸ 'ਚ ਨਹੀਂ, ਪਰ ਮੈਂ ਹਿੰਦੂ ਮਰਾਂਗਾ ਨਹੀਂ। ਇਹ ਪ੍ਰਣ ਉਹਨਾਂ ਅੱਜ ਦੇ ਦਿਨ 1956 'ਚ ਪੂਰਾ ਕੀਤਾ। ਇੱਥੇ ਹੀ ਵੱਸ ਨਹੀਂ ਉਹਨਾਂ ਸਾਨੂੰ 'ਬੁੱਧਾ ਐਂਡ ਹਿਜ ਧੰਮਾ' ਗ੍ਰੰਥ ਵੀ ਦਿੱਤਾ। ਇਹ ਸਭ ਇਸ ਲਈ ਕੀਤਾ ਕਿਉਂਕਿ ਇਹ ਬੁੱਧ ਧਰਮ ਮਨੁੱਖ ਨੂੰ ਬਰਾਬਰਤਾ, ਸੁਤੰਤਰਤਾ, ਭਾਈਚਾਰੇ ਤੇ ਨਿਆਂ ਪੱਖੀ ਹਾਮੀ ਭਰਦਾ ਹੈ। ਕਿਸੇ ਵਿਅਕਤੀ ਨੂੰ ਵਹਿਮਣ-ਭਰਮਾਂ 'ਚ ਨਹੀਂ ਪਾਉਂਦਾ, ਸਗੋਂ ਤਰਕ'ਤੇ ਆਧਾਰਿਤ ਹੈ। ਬਾਬਾ ਸਾਹਿਬ ਭਾਰਤ ਨੂੰ ਪ੍ਰਬੁੱਧ ਭਾਰਤ ਬਣਾਉਣਾ ਚਾਹੁੰਦੇ ਸਨ। ਅਜੋਕੇ ਸਮੇਂ 'ਚ ਬੁੱਧ ਧਰਮ ਦਾ ਪੰਚਸ਼ੀਲ ਅਜਿਹਾ ਪ੍ਰਤੀਬਿੰਬ ਹੈ, ਜਿਸ 'ਤੇ ਚੱਲ ਕੇ ਪੂਰਾ ਭਾਰਤ ਹੀ ਨਹੀਂ ਸਗੋਂ ਸੰਸਾਰ ਤਰੱਕੀ ਤੇ ਵਿਕਾਸ ਪੱਖੋਂ ਅੱਗੇ ਵੱਧ ਰਿਹਾ ਹੈ, ਪੰਚਸ਼ੀਲ 1. ਮੈਂ ਝੂਠ ਨਹੀਂ ਬੋਲਾਂਗਾ, 2. ਮੈਂ ਕਿਸੇ ਪਰਾਈ ਔਰਤ ਨਾਲ ਵਿਭਚਾਰ ਨਹੀਂ ਕਰਾਂਗਾ। 3. ਮੈਂ ਕੋਈ ਵੀ ਨਸ਼ੇ ਨਹੀਂ ਕਰਾਂਗਾ। 4. ਮੈਂ ਜੀਵ ਹੱਤਿਆ ਨਹੀਂ ਕਰਾਂਗਾ। 5. ਮੈਂ ਚੋਰੀ ਨਹੀਂ ਕਰਾਂਗਾ।



ਬੁੱਧ ਧਰਮ ਦੇ ਅਜਿਹੇ ਸਿਧਾਂਤ ਮਨੁੱਖ ਨੂੰ ਮਨੁੱਖਤਾ ਨਾਲ ਜੋੜਦੇ ਹਨ। ਇਹਨਾਂ ਸਿਧਾਂਤਾਂ ਨਾਲ ਧਾਰਮਿਕ ਪਰਿਵਰਤਨ ਦੇ ਨਾਲ ਸਮ-ਾਜਿਕ ਪਰਿਵਰਤਨ ਵੀ ਆਵੇਗਾ। ਇਹੀ ਬਾਬਾ ਸਾਹਿਬ ਜੀ ਦਾ ਸਹੀ ਸੁਪਨਾ ਸੀ।

3. ਆਰਥਿਕ ਪਹਿਲੂ- ਡਾ. ਅੰਬੇਡਕਰ ਜੀ ਆਰਥਿਕ ਪਰਿਵਰਤਨ ਦੇ ਹਾਮੀ ਸਨ। ਉਹ ਚਾਹੁੰਦੇ ਸਨ ਕਿ ਭੂਮੀ, ਉਦਯੋਗ, ਖੇਤੀ, ਕੁਦਰਤੀ ਸਾਧਨਾਂ ਆਦਿ ਸਰਕਾਰ ਦੇ ਸਭ ਕੁਝ ਅਧੀਨ ਹੋਵੇ। ਉਹਨਾਂ ਤੋਂ ਜੋ ਵੀ ਫਾਇਦਾ ਹੋਵੇ, ਉਹ ਦੇਸ਼ ਦੇ ਹਰ ਇਕ ਵਿਅਕਤੀ 'ਚ ਵੰਡਿਆ ਜਾਵੇ। ਉਹ ਵਿਅਕਤੀ ਭਾਵੇਂ ਕਿਸੇ ਜਾਤ, ਮਜ਼ਹਬ ਦਾ ਕਿਉਂ ਨਾ ਹੋਵੇ। ਅਜਿਹੀ ਸੋਚ ਹੀ ਦੇਸ਼ ਲਈ ਇਕ ਸਾਰਥਕ ਸਿੱਧ ਹੋ ਸਕਦੀ ਹੈ। ਉਹ ਸਮਾਜਵਾਦ ਚਾਹੁੰਦੇ ਸਨ, ਜਿਸ ਤਰ੍ਹਾਂ ਸਤਿਗੁਰੂ ਰਵਿਦਾਸ ਜੀ ਆਪਣੀ ਬਾਣੀ 'ਚ ਕਹਿੰਦੇ ਹਨ:-

ਐਸਾ ਚਾਹੁੰ ਰਾਜ ਮੈਂ, ਜਹਾਂ ਮਿਲੇ ਸਭਨ ਕੋ ਅੰਨ।
ਛੋਟ ਬੜੈ ਸਭ ਸਮ ਵਸੈ, ਰਵਿਦਾਸ ਰਹੇ ਪ੍ਰਸੰਨ।

ਬਾਬਾ ਸਾਹਿਬ ਭਾਰਤ ਨੂੰ ਸਵੱਛ ਭਾਰਤ ਦੇਖਣਾ ਚਾਹੁੰਦੇ ਸਨ। ਉਹਨਾਂ ਮਜ਼ਦੂਰ ਵਰਗ ਲਈ 8 ਘੰਟੇ ਦਾ ਸਮਾਂ ਮੁਕੱਰਰ ਕੀਤਾ। ਔਰਤਾਂ ਨੂੰ ਮਰਦਾਂ ਬਰਾਬਰ ਪੂਰੇ ਹੱਕ ਲੈ ਕੇ ਦਿੱਤੇ। ਬਾਬਾ ਸਾਹਿਬ ਚਾਹੁੰਦੇ ਸੀ ਕਿ ਸਭ ਨੂੰ ਰੁਜ਼ਗਾਰ ਮਿਲੇ ਤਾਂ ਕਿ ਉਹ ਆਰਥਿਕ ਪੱਖੋਂ ਮਜ਼ਬੂਤ ਹੋਣ। ਉਹਨਾਂ ਭਾਖੜਾ ਡੈਮ ਯੋਜਨਾ ਆਦਿ ਬਣਾ ਕੇ ਲੋਕਾਂ ਨੂੰ ਰੁਜ਼ਗਾਰ ਦਿੱਤਾ, ਬਿਜਲੀ ਪੈਦਾ ਕੀਤੀ, ਹੜ੍ਹਾਂ ਦੀ ਰੋਕਥਾਮ ਕੀਤੀ, ਖੇਤੀ ਨੂੰ ਉੱਨਤ ਕਰਨ ਲਈ ਸਿੰਚਾਈ ਦੇ ਸਾਧਨ ਤਿਆਰ ਕੀਤੇ। ਅਜਿਹੇ ਪਰਉਪਕਾਰ ਭਾਰਤੀ ਲੋਕਾਂ 'ਤੇ ਸ਼ਾਇਦ ਹੀ ਕੋਈ ਹੋਰ ਕਰ ਸਕਦਾ ਹੈ। ਰਾਜਨੀਤਿਕ ਪਰਿਵਰਤਨ- ਬਾਬਾ ਸਾਹਿਬ ਸਮਾਜ ਦੇ ਲੋਕਾਂ 'ਚ ਰਾਜਨੀਤਿਕ ਪਰਿਵਰਤਨ ਤੇ ਵੀ ਜ਼ੋਰ ਦਿੰਦੇ ਸਨ। ਉਹਨਾਂ ਦੱਬੇ ਕੁਚਲੇ ਲੋਕਾਂ ਨੂੰ ਪ੍ਰੇਰਿਆ ਕਿ 'ਪਾਰਲੀਮੈਂਟ 'ਤੇ ਕਾਬਜ ਹੋਵੋ, ਇਹੀ ਤੁਹਾਡੇ ਦੁੱਖਾਂ ਦਾ ਨਿਵਾਰਣ ਕਰ ਸਕਦੀ ਹੈ। ਬਾਬਾ ਸਾਹਿਬ ਭਾਰਤ 'ਚ ਗੰਧਲੀ ਰਾਜਨੀਤੀ ਨਹੀਂ ਚਾਹੁੰਦੇ ਸਨ, ਸਗੋਂ ਅਜਿਹੀ ਰਾਜਨੀਤੀ ਹੋਵੇ, ਜੋ ਲੋਕ ਪੱਖੀ ਹੋਵੇ। ਲੋਕਾਂ ਨਾਲ ਧੋਖਾਧੜੀ ਨਾ ਹੋਵੇ, ਰਾਜਨੀਤਿਕ ਲੀਡਰ ਇਮਾਨਦਾਰ ਹੋਣ। ਉਹਨਾਂ 'ਚ ਕੋਈ ਕੁਰੱਪਟ ਲੀਡਰ ਨਾ ਹੋਵੇ। ਅਜਿਹੇ ਨੇਤਾ ਜਾਂ ਲੀਡਰ ਸੰਸਦ 'ਚ ਚੁਣੇ ਜਾਣ ਜੋ ਲੋਕਾਂ ਦੀਆਂ ਮੁਸ਼ਕਿਲਾਂ, ਸਮੱਸਿਆਵਾਂ ਦਾ ਸਹੀ ਹੱਲ ਕਰਨ। ਕਿਸੇ ਵਿਅਕਤੀ ਨਾਲ ਕੋਈ ਫਰੇਬ, ਧੋਖਾਧੜੀ ਨਾ ਹੋਵੇ। ਅਜਿਹੇ ਨੇਤਾ/ ਲੀਡਰ ਦੇਸ਼ ਲਈ ਇਕ ਮਿਸਾਲ ਹੋਣ ਜੋ ਸੰਵਿਧਾਨ ਨੂੰ ਇਨ-ਬਿਨ ਲਾਗੂ ਕਰਨ।

ਸੰਵਿਧਾਨ ਮੁਤਾਬਕ ਕੰਮ ਕਰਨ। ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਬਾਬਾ ਸਾਹਿਬ ਜੀ ਨੇ ਦੇਸ਼ ਦੇ ਸੰਵਿਧਾਨ ਬਣਾਉਣ 'ਚ ਪੂਰੀ ਇਮਾਨਦਾਰੀ, ਤਨਦੇਹੀ ਤੇ ਆਪਣੀ ਸਿਹਤ ਦੀ ਵੀ ਪਰਵਾਹ ਨਾ ਕੀਤੇ ਬਿਨਾਂ ਜੋ ਯੋਗਦਾਨ ਪਾਇਆ ਹੈ, ਉਸ ਨੂੰ ਰਹਿੰਦੀ ਦੁਨੀਆਂ ਤੱਕ ਹਮੇਸ਼ਾ ਯਾਦ ਰੱਖਿਆ ਜਾਵੇਗਾ। ਪੂਰਾ ਦੇਸ਼ ਉਹਨਾਂ ਦੀਆਂ ਦੇਸ਼ ਪ੍ਰਤੀ ਘਾਲਣਾਵਾਂ ਲਈ ਹਮੇਸ਼ਾ ਰਿਣੀ ਰਹੇਗਾ। ਉਹਨਾਂ ਔਰਤਾਂ ਨੂੰ ਮਰਦਾਂ ਬਰਾਬਰ ਰਾਜਨੀਤਿਕ ਪੱਖ ਤੋਂ ਵੀ 'ਹਿੰਦੂ ਕੋਡ ਬਿਲ' ਰਾਹੀਂ ਨਿਵਾਜਿਆ। ਬਾਬਾ ਸਾਹਿਬ ਸਮਾਜਿਕ ਨਿਆਂ ਬਾਰੇ ਟਿੱਪਣੀ ਕਰਦੇ ਹਨ ਕਿ ਸਭ ਨੂੰ ਇਨਸਾਫ ਮਿਲਣਾ ਚਾਹੀਦਾ ਹੈ।

ਅੰਤ 'ਚ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਡਾ. ਅੰਬੇਡਕਰ ਜੀ ਦਾ ਸਮਾਜਿਕ, ਧਾਰਮਿਕ, ਆਰਥਿਕ ਤੇ ਰਾਜਨੀਤਿਕ ਪਰਿਵਰਤਨ 'ਚ ਉੱਘਾ ਯੋਗਦਾਨ ਸੀ। ਜਿਸ ਕਰਕੇ ਉਹਨਾਂ ਨੂੰ ਪੂਰੀ ਦੁਨੀਆਂ 'ਚ ਯਾਦ ਕੀਤਾ ਜਾਂਦਾ ਹੈ। ਅਮਰੀਕਾ ਵਰਗਾ ਦੇਸ਼ ਉਹਨਾਂ ਨੂੰ 'ਸਿੰਬਲ ਆਫ ਨਾਲਿਜ' ਖਿਤਾਬ ਨਾਲ ਨਿਵਾਜਦਾ ਹੈ।

# ਕਥਾ : ਮਹਾਨ ਸ਼ਹੀਦ ਭਾਈ ਸੰਗਤ ਸਿੰਘ ਜੀ ਦੀ

**(ਸਫਾ 38 ਦੀ ਬਾਕੀ)**

ਜਦੋਂ ਗੁਰੂ ਸਾਹਿਬ ਦੋ ਸਿੰਘਾਂ ਸਮੇਤ ਰਾਤ ਦੇ ਹਨੇਰੇ ਵਿੱਚ ਚਮਕੌਰ ਦੀ ਗੜ੍ਹੀ ਨੂੰ ਛੱਡਕੇ ਗਏ ਤਾਂ ਕਿਹਾ ਜਾਂਦਾ ਹੈ ਕਿ ਭਾਈ ਕੀਤਾ ਸਿੰਘ ਤੇ ਭਾਈ ਸੰਗਤ ਸਿੰਘ ਨੇ ਨਗਾਰਾ ਵੀ ਬਜਾਇਆ। ਮੁਗਲਾਂ ਦੀ ਫੌਜ ਵਿੱਚ ਇਸ ਗੱਲ ਦੀ ਚਰਚਾ ਹੋਣ ਲੱਗੀ ਕਿ ਕੋਈ ਗੜ੍ਹੀ ਵਿਚੋਂ ਗਿਆ ਹੈ ਇਸ ਕਰਕੇ ਰਾਤ ਦੇ ਹਨੇਰੇ ਵਿੱਚ ਉਨ੍ਹਾਂ ਪੈੜ ਨੱਪਣ ਦਾ ਜਤਨ ਕੀਤਾ ਪਰ ਸਫਲ ਨਾ ਹੋ ਸਕੇ। ਵਜ਼ੀਰ ਖਾਨ ਨੇ ਇਹ ਸੁਣਕੇ ਆਪਣੇ ਸੈਨਿਕਾਂ ਨੂੰ ਘੂਰਨਾ ਸ਼ੁਰੂ ਕਰ ਦਿੱਤਾ। ਪਰ ਜਦੋਂ ਸਵੇਰ ਦੇ ਸੂਰਜ ਦੀਆਂ ਕਿਰਨਾਂ ਨਿਕਲੀਆਂ ਤਾਂ ਮੁਗਲਾਂ ਨੇ ਉੱਚੀ ਮਮਟੀ (ਗੁੰਬਦ) ਉੱਤੇ ਬੈਠੇ ਗੁਰੂ ਸਾਹਿਬ ਨੂੰ ਦੇਖਿਆ। ਜਦੋਂ ਵਜ਼ੀਰ ਖਾਨ ਨੂੰ ਦੱਸਿਆ ਗਿਆ ਤਾਂ ਉਸ ਨੇ ਆਪ ਦੇਖਿਆ ਕਿ ਕਲਗੀ ਵੀ ਉਹੀ ਤੇ ਪੌਸ਼ਾਕ ਵੀ ਉਹੀ। ਦਰਅਸਲ ਗੁਰੂ ਸਾਹਿਬ ਵਲੋਂ ਬਖਸ਼ੇ ਬਸਤਰ ਅਤੇ ਕਲਗੀ ਸਜਾਈ ਬੈਠਾਂ ਇਹ ਨਿਰਭੈ ਯੋਧਾ ਭਾਈ ਸੰਗਤ ਸਿੰਘ ਸੀ। ਇਹ ਭਾਈ ਸੰਗਤ ਸਿੰਘ ਜੀ ਦੀ ਸ਼ਹਾਦਤ ਤੋਂ ਕੁੱਝ ਘੜੀਆਂ ਪਹਿਲਾਂ ਦਾ ਚਮਕਾਰਾ ਸੀ।

ਇਸ ਬਾਰੇ ਇਤਿਹਾਸ ਲਿਖਣ ਵਾਲੇ ਜਾਤ ਅਭਿਮਾਨੀਆਂ ਨੇ ਕਈ ਥਾਵੀਂ ਗਲਤ ਬਿਆਨੀ ਵੀ ਕੀਤੀ ਤੇ ਜਿਗਾ ਕਲਗੀ ਸਬੰਧੀ ਭੁਲੇਖੇ ਪਾਉਣ ਦਾ ਜਤਨ ਕੀਤਾ ਉਸ ਗਲਤ ਬਿਆਨੀ ਬਾਰੇ ਹੇਠ ਲਿਖਿਆ ਜਰੂਰ ਪੜ੍ਹ ਲੈਣਾ ਚਾਹੀਦਾ ਹੈ।

ਇਸ ਸਬੰਧੀ ਹੋਰ ਕਾਫੀ ਸਾਰੇ ਸਬੂਤ ਹਨ ਕਿ ਗੁਰੂ ਸਾਹਿਬ ਵਲੋਂ ਕਲਗੀ ਤੇ ਸ਼ਸਤਰ-ਬਸਤਰ ਸਭ ਹੀ ਕਿਸੇ ਹੋਰ ਨੂੰ ਨਹੀਂ ਸਗੋਂ ਭਾਈ ਸੰਗਤ ਸਿੰਘ ਨੂੰ ਦਿੱਤੇ ਅਤੇ ਪਹਿਨਾਏ ਗਏ:

* ਭਾਈ ਕਾਹਨ ਸਿੰਘ ਨਾਭਾ ਭਾਈ ਸੁੱਖਾ ਸਿੰਘ ਦੇ ਹਵਾਲੇ ਨਾਲ ਮਹਾਨ ਕੋਸ਼ ਵਿੱਚ ਲਿਖਦੇ ਹਨ ਕਿ 'ਚਮਕੌਰ ਦੇ ਮਕਾਮ 'ਤੇ
* ਦਸ਼ਮੇਸ਼ ਜੀ ਨੇ ਖਾਲਸੇ ਨੂੰ ਗੁਰਤਾ ਦੇਣ ਵੇਲੇ ਭਾਈ ਸੰਗਤ ਸਿੰਘ ਬੰਗਸੀ ਨੂੰ ਜਿਗਾ ਕਲਗੀ ਬਖਸ਼ੀ।'
* ਭਾਈ ਤੇਜਾ ਸਿੰਘ ਸੋਢੀ 'ਤਵਾਰੀਖ ਗੁਰੂ ਖਾਲਸਾ' ਦੇ ਪੰਨਾ 503 ਉੱਤੇ ਗੁਰੂ ਸਾਹਿਬ ਵਲੋਂ ਭਾਈ ਸੰਗਤ ਸਿੰਘ ਜੀ ਨੂੰ
* ਕਲਗੀ ਅਤੇ ਬਸਤਰ ਦੇ ਕੇ ਆਪਣਾ ਰੂਪ ਬਖਸ਼ ਦੇਣ ਬਾਰੇ ਲਿਖਦੇ ਹਨ।
* ਗਿਆਨੀ ਗਿਆਨ ਸਿੰਘ 'ਤਵਾਰੀਖ ਗੁਰੂ ਖਾਲਸਾ' ਦੇ ਪੰਨਾ 1016 ਤੇ ਲਿਖਦੇ ਹਨ ਕਿ 'ਭਾਈ ਸੰਗਤ ਸਿੰਘ ਜੋ ਹੂ-ਬ-ਹੂ
* ਗੁਰੂ ਜੀ ਦੇ ਸਰੂਪ ਵਾਲਾ ਸੀ ਨੂੰ ਆਪਣੀ ਜਗ੍ਹਾ ਤੇ ਬਿਠਾ ਕੇ ਆਪਣਾ ਸਾਰਾ ਪੁਸ਼ਾਕਾ, ਜਿਗਾ ਕਲਗੀ ਸਮੇਤ ਪਹਿਨਾ ਦਿੱਤਾ-ਫੇਰ ਅਰਦਾਸਾ ਸੋਧਿਆ ਅਤੇ ਕਿਹਾ ਕਿ ਮੈਂ ਅੱਜ ਤੋਂ ਖਾਲਸੇ ਨੂੰ ਗੁਰਿਆਈ ਬਖਸ਼ ਦਿੱਤੀ।
* ਸੋਹਣ ਸਿੰਘ ਸੀਤਲ ਗੁਰ ਇਤਿਹਾਸ ਦਸ ਪਾਤਸ਼ਾਹੀਆਂ ਪੰਨਾ 349 'ਤੇ ਭਾਈ ਸੰਗਤ ਸਿੰਘ ਜੀ ਦੇ ਸੀਸ 'ਤੇ ਕਲਗੀ ਸਜਾ ਕੇ ਆਪਣਾ ਪੌਸ਼ਾਕਾ ਪਹਿਨਾ ਦੇਣ ਬਾਰੇ ਲਿਖਦੇ ਹਨ।
* ਪ੍ਰਿ: ਸਤਬੀਰ ਸਿੰਘ ਸਿੱਖ ਇਤਿਹਾਸ ਭਾਗ ਪਹਿਲਾ ਦੇ ਪੰਨਾ 349 ਉੱਤੇ ਲਿਖਦੇ ਹਨ 'ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਦਾ ਹੁਕਮ ਮੰਨ ਕੇ ਗੜ੍ਹੀ ਛੱਡਣਾ ਪਰਵਾਨ ਕਰ ਲਿਆ ਅਤੇ ਭਾਈ ਸੰਗਤ ਸਿੰਘ ਨੂੰ ਕਲਗੀ ਦੇ ਕੇ ਗੜ੍ਹੀ ਛੱਡਣ ਦੀ ਤਿਆਰੀ ਕਰ ਲਈ।'
* ਪ੍ਰੋ: ਹਰਿੰਦਰ ਸਿੰਘ ਮਹਿਬੂਬ ਸਹਿਜ ਰਚਿਓ ਖਾਲਸਾ ਦੇ ਪੰਨਾ 410 'ਤੇ ਕਲਗੀ ਭਾਈ ਸੰਗਤ ਸਿੰਘ ਦੇ ਸਿਰ ਉੱਤੇ ਸਜਾਉਣ ਦੀ ਗੱਲ ਦਰਜ ਕਰਦੇ ਹਨ।
* ਡਾ: ਅਨੂਪ ਸਿੰਘ 'ਦਾਰਸ਼ਨਿਕ ਯੋਧਾ ਗੁਰੂ ਗੋਬਿੰਦ ਸਿੰਘ' ਦੇ ਪੰਨਾ 196 ਤੇ ਲਿਖਦੇ ਹਨ ਕਿ ਭਾਈ ਸੰਗਤ ਸਿੰਘ ਦੀ ਸ਼ਕਲ ਸੂਰਤ ਤੇ ਕੱਦ-ਕਾਠ ਗੁਰੂ ਜੀ ਨਾਲ ਮਿਲਦਾ ਜੁਲਦਾ ਸੀ ਇਸ ਵਾਸਤੇ ਉਸਨੂੰ ਕਲਗੀ ਸਜਾਈ ਤੇ ਗੜ੍ਹੀ ਵਿਚਲੇ ਸਿੰਘਾਂ ਨੂੰ ਆਦੇਸ਼ ਦਿੱਤਾ ਕਿ ਸਾਡੇ ਨਿਕਲਣ ਸਮੇਂ ਨਗਾਰਾ ਵਜਾਉਂਦੇ ਰਹਿਣਾ ਤੇ ਦੁਸ਼ਮਣ ਵਲੋਂ ਕੀਤੇ ਜਾਂਦੇ ਵਾਰਾਂ ਦਾ ਮੂੰਹ ਤੋੜ ਜਵਾਬ ਦਿੰਦੇ ਰਹਿਣਾ ਤਾਂ ਜੋ ਦੁਸ਼ਮਣ ਨੂੰ ਗੜ੍ਹੀ ਵਿੱਚ ਬਹੁਤੇ ਸਿੰਘ ਹੋਣ ਦਾ ਭੁਲੇਖਾ ਬਣਿਆ ਰਹੇ।
* ਗਿਆਨੀ ਗੁਰਚਰਨ ਸਿੰਘ ਨੇ 'ਜੀਵਨ ਕਥਾ ਗੁਰੂ ਗੋਬਿੰਦ ਸਿੰਘ' ਵਿੱਚ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਆਪਣੀ ਜਿਗਾ ਕਲਗੀ ਤੇ ਬਸਤਰ ਭਾਈ ਸੰਗਤ ਸਿੰਘ ਨੂੰ ਪਹਿਨਾ ਦਿੱਤੇ।
* ਡਾ: ਗੰਡਾ ਸਿੰਘ ਜੀ ਦੀ ਲਿਖਤ ਅਨੁਸਾਰ 23 ਦਸੰਬਰ 1704 ਨੂੰ ਸਵੇਰੇ ਜਦੋਂ ਮੁਗਲ ਫੌਜਾਂ ਨੇ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾਇਆ ਤਾਂ ਬਾਬਾ ਸੰਗਤ ਸਿੰਘ ਦੇ ਗੁਰੂ ਸਾਹਿਬ ਵਾਲੀ ਪਹਿਨੀ ਹੋਈ ਪੌਸ਼ਾਕ ਤੇ ਕਲਗੀ ਤੋਂ ਭੁਲੇਖਾ ਖਾ ਗਏ । ਬਾਬਾ ਸੰਗਤ ਸਿੰਘ ਜੀ ਅੰਤ ਸਮੇਂ ਤੱਕ ਗੁਰੂ ਫਤਹਿ ਦੇ ਜੈਕਾਰੇ ਗਜਾਉਂਦੇ ਰਹੇ। ਸਵੇਰੇ ਮੁਗਲਾਂ ਦੀ ਸਲਾਹ ਹੋਈ ਸੀ ਕਿ ਸਿੱਖਾਂ ਦੇ ਗੁਰੂ ਨੂੰ ਜੀਊਂਦੇ ਫੜਿਆ ਜਾਵੇ। ਸਿੰਘ ਸਾਰੇ ਹੀ ਭੁੱਖਣ ਭਾਣੇ। ਆਖਰ ਮੁਗਲਾਂ ਨੇ ਹਮਲਾ ਕੀਤਾ ਤੇ ਲੜਾਈ ਹੱਥੋ-ਹੱਥੀ ਹੋਈ। ਭਾਈ ਸੰਗਤ ਸਿੰਘ ਜੀ ਵੈਰੀਆਂ ਵਿੱਚ ਘਿਰੇ ਹੋਣ ਦੇ ਬਾਵਜੂਦ ਵੈਰੀਆਂ ਦੇ ਆਹੂ ਲਾਹੁੰਦੇ ਰਹੇ। ਆਖਰ ਬਹੁਤ ਹੀ ਜ਼ਖ਼ਮੀ ਹਾਲਤ ਵਿੱਚ ਧਰਤੀ 'ਤੇ ਡਿਗ ਪਏ। ਮੁਗਲ ਇਹ ਹੀ ਸੋਚਦੇ ਰਹੇ ਕਿ ਇਹ ਗੁਰੂ ਹੀ ਹੈ। ਇੱਕ ਪਠਾਣ ਨੇ ਕਾਹਲੀ ਨਾਲ ਅੱਗੇ ਵਧ ਕੇ ਸਿਰ ਧੜ ਨਾਲੋਂ ਜੁਦਾ ਕਰ ਦਿੱਤਾ। ਇਸ ਸਮੇਂ ਬਾਰੇ ਭਾਈ ਕੁਇਰ ਸਿੰਘ ਲਿਖਦੇ ਹਨ :

ਕਲਗੀ ਜਿਗਾ ਔਰ ਯਹ ਹੋਈ, ਗੋਬਿੰਦ ਇਹੈ ਹੈ ਸੋਈ
ਮਾਰ ਮੀਸ਼ ਸ਼ਮਸ਼ੀਰ ਪਠਾਨਾਂ, ਸੀਸ ਰਹਿਤ ਕਲਗੀ ਲੀ ਮਾਨਾ।

ਭਾਈ ਸੰਗਤ ਸਿੰਘ ਜੀ ਦੀ ਸ਼ਹੀਦੀ ਉਪਰੰਤ ਮੁਗਲਾਂ ਅਤੇ ਪਹਾੜੀ ਰਾਜਿਆਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਮਾਰੇ ਜਾਣ ਦੀ ਖਬਰ ਫੈਲਾਈ ਗਈ। ਪਰ ਅਗਲੇ ਹੀ ਦਿਨ ਚਮਕੌਰ ਦੀ ਗੜ੍ਹੀ ਵਿਚੋਂ ਭਾਈ ਸੰਗਤ ਸਿੰਘ ਜੀ ਦਾ ਸੀਸ ਲਿਆ ਕੇ ਸੂਬਾ ਸਰਹੰਦ ਦੀ ਕਚਿਹਰੀ ਵਿੱਚ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਨੂੰ ਵੀ ਦਿਖਾਇਆ ਗਿਆ। ਛੋਟੇ ਸਾਹਿਜ਼ਾਦਿਆਂ ਨੇ ਗੁਰੂ ਪਿਤਾ ਦਾ ਸੀਸ ਹੋਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਹ ਸੀਸ ਸਾਡੇ ਗੁਰੂ ਪਿਤਾ ਦਾ ਨਹੀਂ ਸਗੋਂ ਇਹ ਸੀਸ ਤਾਂ ਗੁਰੂ ਪਿਆਰੇ ਭਾਈ ਸੰਗਤ ਸਿੰਘ ਜੀ ਦਾ ਹੈ। ਇਸ ਤੋਂ ਬਾਅਦ ਸਾਹਿਬਜ਼ਾਦਿਆਂ ਨੂੰ ਬਚਪਨ ਵਿੱਚ ਖਿਡਾਉਣ ਵਾਲੀ ਬੀਬੀ ਜੈਨਾ ਨੂੰ ਬੁਲਾ ਕੇ ਪੁੱਛਿਆ ਗਿਆ ਤਾਂ ਬੀਬੀ ਜੈਨਾ ਨੇ ਵੀ ਇਸ ਨੂੰ ਭਾਈ ਸੰਗਤ ਸਿੰਘ ਦਾ ਸੀਸ ਕਿਹਾ। ਪਰ ਮੁਗਲਾਂ ਨੂੰ ਜਿਵੇਂ ਇਤਬਾਰ ਹੀ ਨਾ ਆ ਰਿਹਾ ਹੋਵੇ ਇਸ ਦੇ ਉਪਰੰਤ ਗੁਰੂ ਸਾਹਿਬ ਨੂੰ ਬਚਪਨ ਵਿੱਚ ਫਾਰਸੀ ਦੀ ਸਿੱਖਿਆ ਦੇਣ (ਇੱਥੇ ਯਾਦ ਰਹੇ ਕਿ ਫਾਰਸੀ ਦਾ ਸਬਕ ਲੈਣ ਵੇਲੇ ਕਦੇ ਕਦੇ ਭਾਈ ਸੰਗਤ ਸਿੰਘ ਵੀ ਬਾਲ ਗੋਬਿੰਦ ਦੇ ਨਾਲ ਹੀ ਹੁੰਦੇ ਸਨ) ਵਾਲੇ ਕਾਜ਼ੀ ਨੂਰਦੀਨ ਨੂੰ ਸੱਦਿਆ ਗਿਆ। ਉਨ੍ਹਾਂ ਨੇ ਵੀ ਕਚਿਹਰੀ ਵਿੱਚ ਕਿਹਾ ਕਿ ਇਹ ਸੀਸ ਤਾਂ ਭਾਈ ਸੰਗਤ ਸਿੰਘ ਦਾ ਹੈ ਗੁਰੂ ਸਾਹਿਬ ਦਾ ਨਹੀਂ। ਇਸ ਤਰ੍ਹਾਂ ਭਾਈ ਸੰਗਤ ਸਿੰਘ ਜੀ ਨੇ ਗੁਰਸਿੱਖੀ ਦੇ ਅਸੂਲਾਂ 'ਤੇ ਚੱਲਦਿਆਂ ਗੁਰੂ ਸਾਹਿਬ ਦੇ ਬੋਲ ਪੁਗਾਉਂਦਿਆਂ ਸ਼-ਹਾਦਤ ਦਾ ਜਾਮ ਪੀਤਾ। ਇੱਥੇ ਹੀ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਨਾਲ ਹੀ 37 ਸਿੰਘ ਹੋਰ ਸ਼ਹੀਦ ਹੋਏ ਜਿਨ੍ਹਾਂ ਵਿੱਚ 1699 ਦੀ ਵਿਸਾਖੀ ਵਿੱਚ ਸਾਜੇ ਪਹਿਲੇ ਪੰਜ ਪਿਆਰਿਆਂ ਵਿਚੋਂ ਤਿੰਨ ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ ਅਤੇ ਭਾਈ ਸਾਹਿਬ ਸਿੰਘ ਨੇ ਵੀ ਇਸੇ ਚਮਕੌਰ ਦੀ ਗੜ੍ਹੀ ਵਿੱਚ ਸ਼ਹਾਦਤ ਦਾ ਜਾਮ ਪੀਤਾ।

ਭਾਈ ਜੀਵਨ ਸਿੰਘ ਜੀ ਦੀ ਜੀਵਨ ਕਥਾ ਇਕ ਸੱਚੇ ਸੁੱਚੇ ਸਿਦਕਵਾਨ ਸਿੱਖ ਦੀ ਜੀਵਨ ਕਥਾ ਹੈ। ਆਪ ਗੁਰੂ ਗੋਬਿੰਦ ਸਿੰਘ ਜੀ ਦੇ ਆਗਿਆਕਾਰੀ ਤੇ ਪੂਰੇ ਵਿਸ਼ਵਾਸ ਦੇ ਪਾਤਰ ਸਨ। ਸਿੱਖ ਸੰਗਤਾਂ ਪ੍ਰਤੀ ਆਪ ਦਾ ਅਥਾਹ ਪਿਆਰ ਸੀ।

ਸਿੱਖ ਇਤਿਹਾਸ ਵਿੱਚ ਜਿੱਥੇ ਵੀ ਸਿਦਕਦਿਲੀ ਵਾਲੇ ਸੂਰਮਿਆਂ ਦੀ ਤੇ ਗੁਰੂ ਸਾਹਿਬ ਦੇ ਵਫਾਦਾਰ ਕੁਰਬਾਨੀ ਵਾਲੇ ਬਹਾਦਰ ਯੋਧਿਆਂ ਦੀ ਗੱਲ ਚੱਲੇਗੀ ਉੱਥੇ ਹਮੇਸ਼ਾ ਹੀ ਭਾਈ ਸੰਗਤ ਸਿੰਘ ਜੀ ਦਾ ਨਾਮ ਮੋਹਰਲੀਆਂ ਕਤਾਰਾਂ ਵਿੱਚ ਲਿਆ ਜਾਵੇਗਾ। ਆਪਾ ਵਾਰਨ ਵਾਲਾ ਸੂਰਮਤਾਈ ਭਰਿਆ ਅਜਿਹਾ ਇਤਿਹਾਸ ਹੀ ਭਵਿੱਖ ਨੂੰ ਰੁਸ਼ਨਾਉਣ ਦਾ ਕਾਰਜ ਕਰਦਾ ਹੈ।

ਆਖਰ ਵਿੱਚ ਇਹ ਦੱਸਣਾ ਵੀ ਬਣਦਾ ਹੈ ਕਿ ਜਿੱਥੇ ਚਮਕੌਰ ਦੀ ਗੜ੍ਹੀ ਵਾਲੀ ਘਮਸਾਣ ਦੀ ਜੰਗ ਹੋਈ ਸੀ ਉੱਥੇ ਹੁਣ ਗੁਰਦੁਆਰਾ ਗੜ੍ਹੀ ਸਾਹਿਬ ਸਥਿੱਤ ਹੈ।

Email : ksharif@arcor.de / sMprk : +491733546050

# ਕਿਸਾਨਾਂ ਦਾ ਸੰਘਰਸ਼ ਨਿਰੰਤਰ ਜਾਰੀ

**(ਸਫਾ 1 ਦੀ ਬਾਕੀ)**

ਕੇਂਦਰ ਵੱਲੋਂ ਭੇਜੇ ਗਏ ਪੱਤਰ ਨੂੰ ਲੈ ਕੇ ਕਰੀਬ 7 ਘੰਟੇ ਲੰਮੀ ਬੈਠਕ ਸਿੰਘੂ ਬਾਰਡਰ 'ਤੇ ਹੋਈ, ਜਿਸ ਵਿੱਚ ਕੇਂਦਰ ਵੱਲੋਂ ਭੇਜੇ ਗਏ ਪੱਤਰ ਦੇ ਹਰ ਪਹਿਲੂ ਨੂੰ ਵਿਚਾਰਿਆ ਗਿਆ। ਵੱਖ-ਵੱਖ ਆਗੂਆਂ ਵੱਲੋਂ ਉਠਾਏ ਨੁਕਤਿਆਂ ਬਾਰੇ ਠੋਸ ਜਵਾਬ ਤਿਆਰ ਕਰਨ ਲਈ ਬਣਾਈ ਗਈ ਇਸ ਕਮੇਟੀ ਵਿੱਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ (ਪੰਜਾਬ) ਦੇ ਪ੍ਰਧਾਨ ਡਾ. ਦਰਸ਼ਨ ਪਾਲ, ਭਾਰਤੀ ਕਿਸਾਨ ਯੂਨੀਅਨ (ਏਕਤਾ ਸਿੱਧੂਪੁਰ) ਦੇ ਜਗਜੀਤ ਸਿੰਘ ਡੱਲੇਵਾਲਾ, ਆਲ ਇੰਡੀਆ ਕਿਸਾਨ ਫੈਡਰੇਸ਼ਨ ਤੋਂ ਪ੍ਰੇਮ ਸਿੰਘ ਭੰਗੂ, ਜਮਹੂਰੀ ਕਿਸਾਨ ਸਭਾ ਦੇ ਕੁਲਵੰਤ ਸਿੰਘ ਸੰਧੂ ਤੇ ਰਾਜਿੰਦਰ ਸਿੰਘ ਦੀਪਵਾਲਾ ਸ਼ਾਮਲ ਹਨ। ਅੱਜ ਦੀ ਪ੍ਰੈੱਸ ਕਾਨ-ਫਰੰਸ ਨੂੰ ਕਿਸਾਨ ਆਗੂ ਕੁਲਵੰਤ ਸਿੰਘ ਸੰਧੂ ਨੇ ਸੰਬੋਧਨ ਕੀਤਾ। ਡਾ. ਦਰਸ਼ਨ ਪਾਲ ਨੇ ਦੱਸਿਆ ਕਿ ਭਲਕੇ 23 ਦਸੰਬਰ ਨੂੰ ਕੇਂਦਰ ਸਰਕਾਰ ਨੂੰ ਚਿੱਠੀ ਦਾ ਜਵਾਬ ਦਿੱਤਾ ਜਾਵੇਗਾ। ਸੂਤਰਾਂ ਮੁਤਾਬਕ ਪਹਿਲਾਂ ਇਹ ਜਵਾਬ ਅੱਜ ਦੇਣਾ ਸੀ, ਪਰ ਆਗੂਆਂ ਦਰਮਿਆਨ ਇਕ ਰਾਇ ਬਣਾਉਣ ਲਈ ਭਲਕੇ ਜਵਾਬ ਦਿੱਤਾ ਜਾਵੇਗਾ। ਡਾ. ਦਰਸ਼ਨ ਪਾਲ ਨੇ ਕਿਹਾ ਕਿ ਮੀਟਿੰਗ ਦੌਰਾਨ ਭਲਕੇ ਮਰਹੂਮ ਚੌਧਰੀ ਚਰਨ ਸਿੰਘ ਦੇ ਜਨਮ ਦਿਹਾੜੇ ਨੂੰ 'ਕਿਸਾਨ ਦਿਵਸ' ਵਜੋਂ ਮਨਾਉਣ ਲਈ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਕਿਹਾ ਕਿ ਸਾਹਿਬਜ਼ਾਦਿਆਂ ਦੇ 26 ਤੇ 27 ਦਸੰਬਰ ਨੂੰ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਵਿੱਚ ਬੁੱਧੀਜੀਵੀ ਬੁਲਾਏ ਜਾਣਗੇ। ਕਿਸਾਨ ਆਗੂ ਕੁਲਵੰਤ ਸੰਧੂ ਨੇ ਕਿਹਾ ਕਿ ਇੰਗਲੈਂਡ ਦੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਦਾ 26 ਜਨਵਰੀ ਨੂੰ ਗਣਤੰਤਰ ਦਿਵਸ ਸਮਾਗਮਾਂ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣ ਦਾ ਪ੍ਰੋਗਰਾਮ ਹੈ, ਲਿਹਾਜ਼ਾ ਬਰਤਾਨਵੀ ਸੰਸਦ ਮੈਂਬਰਾਂ ਨੂੰ ਅਪੀਲ ਕੀਤੀ ਜਾਵੇਗੀ ਕਿ ਜਦੋਂ ਤੱਕ ਭਾਰਤ 'ਚ ਖੇਤੀਬਾੜੀ ਕਾਨੂੰਨ ਰੱਦ ਨਹੀਂ ਹੁੰਦੇ, ਉਹ ਜੌਹਨਸਨ ਉਪਰ ਦਬਾਅ ਪਾਉਣ ਕਿ ਉਹ ਭਾਰਤ ਦਾ ਦੌਰਾ ਨਾ ਕਰਨ। ਉਧਰ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਸਰਵਣ ਸਿੰਘ ਪੰਧੇਰ ਨੇ ਵੱਖਰੀ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਭੇਜਿਆ ਪੱਤਰ, ਕੋਈ ਸੱਦਾ ਪੱਤਰ ਨਹੀਂ ਹੈ, ਸਗੋਂ ਇਹ ਕੇਂਦਰ ਸਰਕਾਰ ਵੱਲੋਂ ਇਕ ਤਰ੍ਹਾਂ ਨਾਲ ਪ੍ਰਚਾਰ ਹੀ ਕੀਤਾ ਗਿਆ ਹੈ। ਉਗਰਾਹਾਂ ਨੇ ਕਿਹਾ ਕਿ ਕੇਂਦਰ ਨੇ ਮੀਟਿੰਗ ਲਈ ਹੁਣ ਕਿਸਾਨਾਂ ਮੁਤਾਬਕ ਹੀ ਤਰੀਕ ਤੇ ਸਥਾਨ ਮਿੱਥਣ ਦੀ ਗੱਲ ਆਖ ਕੇ ਲੋਕਾਂ 'ਚ ਇਹ ਭਰਮ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ ਗੱਲਬਾਤ ਲਈ ਸਰਕਾਰ ਨੇ ਪਹਿਲਕਦਮੀ ਕੀਤੀ ਹੈ। ਉਨ੍ਹਾਂ ਕਿਹਾ, 'ਕੇਂਦਰ ਨੇ ਖੁਦ ਨੂੰ ਬਰੀ ਕਰਵਾ ਕੇ ਕਿਸਾਨਾਂ ਨੂੰ ਦੋਸ਼ੀ ਠਹਿਰਾਉਣ ਦੀ ਕੋਸ਼ਿਸ਼ ਕੀਤੀ ਹੈ।'

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:

530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:

650-642-0697

**3525 Highway 99, West Corning, CA 96021**
Across the Street from TA Truck Stop



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust